Book Online
123GoAir
WWW.123GOAIR.COM
Cheap Airline tickets to India and Worldwide.
Fares to India starting at $625*
Call: 1-844-234-6247
Email: info@123goair.com
*RT Fare Incl. Taxes Conditions Apply
95-81 114 street, Richmond Hill, NY 11419

Real Estate Services
BUY, SELL or RENT
Queens, Long Island & Manhattan
Sunny Singh
Ph: 917-679-0029
E-mail: sunny.singhre@gmail.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 36, September 8, 2018
20451 N. Plum Grove Rd., Palatine, IL 60074
Ph:847-359-0746, Fax:847-705-9388

## ਲੋਕ ਰੋਹ ਨੇ ਬਾਦਲਾਂ ਦੇ ਹੱਥ ਖੜ੍ਹੇ ਕਰਵਾਏ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਬੇਅਦਬੀ ਕਾਂਡ ਬਾਰੇ ਰਿਪੋਰਟ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਅਕਾਲੀ ਆਗੂਆਂ ਦੇ ਨਾਂ ਆਉਣ ਦੇ ਬਾਵਜੂਦ ਇਨ੍ਹਾਂ ਖਿਲਾਫ ਕਾਰਵਾਈ ਤੋਂ ਟਾਲਾ ਵੱਟ ਗਏ, ਪਰ ਸਿੱਖ ਜਥੇਬੰਦੀਆਂ ਨੇ ਬਾਦਲ ਪਰਿਵਾਰ ਖਿਲਾਫ ਝੰਡਾ ਚੁੱਕ ਲਿਆ ਹੈ। ਇਥੋਂ ਤੱਕ ਕਿ ਸੂਬੇ ਦੇ ਜ਼ਿਆਦਾਤਰ ਪਿੰਡਾਂ ਵਿਚ ਬਾਦਲ ਪਰਿਵਾਰ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ ਹੈ। ਕਈ ਪਿੰਡਾਂ ਵਿਚ ਗੁਰਦੁਆਰਿਆਂ ਤੋਂ ਇਸ ਬਾਰੇ ਅਨਾਊਂਸਮੈਂਟ ਵੀ ਕੀਤੀ ਗਈ ਹੈ। ਪਿੰਡ ਮੂਸੇ ਕਲਾਂ (ਜ਼ਿਲ੍ਹਾ ਤਰਨਤਾਰਨ) ਵਿਚ ਸਾਲਾਨਾ ਧਾਰਮਿਕ ਸਮਾਗਮ 'ਚ ਸ਼ਾਮਲ ਹੋਣ ਜਾ ਰਹੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਮਜੀਠੀਆ ਨੂੰ ਰਾਹ ਵਿਚੋਂ ਹੀ ਵਾਪਸ ਮੁੜਨਾ ਪਿਆ। ਲੋਕ ਇਨ੍ਹਾਂ ਆਗੂਆਂ ਦੇ 'ਸਵਾਗਤ' ਲਈ ਹੱਥਾਂ ਵਿਚ ਗੋਹਾ, ਪਲਾਸਟਿਕ ਦੇ ਲਿਫਾਫਿਆਂ ਵਿਚ ਭਰ ਕੇ ਖੜ੍ਹੇ ਸਨ ਪਰ ਜਦੋਂ ਇਹ ਗੱਲ ਦੋਵਾਂ ਭੈਣ-ਭਾਈ ਨੂੰ ਪਤਾ ਲੱਗੀ ਤਾਂ ਉਹ ਝਬਾਲ ਅੱਡੇ ਤੋਂ ਹੀ ਵਾਪਸ ਅੰਮ੍ਰਿਤਸਰ ਪਰਤ ਗਏ।

ਵਿਰੋਧ ਨੂੰ ਦੇਖਦੇ ਹੋਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੁਣ ਤੱਕ ਪਿਛਾਂਹ ਸੁੱਟੇ ਹੋਏ ਟਕਸਾਲੀ ਆਗੂਆਂ ਨੂੰ ਅੱਗੇ ਕਰ ਦਿੱਤਾ ਹੈ ਪਰ ਜੱਗੋਂ ਤੇਰ੍ਹਵੀਂ ਇਹ ਹੋਈ ਕਿ ਇਨ੍ਹਾਂ ਆਗੂਆਂ ਨੇ ਵੀ ਸੁਖਬੀਰ ਬਾਦਲ ਦੀਆਂ ਨੀਤੀਆਂ 'ਤੇ ਸਵਾਲ ਚੁੱਕ ਕੇ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ। ਪਾਰਟੀ ਦੇ ਚਾਰ ਸੀਨੀਅਰ ਆਗੂਆਂ-ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਤੋਤਾ ਸਿੰਘ ਤੇ ਸੇਵਾ ਸਿੰਘ ਸੇਖਵਾਂ ਨੂੰ ਅੱਗੇ ਕੀਤਾ ਗਿਆ ਸੀ। ਸ. ਢੀਂਡਸਾ ਨੇ ਪਹਿਲੇ ਦਿਨ ਇਹ ਕਹਿ ਕੇ ਨਵੀਂ ਚਰਚਾ ਛੇੜ ਦਿੱਤੀ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਕੀਤੇ ਕੁਝ ਫੈਸਲਿਆਂ ਕਾਰਨ ਸਿੱਖ ਮਰਿਆਦਾ ਨੂੰ ਢਾਹ ਲੱਗੀ ਹੈ। ਇਸ ਲਈ ਜਥੇਦਾਰ ਨੂੰ ਅਹੁਦੇ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ। ਉਧਰ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਬਲਦੀ ਉਤੇ ਤੇਲ ਪਾਉਂਦਿਆਂ ਆਖ ਦਿੱਤਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਕਦੀ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਤੇ ਅਫਸਰਸ਼ਾਹੀ ਪਿੱਛੇ ਲੱਗ ਕੇ ਮਾਮਲੇ ਨੂੰ ਠੰਢੇ ਬਸਤੇ ਵਿਚ ਪਾਈ ਰੱਖਿਆ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਅਕਾਲੀ ਦਲ ਦੇ ਇੰਨੇ ਸੀਨੀਅਰ ਲੀਡਰਾਂ ਨੇ ਪਾਰਟੀ ਪ੍ਰਧਾਨ ਦੇ ਫੈਸਲੇ 'ਤੇ ਉਂਗਲ ਚੁੱਕੀ ਹੋਵੇ। ਬੇਅਦਬੀ ਕਾਂਡਾਂ ਉਪਰ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ

(ਬਾਕੀ ਸਫਾ 6 ਉਤੇ)

## ਬੁੱਧੀਜੀਵੀਆਂ ਦੀ ਗ੍ਰਿਫਤਾਰੀ 'ਤੇ ਉਠੇ ਸਵਾਲ

**ਨਵੀਂ ਦਿੱਲੀ:** ਪੰਜ ਮੁੱਖ ਖੱਬੇ ਪੱਖੀ ਬੁੱਧੀਜੀਵੀਆਂ ਦੀ ਗ੍ਰਿਫਤਾਰੀ ਉਤੇ ਵੱਡੇ ਸਵਾਲ ਉਠ ਰਹੇ ਹਨ। ਪਤਾ ਲੱਗਾ ਹੈ ਕਿ ਪੁਣੇ ਪੁਲਿਸ ਨੇ 28 ਅਗਸਤ ਨੂੰ ਜਿਨ੍ਹਾਂ ਪੰਜ ਬੁੱਧੀਜੀਵੀਆਂ ਨੂੰ ਗ੍ਰਿਫਤਾਰ ਕੀਤਾ ਸੀ, ਉਨ੍ਹਾਂ ਦਾ 8 ਜਨਵਰੀ ਨੂੰ ਦਰਜ ਹੋਈ ਐਫ.ਆਈ.ਆਰ. ਵਿਚ ਨਾ ਹੀ ਨਹੀਂ ਸੀ। ਨਾ ਹੀ ਇਸ ਐਫ.ਆਈ.ਆਰ. ਵਿਚ ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ ਦਾ ਜਿਕਰ ਹੈ। ਪੁਲਿਸ ਨੇ ਗ੍ਰਿਫਤਾਰੀ ਤੋਂ ਅਗਲੇ ਦਿਨ ਇਨ੍ਹਾਂ ਉਤੇ ਕੇਸ ਦਰਜ ਕੀਤਾ ਸੀ। ਪੁਲਿਸ ਦਾ ਦਾਅਵਾ ਹੈ ਕਿ ਵਰਵਰਾ ਰਾਓ, ਵਰਨੌਨ ਗੋਂਜ਼ਾਲਵੇਜ਼, ਗੌਤਮ ਨਵਲਖਾ, ਸੁਧਾ ਭਾਰਦਵਾਜ ਅਤੇ ਅਰੁਨ ਫਰੇਰਾ ਨੇ ਜਨਵਰੀ ਵਿਚ ਹੋਈ ਹਿੰਸਾ

(ਬਾਕੀ ਸਫਾ 6 ਉਤੇ)



ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ 2 ਸਤੰਬਰ ਨੂੰ ਕਰਵਾਏ ਗਏ ਖੇਡ ਮੇਲੇ ਦੌਰਾਨ ਹੋਏ ਕੁੜੀਆਂ ਦੇ ਸ਼ੋਅ ਮੈਚ ਦਾ ਇਕ ਦ੍ਰਿਸ਼। ਭੇੜ ਮੈਕਸੀਕੋ ਤੇ ਅਮਰੀਕਾ ਦੀਆਂ ਟੀਮਾਂ ਵਿਚਾਲੇ ਹੋਇਆ ਅਤੇ ਅਮਰੀਕਾ ਦੀ ਟੀਮ ਜੇਤੂ ਰਹੀ। ਕਹਿਣ ਨੂੰ ਭਾਵੇਂ ਇਹ ਸ਼ੋਅ ਮੈਚ ਸੀ ਪਰ ਦੋਹਾਂ ਟੀਮਾਂ ਦੀਆਂ ਖਿਡਾਰਨਾਂ ਨੇ ਇਕ ਦੂਜੇ ਨਾਲ ਏਨਾ ਜ਼ਬਰਦਸਤ ਦਸਤਪੰਜਾ ਲਿਆ ਕਿ ਦਰਸ਼ਕ ਮੰਤਰ ਮੁਗਧ ਹੋਏ ਮੈਚ ਦੇਖਦੇ ਰਹਿ ਗਏ। (ਰਿਪੋਰਟ ਅਗਲੇ ਅੰਕ ਵਿਚ) ਤਸਵੀਰ: ਏਸ਼ੀਅਨ ਮੀਡੀਆ

### ਸੁਖਬੀਰ ਬਾਦਲ ਦਾ ਸਿੰਘਾਸਣ ਡੋਲਿਆ

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਪਾਰਟੀ ਅੰਦਰੋਂ ਬਗਾਵਤ ਉਠਣ ਲੱਗੀ ਹੈ। ਹੁਣ ਤੱਕ ਖੁੱਡੇ ਲਾਏ ਹੋਏ ਸੀਨੀਅਰ ਆਗੂਆਂ ਤੋਂ ਇਲਾਵਾ ਦੂਜੀ ਕਤਾਰ ਦੇ ਆਗੂ ਵੀ ਅਕਾਲੀ ਦਲ ਨੂੰ ਇਹ ਦਿਨ ਦਿਖਾਉਣ ਲਈ ਸੁਖਬੀਰ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਸੀਨੀਅਰ ਲੀਡਰਾਂ ਵੱਲੋਂ ਉਪਰਲੀ ਲੀਡਰਸ਼ਿਪ ਖਿਲਾਫ ਭੜਾਸ ਕੱਢਣ ਮਗਰੋਂ ਹੁਣ ਅਸਤੀਫਿਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਲੁਧਿਆਣਾ ਤੋਂ ਸਾਬਕਾ ਜੇਲ੍ਹ ਮੰਤਰੀ ਮਲਕੀਤ ਸਿੰਘ ਬੀਰਮੀ ਨੇ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਪੰਜਾਬ ਵਿਧਾਨ ਸਭਾ ਦੇ ਹਾਲੀਆ ਸੈਸ਼ਨ ਵਿਚ ਸੁਖਬੀਰ ਵੱਲੋਂ ਅਪਣਾਈ ਰਣਨੀਤੀ ਤੋਂ ਅਕਾਲੀ ਆਗੂ ਖਫਾ ਹਨ। ਇਹੀ ਕਾਰਨ ਹੈ ਕਿ ਸਿਆਸੀ ਗਤੀਵਿਧੀਆਂ ਨੂੰ ਸੀਮਤ ਕਰਨ ਵਾਲੇ ਘਾਗ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਆਪਣੇ ਪੁੱਤਰ (ਸੁਖਬੀਰ) ਦੇ ਬਚਾਅ ਲਈ ਮੈਦਾਨ ਵਿਚ ਨਿੱਤਰਨਾ ਪੈ ਰਿਹਾ ਹੈ। ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਹਾਲ ਦੀ ਘੜੀ ਸੁਖਬੀਰ ਨੂੰ ਭਾਵੇਂ ਅੰਦਰੂਨੀ ਤੌਰ 'ਤੇ ਕੋਈ ਚੁਣੌਤੀ ਨਹੀਂ ਦਿਖਾਈ ਦਿੰਦੀ ਪਰ ਬਾਹਰੀ ਚੁਣੌਤੀਆਂ ਵਧਣ ਤੋਂ ਬਾਅਦ ਛੋਟੇ ਬਾਦਲ ਲਈ ਵੀ ਚੁਣੌਤੀਪੂਰਨ ਦਿਨ ਆ ਸਕਦੇ ਹਨ।

Gas Station, Truck Stop and Convenience Stores For Sale or Lease
In Indianapolis, Indiana
Ph: (317) 308-1050
adhoyee@gmail.com
ਇੰਡੀਆਨਾ ਵਿਚ ਗੈਸ ਸਟੇਸ਼ਨ, ਟਰੱਕ ਸਟਾਪ ਤੇ ਕਨਵੀਨੀਐਂਸ ਸਟੋਰ ਲੈਣ ਲਈ ਸੰਪਰਕ ਕਰੋ
ਫੋਨ: 317-308-1050

Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ
734 838 9998
Harpreet Singh
WorldWide Travel
www.fly2world.com
866 66 INDIA
4 6 3 4 2
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh (Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com


PTC PUNJABI
LIVE GURBANI FROM
SRI HARMANDIR SAHIB
PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/24/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2018 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਲੇਖਕ ਸੁਰਿੰਦਰ ਸੋਹਲ ਨੂੰ ਸਦਮਾ ਮਾਤਾ ਸੁਰਗਵਾਸ



**ਨਿਊ ਯਾਰਕ (ਬਿਊਰੋ):** ਨਿਊ ਯਾਰਕ ਵਸਦੇ ਉਘੇ ਪੰਜਾਬੀ ਸ਼ਾਇਰ ਅਤੇ ਵਾਰਤਕਕਾਰ ਸੁਰਿੰਦਰ ਸੋਹਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਪ੍ਰੀਤਮ ਕੌਰ ਲੰਘੀ ਪਹਿਲੀ ਸਤੰਬਰ ਨੂੰ ਅਕਾਲ ਚਲਾਣਾ ਕਰ ਗਏ। ਮਾਤਾ ਪ੍ਰੀਤਮ ਕੌਰ ਬੀਮਾਰ ਹੋਣ ਕਾਰਨ ਇਥੇ ਫਰੈਂਕਲਿਨ ਹਸਪਤਾਲ 'ਚ ਜੇਰੇ ਇਲਾਜ ਸਨ ਤੇ ਹਸਪਤਾਲ 'ਚ ਹੀ ਉਨ੍ਹਾਂ ਆਖਰੀ ਸਾਹ ਸ਼ਾਮ 7:21 'ਤੇ ਲਿਆ। ਉਹ ਕਰੀਬ 88 ਸਾਲਾਂ ਦੇ ਸਨ ਅਤੇ ਆਪਣੇ ਪਿਛੇ ਦੋ ਬੇਟੇ-ਕੁਲਵਿੰਦਰ ਸਿੰਘ ਤੇ ਸੁਰਿੰਦਰ ਸੋਹਲ ਅਤੇ ਇਕ ਬੇਟੀ ਦਲਵੀਰ ਕੌਰ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਹਸਮੁੱਖ ਸੁਭਾਅ, ਮਹਿਮਾਨ-ਨਿਵਾਜ਼, ਮੋਹ ਦਾ ਮੁਜੱਸਮਾ ਅਤੇ ਹਾਜ਼ਰ ਜਵਾਬੀ ਦਾ ਪ੍ਰਤੀਕ ਮਾਤਾ ਪ੍ਰੀਤਮ ਕੌਰ, ਜਿਨ੍ਹਾਂ ਨੂੰ ਹਰ ਨਿੱਕਾ-ਵੱਡਾ 'ਬੇਬੇ' ਕਹਿ ਕੇ ਬੁਲਾਉਂਦਾ ਸੀ, ਅਮਰੀਕਾ ਤੇ ਪੰਜਾਬ ਦੇ ਬਹੁਤ ਸਾਰੇ ਪੰਜਾਬੀ ਲੇਖਕਾਂ ਦੀ ਹਰਮਨ-ਪਿਆਰੀ ਸ਼ਖਸੀਅਤ ਸਨ। ਉਨ੍ਹਾਂ ਨਮਿਤ ਅੰਤਿਮ ਅਰਦਾਸ 6 ਸਤੰਬਰ, ਵੀਰਵਾਰ ਨੂੰ ਗੁਰਦੁਆਰਾ ਕੁਈਨਜ਼ ਵਿਲੇਜ (222-28, 95 ਐਵੇਨਿਊ) ਵਿਖੇ ਬਾਅਦ ਦੁਪਹਿਰ 2:30 ਹੋਵੇਗੀ।

# ਜੀ. ਐਸ. ਟੀ. ਦੇ ਇਸ਼ਤਿਹਾਰਾਂ 'ਤੇ ਖਰਚੇ 132.38 ਕਰੋੜ

**ਨਵੀਂ ਦਿੱਲੀ:** ਵਸਤਾਂ ਤੇ ਸੇਵਾ ਕਰ (ਜੀ.ਐਸ.ਟੀ) ਦੇ ਇਸ਼ਤਿਹਾਰ 'ਤੇ ਸਰਕਾਰ ਨੇ 132.38 ਕਰੋੜ ਰੁਪਏ ਖਰਚ ਕੀਤੇ ਹਨ। ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤਹਿਤ ਕੰਮ ਕਰਨ ਵਾਲੀ ਇਕ ਏਜੰਸੀ ਨੇ ਇਕ ਆਰ.ਟੀ.ਆਈ. ਦੇ ਜਵਾਬ 'ਚ ਇਹ ਜਾਣਕਾਰੀ ਦਿੱਤੀ ਹੈ।

ਮੰਤਰਾਲੇ ਤਹਿਤ ਕੰਮ ਕਰਨ ਵਾਲੀ ਬਿਊਰੋ ਆਫ ਆਊਟਰੀਚ ਐਂਡ ਕੰਮਿਊਨੀਕੇਸ਼ਨ ਤੋਂ ਮੰਤਰਾਲੇ ਨੂੰ 9 ਅਗਸਤ 2018 ਨੂੰ ਆਰ.ਟੀ.ਆਈ. ਦੇ ਜਵਾਬ 'ਚ ਮਿਲੀ ਜਾਣਕਾਰੀ ਦੇ ਮੁਤਾਬਕ ਸਰਕਾਰ ਨੇ ਅਖਬਾਰਾਂ ਤੇ ਮੈਗਜ਼ੀਨਾਂ 'ਚ ਜੀ.ਐਸ.ਟੀ. ਦੇ ਵਿਗਿਆਪਨਾਂ 'ਤੇ 1,26,93, 97,121 ਰੁਪਏ ਖਰਚ ਕੀਤੇ ਹਨ। ਇਸੇ ਤਰ੍ਹਾਂ ਇਲੈਕਟ੍ਰੋਨਿਕ ਮੀਡੀਆ 'ਤੇ ਖਰਚ ਜ਼ੀਰੋ ਦੱਸਿਆ ਗਿਆ। ਖੁੱਲ੍ਹੇ 'ਚ ਇਸ਼ਤਿਹਾਰ ਆਦਿ ਦੇ ਮਾਧਿਅਮ ਤੋਂ ਜੀ.ਐਸ.ਟੀ. ਦੇ ਪ੍ਰਚਾਰ 'ਤੇ 5,44,35,502 ਰੁਪਏ ਖਰਚ ਕੀਤੇ ਹਨ। ਜੀ.ਐਸ.ਟੀ ਨੂੰ ਪਹਿਲੀ ਜੁਲਾਈ 2017 ਨੂੰ ਲਾਗੂ ਕੀਤਾ ਗਿਆ ਸੀ।

# Matrimonials

## ਵਰ ਦੀ ਲੋੜ ਹੈ

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA)

Seeking professionally qualified, well educated, clean shaven match for 29, 5'7'' beautiful, slim, Jatt Sikh doctor (MBBS, MD) Indian citizen girl, current pursuing Fellowship (Endocrinology) in USA. Caste no bar. Equal educated match preferred. Send picture and bio-data to atwal@ymail.com or contact, Ph: 914-434-4208 32-35

Jatt Sikh parents seek suitable match in USA for their dentist doctor daughter. 24yrs 5'-6" attractive, family oriented contact: dayalramnit@gmail.com or Ph: 91-90563-10788 (India/WhatsApp) 34-35

## ਲੜਕੀ ਦੀ ਲੋੜ ਹੈ

Educated, well settled in California, Jat Sikh parents seek match for their USA born son age 27, 6'-4", university graduate, handsome, athletic & employed in state government. Seeking Jat Sikh girl, university grad, USA raised, strong family values/ morals, age 22-26 & min ht 5'-6". Please respond with pictures and bio data at AP1522538@gmail.com 32-35

## ਲੜਕੀ ਦੀ ਲੋੜ ਹੈ

ਅਮਰੀਕੀ ਗਰੀਨ ਕਾਰਡ ਹੋਲਡਰ ਜੱਟ ਸਿੱਖ, 28 ਸਾਲ, 6 ਫੁੱਟ ਲੜਕੇ ਲਈ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਉਸ ਦੇ ਵੱਡੇ ਭਰਾ 31 ਸਾਲ, 6 ਫੁੱਟ (ਭਾਰਤ) ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਤਸਵੀਰ ਤੇ ਵੇਰਵੇ ਸਮੇਤ ਸੰਪਰਕ ਕਰੋ: jdeep9801@gmail.com 36-39

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-328-5102 (USA) or email: Er.pawandeep23@gmail.com 35-38

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 33-36

27 ਸਾਲਾ, 5'-9", ਗਰੇਵਾਲ, ਅਮਰੀਕਨ ਸਿਟੀਜ਼ਨ, ਮਾਸਟਰ ਡਿਗਰੀ ਪ੍ਰਾਪਤ ਇੰਜੀਨੀਅਰ ਚੰਗੀ ਨੌਕਰੀ ਕਰ ਰਹੇ ਅੰਮ੍ਰਿਤਧਾਰੀ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਲੜਕਾ ਪਰਿਵਾਰ ਸਮੇਤ ਬੇਅ ਏਰੀਆ, ਕੈਲੀਫੋਰਨੀਆ ਰਹਿੰਦਾ ਹੈ। ਸੰਪਰਕ ਕਰੋ, ਫੋਨ: 408-505-0456 grewalsj408@gmail.com 34-37

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

# ਸਾਊਦੀ ਜੇਲ੍ਹ 'ਚ ਫਸੇ ਨੌਜਵਾਨਾਂ ਵੱਲੋਂ ਰਿਹਾਈ ਲਈ ਤਰਲਾ

**ਗੁਰਦਾਸਪੁਰ:** ਸਾਊਦੀ ਅਰਬ ਦੀ ਜੇਲ੍ਹ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਬੰਦ ਪੰਜ ਭਾਰਤੀ ਨੌਜਵਾਨਾਂ ਨੇ ਇਕ ਵੀਡੀਓ ਭੇਜ ਕੇ ਭਾਰਤ ਸਰਕਾਰ ਤੋਂ ਆਪਣੀ ਰਿਹਾਈ ਦੀ ਅਪੀਲ ਕੀਤੀ ਹੈ। ਇਨ੍ਹਾਂ ਵਿਚੋਂ ਤਿੰਨ ਨੌਜਵਾਨ ਪੰਜਾਬ ਅਤੇ ਦੋ ਉਤਰ ਪ੍ਰਦੇਸ਼ ਤੋਂ ਹਨ।

ਪੰਜਾਬੀ ਨੌਜਵਾਨਾਂ ਵਿਚੋਂ ਇਕ ਗੁਰਦਾਸਪੁਰ ਦੇ ਮੁਹੱਲਾ ਸੰਤ ਨਗਰ ਦਾ ਰਹਿਣ ਵਾਲਾ ਕਮਲ ਮਨਜਿੰਦਰ ਸਿੰਘ, ਦੂਸਰਾ ਲੁਧਿਆਣਾ ਦੀ ਜਗਰਾਉਂ ਤਹਿਸੀਲ ਦੇ ਪਿੰਡ ਡੱਲਾ ਦਾ ਵਾਸੀ ਹਰਦੀਪ ਸਿੰਘ ਚਾਹਲ ਹੈ, ਜਦੋਂਕਿ ਤੀਜੇ ਪੰਜਾਬੀ ਨੌਜਵਾਨ ਦੇ ਨਾਮ ਤੇ ਪਤੇ ਦਾ ਵੀਡੀਓ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਉਤਰ ਪ੍ਰਦੇਸ਼ ਦਾ ਵਾਸੀ ਨਸੀਮ ਅਤੇ ਇਲਾਹਾਬਾਦ ਦਾ ਵਿਵੇਕ ਕੁਮਾਰ ਭਾਰਤੀ ਵੀ ਆਪਣੀ ਰਿਹਾਈ ਲਈ ਹਾੜ੍ਹੇ ਕੱਢ ਰਹੇ ਹਨ। ਇਹ ਵੀਡੀਓ 31 ਅਗਸਤ ਦੀ ਹੈ, ਜਿਸ 'ਚ ਸਹਿਮੇ ਨੌਜਵਾਨ ਦੱਸ ਰਹੇ ਹਨ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਏਜੰਟਾਂ ਵੱਲੋਂ ਸਬਜ਼ਬਾਗ ਦਿਖਾ ਕੇ ਸਾਊਦੀ ਅਰਬ ਭੇਜਿਆ ਗਿਆ ਸੀ। ਕਮਲ ਮਨਜਿੰਦਰ ਸਿੰਘ ਉਰਫ ਪ੍ਰਿੰਸ ਦੇ ਪਿਤਾ ਬੁੱਧ ਸਿੰਘ ਤੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਾਲ ਪਹਿਲਾਂ ਪ੍ਰਿੰਸ ਗੁਰਦਾਸਪੁਰ ਦੇ ਇਕ ਏਜੰਟ ਨੂੰ ਦੋ ਲੱਖ ਰੁਪਏ ਦੇ ਕੇ ਰੋਜ਼ੀ-ਰੋਟੀ ਲਈ ਸਾਊਦੀ ਅਰਬ ਗਿਆ ਸੀ।

ਏਜੰਟ ਨੇ ਉਸ ਨੂੰ ਇਕ ਕੰਪਨੀ ਵਿਚ ਬਤੌਰ ਡਰਾਈਵਰ ਰਖਵਾਉਣ ਦੀ ਗੱਲ ਕਹੀ ਸੀ। ਜਦੋਂ ਕਈ ਮਹੀਨੇ ਕੰਮ ਕਰਨ ਤੋਂ ਬਾਅਦ ਉਸ ਨੇ ਕੰਪਨੀ ਤੋਂ ਪੈਸੇ ਲੈਣ ਲਈ ਦਬਾਅ ਪਾਇਆ ਤਾਂ ਉਸ ਦਾ ਡਰਾਈਵਿੰਗ ਲਾਇਸੈਂਸ ਖੋਹ ਲਿਆ ਗਿਆ ਤੇ ਉਸ ਨੂੰ ਜੇਲ੍ਹ 'ਚ ਬੰਦ ਕਰਾ ਦਿੱਤਾ ਗਿਆ। ਉਹ ਖੁਦ ਇਹ ਵੀ ਨਹੀਂ ਜਾਣਦਾ ਕਿ ਉਸ ਨੂੰ ਜੇਲ੍ਹ ਅੰਦਰ ਕਿਉਂ ਬੰਦ ਕੀਤਾ ਗਿਆ ਹੈ। ਪਰਿਵਾਰ ਦੇ ਮੈਂਬਰਾਂ ਨੂੰ ਦੋ ਸਤੰਬਰ ਨੂੰ ਉਸ ਵੱਲੋਂ ਭੇਜੀ ਇਕ ਵੀਡੀਓ ਮਿਲੀ, ਜਿਸ ਵਿਚ ਪ੍ਰਿੰਸ ਸਮੇਤ ਚਾਰ ਨੌਜਵਾਨਾਂ ਨੇ ਸੰਸਦ ਮੈਂਬਰ ਭਗਵੰਤ ਮਾਨ ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਇਸ ਨਰਕ ਵਿਚੋਂ ਕੱਢਿਆ ਜਾਵੇ।

# ਅਸਾਮ ਸਰਕਾਰ ਵੱਲੋਂ ਅਫਸਪਾ 'ਚ ਛੇ ਮਹੀਨੇ ਦਾ ਵਾਧਾ

**ਗੁਹਾਟੀ:** ਅਸਾਮ ਸਰਕਾਰ ਨੇ ਸੂਬੇ ਵਿਚ ਵਿਵਾਦਤ ਆਰਮਡ ਫੋਰਸਿਜ਼ (ਸਪੈਸ਼ਲ ਪਾਵਰਜ਼) ਐਕਟ, 1958 (ਅਫਸਪਾ) ਵਿਚ ਛੇ ਮਹੀਨੇ ਦਾ ਵਾਧਾ ਕੀਤਾ ਹੈ। ਇਹ ਵਾਧਾ ਤਤਕਾਲ ਪ੍ਰਭਾਵ ਤੋਂ ਲਾਗੂ ਹੋਵੇਗਾ।

# ਕੋਲਕਾਤਾ 'ਚ ਪਲਾਸਟਿਕ ਦੇ ਬੈਗਾਂ 'ਚੋਂ 14 ਭਰੂਣ ਮਿਲੇ

**ਕੋਲਕਾਤਾ:** ਦੱਖਣੀ ਕੋਲਕਾਤਾ ਵਿਚ ਹਰੀਦੇਬਪੁਰ ਇਲਾਕੇ ਦੇ ਇਕ ਖਾਲੀ ਪਲਾਟ ਵਿਚੋਂ ਪਲਾਸਟਿਕ ਦੇ ਥੈਲਿਆਂ ਵਿਚ ਲਪੇਟੀਆਂ ਨਵਜਾਤ ਬੱਚਿਆਂ ਦੀਆਂ ਗਲੀਆਂ ਸੜੀਆਂ 14 ਲਾਸ਼ਾਂ ਮਿਲੀਆਂ ਹਨ। ਹਰੀਦੇਬਪੁਰ ਪੁਲਿਸ ਸਟੇਸ਼ਨ ਇਲਾਕੇ ਵਿਚ ਰਾਜਾ ਰਾਮਮੋਹਨ ਰਾਏ ਸਾਰਾਨੀ ਇਲਾਕੇ ਦੇ ਇਕ ਘਾਹ ਵਾਲੇ ਮੈਦਾਨ ਦੀ ਸਫਾਈ ਦੌਰਾਨ ਬੱਚਿਆਂ ਦੀਆਂ ਗਲੀਆਂ ਸੜੀਆਂ ਲਾਸ਼ਾਂ ਮਿਲੀਆਂ ਹਨ। ਇਨ੍ਹਾਂ ਵਿਚੋਂ ਕੁਝ ਲਾਸ਼ਾਂ ਅੱਧ ਸੜੀਆਂ ਹਨ ਤੇ ਕੁਝ ਪੂਰੀਆਂ ਸੜ ਚੁੱਕੀਆਂ ਹਨ। ਪੁਲਿਸ ਅਧਿਕਾਰੀ ਅਨੁਸਾਰ ਲਾਸ਼ਾਂ ਨੂੰ ਕੌਣ ਸੁੱਟ ਕੇ ਗਿਆ ਹੈ ਤੇ ਕਿਥੋਂ ਆਈਆਂ, ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ। ਇਸ ਦੌਰਾਨ ਪੁਲਿਸ ਆਪਣੇ ਬਿਆਨ ਤੋਂ ਪਲਟ ਗਈ ਹੈ ਅਤੇ ਉਸ ਨੇ ਕਿਹਾ ਕਿ ਪਲਾਸਟਿਕ ਦੇ ਬੈਗਾਂ 'ਚ ਭਰੂਣ ਨਹੀਂ ਮੈਡੀਕਲ ਕਚਰਾ ਸੀ।


ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ

ਮਿਸ਼ੀਗਨ ਵਿਚ ਭਾਰਤੀ ਵੈਸ਼ਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।
ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।


In person : Ajanta Grocers and Carryout
3227 South Blvd, Auburn Hills, MI

Call: 248-260-7425 (Bal)
519-564-2515 (Preeti) 36-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

Email:
Homeomedicine@yahoo.com

7021 Village Park Way, Dublin, CA 94568

Michigan Truck Driving School
6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ !! ਖੁਸ਼ਖਬਰੀ !!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298

# ਕਾਂਗਰਸੀ ਵਿਧਾਇਕ ਨੇ ਹੀ ਸਰਕਾਰ ਖਿਲਾਫ ਚੁੱਕਿਆ ਝੰਡਾ

**ਬਠਿੰਡਾ:** ਹਲਕਾ ਬੱਲੂਆਣਾ (ਰਾਖਵਾਂ) ਤੋਂ ਕਾਂਗਰਸੀ ਵਿਧਾਇਕ ਨੱਥੂ ਰਾਮ ਨੇ ਆਖਰ ਅੱਕ ਚੱਬਦੇ ਹੋਏ ਆਪਣੀ ਹੀ ਸਰਕਾਰ ਖਿਲਾਫ ਝੰਡਾ ਚੁੱਕ ਲਿਆ ਹੈ। ਦਲਿਤ ਵਿਧਾਇਕ ਨੇ ਖਾਸ ਕਰ ਕੇ ਜਾਖੜ ਪਰਿਵਾਰ ਨੂੰ ਸਿੱਧਾ ਨਿਸ਼ਾਨੇ ਉਤੇ ਰੱਖਿਆ ਹੈ। ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੂੰ ਲਿਖੇ ਪੱਤਰ ਵਿਚ ਵਿਧਾਇਕ ਨੱਥੂ ਰਾਮ ਨੇ ਆਪਣੀ ਵੁੱਕਤ ਨਾ ਪੈਣ ਦਾ ਰੋਣਾ ਰੋਇਆ ਹੈ ਅਤੇ ਦਲਿਤ ਹੋਣ ਦੇ ਨਾਤੇ ਅਪਮਾਨਿਤ ਕੀਤੇ ਜਾਣ ਦਾ ਮੁੱਦਾ ਉਠਾਇਆ ਹੈ। ਵਿਧਾਇਕ ਨੱਥੂ ਰਾਮ ਨੇ ਸਾਫ ਲਫਜ਼ਾਂ ਵਿਚ ਆਖ ਦਿੱਤਾ ਹੈ ਕਿ ਉਹ ਏਦਾਂ ਦੇ ਹਾਲਾਤਾਂ ਵਿਚ ਹਲਕੇ ਵਿਚ ਨਹੀਂ ਵਿਚਰ ਸਕਦਾ, ਜਿਸ ਕਰਕੇ ਹਲਕਾ ਬੱਲੂਆਣਾ ਦੀ ਦੇਖ ਰੇਖ ਲਈ ਬਦਲਵੇਂ ਇੰਤਜ਼ਾਮ ਕਰ ਲਏ ਜਾਣ।



ਵਿਧਾਇਕ ਨੱਥੂ ਰਾਮ ਵੱਲੋਂ ਲਿਖੇ ਪੱਤਰ ਵਿਚ ਆਖਿਆ ਹੈ ਕਿ ਹਲਕਾ ਬੱਲੂਆਣਾ ਵਿਚ ਪਿਛਲੇ ਸਮੇਂ ਤੋਂ ਵਾਪਰ ਰਹੇ ਘਟਨਾਕ੍ਰਮ ਨੇ ਉਸ ਦੇ ਮਨ ਨੂੰ ਠੇਸ ਪਹੁੰਚਾਈ ਹੈ। ਪੱਤਰ ਅਨੁਸਾਰ ਅਬੋਹਰ ਦੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਭੁਪਿੰਦਰ ਸਿੰਘ ਦੀ ਬਦਲੀ ਲੋਕ ਹਿੱਤ ਵਿਚ ਕਰ ਦਿੱਤੀ ਗਈ ਸੀ ਅਤੇ ਜਲਾਲਾਬਾਦ ਦੇ ਬੀ.ਡੀ.ਪੀ.ਓ. ਨੂੰ ਵਾਧੂ ਚਾਰਜ ਦਿੱਤਾ ਗਿਆ ਸੀ। ਵਿਧਾਇਕ ਨੇ ਆਖਿਆ ਕਿ ਜਾਖੜ ਨੇ ਇਹ ਆਰਡਰ ਮੁੜ ਵਾਪਸ ਕਰਾ ਦਿੱਤੇ। ਉਨ੍ਹਾਂ ਲਿਖਿਆ ਹੈ ਕਿ ਇਸ ਦਾ ਅਗਲੀਆਂ ਚੋਣਾਂ 'ਤੇ ਬੁਰਾ ਪ੍ਰਭਾਵ ਪਵੇਗਾ ਅਤੇ ਇਸ ਰੱਦ ਹੋਏ ਹੁਕਮਾਂ ਨੇ ਵਰਕਰ ਕਾਫੀ ਨਿਰਾਸ਼ ਹੋਏ ਹਨ। ਉਨ੍ਹਾਂ ਲਿਖਿਆ ਹੈ ਕਿ ਉਹ ਖੁਦ ਵੀ ਅਪਮਾਨਿਤ ਮਹਿਸੂਸ ਕਰ ਰਹੇ ਹਨ ਅਤੇ ਉਸ ਨਾਲ ਦਲਿਤ ਹੋਣ ਕਰਕੇ ਵਾਰ-ਵਾਰ ਏਦਾਂ ਕੀਤਾ ਜਾ ਰਿਹਾ ਹੈ। ਵਿਧਾਇਕ ਨੇ ਜ਼ਿਕਰ ਕੀਤਾ ਹੈ ਕਿ ਉਸ ਨੂੰ (ਨੱਥੂ ਰਾਮ) ਅਤੇ ਉਸ ਦੇ ਪੀਏ ਨੂੰ ਮੌਜਗੜ੍ਹ ਫਾਰਮ ਹਾਊਸ 'ਚ ਸੱਦ ਕੇ ਹਲਕੇ ਦੇ ਬੰਦਿਆਂ ਸਾਹਮਣੇ ਸਾਬਕਾ ਮੰਤਰੀ ਚੌਧਰੀ ਸੱਜਣ ਕੁਮਾਰ ਨੇ ਜ਼ਲੀਲ ਕੀਤਾ ਪਰ ਉਸ ਨੇ ਜਾਖੜ ਪਰਿਵਾਰ ਵੱਲੋਂ ਕੀਤੇ ਅਹਿਸਾਨ ਕਰਕੇ ਅਣਦੇਖਾ ਕਰ ਦਿੱਤਾ। ਉਨ੍ਹਾਂ ਪੁਰਾਣੇ ਘਟਨਾਕ੍ਰਮ ਦਾ ਜ਼ਿਕਰ ਵੀ ਛੇੜਿਆ ਹੈ।

ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਐਸ.ਡੀ.ਐਮ. ਅਬੋਹਰ ਪੂਨਮ ਸਿੰਘ, ਪਾਵਰਕੌਮ ਦੇ ਐਕਸੀਅਨ ਮਲਕੀਤ ਸਿੰਘ, ਸਿੰਚਾਈ ਮਹਿਕਮੇ ਦੇ ਐਕਸੀਅਨ ਰਮੇਸ਼ ਗੁਪਤਾ ਅਤੇ ਡੀ.ਐਸ.ਪੀ. ਬੱਲੂਆਣਾ ਰਾਹੁਲ ਭਾਰਦਵਾਜ ਦੀ ਬਦਲੀ ਕਰਾਈ ਗਈ ਸੀ ਪਰ ਇਨ੍ਹਾਂ ਅਫਸਰਾਂ ਦੀਆਂ ਮੁੜ ਨਿਯੁਕਤੀਆਂ ਕਰਕੇ ਉਸ ਨੂੰ ਅਪਮਾਨਿਤ ਕੀਤਾ ਗਿਆ, ਜਿਸ ਕਰਕੇ ਹਲਕੇ ਵਿਚ ਕੰਮ ਕਰਾਉਣ ਵਿਚ ਦਿੱਕਤਾਂ ਆਈਆਂ ਹਨ। ਦੱਸਣਯੋਗ ਹੈ ਕਿ ਮੰਤਰੀ ਮੰਡਲ ਵਿਚ ਥਾਂ ਮਿਲਣ ਕਰ ਕੇ ਵੀ ਕਈ ਵਿਧਾਇਕ ਆਪਣਾ ਰੋਸਾ ਜ਼ਾਹਿਰ ਕਰ ਚੁੱਕੇ ਹਨ। ਨੱਥੂ ਰਾਮ ਦਾ ਇਹ ਪੱਤਰ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋਇਆ ਹੈ, ਜਿਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਜਾਖੜ ਖਿਲਾਫ ਬੋਲਣ ਦਾ ਹੋਰ ਮੌਕਾ ਮਿਲ ਗਿਆ ਹੈ।

### ਮਿਲ ਬੈਠ ਕੇ ਦੂਰ ਕਰਾਂਗੇ ਗਿਲੇ-ਸ਼ਿਕਵੇ: ਜਾਖੜ

ਕਾਂਗਰਸ ਪ੍ਰਧਾਨ ਅਤੇ ਸੰਸਦ ਮੈਂਬਰ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਉਹ ਵਿਧਾਇਕ ਨਾਲ ਬੈਠ ਕੇ ਸਭ ਗਿਲੇ ਸ਼ਿਕਵੇ ਦੂਰ ਕਰ ਦੇਣਗੇ ਅਤੇ ਵਿਧਾਇਕ ਨੱਥੂ ਰਾਮ ਉਨ੍ਹਾਂ ਦੀ ਪਾਰਟੀ ਦੇ ਸਤਿਕਾਰਤ ਵਿਧਾਇਕ ਹਨ। ਉਹ ਅਕਸਰ ਫਾਰਮ ਹਾਊਸ 'ਤੇ ਆਉਂਦੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਹੈ ਅਤੇ ਅਪਮਾਨ ਵਾਲੀ ਕੋਈ ਗੱਲ ਕਦੇ ਨਹੀਂ ਹੋਈ।

# ਪੰਜਾਬ ਦੇ ਪੇਂਡੂ ਸਿਹਤ ਕੇਂਦਰ ਪਏ ਬਿਮਾਰ

**ਚੰਡੀਗੜ੍ਹ:** ਪੰਜਾਬ ਦੇ 1186 ਪੇਂਡੂ ਸਿਹਤ ਕੇਂਦਰਾਂ ਨੂੰ ਦਵਾਈਆਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਪੇਂਡੂ ਸਿਹਤ ਕੇਂਦਰਾਂ ਵਿਚ ਬਹੁਤੀਆਂ ਦਵਾਈਆਂ ਦੀ ਸਪਲਾਈ ਦਸੰਬਰ 2016 ਤੋਂ ਬੰਦ ਪਈ ਹੈ। ਇਹ ਸਿਹਤ ਕੇਂਦਰ ਪੰਜਾਬ ਸਰਕਾਰ ਨੇ 2006 ਵਿਚ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪ ਦਿੱਤੇ ਸਨ, ਜਿਸ ਤੋਂ ਬਾਅਦ ਇਨ੍ਹਾਂ ਸਿਹਤ ਕੇਂਦਰਾਂ ਵਿਚ ਮੰਦਹਾਲੀ ਦਾ ਦੌਰ ਸ਼ੁਰੂ ਹੋ ਗਿਆ ਸੀ। ਇਕ ਕੇਂਦਰ ਵਿਚ ਅੰਦਾਜ਼ਨ ਰੋਜ਼ਾਨਾ 25 ਤੋਂ ਲੈ ਕੇ 30 ਮਰੀਜ਼ ਇਲਾਜ ਲਈ ਆਉਂਦੇ ਹਨ, ਜਿਨ੍ਹਾਂ ਵਿਚੋਂ 70 ਫੀਸਦੀ ਔਰਤਾਂ, ਬੱਚੇ ਤੇ ਬਜ਼ੁਰਗ ਹੁੰਦੇ ਹਨ।

ਇਨ੍ਹਾਂ ਸਿਹਤ ਕੇਂਦਰ ਵਿਚ ਦਵਾਈਆਂ ਨਾ ਹੋਣ ਕਾਰਨ ਮਰੀਜ਼ਾਂ ਨੂੰ ਬਾਹਰੋਂ ਮਹਿੰਗੀਆਂ ਦਵਾਈਆਂ ਖਰੀਦਣੀਆਂ ਪੈਂਦੀਆਂ ਹਨ। ਪੇਂਡੂ ਖੇਤਰਾਂ ਵਿਚ ਹਲਕੇ ਕੁੱਤੇ ਦੇ ਕੱਟਣ ਅਤੇ ਸੱਪ ਦੇ ਡੰਗ ਤੋਂ ਪੀੜਤ ਮਰੀਜ਼ ਆਮ ਨਾਲੋਂ ਵੱਧ ਹੁੰਦੇ ਹਨ। ਇਨ੍ਹਾਂ ਮਰੀਜ਼ਾਂ ਲਈ ਦਵਾਈ ਇਨ੍ਹਾਂ ਸਿਹਤ ਕੇਂਦਰ ਵਿਚੋਂ ਨਹੀਂ ਮਿਲਦੀ। ਸਿਵਲ ਸਰਜਨ ਕ੍ਰਿਸ਼ਨ ਕੁਮਾਰ ਨੇ ਆਖਿਆ ਕਿ ਇਹ ਸਾਰੀਆਂ ਡਿਸਪੈਂਸਰੀਆਂ ਜ਼ਿਲ੍ਹਾ ਪ੍ਰੀਸ਼ਦ ਅਧੀਨ ਆਉਂਦੀਆਂ ਹਨ। ਇਥੇ ਦਵਾਈ ਅਤੇ ਸਟਾਫ ਦਾ ਪ੍ਰਬੰਧ ਪੰਚਾਇਤ ਵਿਭਾਗ ਕਰਦਾ ਹੈ।

# ਗਿਆਨੀ ਗੁਰਬਚਨ ਸਿੰਘ ਦੀ ਜਾਇਦਾਦ 'ਤੇ ਉਠੇ ਸਵਾਲ

**ਚੰਡੀਗੜ੍ਹ:** ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਕਿਸੇ ਜਥੇਦਾਰ ਉਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ ਹੋਣ। ਸਿੱਖ ਪੰਥ ਦੇ ਸਭ ਤੋਂ ਉਪਰਲੇ ਅਹੁਦੇ ਉਤੇ ਬਿਰਾਜਮਾਨ ਸ਼ਖਸ ਗਿਆਨੀ ਗੁਰਬਚਨ ਸਿੰਘ ਦੀ ਜਾਇਦਾਦ 'ਤੇ ਉਠੇ ਸਵਾਲਾਂ ਨੇ ਪੰਥਕ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੇ ਖੁਲਾਸਿਆਂ ਮਗਰੋਂ ਗਿਆਨੀ ਗੁਰਬਚਨ ਸਿੰਘ ਦੀ ਜਾਇਦਾਦ ਦੀ ਜਾਂਚ ਦੀ ਵੀ ਮੰਗ ਉਠੀ ਹੈ।

ਦਰਅਸਲ, ਵਿਧਾਨ ਸਭਾ ਵਿਚ ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਉਪਰ ਜਥੇਦਾਰ ਦੇ ਕਾਰਜਕਾਲ ਦੌਰਾਨ ਮਹਿੰਗਾ ਹੋਟਲ ਤੇ ਨਾਜਾਇਜ਼ ਜਾਇਦਾਦ ਬਣਾਉਣ ਦੇ ਇਲਜ਼ਾਮ ਲਾਏ ਸਨ। ਇਸ ਤੋਂ ਬਾਅਦ ਹੁਣ ਜਥੇਦਾਰ ਦੀ ਜਾਇਦਾਦ ਦੀ ਜਾਂਚ ਦੀ ਮੰਗ ਉੱਠਣ ਲੱਗੀ ਹੈ। ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਹੈ ਕਿ ਜਥੇਦਾਰ ਉਪਰ ਲੱਗੇ ਇਲਜ਼ਾਮਾਂ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿਚ ਹਰਮਿੰਦਰ



ਗਿੱਲ ਵੱਲੋਂ ਜਥੇਦਾਰ ਖਿਲਾਫ ਸਿਰਫ ਇਲਜ਼ਾਮ ਲਾਏ ਗਏ ਹਨ ਪਰ ਜਾਂਚ ਦੀ ਮੰਗ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸ਼੍ਰੋਮਣੀ ਕਮੇਟੀ ਆਪ ਇਨ੍ਹਾਂ ਇਲਜ਼ਾਮਾਂ ਦੀ ਜਾਂਚ ਕਰੇ ਤੇ ਸੱਚ ਸਾਰਿਆਂ ਦੇ ਸਾਹਮਣੇ ਲੈ ਕੇ ਆਵੇ।

ਇਸੇ ਤਰ੍ਹਾਂ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਜਥੇਦਾਰ ਗੁਰਬਚਨ ਸਿੰਘ ਦੀ ਜਾਂਚ ਹੋਣੀ ਚਾਹੀਦੀ ਜੋ ਇਕ ਬਰਛਾ ਫੜ ਕੇ ਸੇਵਾਦਾਰ ਵਜੋਂ ਭਰਤੀ ਹੋਇਆ ਸੀ, ਅੱਜ ਕਿਵੇਂ ਮੁਕਤਸਰ ਸ਼ਹਿਰ ਵਿਚ ਤਿੰਨ ਤਾਰਾ ਹੋਟਲ ਦਾ ਮਾਲਕ ਬਣ ਗਿਆ? ਯਾਦ ਰਹੇ ਜਥੇਦਾਰ ਗੁਰਬਚਨ ਸਿੰਘ ਉਪਰ ਹਮੇਸ਼ਾਂ ਸ਼੍ਰੋਮਣੀ ਅਕਾਲੀ ਦਲ ਦਾ ਪੱਖ ਪੂਰਨ ਦੇ ਇਲਜ਼ਾਮ ਲੱਗਦੇ ਰਹੇ ਹਨ। ਇਸ ਕਰ ਕੇ ਉਨ੍ਹਾਂ ਦੇ ਅਸਤੀਫੇ ਦੀ ਵੀ ਮੰਗ ਉਠਦੀ ਰਹੀ ਹੈ।

ਹੁਣ ਤਾਜ਼ਾ ਮਾਮਲੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਤੇ ਫਿਰ ਫੈਸਲਾ ਵਾਪਸ ਲੈਣ ਕਰ ਕੇ ਉਹ ਫਿਰ ਚਰਚਾ ਵਿਚ ਹਨ। ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ ਕਿ ਇਹ ਮੁਆਫੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਹਿਣ ਉਤੇ ਦਿੱਤੀ ਗਈ ਸੀ ਪਰ ਮਾਮਲਾ ਭਖ ਜਾਣ ਕਰਕੇ ਇਹ ਮਾਫੀਨਾਮਾ ਵਾਪਸ ਲੈ ਲਿਆ ਗਿਆ ਸੀ।

# ਅਕਾਲੀ ਦਲ (ਬਾਦਲ) ਵੱਲੋਂ ਵੀ ਅਕਾਲ ਤਖਤ ਦੇ ਜਥੇਦਾਰ ਖਿਲਾਫ ਆਵਾਜ਼ ਬੁਲੰਦ

**ਚੰਡੀਗੜ੍ਹ:** ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਸ਼੍ਰੋਮਣੀ ਅਕਾਲੀ ਦੇ ਵਿਗੜੇ ਅਕਸ ਨੂੰ ਸੁਧਾਰਨ ਲਈ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਬੇਸ਼ੱਕ ਟਕਸਾਲੀ ਲੀਡਰਾਂ ਨੂੰ ਅੱਗੇ ਕਰ ਦਿੱਤਾ ਹੈ, ਪਰ ਉਨ੍ਹਾਂ ਦੀ ਇਹ ਚਾਲ ਪੁੱਠੀ ਪੈ ਸਕਦੀ ਹੈ। ਦਰਅਸਲ, ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਨੂੰ ਉਭਾਰਨ ਲਈ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਹੁਦੇ ਤੋਂ ਹਟਾਏ ਜਾਣ ਦਾ ਸੁਝਾਅ ਦਿੱਤਾ।

ਢੀਂਡਸਾ ਨੇ ਦੱਸਿਆ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣਾ ਗਲਤ ਸੀ। ਇਸ ਦਾ ਫੈਸਲਾ ਜਥੇਦਾਰਾਂ ਨੇ ਹੀ ਲਿਆ ਸੀ। ਉਨ੍ਹਾਂ ਇਹ ਵੀ ਕਿਹਾ ਕਿ ਮੁਆਫੀ ਗਲਤ ਸੀ ਤਾਂ ਹੀ ਇਸ ਨੂੰ ਵਾਪਸ ਲੈ ਲਿਆ ਗਿਆ ਸੀ। ਢੀਂਡਸਾ ਨੇ ਕਿਹਾ ਕਿ ਰਾਮ ਰਹੀਮ ਨੂੰ ਮੁਆਫੀ ਦੇ ਕੇ ਜਥੇਦਾਰਾਂ ਨੇ ਗਲਤੀ ਕੀਤੀ ਸੀ। ਇਸ ਲਈ ਗਿਆਨੀ ਗੁਰਬਚਨ ਸਿੰਘ ਨੂੰ ਹਟਾਇਆ ਜਾਣਾ ਚਾਹੀਦਾ ਹੈ। ਇੰਨਾ ਹੀ ਨਹੀਂ ਢੀਂਡਸਾ ਨੇ ਇਹ ਵੀ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਹਟਾਉਣ ਲਈ ਕਈ ਵਾਰ ਚਰਚਾ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵਿਰੁੱਧ ਮੋਰਚਾ ਖੋਲ੍ਹਣ ਵਾਲੇ ਗੁਰਮੁਖ ਸਿੰਘ ਦੀ ਅਕਾਲ ਤਖਤ ਦੇ ਹੈੱਡ ਗ੍ਰੰਥੀ ਵਜੋਂ ਵਾਪਸੀ 'ਤੇ ਢੀਂਡਸਾ ਨੇ ਦੱਸਿਆ ਕਿ ਇਸ 'ਤੇ ਪਾਰਟੀ ਦੇ ਅੰਦਰ ਤੇ ਬਾਹਰ ਇਤਰਾਜ਼ ਹੈ। ਉਨ੍ਹਾਂ ਪੰਜਾਬ 'ਚ ਬੇਅਦਬੀ ਦੀਆਂ ਘਟਨਾਵਾਂ ਤੋਂ ਪਹਿਲਾਂ ਮਾਹੌਲ ਤਣਾਅਪੂਰਨ ਬਣਾਉਣ ਲਈ ਜ਼ਿੰਮੇਵਾਰ ਡੇਰਾ ਸਿਰਸਾ ਮੁਖੀ ਦੀ ਫਿਲਮ ਐਮਐਸਜੀ ਨੂੰ ਪੰਜਾਬ 'ਚ ਰਿਲੀਜ਼ ਕਰਨ ਦੇ ਫੈਸਲੇ ਨੂੰ ਵੀ ਗਲਤ ਕਰਾਰ ਦਿੱਤਾ।

ਢੀਂਡਸਾ ਨੇ ਜਿਥੇ ਬਾਦਲ ਪਰਿਵਾਰ ਵਿਰੁੱਧ ਕਈ ਵਾਰ ਕੀਤੇ, ਉਥੇ ਹੀ ਸਾਬਕਾ ਮੁੱਖ ਮੰਤਰੀ ਦਾ ਪੂਰਾ ਬਚਾਅ ਵੀ ਕੀਤਾ। ਉਨ੍ਹਾਂ ਦੱਸਿਆ ਕਿ ਟਕਸਾਲੀ ਆਗੂਆਂ ਨੂੰ ਭੁਲਾਉਣ ਕਾਰਨ ਪਾਰਟੀ ਵਿਚ ਬਾਦਲ ਪਰਿਵਾਰ ਵਿਰੁੱਧ ਗੁੱਸਾ ਹੈ। ਉਨ੍ਹਾਂ ਕਿਹਾ ਕਿ ਪੁਰਾਣਿਆਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ।

# ਜੀਕੇ 'ਤੇ ਹਮਲਾ: ਰਾਇਸ਼ੁਮਾਰੀ 2020 ਦੇ ਦੋ ਹਮਾਇਤੀਆਂ ਖਿਲਾਫ ਕੇਸ ਦਰਜ

**ਨਿਊ ਯਾਰਕ:** ਕੈਲੀਫੋਰਨੀਆ ਪੁਲਿਸ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਉਤੇ ਬੀਤੇ ਹਫਤੇ ਹੋਏ ਹਮਲੇ ਸਬੰਧੀ



ਦੋ ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ। ਗੌਰਤਲਬ ਹੈ ਕਿ ਬੀਤੀ 25 ਅਗਸਤ ਨੂੰ ਗੁਰਦੁਆਰਾ ਟਾਇਰਾ ਬਿਊਨਾ ਪੁੱਜੇ ਸ੍ਰੀ ਜੀਕੇ ਉਤੇ ਰਾਇਸ਼ੁਮਾਰੀ 2020 ਦੇ ਕਥਿਤ 30-35 ਹਮਾਇਤੀਆਂ ਨੇ ਹਮਲਾ ਕਰ ਦਿੱਤਾ ਸੀ।

ਹਮਲੇ ਵਿਚ ਸ੍ਰੀ ਜੀਕੇ ਹੇਠਾਂ ਡਿੱਗ ਪਏ ਸਨ ਤੇ ਉਨ੍ਹਾਂ ਦੀ ਪੱਗ ਲੱਥ ਗਈ ਸੀ। ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੈਲੀਫੋਰਨੀਆ ਦੀ ਸਟਰ ਕਾਊਂਟੀ ਦੇ ਸ਼ੈਰਿਫ ਦੇ ਦਫਤਰ ਨੇ ਇਸ ਸਬੰਧੀ ਰਾਇਸ਼ੁਮਾਰੀ 2020 ਦੇ ਹਮਾਇਤੀਆਂ ਸੁਖਵਿੰਦਰ ਸਿੰਘ ਅਤੇ ਗੁਰਦੀਪ ਸਿੰਘ ਵਿਰੁਧ ਦੋਸ਼ ਆਇਦ ਕੀਤੇ ਹਨ। ਦੋਵਾਂ ਖਿਲਾਫ ਕੈਲੀਫੋਰਨੀਆ ਦੰਡਾਵਲੀ ਦੀ ਦਫਾ 242 ਤਹਿਤ 'ਕੁੱਟ-ਮਾਰ' ਦੇ ਦੋਸ਼ ਲਾਏ ਗਏ ਹਨ ਤੇ ਅਦਾਲਤੀ ਸੁਣਵਾਈ ਲਈ 15 ਅਕਤੂਬਰ ਦੀ ਤਰੀਕ ਮੁਕੱਰਰ ਕੀਤੀ ਗਈ ਹੈ। ਇਨ੍ਹਾਂ ਦੋਸ਼ਾਂ ਤਹਿਤ 2000 ਡਾਲਰ ਜੁਰਮਾਨੇ ਜਾਂ ਛੇ ਮਹੀਨੇ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਐਸ.ਐਫ.ਜੇ. ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਗਰੁੱਪ ਵੱਲੋਂ ਇਨ੍ਹਾਂ ਦੋਵਾਂ ਦੀ ਕਾਨੂੰਨੀ ਮਦਦ ਕੀਤੀ ਜਾਵੇਗੀ, ਕਿਉਂਕਿ ਉਹ ਸਿਰਫ ਗੁਰਦੁਆਰਾ ਸਾਹਿਬ ਦੇ ਬਾਹਰ ਸ੍ਰੀ ਜੀਕੇ ਖਿਲਾਫ ਰੋਸ ਮੁਜ਼ਾਹਰਾ ਕਰ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਹਿੰਸਾ ਦੀ ਸ਼ੁਰੂਆਤ ਸ੍ਰੀ ਜੀਕੇ ਦੇ ਹਮਾਇਤੀਆਂ ਨੇ ਆਪਣੇ ਜਮਹੂਰੀ ਹੱਕ ਤਹਿਤ ਰੋਸ ਮੁਜ਼ਾਹਰਾ ਕਰ ਰਹੇ ਰਾਇਸ਼ੁਮਾਰੀ ਦੇ ਹਮਾਇਤੀਆਂ ਉਤੇ ਹਮਲਾ ਕਰ ਕੇ ਕੀਤੀ।

# ਜਸਟਿਸ ਗੋਗੋਈ ਹੋਣਗੇ ਅਗਲੇ ਚੀਫ ਜਸਟਿਸ

**ਨਵੀਂ ਦਿੱਲੀ:** ਜਸਟਿਸ ਰੰਜਨ ਗੋਗੋਈ ਭਾਰਤ ਦੇ ਅਗਲੇ ਚੀਫ ਜਸਟਿਸ ਹੋਣਗੇ। ਇਸ ਅਹੁਦੇ ਲਈ ਉਨ੍ਹਾਂ ਦੇ ਨਾਂ ਦੀ ਸਿਫਾਰਸ਼ ਮੌਜੂਦਾ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਸਰਕਾਰ ਨੂੰ ਕੀਤੀ ਹੈ। ਸੂਤਰਾਂ ਅਨੁਸਾਰ ਜਸਟਿਸ ਗੋਗੋਈ 3 ਅਕਤੂਬਰ ਨੂੰ ਸਹੁੰ ਚੁੱਕ ਸਕਦੇ ਹਨ। ਉਨ੍ਹਾਂ ਦਾ ਕਾਰਜਕਾਲ 17 ਨਵੰਬਰ, 2019 ਤੱਕ ਰਹੇਗਾ। ਚੀਫ ਜਸਟਿਸ ਦੀਪਕ ਮਿਸ਼ਰਾ 2 ਅਕਤੂਬਰ ਨੂੰ ਸੇਵਾ ਮੁਕਤ ਹੋ ਰਹੇ ਹਨ।

# ਵਿਦੇਸ਼ਾਂ 'ਚ ਵਧਿਆ ਖਾਲਿਸਤਾਨ ਦਾ ਸਮਰਥਨ

**ਚੰਡੀਗੜ੍ਹ:** ਭਾਰਤ ਵਿਚ ਬੇਸ਼ੱਕ ਖਾਲਿਸਤਾਨ ਦੀ ਮੰਗ ਢਿੱਲੀ ਪੈ ਗਈ ਹੋਵੇ ਪਰ ਵਿਦੇਸ਼ਾਂ ਵਿਚ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਹਾਲੇ ਵੀ ਪ੍ਰਚੰਡ ਹੈ ਤੇ ਹੋਰ ਵੀ ਵਧ ਰਹੀ ਹੈ। ਪਿਛਲੇ ਸਾਲਾਂ ਵਿਚ ਖਾਸ ਤੌਰ ਉਤੇ ਅਮਰੀਕਾ, ਕੈਨੇਡਾ ਤੇ ਬਰਤਾਨੀਆ ਵਿਚ ਇਸ ਦਾ ਅਸਰ ਵਧੇਰੇ ਦੇਖਣ ਨੂੰ ਮਿਲਿਆ ਹੈ। ਉਸ ਤੋਂ ਇਲਾਵਾ ਦੇਸ਼ ਵਿਚ ਕੱਟੜ ਹਿੰਦੁਤਵ ਵਾਲੀ ਸਿਆਸਤ ਕਾਰਨ ਖਾਲਿਸਤਾਨ ਮੰਗਣ ਵਾਲਿਆਂ ਵਿਚ ਨਵੀਂ ਰੂਹ ਫੂਕ ਦਿੱਤੀ ਹੈ।

ਇਸ ਦੀਆਂ ਉਦਾਹਰਣਾਂ ਵਿਦੇਸ਼ਾਂ ਵਿਚ ਵਾਪਰੀਆਂ ਤਾਜ਼ਾ ਘਟਨਾਵਾਂ ਹਨ, ਜਿਨ੍ਹਾਂ ਵਿਚ ਰਾਹੁਲ ਗਾਂਧੀ ਤੇ ਅਕਾਲੀ ਲੀਡਰ ਮਨਜੀਤ ਸਿੰਘ ਜੀਕੇ ਦਾ ਵਿਰੋਧ ਸ਼ਾਮਲ ਹਨ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਉਹ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਉਪਰ ਹੋਏ ਹਮਲੇ ਦਾ ਸਮਰਥਨ ਕਰਦੇ ਹਨ। ਉਸ ਨੇ ਕਿਹਾ ਕਿ ਅਸੀਂ ਫੈਸਲਾ ਕੀਤਾ ਹੈ ਕਿ ਉਸ ਨੂੰ ਅਮਰੀਕਾ ਦੇ ਗੁਰੂ ਘਰਾਂ ਵਿਚ ਬੋਲਣ ਦਾ ਮੌਕਾ ਨਹੀਂ ਦਿੱਤਾ ਜਾਵੇਗਾ, ਉਹ ਸਿਰਫ ਗੁਰਦੁਆਰੇ ਮੱਥਾ ਟੇਕ ਸਕਦੇ ਹਨ ਤੇ ਲੰਗਰ ਛਕ ਸਕਦੇ ਹਨ। ਹਿੰਮਤ ਸਿੰਘ ਨੇ ਇਹ ਵੀ ਦੱਸਿਆ ਕਿ ਉਹ ਸਿੱਖਸ ਫਾਰ ਜਸਟਿਸ ਦਾ ਵੱਲੋਂ ਰੈਫਰੰਡਮ 2020 ਦਾ ਸਮਰਥਨ ਕਰਦੇ ਹਨ।




ਸਿਆਸੀ ਵਿਸ਼ਲੇਸ਼ਕ ਪ੍ਰੋ. ਕੁਲਦੀਪ ਸਿੰਘ ਮੁਤਾਬਕ ਹਿੰਦੁਤਵ ਦਾ ਕੇਂਦਰੀਕਰਨ ਹੋਣ ਨਾਲ ਸਿੱਖਾਂ ਤੇ ਹਿੰਦੂ ਗਰਮਖਿਆਲੀਆਂ ਦਰਮਿਆਨ ਤਣਾਅ ਵਧ ਗਿਆ ਹੈ। ਉਨ੍ਹਾਂ ਦੱਸਿਆ ਕਿ ਖਾਲਿਸਤਾਨ ਦੀ ਮੰਗ ਪਿੱਛੇ ਮੁੱਖ ਕਾਰਨ 1984 ਦਾ ਸਿੱਖ ਕਤਲੇਆਮ ਹੈ। ਇਸੇ ਕਾਰਨ ਹੀ ਵਿਦੇਸ਼ਾਂ ਵਿਚ ਵਸਦੇ ਸਿੱਖ ਖਾਲਿਸਤਾਨ ਦੀ ਮੰਗ ਕਰਦਿਆਂ ਭਾਰਤ ਵਿਚ ਰਹਿੰਦੇ ਸਿੱਖਾਂ ਨਾਲ ਤੁਲਨਾ ਕਰਦੇ ਹਨ।

ਅੱਠ ਮਿਲੀਅਨ ਤੋਂ ਵੱਧ ਵਿਦੇਸ਼ਾਂ ਵਿਚ ਵੱਸਦਾ ਸਿੱਖ ਭਾਈਚਾਰਾ ਆਪਣੇ ਜੱਦੀ ਸੂਬੇ ਦੀ ਸਿਆਸਤ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਇਸ ਲਈ ਰੈਫਰੰਡਮ ਦੀ ਮੰਗ ਵਧਣਾ ਕੋਈ ਹੈਰਾਨੀਜਨਕ ਘਟਨਾ ਨਹੀਂ ਹੈ। ਦਲ ਖਾਲਸਾ ਦੇ ਕੰਵਰਪਾਲ ਸਿੰਘ ਦਾ ਕਹਿਣਾ ਹੈ ਕਿ ਉਹ ਯੂਨਾਈਟਿਡ ਨੇਸ਼ਨਜ਼ ਤੇ ਭਾਰਤ ਸਰਕਾਰ ਨਾਲ ਗੱਲਬਾਤ ਕਰ ਰਹੇ ਹਨ ਤੇ ਪੰਜਾਬ ਦੇ ਲੋਕਾਂ ਨੂੰ ਆਪਣਾ ਖੁਦਮੁਖਤਿਆਰੀ ਦਾ ਹੱਕ ਮਿਲ ਸਕੇ।

### ਖਾਲਿਸਤਾਨ ਲਹਿਰ ਵਿਰੁਧ ਡਟੀ ਮੋਦੀ ਸਰਕਾਰ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਖਾਲਿਸਤਾਨ ਲਹਿਰ ਨੂੰ ਮੁੜ ਸਰਗਰਮ ਨਾ ਹੋਣ ਦੇਣ ਦੀ ਗੱਲ ਕਹੀ ਹੈ। ਰਾਜਨਾਥ ਸਿੰਘ ਨੇ ਪਿਛਲੇ ਮਹੀਨੇ ਲੰਡਨ ਵਿਚ ਹੋਈ 'ਰੈਫਰੰਡਮ 2020 ਰੈਲੀ' ਦਾ ਜ਼ਿਕਰ ਕਰਦਿਆਂ ਕਿਹਾ ਕਿ ਖਾਲਿਸਤਾਨ ਦੀ ਲਹਿਰ ਨੂੰ ਮੁੜ ਉਭਰਨ ਨਹੀਂ ਦਿੱਤਾ ਜਾਏਗਾ। ਰਾਜਨਾਥ ਸਿੰਘ ਨੇ ਕਿਹਾ ਕਿ ਬ੍ਰਿਟੇਨ ਵਿਚ 10 ਲੱਖ ਤੋਂ ਵੱਧ ਸਿੱਖ ਵਸਦੇ ਹਨ, ਪਰ ਰੈਲੀ ਵਿਚ 1500 ਤੋਂ 2000 ਲੋਕ ਹੀ ਸ਼ਾਮਲ ਹੋਏ ਸਨ ਤੇ ਭਾਰਤ ਤੋਂ ਕਿਸੇ ਵੀ ਸਿੱਖ ਨੇ ਇਨ੍ਹਾਂ ਪ੍ਰਦਰਸ਼ਨਾਂ ਵਿਚ ਹਿੱਸਾ ਨਹੀਂ ਲਿਆ ਸੀ। ਇਸ ਤੋਂ ਇਲਾਵਾ ਇਸ ਰੈਲੀ ਵਿਚ ਪਾਕਿਸਤਾਨ ਦੀ ਆਈ.ਐਸ.ਆਈ. ਦਾ ਹੱਥ ਵੀ ਜ਼ਾਹਿਰ ਹੋ ਗਿਆ।

# ਕਰਤਾਰਪੁਰ ਲਾਂਘਾ: ਪੌਣੇ ਦੋ ਮੀਲ ਦੇ ਸਫਰ ਲਈ ਪੌਣੀ ਸਦੀ ਦੀ ਉਡੀਕ

**ਅੰਮ੍ਰਿਤਸਰ:** ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਦਾ ਮਾਮਲਾ ਇਸ ਵੇਲੇ ਭਖਿਆ ਹੋਇਆ ਹੈ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਦੌਰਾਨ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਮੁਲਾਕਾਤ ਦੌਰਾਨ ਉਨ੍ਹਾਂ ਨਾਲ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਅਗਲੇ ਵਰ੍ਹੇ ਮਨਾਏ ਜਾ ਰਹੇ 550 ਸਾਲਾਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਕਰਤਾਰ ਸਾਹਿਬ ਦਾ ਲਾਂਘਾ ਖੋਲ੍ਹੇ ਜਾਣ ਦੀ ਸੰਭਾਵਨਾ ਜਤਾਈ ਸੀ।



ਪਾਕਿਸਤਾਨ ਵੱਲੋਂ ਮਿਲੇ ਇਸ ਹਾਂ-ਪੱਖੀ ਹੁੰਗਾਰੇ ਦੇ ਬਾਅਦ ਵਿਧਾਨ ਸਭਾ 'ਚ ਇਸ ਸਬੰਧੀ ਪ੍ਰਸਤਾਵ ਵੀ ਪਾਸ ਕੀਤਾ ਗਿਆ ਹੈ, ਜਦਕਿ ਇਸ ਦਾ ਪ੍ਰੈਕਟੀਕਲ (ਵਿਹਾਰਕ) ਹੱਲ ਇਹ ਹੈ ਕਿ ਸਭ ਤੋਂ ਪਹਿਲਾਂ ਦੋਵੇਂ ਪਾਸੇ ਦੀਆਂ ਸਰਕਾਰਾਂ ਆਪਸ ਵਿਚ 'ਮੈਮੋਰੈਂਡਮ ਆਫ ਅੰਡਰਸਟੈਂਡਿੰਗ' ਭਾਵ ਇਸ ਸਾਂਝੇ ਲਾਂਘੇ ਨੂੰ ਲੈ ਕੇ ਆਪਸੀ ਲਿਖਤੀ ਸਮਝੌਤਾ ਕਰਨ।

ਪਾਕਿਸਤਾਨ ਸਰਕਾਰ ਇਸ ਸਾਂਝੇ ਲਾਂਘੇ ਨੂੰ ਲੈ ਕੇ ਇਸ ਤੋਂ ਪਹਿਲਾਂ ਵੀ ਕਈ ਵਾਰ ਆਪਣੀ ਸਹਿਮਤੀ ਜ਼ਾਹਿਰ ਕਰ ਚੁੱਕੀ ਹੈ ਅਤੇ ਇਧਰ ਭਾਰਤ ਸਰਕਾਰ ਵੀ ਲੰਮੇ ਅਰਸੇ ਤੋਂ ਇਸ ਲਾਂਘੇ ਲਈ ਹਾਂ-ਪੱਖੀ ਹੁੰਗਾਰਾ ਭਰਦੀ ਆ ਰਹੀ ਹੈ। ਇਸ ਦੇ ਬਾਵਜੂਦ ਦੋਵੇਂ ਪਾਸੇ ਦੀਆਂ ਸਰਕਾਰਾਂ ਵੱਲੋਂ ਅਜੇ ਤੱਕ ਇਸ ਸਾਂਝੇ ਲਾਂਘੇ ਨੂੰ ਲੈ ਕੇ ਆਪਸੀ ਲਿਖਤੀ ਸਮਝੌਤਾ ਨਾ ਕੀਤੇ ਜਾਣ ਕਾਰਨ ਇਹ ਅਤਿ ਜ਼ਰੂਰੀ ਅਤੇ ਮਹੱਤਵਪੂਰਨ ਕਾਰਜ ਸਿਰੇ ਨਹੀਂ ਚੜ੍ਹ ਸਕਿਆ ਹੈ।

ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਦੋਵੇਂ ਪਾਸੇ ਦੀਆਂ ਸਰਕਾਰਾਂ ਯਤਨਸ਼ੀਲ ਜ਼ਰੂਰ ਵਿਖਾਈ ਦੇ ਰਹੀਆਂ ਹਨ, ਪਰ ਕੀਤੇ ਨਾ ਕੀਤੇ ਦੋਵੇਂ ਪਾਸਿਉਂ ਕੂਟਨੀਤਕ ਨਜ਼ਰੀਆ ਸਪੱਸ਼ਟ ਨਾ ਹੋਣ ਕਰ ਕੇ ਇਸ ਲਾਂਘਾ ਪ੍ਰੋਜੈਕਟ ਦੀ ਯੋਜਨਾ ਕਾਮਯਾਬ ਨਹੀਂ ਹੋ ਰਹੀ ਹੈ, ਜਿਸ ਕਾਰਨ ਮਹਿਜ਼ ਪੌਣੇ ਦੋ ਮੀਲ ਦਾ ਸਫਰ ਤੈਅ ਕਰਨ ਲੱਗਿਆਂ ਲਗਭਗ ਪੌਣੀ ਸਦੀ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਇਹ ਪੈਂਡਾ ਅਜੇ ਮੁੱਕਦਾ ਨਜ਼ਰ ਨਹੀਂ ਆ ਰਿਹਾ ਹੈ।

ਸਿੱਖ ਵਿਦਵਾਨਾਂ ਅਨੁਸਾਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਉਹ ਮੁਕੱਦਸ ਅਸਥਾਨ ਹੈ, ਜਿਥੋਂ ਜਾਤ-ਪਾਤ ਅਤੇ ਉਚ-ਨੀਚ ਦੇ ਹਨੇਰੇ ਵਿਚ ਡੁੱਬੇ ਇਸ ਸੰਸਾਰ ਨੂੰ ਚਾਨਣ ਦੀ ਰਾਹ ਵਿਖਾ ਕੇ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਪਾਸ ਪ੍ਰਸਥਾਨ ਕੀਤਾ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੋ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਪਿੰਡ ਡੋਡਾ, ਜ਼ਿਲ੍ਹਾ ਗੁਰਦਾਸਪੁਰ, ਤਹਿਸੀਲ ਸ਼ਕਰਗੜ੍ਹ ਵਿਚ ਆਉਂਦਾ ਸੀ, ਹੁਣ ਮੌਜੂਦਾ ਸਮੇਂ ਲਾਹੌਰ-ਨਾਰੋਵਾਲ ਰੇਲਵੇ ਲਾਈਨ ਉਤੇ ਰਾਵੀ ਦਰਿਆ ਦੇ ਐਨ ਪਰਲੇ ਕਿਨਾਰੇ 'ਤੇ ਤਹਿਸੀਲ ਨਾਰੋਵਾਲ ਵਿਚ ਸਥਿਤ ਹੈ।

ਵੱਡੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਪ੍ਰਾਣੀ ਸੰਨ 1947 ਦੇ ਬਾਅਦ ਤੋਂ ਦੋਵੇਂ ਪਾਸੇ ਦੀਆਂ ਸਰਕਾਰਾਂ ਤੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਬਿਨਾਂ ਪਾਸਪੋਰਟ-ਵੀਜ਼ਾ ਦੇ ਇਕ ਸਾਂਝਾ ਲਾਂਘਾ ਬਣਾਏ ਜਾਣ ਦੀ ਮੰਗ ਕਰਦੀਆਂ ਆ ਰਹੀਆਂ ਹਨ।

ਇਸ ਆਜ਼ਾਦ ਤੇ ਸਾਂਝੇ ਲਾਂਘੇ ਲਈ ਕੌਮਾਂਤਰੀ ਪੱਧਰ 'ਤੇ ਪਹਿਲੀ ਵਾਰ ਸਾਲ 1999 ਵਿਚ ਇਹ ਮੁੱਦਾ ਉਦੋਂ ਉਭਰਿਆ ਜਦੋਂ ਦਿੱਲੀ-ਲਾਹੌਰ ਬੱਸ ਸੇਵਾ ਦੀ ਸ਼ੁਰੂਆਤ 'ਤੇ ਭਾਰਤ ਦੇ ਤਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨ ਦੌਰੇ ਉਤੇ ਗਏ। ਨਵੰਬਰ 2000 'ਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਉਤੇ ਲਾਹੌਰ 'ਚ ਹੋਏ ਸੈਮੀਨਾਰ 'ਚ ਐਲਾਨ ਕੀਤਾ ਗਿਆ ਕਿ ਪਾਕਿਸਤਾਨ ਸਰਕਾਰ ਸ੍ਰੀ ਕਰਤਾਰਪੁਰ ਸਾਹਿਬ ਤਰਫੋਂ ਡੇਰਾ ਬਾਬਾ ਨਾਨਕ ਲਈ ਸਾਂਝਾ ਲਾਂਘਾ ਬਣਾਉਣ ਲਈ ਤਿਆਰ ਹੈ, ਪਰ ਇਹ ਕਾਰਜ ਭਾਰਤ ਸਰਕਾਰ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਣ 'ਤੇ ਹੀ ਸੰਭਵ ਹੋ ਸਕੇਗਾ।

2001 ਵਿਚ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ 'ਕਰਤਾਰਪੁਰ ਸਾਹਿਬ-ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ' ਕਾਇਮ ਕਰਕੇ ਇਸ ਮੁੱਦੇ ਨੂੰ ਵਿਸ਼ਾਲ ਪੱਧਰ 'ਤੇ ਉਭਾਰਿਆ, ਜਿਸ ਨੂੰ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਅਗਾਂਹ ਹੋ ਕੇ ਭਰਵਾਂ ਹੁੰਗਾਰਾ ਦਿੱਤਾ। ਇਸ ਤੋਂ ਬਾਅਦ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਲਗਭਗ ਅੱਧੀ ਦਰਜਨ ਸੰਸਥਾਵਾਂ ਹੋਂਦ 'ਚ ਆਈਆਂ, ਜੋ ਇਸ ਕਾਰਜ ਨੂੰ ਯਕੀਨੀ ਬਣਾਉਣ ਲਈ ਜੰਗੀ ਪੱਧਰ 'ਤੇ ਕੰਮ ਕਰ ਰਹੀਆਂ ਹਨ।

ਯੂਨਾਈਟਿਡ ਸਿੱਖ ਮਿਸ਼ਨ ਨਾਮੀ ਸੰਸਥਾ ਵੱਲੋਂ ਤਾਂ ਨਾ ਸਿਰਫ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਦਾ ਮੁਕੰਮਲ ਨਕਸ਼ਾ ਹੀ ਤਿਆਰ ਕੀਤਾ ਗਿਆ ਹੈ, ਸਗੋਂ ਉਹ ਇਸ 'ਤੇ ਆਉਣ ਵਾਲੇ ਖਰਚੇ ਵਿਚ ਵੀ ਪੂਰਾ-ਪੂਰਾ ਯੋਗਦਾਨ ਦੇਣ ਲਈ ਤਿਆਰ ਹੈ। ਫਿਲਹਾਲ ਜਦੋਂ ਤੱਕ ਇਹ ਸਾਂਝਾ ਲਾਂਘਾ ਨਹੀਂ ਬਣ ਜਾਂਦਾ ਤਦ ਤੱਕ ਸੰਗਤਾਂ ਨੂੰ ਪੱਬਾਂ ਭਾਰ ਖੜ੍ਹੇ ਹੋ ਕੇ ਡੇਰਾ ਬਾਬਾ ਨਾਨਕ ਸਾਹਿਬ ਸੈਕਟਰ ਦੀ ਸਰਹੱਦੀ ਚੌਕੀ ਉਤੇ ਬਣਾਏ ਗਏ 'ਦਰਸ਼ਨ ਸਥਲ' ਦੇ ਮੁਕਾਮ ਤੋਂ ਹੀ ਦੂਰਬੀਨਾਂ ਰਾਹੀਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨੇ ਹੋਣਗੇ।

## ਜਬਰ ਜਨਾਹ ਦੇ ਤਿੰਨ ਦੋਸ਼ੀਆਂ ਨੂੰ ਉਮਰ ਕੈਦ

**ਚੰਡੀਗੜ੍ਹ:** ਜ਼ਿਲ੍ਹਾ ਅਦਾਲਤ ਨੇ 21 ਸਾਲਾਂ ਦੀ ਲੜਕੀ ਨਾਲ ਸਮੂਹਿਕ ਜਬਰ ਜਨਾਹ ਦੇ ਦੋਸ਼ ਹੇਠ ਤਿੰਨ ਮੁਲਜ਼ਮਾਂ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਮੁਲਜ਼ਮਾਂ ਵਿਚ ਉਤਰ ਪ੍ਰਦੇਸ਼ ਦੇ ਅੰਬੇਡਕਰ ਨਗਰ ਦੇ ਵਸਨੀਕ ਮੁਹੰਮਦ ਇਰਫਾਨ (29), ਅਮੇਠੀ ਉਤਰ ਪ੍ਰਦੇਸ਼ ਦੇ ਕਿਸਮਤ ਅਲੀ ਉਰਫ ਪੋਪੂ ਤੇ ਮੁਹੰਮਦ ਗਰੀਬ ਸ਼ਾਮਲ ਹਨ। ਘਟਨਾ ਵੇਲੇ ਉਹ ਤਿੰਨੇ ਹੁਣ ਜ਼ੀਰਕਪੁਰ ਰਹਿੰਦੇ ਸਨ। ਹਰੇਕ ਦੋਸ਼ੀ ਨੂੰ 2.05-2.05 ਲੱਖ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ, ਜਿਸ ਵਿਚੋਂ 2-2 ਲੱਖ ਰੁਪਏ ਪੀੜਤ ਲੜਕੀ ਨੂੰ ਦਿੱਤੇ ਜਾਣਗੇ।

ਪੀੜਤ ਲੜਕੀ ਨਾਲ ਪਿਛਲੇ ਸਾਲ 17 ਨਵੰਬਰ ਨੂੰ ਸੈਕਟਰ 53 ਦੇ ਜੰਗਲੀ ਖੇਤਰ ਵਿਚ ਸਮੂਹਿਕ ਜਬਰ ਜਨਾਹ ਕੀਤਾ ਗਿਆ ਸੀ। ਪੀੜਤ ਲੜਕੀ ਇਥੇ ਮੋਹਾਲੀ ਵਿਚ ਪੇਇੰਗ ਗੈਸਟ ਵਜੋਂ ਰਹਿੰਦੀ ਸੀ ਤੇ ਚੰਡੀਗੜ੍ਹ ਵਿਚ ਸਟੈਨੋ ਦੀ ਕੋਚਿੰਗ ਲੈ ਰਹੀ ਸੀ। ਘਟਨਾ ਵਾਲੇ ਦਿਨ ਉਸ ਨੇ ਸੈਕਟਰ 37 ਤੋਂ ਮੁਹਾਲੀ ਲਈ ਥ੍ਰੀਵ੍ਹੀਲਰ ਲਿਆ ਸੀ। ਥ੍ਰੀਵ੍ਹੀਲਰ ਚਾਲਕ ਨਾਲ ਪਹਿਲਾਂ ਹੀ ਦੋ ਨੌਜਵਾਨ ਬੈਠੇ ਹੋਏ ਸਨ।

ਥ੍ਰੀਵ੍ਹੀਲਰ ਚਾਲਕ ਨੇ ਸੈਕਟਰ 53 ਦੇ ਜੰਗਲੀ ਖੇਤਰ ਵੱਲ ਜਾਂਦੀ ਸਲਿੱਪ ਰੋਡ 'ਤੇ ਵਾਹਨ ਪਾ ਲਿਆ ਤੇ ਥ੍ਰੀਵ੍ਹੀਲਰ ਰੋਕ ਕੇ ਡਰਾਮਾ ਕੀਤਾ ਕਿ ਵਾਹਨ ਖਰਾਬ ਹੋ ਗਿਆ ਹੈ। ਜਦੋਂ ਲੜਕੀ ਥ੍ਰੀਵ੍ਹੀਲਰ ਵਿਚੋਂ ਉਤਰ ਕੇ ਚਾਲਕ ਨੂੰ ਪੈਸੇ ਦੇਣ ਲੱਗੀ ਤਾਂ ਪਿੱਛੇ ਸਵਾਰੀਆਂ ਦੇ ਰੂਪ ਵਿਚ ਬੈਠੇ ਮੁਲਜ਼ਮਾਂ ਨੇ ਉਸ ਨੂੰ ਦਬੋਚ ਲਿਆ ਤੇ ਜੰਗਲੀ ਖੇਤਰ ਵਿਚ ਲਿਜਾ ਕੇ ਉਸ ਨਾਲ ਜਬਰ ਜਨਾਹ ਕੀਤਾ।

## ਪੰਜਾਬ 'ਚ ਅਗਲੇ ਵਰ੍ਹੇ ਬੰਦ ਨਹੀਂ ਹੋਣਗੇ ਸ਼ਰਾਬ ਦੇ ਠੇਕੇ

**ਬਠਿੰਡਾ:** ਪੰਜਾਬ ਵਿਚ ਅਗਲੇ ਮਾਲੀ ਵਰ੍ਹੇ ਦੌਰਾਨ ਸ਼ਰਾਬ ਦੇ ਠੇਕੇ ਬੰਦ ਨਹੀਂ ਹੋਣਗੇ ਕਿਉਂਕਿ ਪੰਜਾਬ ਵਿਚ ਗਰਾਮ ਪੰਚਾਇਤਾਂ ਭੰਗ ਹੋ ਚੁੱਕੀਆਂ ਹਨ ਅਤੇ ਨਵੀਆਂ ਪੰਚਾਇਤਾਂ ਦੀ ਚੋਣ ਅਕਤੂਬਰ ਮਹੀਨੇ ਵਿਚ ਹੋਣ ਦੀ ਸੰਭਾਵਨਾ ਹੈ। ਚੋਣ ਕਮਿਸ਼ਨ ਨੇ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀਆਂ ਦੀਆਂ ਚੋਣਾਂ ਐਲਾਨ ਦਿੱਤੀਆਂ ਹਨ। ਪੰਚਾਇਤਾਂ ਭੰਗ ਹੋਣ ਕਰ ਕੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਬੰਦ ਕਰਾਉਣ ਲਈ ਪੰਚਾਇਤੀ ਮਤੇ ਨਹੀਂ ਪੈ ਸਕਣਗੇ।

ਨਿਯਮਾਂ ਅਨੁਸਾਰ ਠੇਕੇ ਬੰਦ ਕਰਾਉਣ ਲਈ ਪੰਚਾਇਤੀ ਮਤੇ 30 ਸਤੰਬਰ ਤੱਕ ਆਬਕਾਰੀ ਮਹਿਕਮੇ ਨੂੰ ਦੇਣੇ ਹੁੰਦੇ ਹਨ, ਜਿਨ੍ਹਾਂ ਦੀ ਉਸ ਮਗਰੋਂ ਨਿੱਜੀ ਸੁਣਵਾਈ ਹੁੰਦੀ ਹੈ। ਗਰਾਮ ਪੰਚਾਇਤਾਂ ਦੇ ਹੁਣ ਪ੍ਰਬੰਧਕ ਲੱਗੇ ਹੋਏ ਹਨ, ਜਿਨ੍ਹਾਂ ਨੂੰ ਸਰਕਾਰ ਨੇ ਸਿਰਫ ਵਿਕਾਸ ਕਾਰਜ ਕਰਾਉਣ ਦੇ ਹੀ ਅਧਿਕਾਰ ਦਿੱਤੇ ਹਨ। ਵੇਰਵਿਆਂ ਅਨੁਸਾਰ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 (1) ਤਹਿਤ ਕੋਈ ਵੀ ਪੰਚਾਇਤ ਆਪਣੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹੇ ਜਾਣ ਦਾ ਫੈਸਲਾ ਲੈ ਸਕਦੀ ਹੈ।

ਪੰਚਾਇਤੀ ਮਤਾ ਦੋ ਤਿਹਾਈ ਬਹੁਮਤ ਨਾਲ ਪਾਸ ਹੋਣਾ ਲਾਜ਼ਮੀ ਹੈ ਅਤੇ ਪਿੰਡ ਵਿਚ ਪਿਛਲੇ ਦੋ ਸਾਲਾਂ ਦੌਰਾਨ ਕੋਈ ਆਬਕਾਰੀ ਜੁਰਮ ਨਹੀਂ ਹੋਣਾ ਚਾਹੀਦਾ ਹੈ। ਪੰਚਾਇਤੀ ਮਤਾ ਹਰ ਸੂਰਤ ਵਿਚ 30 ਸਤੰਬਰ ਤੱਕ ਸਰਕਾਰ ਕੋਲ ਪੁੱਜਣਾ ਲਾਜ਼ਮੀ ਹੈ। ਹੁਣ ਜਦੋਂ ਪੰਚਾਇਤਾਂ ਭੰਗ ਹਨ ਤਾਂ ਇਹ ਮਤੇ ਪੈਣੇ ਹੀ ਨਹੀਂ ਹਨ, ਜਿਸ ਕਰ ਕੇ ਅਗਲੇ ਮਾਲੀ ਵਰ੍ਹੇ ਦੌਰਾਨ ਸ਼ਰਾਬ ਦੇ ਠੇਕਿਆਂ ਦੇ ਬੰਦ ਹੋਣ ਦੇ ਆਸਾਰ ਕਾਫੀ ਮੱਧਮ ਹਨ। ਪੰਜਾਬ ਸਰਕਾਰ ਨੂੰ ਇਸ ਦਾ ਮਾਲੀ ਤੌਰ ਉਤੇ ਫਾਇਦਾ ਹੈ, ਕਿਉਂਕਿ ਠੇਕੇ ਬੰਦ ਹੋਣ ਨਾਲ ਖਜ਼ਾਨੇ ਨੂੰ ਸੱਟ ਵੱਜਦੀ ਹੈ। ਸੂਤਰ ਆਖਦੇ ਹਨ ਕਿ ਪੰਜਾਬ ਸਰਕਾਰ ਪੰਚਾਇਤਾਂ ਭੰਗ ਹੋਣ ਦਾ ਇਸ ਨਜ਼ਰੀਏ ਤੋਂ ਪੂਰਾ ਲਾਹਾ ਲਵੇਗੀ।

ਪਿਛਾਂਹ ਨਜ਼ਰ ਮਾਰੀਏ ਤਾਂ ਸਾਲ 2009-10 ਤੋਂ ਸਾਲ 2017-18 ਤੱਕ ਪੰਜਾਬ ਭਰ ਵਿਚ 908 ਪੰਚਾਇਤੀ ਮਤੇ ਸਰਕਾਰ ਕੋਲ ਪੰਚਾਇਤਾਂ ਵੱਲੋਂ ਭੇਜੇ ਗਏ ਹਨ, ਜਿਨ੍ਹਾਂ 'ਚੋਂ 518 ਪੰਚਾਇਤੀ ਮਤੇ ਪ੍ਰਵਾਨ ਹੋਏ ਹਨ, ਜਿਸ ਦਾ ਮਤਲਬ ਕਿ ਇਨ੍ਹਾਂ ਪਿੰਡਾਂ ਵਿਚ ਠੇਕੇ ਬੰਦ ਹੋਏ ਹਨ। ਸਭ ਤੋਂ ਅੱਗੇ ਜ਼ਿਲ੍ਹਾ ਸੰਗਰੂਰ ਹੈ। ਇਸ ਜ਼ਿਲ੍ਹੇ ਵਿਚੋਂ ਇਸੇ ਸਮੇਂ ਦੌਰਾਨ 371 ਪੰਚਾਇਤੀ ਮਤੇ ਭੇਜੇ ਗਏ ਹਨ ਜਿਨ੍ਹਾਂ 'ਚੋਂ 166 ਮਤੇ ਪ੍ਰਵਾਨ ਹੋਏ ਹਨ। ਲੰਘੇ ਮਾਲੀ ਦੌਰਾਨ ਪੰਜਾਬ ਦੀਆਂ 86 ਪੰਚਾਇਤਾਂ ਨੇ ਸ਼ਰਾਬ ਦੇ ਠੇਕੇ ਬੰਦ ਕਰਾਉਣ ਲਈ ਮਤੇ ਪਾਏ ਸਨ ਜਿਨ੍ਹਾਂ ਵਿਚੋਂ 46 ਪਿੰਡਾਂ ਵਿਚ ਠੇਕੇ ਬੰਦ ਹੋਏ ਸਨ।

ਪਿਛਲੇ 9 ਵਰ੍ਹਿਆਂ ਦੌਰਾਨ ਸਭ ਤੋਂ ਜ਼ਿਆਦਾ ਪੰਚਾਇਤੀ ਮਤੇ ਸਾਲ 2015-16 ਦੌਰਾਨ ਪਏ ਸਨ ਜੋ ਕਿ 232 ਦੇ ਕਰੀਬ ਸਨ ਜਿਨ੍ਹਾਂ ਦੇ ਆਧਾਰ 'ਤੇ ਪੰਜਾਬ ਭਰ ਵਿਚ 163 ਠੇਕੇ ਬੰਦ ਹੋਏ ਸਨ। ਪੰਜਾਬ ਸਰਕਾਰ ਵੱਲੋਂ ਸਾਲ 2016-17 ਦੌਰਾਨ 80 ਫੀਸਦੀ ਪੰਚਾਇਤਾਂ ਦੇ ਮਤੇ ਪ੍ਰਵਾਨ ਕੀਤੇ ਸਨ ਅਤੇ ਇਸ ਵਰ੍ਹੇ ਦੌਰਾਨ ਪੰਜਾਬ ਭਰ ਵਿਚੋਂ 92 ਪੰਚਾਇਤੀ ਮਤੇ ਭੇਜੇ ਗਏ ਸਨ ਜਿਨ੍ਹਾਂ 'ਚੋਂ 81 ਮਤੇ ਪ੍ਰਵਾਨ ਕੀਤੇ ਗਏ ਸਨ। ਜ਼ਿਲ੍ਹਾ ਸੰਗਰੂਰ ਵਿਚ ਤਾਂ ਠੇਕੇ ਬੰਦ ਕਰਾਉਣ ਲਈ ਚੱਲੀ ਮੁਹਿੰਮ ਕਾਫੀ ਸਫਲ ਵੀ ਰਹੀ ਹੈ। ਸੂਤਰ ਆਖਦੇ ਹਨ ਕਿ ਜੇਕਰ ਸਰਕਾਰ ਮਤੇ ਦੇਣ ਦੀ ਆਖਰੀ ਤਰੀਕ ਵਿਚ ਵੀ ਵਾਧਾ ਕਰ ਦਿੰਦੀ ਹੈ ਤਾਂ ਵੀ ਨਵੀਆਂ ਪੰਚਾਇਤਾਂ ਇਸ ਮਾਮਲੇ 'ਤੇ ਫੌਰੀ ਤੌਰ 'ਤੇ ਟਾਲਾ ਵੱਟ ਸਕਦੀਆਂ ਹਨ।

## ਜ਼ਮੀਨ ਖਾਤਰ ਨਸ਼ੇੜੀ ਪੁੱਤ ਵੱਲੋਂ ਪਿਤਾ ਦਾ ਕਤਲ

**ਜੈਤੋ:** ਪਿੰਡ ਬਿਸ਼ਨੰਦੀ ਵਿਚ ਨਸ਼ੇੜੀ ਪੁੱਤਰ ਵੱਲੋਂ ਆਪਣੇ ਪਿਤਾ 'ਤੇ ਗੰਡਾਸੇ ਨਾਲ ਦੇ ਕਈ ਵਾਰ ਕਰ ਕੇ ਕਤਲ ਕਰ ਦਿੱਤਾ ਗਿਆ। ਮਨਜੋਤ ਸਿੰਘ ਜੋ ਕਿ ਨਸ਼ੇ ਕਰਨ ਦਾ ਆਦੀ ਹੈ ਤੇ ਆਪਣੇ ਹਿੱਸੇ ਦੀ ਜ਼ਮੀਨ ਵੇਚ ਚੁੱਕਿਆ ਹੈ। ਉਸ ਦਾ ਆਪਣੇ ਪਿਤਾ ਨਾਲ ਅਕਸਰ ਝਗੜਾ ਰਹਿੰਦਾ ਸੀ ਕਿ ਪਿਤਾ ਸੁਖਮੰਦਰ ਸਿੰਘ ਆਪਣੇ ਹਿੱਸੇ ਦੀ ਜ਼ਮੀਨ ਵੀ ਉਸ ਦੇ ਨਾਂ ਕਰ ਦੇਵੇ। ਮਨਜੋਤ ਸਿੰਘ ਨਸ਼ੇ 'ਚ ਧੁੱਤ ਜ਼ਮੀਨ ਦੀ ਮੰਗ ਕਰਨ ਲੱਗਾ ਤੇ ਪਿਤਾ ਵੱਲੋਂ ਨਾਂਹ ਕਰਨ 'ਤੇ ਉਸ ਨੇ ਆਪਣੇ ਪਿਤਾ ਦੇ ਸਿਰ ਤੇ ਮੂੰਹ 'ਤੇ ਗੰਡਾਸੇ ਨਾਲ ਕਰੀਬ 5 ਵਾਰ ਕੀਤੇ ਜਿਸ ਨਾਲ ਸੁਖਮੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ।

# ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਲਈ ਸਰਗਰਮੀਆਂ ਤੇਜ਼

**ਅੰਮ੍ਰਿਤਸਰ:** ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਦੀ ਤਰੀਕ ਦਾ ਐਲਾਨ ਹੋਣ ਮਗਰੋਂ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਖਾਸ ਕਰ ਕੇ ਹਾਕਮ ਧਿਰ ਕਾਂਗਰਸ ਵਿਚ ਇਨ੍ਹਾਂ ਚੋਣਾਂ ਨੂੰ ਲੈ ਕੇ ਵਧੇਰੇ ਉਤਸ਼ਾਹ ਹੈ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਇਹ ਚੋਣਾਂ ਪਾਰਟੀ ਨਿਸ਼ਾਨ 'ਤੇ ਲੜਨਗੇ ਜਦੋਂ ਕਿ ਪੰਚਾਇਤੀ ਚੋਣਾਂ ਦੋਵੇਂ ਪਾਰਟੀਆਂ ਬਿਨਾਂ ਪਾਰਟੀ ਨਿਸ਼ਾਨ ਤੋਂ ਲੜਨਗੀਆਂ।

ਪੰਜਾਬ ਵਿਚ 22 ਜ਼ਿਲ੍ਹਾ ਪਰਿਸ਼ਦਾਂ ਤੇ 150 ਬਲਾਕ ਸਮਿਤੀਆਂ ਵਾਸਤੇ 19 ਸਤੰਬਰ ਨੂੰ ਵੋਟਾਂ ਪੈਣਗੀਆਂ। ਸਰਹੱਦੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਜ਼ਿਲ੍ਹਾ ਪਰਿਸ਼ਦ ਦੇ 25 ਜ਼ੋਨ ਹੋਣਗੇ ਜਿਨ੍ਹਾਂ ਵਿਚੋਂ 7 ਜਨਰਲ ਔਰਤਾਂ ਤੇ 5 ਐਸ.ਸੀ. ਔਰਤ ਉਮੀਦਵਾਰਾਂ ਲਈ ਤੇ 5 ਐਸ.ਸੀ. ਪੁਰਸ਼ ਤੇ 8 ਜਨਰਲ ਸ਼੍ਰੇਣੀ ਦੇ ਪੁਰਸ਼ ਉਮੀਦਵਾਰਾਂ ਵਾਸਤੇ ਰਾਖਵੇਂ ਹੋਣਗੇ। ਇਸੇ ਤਰ੍ਹਾਂ 9 ਬਲਾਕ ਸਮਿਤੀਆਂ ਵਾਸਤੇ 199 ਮੈਂਬਰਾਂ ਦੀ ਚੋਣ ਹੋਵੇਗੀ। ਇਨ੍ਹਾਂ ਵਿਚ ਪਹਿਲਾਂ ਵਧੇਰੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਰਿਹਾ ਹੈ ਅਤੇ ਸੂਬੇ ਵਿਚ ਕਾਂਗਰਸੀ ਨਿਜ਼ਾਮ ਆਉਣ ਮਗਰੋਂ ਇਥੇ ਵੀ ਬਦਲਾਅ ਆਉਣ ਦੀ ਸੰਭਾਵਨਾ ਹੈ। ਸੂਬੇ ਵਿਚ ਕਾਂਗਰਸ ਸਰਕਾਰ ਸਥਾਪਤ ਹੋਇਆਂ ਡੇਢ ਸਾਲ ਬੀਤ ਚੁੱਕਾ ਹੈ ਅਤੇ ਇਸ ਦੌਰਾਨ ਲੋਕਾਂ ਵਿਚ ਕਾਂਗਰਸ ਵੱਲੋਂ ਕੀਤੇ ਵਾਅਦੇ ਪੂਰੇ ਨਾ ਕਰਨ ਦਾ ਰੋਸ ਵੀ ਹੈ। ਅਜਿਹੀ ਸਥਿਤੀ ਵਿਚ ਇਹ ਚੋਣਾਂ ਸਾਰੀਆਂ ਹੀ ਸਿਆਸੀ ਧਿਰਾਂ ਵਾਸਤੇ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕ ਇਮਤਿਹਾਨ ਸਾਬਤ ਹੋਣਗੀਆਂ।

ਇਸ ਵਾਰ ਜਸਟਿਸ ਰਣਜੀਤ ਸਿੰਘ



ਕਮਿਸ਼ਨ ਦੀ ਰਿਪੋਰਟ ਆਉਣ ਤੋਂ ਬਾਅਦ ਹੋਏ ਖੁਲਾਸੇ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਵੀ ਇਕ ਵੱਡੇ ਮੁੱਦੇ ਵਜੋਂ ਉਭਰੇਗਾ। ਇਹ ਵੀ ਪਹਿਲੀ ਵਾਰ ਹੈ ਕਿ ਹੁਣ 33 ਦੇ ਬਜਾਏ ਔਰਤਾਂ ਦੀ ਨੁਮਾਇੰਦਗੀ 50 ਫੀਸਦ ਹੋਵੇਗੀ। ਇਸ ਦੇ ਬਾਵਜੂਦ ਪੰਜਾਬ ਦੀਆਂ ਸਿਆਸੀ ਪਾਰਟੀਆਂ ਇਨ੍ਹਾਂ ਸੰਸਥਾਵਾਂ ਦੇ ਸੰਵਿਧਾਨਕ ਹੱਕ ਦੇਣ ਜਾਂ ਦਿਵਾਉਣ ਲਈ ਸਰਗਰਮ ਨਹੀਂ ਅਤੇ ਮੌਜੂਦਾ ਸਮੇਂ ਵੀ ਇਨ੍ਹਾਂ ਵੱਲੋਂ ਬਿਨਾਂ ਕਿਸੇ ਏਜੰਡੇ ਦੇ ਧੜੇਬੰਦੀ ਨੂੰ ਆਧਾਰ ਬਣਾ ਕੇ ਹੀ ਚੋਣਾਂ ਜਿੱਤਣ ਦੀ ਕੋਸ਼ਿਸ਼ ਹੋ ਰਹੀ ਹੈ। ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਧੜੇਬੰਦੀ ਨੇ ਵੱਡੀ ਸੱਟ ਮਾਰੀ ਹੈ। ਸਿਆਸੀ ਪਾਰਟੀਆਂ ਲਈ ਧੜਿਆਂ ਨੂੰ ਵਰਗਲਾ ਕੇ ਆਪਣਾ ਵੋਟ ਬੈਂਕ ਬਣਾਉਣ ਦਾ ਆਸਾਨ ਤਰੀਕਾ ਮਿਲ ਰਿਹਾ ਹੈ। ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਦੇ 1 ਕਰੋੜ 27 ਲੱਖ 87 ਹਜ਼ਾਰ 395 ਵੋਟਰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰ ਸਕਣਗੇ। 22 ਜ਼ਿਲ੍ਹਾ ਪਰਿਸ਼ਦਾਂ ਲਈ 354 ਅਤੇ 150 ਬਲਾਕ ਸਮਿਤੀਆਂ ਲਈ 2900 ਨੁਮਾਇੰਦੇ ਚੁਣੇ ਜਾਣੇ ਹਨ। ਜਲਦੀ ਹੀ ਪੰਚਾਇਤ ਚੋਣ ਦਾ ਐਲਾਨ ਵੀ ਹੋਵੇਗਾ ਜਿਨ੍ਹਾਂ ਵਿਚ 13264 ਸਰਪੰਚ ਅਤੇ ਲਗਭਗ 80 ਹਜ਼ਾਰ ਮੈਂਬਰ ਪੰਚਾਇਤ ਚੁਣੇ ਜਾਣੇ ਹਨ।

ਪੰਜਾਬ ਵਿਚ ਪਹਿਲੀ ਵਾਰ ਹੀ ਚੇਅਰਮੈਨੀ, ਸਰਪੰਚੀ ਅਤੇ ਪੰਚੀ ਵਿਚ ਪੰਜਾਹ ਫੀਸਦ ਹਿੱਸਾ ਬੀਬੀਆਂ ਦਾ ਹੋਵੇਗਾ। ਸੰਵਿਧਾਨ ਦੀ 73 ਵੀਂ ਸੋਧ ਤੋਂ ਬਾਅਦ ਪੰਚਾਇਤੀ ਰਾਜ ਸੰਸਥਾਵਾਂ ਦੇ 20 ਸਾਲਾਂ ਦਾ ਲੇਖਾ ਜੋਖਾ ਕਰਨ ਲਈ ਸਾਬਕਾ ਕੇਂਦਰੀ ਮੰਤਰੀ ਮਣੀਸ਼ੰਕਰ ਅਈਅਰ ਦੀ ਅਗਵਾਈ ਵਿਚ ਬਣਾਈ ਕਮੇਟੀ ਨੇ ਕਿਹਾ ਕਿ ਦੇਸ਼ ਵਿਚ ਸਰਪੰਚ ਪਤੀ ਰਾਜ ਹੈ ਭਾਵ ਰਾਖਵਾਂਕਰਨ ਕਰ ਕੇ ਔਰਤਾਂ ਚੁਣੀਆਂ ਤਾਂ ਜਾਂਦੀਆਂ ਹਨ ਪਰ ਉਨ੍ਹਾਂ ਦੀ ਜਗ੍ਹਾ ਕੰਮ ਉਨ੍ਹਾਂ ਦੇ ਪਤੀ ਜਾਂ ਹੋਰ ਮਰਦ ਮੈਂਬਰ ਹੀ ਕਰਦੇ ਹਨ। ਇਸ ਰਵਾਇਤ ਨੂੰ ਤੋੜਨ ਦਾ ਇਕੋ ਇਕ ਤਰੀਕਾ ਪਿੰਡਾਂ ਦੇ ਪਹਿਲਾਂ ਬਣੇ ਸਰਪੰਚ ਜਾਂ ਸਿਆਸੀ ਆਗੂਆਂ ਦੀਆਂ ਪਤਨੀਆਂ ਦੀ ਬਜਾਏ ਸਮਾਜਿਕ ਕੰਮਾਂ ਜਾਂ ਜਥੇਬੰਦੀਆਂ ਦੇ ਕੰਮਾਂ ਵਿਚ ਲੱਗੀਆਂ ਔਰਤਾਂ ਵਿਚੋਂ ਨੁਮਾਇੰਦੇ ਚੁਣੇ ਜਾਣ ਕਿਉਂਕਿ ਪੰਚਾਇਤ ਸਕੱਤਰ, ਬੀ.ਡੀ.ਪੀ.ਓ. ਜਾਂ ਕਿਸੇ ਸਿਆਸੀ ਆਗੂ ਦੇ ਹੁਕਮ ਮੁਤਾਬਕ ਸਰਪੰਚ ਪੰਚਾਇਤ ਮੈਂਬਰਾਂ ਜਾਂ ਲੋਕਾਂ ਦੀ ਲਗਾਤਾਰ ਅਣਦੇਖੀ ਕਰਦੇ ਆ ਰਹੇ ਹਨ। ਇਸੇ ਕਰ ਕੇ ਗ੍ਰਾਮ ਸਭਾ ਦਾ ਇਜਲਾਸ ਨਾ ਹੋਣ ਉਤੇ ਵੀ ਸਰਪੰਚ ਮੁਅੱਤਲ ਨਹੀਂ ਹੁੰਦੇ।

ਰਾਜਨੀਤਕ ਪਾਰਟੀ ਕਾਰਕੁਨਾਂ ਨੂੰ ਇਹ ਪਤਾ ਹੈ ਕਿ ਇਨ੍ਹਾਂ ਸੰਸਥਾਵਾਂ ਦਾ ਮੈਂਬਰ ਬਣਨ ਨਾਲ ਕੋਈ ਵੱਡਾ ਲਾਭ ਹੋਣ ਵਾਲਾ ਨਹੀਂ ਕਿਉਂਕਿ ਸਰਕਾਰਾਂ ਨੇ 24 ਸਾਲ ਗੁਜ਼ਰ ਜਾਣ ਦੇ ਬਾਵਜੂਦ ਸੰਵਿਧਾਨਕ ਤੌਰ ਉਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਵਿੱਤੀ, ਪ੍ਰਸ਼ਾਸਨਿਕ ਅਤੇ ਦੇਖ ਰੇਖ ਦੇ ਸੌਂਪੇ ਜਾਣ ਵਾਲੇ 29 ਵਿਭਾਗਾਂ ਦੇ ਅਧਿਕਾਰ ਅਜੇ ਤੱਕ ਨਹੀਂ ਦਿੱਤੇ ਗਏ। ਪੰਚਾਇਤ ਯੂਨੀਅਨ ਦੇ ਪ੍ਰਧਾਨ ਹਰਮਿੰਦਰ ਸਿੰਘ ਮਾਵੀ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਨੇ ਅਧਿਕਾਰਾਂ ਦਾ ਮੁੱਦਾ ਕਈ ਵਾਰ ਉਠਾਇਆ ਪਰ ਸਰਕਾਰਾਂ ਅਤੇ ਉਚ ਕੁਰਸੀਆਂ 'ਤੇ ਬਿਰਾਜਮਾਨ ਸਿਆਸੀ ਆਗੂ ਅਤੇ ਅਫਸਰ ਇਹ ਅਧਿਕਾਰ ਦੇਣ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਹਨ। ਇਸੇ ਕਰ ਕੇ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਚੋਣਾਂ ਵਿਚ ਪਾਰਟੀਆਂ ਨੂੰ ਨੁਮਾਇੰਦੇ ਤਲਾਸ਼ਣ ਵਿਚ ਦਿੱਕਤ ਆ ਰਹੀ ਹੈ।

## 'ਆਪ' ਵੱਲੋਂ ਨਸ਼ਿਆਂ ਤੇ ਨੋਟਾਂ ਤੋਂ ਮੁਕਤ ਚੋਣਾਂ ਦਾ ਨਾਅਰਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਚਾਇਤ ਚੋਣਾਂ ਨਸ਼ਿਆਂ ਅਤੇ ਨੋਟਾਂ ਤੋਂ ਮੁਕਤ ਕਰਨ ਦਾ ਨਾਅਰਾ ਲਾ ਕੇ ਲੜਨ ਦਾ ਫੈਸਲਾ ਕੀਤਾ ਹੈ। 'ਆਪ' ਦੀ ਲੀਡਰਸ਼ਿਪ ਨੇ ਪਿੰਡਾਂ ਤੇ ਪੰਜਾਬ ਦੇ ਭਲੇ ਲਈ ਪੰਚਾਇਤੀ ਚੋਣਾਂ ਸਰਬਸੰਮਤੀ ਨਾਲ ਕਰਵਾਉਣ ਦੀ ਮੁਹਿੰਮ ਚਲਾਉਣ ਦਾ ਵੀ ਫੈਸਲਾ ਕੀਤਾ ਹੈ, ਜਿਸ ਤਹਿਤ ਪਾਰਟੀ ਦੀ ਲੀਡਰਸ਼ਿਪ ਪਿੰਡਾਂ ਵਿਚਲੀਆਂ ਧੜੇਬੰਦੀਆਂ ਨੂੰ ਛੱਡ ਕੇ ਆਪਸੀ ਸਹਿਮਤੀ ਨਾਲ ਚੋਣਾਂ ਲੜਨ ਲਈ ਲੋਕਾਂ ਨੂੰ ਪ੍ਰੇਰਿਤ ਕਰੇਗੀ। ਪੰਜਾਬ ਦੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਉਹ ਪੰਚਾਇਤੀ ਚੋਣਾਂ ਦੌਰਾਨ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਦੀ ਥਾਂ ਆਮ ਲੋਕਾਂ ਨੂੰ ਗੰਧਲੀ ਸਿਆਸਤ ਅਤੇ ਦਿਹਾਤੀ ਖੇਤਰਾਂ ਵਿਚ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਉਸਾਰੂ ਸੋਚ ਵਾਲੇ ਵਿਅਕਤੀਆਂ ਨੂੰ ਚੁਣਨ ਦਾ ਸੱਦਾ ਦੇਣਗੇ। ਆਪ ਨੇ ਇਹ ਫੈਸਲਾ ਵੀ ਕੀਤਾ ਹੈ ਕਿ ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਪਾਰਟੀ ਦੇ ਚੋਣ ਨਿਸ਼ਾਨ ਝਾੜੂ 'ਤੇ ਲੜੀਆਂ ਜਾਣਗੀਆਂ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਆਰਿਫ ਅਲੀ ਬਣੇ ਪਾਕਿਸਤਾਨ ਦੇ ਨਵੇਂ ਰਾਸ਼ਟਰਪਤੀ

**ਇਸਲਾਮਾਬਾਦ:** ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿਚੋਂ ਇਕ ਡਾ. ਆਰਿਫ ਅਲਵੀ ਨੂੰ ਪਾਕਿਸਤਾਨ ਦਾ ਨਵਾਂ ਰਾਸ਼ਟਰਪਤੀ ਚੁਣਿਆ ਗਿਆ ਹੈ। ਅਲਵੀ ਨੇ ਤਿਕੋਣੀ ਟੱਕਰ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਦੇ ਉਮੀਦਵਾਰ ਐਤਜਾਜ਼ ਅਹਿਸਾਨ ਤੇ ਪਾਕਿਸਤਾਨ ਮੁਸਲਿਮ ਲੀਗ-ਐਨ ਦੇ ਉਮੀਦਵਾਰ ਮੌਲਾਨਾ ਫਜ਼ਲ ਉਰ ਰਹਿਮਾਨ ਨੂੰ ਪਛਾੜ ਕੇ ਦੇਸ਼ ਦੇ 13ਵੇਂ ਰਾਸ਼ਟਰਪਤੀ ਦੇ ਅਹੁਦੇ ਉਤੇ ਕਬਜ਼ਾ ਕੀਤਾ।

ਕੌਮੀ ਅਸੈਂਬਲੀ ਅਤੇ ਸੈਨੇਟ ਵਿਚ ਪੋਲ ਹੋਈਆਂ 430 ਵੋਟਾਂ ਵਿਚੋਂ ਅਲਵੀ ਨੂੰ 212 ਵੋਟਾਂ, ਰਹਿਮਾਨ ਨੂੰ 131 ਤੇ ਅਹਿਸਾਨ ਨੂੰ 81 ਵੋਟਾਂ ਮਿਲੀਆਂ। ਇਨ੍ਹਾਂ ਵਿਚੋਂ ਛੇ ਵੋਟਾਂ ਰੱਦ ਹੋਈਆਂ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਮਮਨੂਨ ਹੁਸੈਨ ਦਾ ਕਾਰਜਕਾਲ 8 ਸਤੰਬਰ ਨੂੰ ਸਮਾਪਤ ਹੋਇਆ ਸੀ। ਇਥੇ ਦੱਸਣਯੋਗ ਹੈ ਕਿ ਪੇਸ਼ੇ ਵਜੋਂ ਦੰਦਾਂ ਦੇ ਡਾਕਟਰ 69 ਸਾਲਾ ਅਲਵੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਸੰਸਥਾਪਕ ਮੈਂਬਰਾਂ 'ਚੋਂ ਇਕ ਹਨ। ਉਹ 2006 ਤੋਂ 2013 ਤੱਕ ਪਾਰਟੀ ਦੇ ਜਨਰਲ ਸਕੱਤਰ ਦੇ ਅਹੁਦੇ 'ਤੇ ਰਹੇ।

## ਅਕਾਲੀ ਦਲ ਵੱਲੋਂ ਹੁਣ ਯੂ.ਪੀ. ਵੱਲ ਚਾਲੇ

**ਚੰਡੀਗੜ੍ਹ:** ਅਕਾਲੀ ਦਲ ਨੇ ਪੰਜਾਬ ਤੋਂ ਬਾਹਰ ਪੈਰ ਪਸਾਰਨ ਦੀ ਰਣਨੀਤੀ ਤਹਿਤ ਹਰਿਆਣਾ ਤੋਂ ਬਾਅਦ ਯੂਪੀ ਵੱਲ ਕਦਮ ਵਧਾਏ ਹਨ। ਹਰਿਆਣਾ ਤੋਂ ਬਾਅਦ ਹੁਣ ਅਕਾਲੀ ਦਲ 21 ਸਤੰਬਰ ਨੂੰ ਉਤਰ ਪ੍ਰਦੇਸ਼ ਦੇ ਸਹਾਰਨਪੁਰ 'ਚ ਸੰਮੇਲਨ ਕਰੇਗਾ। ਇਸ ਕਾਨਫਰੰਸ ਵਿਚ ਅਕਾਲੀ ਦੇ ਤਮਾਮ ਵੱਡੇ ਨੇਤਾ ਮੌਜੂਦ ਰਹਿਣਗੇ।

ਇਹ ਫੈਸਲਾ ਦਿੱਲੀ 'ਚ ਹੋਈ ਬੈਠਕ ਵਿਚ ਲਿਆ ਗਿਆ। ਬੈਠਕ ਦੀ ਅਗਵਾਈ ਸੁਖਬੀਰ ਬਾਦਲ ਨੇ ਕੀਤੀ। ਬੈਠਕ 'ਚ ਉਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਦੇ ਅਕਾਲੀ ਲੀਡਰ ਮੌਜੂਦ ਰਹੇ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ 'ਚ ਜੋਸ਼ ਹੈ ਤੇ ਉਹ ਚਾਹੁੰਦੇ ਹਨ ਕਿ ਅਕਾਲੀ ਦਲ ਯੂਪੀ 'ਚ ਕਮਾਨ ਸੰਭਾਲੇ।

ਅਕਾਲੀ ਦਲ ਦੀ ਇਸ ਬੈਠਕ ਤੋਂ ਜ਼ਾਹਰ ਹੈ ਕਿ ਅਕਾਲੀ ਦਲ ਆਪਣੇ ਪੈਰ ਦੂਜੇ ਸੂਬਿਆਂ ਵਿਚ ਵੀ ਪਸਾਰਨ ਲੱਗਾ ਹੈ। ਪੰਜਾਬ ਦੇ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਅਕਾਲੀ ਦਲ ਦੇ ਪੰਜਾਬ ਤੋਂ ਬਾਹਰ ਚੋਣਾਂ ਲੜਨ ਦੇ ਫੈਸਲੇ 'ਤੇ ਤਨਜ਼ ਕੱਸਿਆ ਹੈ। ਸਿੱਧੂ ਨੇ ਕਿਹਾ ਕਿ ਅਕਾਲੀਆਂ ਨੂੰ ਪੰਜਾਬੀਆਂ ਨੇ ਨਕਾਰ ਦਿੱਤਾ ਹੈ, ਜਿਸ ਤੋਂ ਡਰਦੇ ਉਹ ਪੰਜਾਬ ਛੱਡ ਕੇ ਭੱਜ ਗਏ ਹਨ।

# ਲੋਕ ਰੋਹ ਨੇ ਬਾਦਲਾਂ ਦੇ ਹੱਥ ਖੜ੍ਹੇ ਕਰਵਾਏ

*(ਸਫਾ ਇਕ ਦੀ ਬਾਕੀ)*

ਕਮਿਸ਼ਨ ਦੀ ਰਿਪੋਰਟ ਨੂੰ ਪੇਸ਼ ਕਰਨ ਤੋਂ ਬਾਅਦ ਵਿਧਾਨ ਸਭਾ ਵਿਚ ਬਹਿਸ ਤੋਂ ਕਿਨਾਰਾ ਕਰਨ ਦੇ ਫੈਸਲੇ ਨੂੰ ਟਕਸਾਲੀ ਅਕਾਲੀ ਆਗੂਆਂ ਨੇ ਗਲਤ ਠਹਿਰਾ ਦਿੱਤਾ ਹੈ। ਪੰਜਾਬ ਵਿਚ ਇਕ ਦਹਾਕੇ ਮਗਰੋਂ ਹੋਈ ਸੱਤਾ ਤਬਦੀਲੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਈ ਹੁਣ ਮੁੜ ਪੈਰ ਜਮਾਉਣੇ ਚੁਣੌਤੀ ਬਣੇ ਹੋਏ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਕੁਝ ਹੋਰ ਆਗੂਆਂ ਦੇ ਕਾਰ-ਵਿਹਾਰ ਤੇ ਰੰਗ-ਢੰਗ ਵਿਚ ਕੋਈ ਤਬਦੀਲੀ ਨਹੀਂ ਆਈ ਹੈ, ਇਸ ਕਰ ਕੇ ਸੀਨੀਅਰ ਲੀਡਰਸ਼ਿਪ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਨੂੰ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਪੰਜਾਬ ਵਿਚ ਇਨ੍ਹਾਂ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਤੇ ਸਿਆਸੀ ਪਾਰਟੀਆਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪੰਜਾਬ ਦੀਆਂ ਤਕਰੀਬਨ ਸਾਰੀਆਂ ਹੀ ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ 'ਤੇ ਪਿਛਲੇ ਇਕ ਦਹਾਕੇ ਤੋਂ ਅਕਾਲੀ ਦਲ ਦਾ ਹੀ ਕਬਜ਼ਾ ਚੱਲਿਆ ਆ ਰਿਹਾ ਹੈ। ਪੰਜਾਬ ਵਿਚ ਸੱਤਾ ਕਾਂਗਰਸ ਦੇ ਹੱਥ ਆਉਣ ਤੋਂ ਬਾਅਦ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ। ਇਸ ਕਰ ਕੇ ਅਕਾਲੀ ਦਲ ਨੂੰ ਕੁਝ ਦਿਹਾਤੀ ਸੰਸਥਾਵਾਂ 'ਤੇ ਮੁੜ ਵੱਕਾਰ ਬਹਾਲੀ ਦੀ ਉਮੀਦ ਸੀ, ਪਰ ਤਾਜ਼ਾ ਸਿਆਸੀ ਹਾਲਾਤ ਨੇ ਅਕਾਲੀ ਦਲ ਦੀਆਂ ਉਮੀਦਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ। ਪਾਰਟੀ ਦੇ



ਸੀਨੀਅਰ ਨੇਤਾਵਾਂ ਦਾ ਮੰਨਣਾ ਹੈ ਕਿ ਸਾਲ 2015 ਦੌਰਾਨ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਬਰਗਾੜੀ ਬੇਅਦਬੀ ਕਾਂਡ ਤੇ ਉਸ ਤੋਂ ਬਾਅਦ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਪੁਲਿਸ ਗੋਲੀਬਾਰੀ ਦੀ ਪੜਤਾਲੀਆ ਰਿਪੋਰਟ ਉਪਰ ਹੋਈ ਬਹਿਸ ਨੇ ਅਕਾਲੀ ਦਲ ਦਾ ਨੁਕਸਾਨ ਕੀਤਾ ਹੈ। ਅਕਾਲੀ ਦਲ ਵੱਲੋਂ ਭਾਵੇਂ ਤਾਜ਼ਾ ਹਾਲਾਤ ਨਾਲ ਨਜਿੱਠਣ ਲਈ ਰੈਲੀਆਂ ਕਰਨ ਦੀ ਰਣਨੀਤੀ ਘੜੀ ਗਈ ਹੈ, ਪਰ ਪਾਰਟੀ ਨੂੰ ਇਸ ਸੰਕਟ ਵਿਚੋਂ ਉਭਰਨ ਲਈ ਅਜੇ ਸਮਾਂ ਲੱਗੇਗਾ। ਪੰਜਾਬ ਵਿਚ ਪਿਛਲੇ ਇਕ ਸਾਲ ਦੇ ਸਮੇਂ ਦੌਰਾਨ ਹੋਈਆਂ ਦੋ ਜ਼ਿਮਨੀ ਚੋਣਾਂ ਗੁਰਦਾਸਪੁਰ ਤੇ ਸ਼ਾਹਕੋਟ ਸਮੇਤ ਨਗਰ ਨਿਗਮ ਅਤੇ ਮਿਊਂਸਪਲ ਚੋਣਾਂ ਵਿਚ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਕਤ ਚੋਣਾਂ ਵਿਚ ਹਾਰ ਤੋਂ ਬਾਅਦ ਅਕਾਲੀ ਦਲ ਲਈ ਪੰਚਾਇਤੀ ਚੋਣਾਂ ਦਾ ਇਮਤਿਹਾਨ ਉਸ ਸਮੇਂ ਆਇਆ ਹੈ, ਜਦੋਂ ਪਾਰਟੀ ਬੇਅਦਬੀ ਦੇ ਦੋਸ਼ਾਂ ਦਾ ਸਾਹਮਣਾ ਕਰਦੀ ਹੋਈ ਸੰਕਟਮਈ ਦੌਰ ਵਿਚੋਂ ਲੰਘ ਰਹੀ ਹੈ।

## ਅੰਗਰੇਜ਼ੀ ਦੇ ਪਾੜ੍ਹੇ ਪੜ੍ਹਨਗੇ 'ਹੀਰ ਵਾਰਿਸ' ਦਾ ਪਾਠ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਵੱਲੋਂ ਪੰਜਾਬੀ ਸਾਹਿਤ ਨੂੰ ਉਕਾ ਹੀ ਵਿਸਾਰਨ ਨਾਲ ਸਬੰਧਤ ਪ੍ਰਕਾਸ਼ਿਤ ਖਬਰ ਦਾ ਨੋਟਿਸ ਲੈਂਦਿਆਂ ਯੂਨੀਵਰਸਿਟੀ ਅਧਿਕਾਰੀਆਂ ਨੇ ਐਮ.ਏ. ਇੰਗਲਿਸ਼ ਦੇ ਸਿਲੇਬਸ 'ਤੇ ਨਜ਼ਰਸਾਨੀ ਦਾ ਕਾਰਜ ਵਿੱਢਦਿਆਂ ਪੰਜਾਬ ਨਾਲ ਸਬੰਧਤ ਸਾਹਿਤ 'ਤੇ ਪੂਰਾ ਪੇਪਰ ਲੈਣ ਦੀ ਸਿਫਾਰਸ਼ ਕੀਤੀ ਹੈ।

ਦੂਜਾ ਪੇਪਰ ਵਾਰਿਸ ਸ਼ਾਹ ਦੀ 'ਹੀਰ' ਤੇ ਹੋਰਨਾਂ ਲੇਖਕਾਂ 'ਤੇ ਕੇਂਦਰਤ ਕਰਨ ਲਈ ਕਿਹਾ ਗਿਆ ਹੈ। ਲੰਮੀ ਵਿਚਾਰ ਚਰਚਾ ਮਗਰੋਂ ਇਹ ਧਾਰਨਾ ਬਣੀ ਕਿ ਹੋਰਨਾਂ ਭਾਰਤੀ ਲੇਖਕਾਂ ਸਮੇਤ ਸੰਤ ਸਿੰਘ ਸੇਖੋਂ ਵੱਲੋਂ ਵਾਰਿਸ ਸ਼ਾਹ ਦੀ 'ਹੀਰ' ਦੇ ਕੀਤੇ ਗਏ ਅੰਗਰੇਜ਼ੀ ਤਰਜਮੇ ਨੂੰ ਇੰਡੀਅਨ ਰਾਈਟਿੰਗ ਇਨ ਇੰਗਲਿਸ਼ ਵਿਸ਼ੇ ਵਿਚ ਪੜ੍ਹਾਇਆ ਜਾਣਾ ਚਾਹੀਦਾ ਹੈ। ਇਸ ਵਿਸ਼ੇ ਦੇ ਮੌਜੂਦਾ ਸਿਲੇਬਸ ਵਿਚ ਪੰਜਾਬੀ ਨੂੰ ਛੱਡ ਕੇ ਹਿੰਦੀ, ਬੰਗਾਲੀ, ਕੰਨੜ, ਮਰਾਠੀ, ਉੜੀਆ ਤੇ ਉਰਦੂ ਭਾਸ਼ਾ ਵਿਚੋਂ ਲਈਆਂ ਅੱਠ ਕ੍ਰਿਤੀਆਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਪੜ੍ਹਾਇਆ ਜਾਂਦਾ ਹੈ।

# ਕਰਨਾਟਕ ਸ਼ਹਿਰੀ ਚੋਣਾਂ 'ਚ ਭਾਜਪਾ ਨੂੰ ਨਮੋਸ਼ੀ

**ਬੰਗਲੌਰ:** ਕਰਨਾਟਕ ਦੀਆਂ ਸ਼ਹਿਰੀ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਹਾਕਮ ਕਾਂਗਰਸ ਦਾ ਹੱਥ ਭਾਜਪਾ ਦੇ ਮੁਕਾਬਲੇ ਉਚਾ ਰਿਹਾ ਹੈ। ਕਾਂਗਰਸ ਆਪਣੀ ਕੁਲੀਸ਼ਨ ਭਾਈਵਾਲ ਜੇ.ਡੀ. (ਐਸ) ਨਾਲ ਮਿਲ ਕੇ ਸੂਬੇ ਦੀਆਂ ਬਹੁਗਿਣਤੀ ਸਥਾਨਕ ਸਰਕਾਰਾਂ ਉਤੇ ਕਬਜ਼ਾ ਕਰਨ ਵਿਚ ਸਫਲ ਰਹੇਗੀ।

ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਮਿਊਂਸਪਲ ਦੀਆਂ 982 ਅਤੇ ਭਾਜਪਾ ਨੇ 929 ਸੀਟਾਂ ਜਿੱਤੀਆਂ ਹਨ, ਜਦੋਂਕਿ ਜੇ.ਡੀ. (ਐਸ) ਦੇ ਹਿੱਸੇ 375 ਸੀਟਾਂ ਆਈਆਂ ਹਨ। ਆਜ਼ਾਦ ਉਮੀਦਵਾਰਾਂ ਸਣੇ ਹੋਰ ਪਾਰਟੀਆਂ ਨੇ 329 ਸੀਟਾਂ ਉਤੇ ਕਬਜ਼ਾ ਕੀਤਾ ਹੈ। ਕਾਂਗਰਸ ਅਤੇ ਜੇ.ਡੀ. (ਐਸ) ਦੀ ਸਹਿਮਤੀ ਹੈ ਕਿ ਜਿਨ੍ਹਾਂ ਮਿਊਂਸਪਲ ਵਿਚ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲੇਗਾ, ਉਥੇ ਉਹ ਗੱਠਜੋੜ ਕਰ ਲੈਣਗੇ। ਇਹ ਚੋਣਾਂ ਤਿੰਨ ਸ਼ਹਿਰੀ ਨਗਰ ਨਿਗਮਾਂ, 29 ਕੌਂਸਲਾਂ, 52 ਨਗਰ ਪਾਲਿਕਾਵਾਂ ਅਤੇ 20 ਨਗਰ ਪੰਚਾਇਤਾਂ ਲਈ ਕਰਵਾਈਆਂ ਗਈਆਂ। ਕੁੱਲ 2709 ਸੀਟਾਂ ਵਿਚੋਂ 2662 ਲਈ ਚੋਣਾਂ ਹੋਈਆਂ, ਜਿਨ੍ਹਾਂ ਦੇ ਨਤੀਜੇ ਐਲਾਨ ਦਿੱਤੇ ਗਏ ਹਨ।

ਕਾਂਗਰਸ ਅਤੇ ਜੇ.ਡੀ. (ਐਸ) ਦੀਆਂ ਕੁੱਲ ਸੀਟਾਂ ਦੀ ਗਿਣਤੀ 1357 ਤੱਕ ਪੁੱਜ ਜਾਣ ਸਦਕਾ ਉਨ੍ਹਾਂ ਨੂੰ ਭਾਜਪਾ ਦੇ ਮੁਕਾਬਲੇ ਬਹੁਗਿਣਤੀ ਸਾਫ ਤੌਰ 'ਤੇ ਬਹੁਮਤ ਮਿਲ ਜਾਵੇਗਾ। ਇਨ੍ਹਾਂ ਚੋਣਾਂ ਨੂੰ ਮਈ ਮਹੀਨੇ ਭਾਰੀ ਸਿਆਸੀ ਡਰਾਮੇ ਤੋਂ ਬਾਅਦ ਬਣੀ ਕਾਂਗਰਸ-ਜੇ.ਡੀ. (ਐਸ) ਸਰਕਾਰ ਦੇ ਪਹਿਲੇ ਇਮਤਿਹਾਨ ਵਜੋਂ ਦੇਖਿਆ ਜਾ ਰਿਹਾ ਸੀ।

# ਚੰਡੀਗੜ੍ਹ ਦੀ ਰੁਨਝੁਨ ਸ਼ਾਰਦਾ ਰੋਲਰ ਹਾਕੀ ਟੀਮ ਵਿਚ ਸ਼ਾਮਲ

**ਚੰਡੀਗੜ੍ਹ:** ਚੰਡੀਗੜ੍ਹ ਦੀ ਰੁਨਝੁਨ ਸ਼ਾਰਦਾ ਭਾਰਤ ਦੀ ਮਹਿਲਾ ਰੋਲਰ ਹਾਕੀ ਲਈ ਚੁਣੀ ਗਈ ਹੈ ਅਤੇ ਹੁਣ ਉਹ 18ਵੀ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿਚ ਹਿੱਸਾ ਲਵੇਗੀ ਜੋ 4 ਤੋਂ 14 ਸਤੰਬਰ ਤਕ ਨਾਮਵੋਨ (ਦੱਖਣੀ ਕੋਰੀਆ) ਵਿਚ ਹੋ ਰਹੀ ਹੈ।

ਯਾਦ ਰਹੇ, 2017 ਵਿਚ ਚੀਨ ਵਿਚ ਹੋਇਆਂ ਸੰਸਾਰ ਰੋਲਰ ਖੇਡਾਂ ਵਿਚ ਚੰਡੀਗੜ੍ਹ ਦੀ ਇਹ ਕੁੜੀ ਛਾ ਗਈ ਸੀ। ਰੁਨਝੁਨ ਅੱਜ ਕੱਲ੍ਹ ਚੰਡੀਗੜ੍ਹ ਦੇ ਸੈਕਟਰ 10 ਵਿਚ ਪੈਂਦੇ ਡੀ.ਏ.ਵੀ. ਕਾਲਜ ਦੀ ਵਿਦਿਆਰਥਣ ਹੈ। 18 ਵਰ੍ਹਿਆਂ ਦੀ ਰੁਨਝੁਨ ਟੀਮ ਵਿਚ ਡਿਫੈਂਡਰ ਵਜੋਂ ਖੇਡੇਗੀ। ਟੀਮ ਵਿਚ ਸ਼ਾਮਲ ਹੋਣ ਵਾਲੀ ਉਹ ਚੰਡੀਗੜ੍ਹ ਦੀ ਇਕੋ ਇਕ ਖਿਡਾਰੀ ਹੈ।



ਯਾਦ ਰਹੇ ਕਿ ਰੁਨਝੁਨ ਛੇ ਸਾਲ ਦੀ ਉਮਰ ਤੋਂ ਸੈਕਟਰ 27 ਵਿਚ ਭਵਨ ਵਿਦਿਆਲਾ ਵਿਖੇ ਕੋਚ ਜਸਵਿੰਦਰ ਸਿੰਘ ਗੋਲਡੀ ਦੀ ਅਗਵਾਈ ਹੇਠ ਖੇਡਾਂ ਵਿਚ ਰੁਚੀ ਲੈ ਰਹੀ ਹੈ। ਕੌਮੀ ਅਤੇ ਸੂਬਾ ਪੱਧਰੀ ਚੈਂਪੀਅਨਸ਼ਿਪਾਂ ਵਿਚ ਹੁਣ ਤਕ ਉਹ 100 ਤੋਂ ਵੱਧ ਤਗਮੇ ਜਿੱਤ ਚੁੱਕੀ ਹੈ। ਉਸ ਦੀ ਪ੍ਰੇਰਨਾ ਦਾ ਸਰੋਤ ਉਸ ਦਾ ਕ੍ਰਿਕਟਰ ਅੰਕਲ ਅਜੈ ਸ਼ਾਰਦਾ ਹੈ ਜੋ ਚੰਡੀਗੜ੍ਹ ਪੁਲਿਸ ਵਿਚ ਤਾਇਨਾਤ ਹੈ। ਰੁਨਝੁਨ ਨੇ ਕਿਹਾ ਹੈ ਕਿ ਉਹ ਆ ਰਹੀ ਵੱਕਾਰੀ ਚੈਂਪੀਅਨਸ਼ਿਪ ਵਿਚ ਭਾਰਤੀ ਟੀਮ ਲਈ ਬਹੁਤ ਕੁਝ ਕਰਨ ਦੀ ਇੱਛਾ ਰੱਖਦੀ ਹੈ।

# ਬੁੱਧੀਜੀਵੀਆਂ ਦੀ ਗ੍ਰਿਫਤਾਰੀ 'ਤੇ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

ਲਈ ਭੀੜ ਨੂੰ ਉਕਸਾਇਆ ਸੀ।

ਦੱਸ ਦਈਏ ਕਿ ਇਨ੍ਹਾਂ ਬੁੱਧੀਜੀਵੀਆਂ ਦੀਆਂ ਗ੍ਰਿਫਤਾਰੀਆਂ ਪੁਣੇ ਪੁਲਿਸ ਨੇ ਭੀਮਾ ਕੋਰੇਗਾਉਂ ਵਿਚ ਪਹਿਲੀ ਜਨਵਰੀ 2018 ਨੂੰ ਹੋਈ ਜਾਤੀਵਾਦੀ ਹਿੰਸਾ ਦੇ ਪ੍ਰਸੰਗ ਵਿਚ ਕੀਤੀਆਂ ਹਨ। ਪੁਣੇ ਪੁਲਿਸ ਦਾ ਦਾਅਵਾ ਹੈ ਕਿ ਪੰਜੇ ਹਸਤੀਆਂ 'ਵੱਡਾ ਵਿਵਾਦ ਖੜ੍ਹਾ ਕਰਨ ਦੀ ਸਾਜ਼ਿਸ਼' ਰਚਦੀਆਂ ਆ ਰਹੀਆਂ ਸਨ ਅਤੇ ਇਸ ਯੋਜਨਾ ਅਧੀਨ ਕਾਰਕੁਨਾਂ ਦੀ ਭਰਤੀ ਲਈ ਉਨ੍ਹਾਂ ਨੇ 35 ਕਾਲਜਾਂ ਦੀ ਸ਼ਨਾਖਤ ਵੀ ਕਰ ਲਈ ਸੀ। ਇਨ੍ਹਾਂ ਗ੍ਰਿਫਤਾਰੀਆਂ ਤੋਂ ਪਹਿਲਾਂ ਪੰਜ ਹੋਰ ਖੱਬੇ ਪੱਖੀ ਬੁੱਧੀਜੀਵੀ- ਸੁਧੀਰ ਧਾਵਲੇ, ਸੁਰੇਂਦਰ ਗੈਡਲਿੰਗ, ਮਹੇਸ਼ ਰਾਊਤ, ਰੋਨਾ ਵਿਲਸਨ ਅਤੇ ਸ਼ੋਮਾ ਸੇਨ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਸਾਰਿਆਂ 'ਤੇ ਵੀ ਭੀਮਾ ਕੋਰੇਗਾਉਂ ਵਿਚ 'ਭੜਕਾਊ' ਤਕਰੀਰਾਂ ਦੇਣ ਦੇ ਦੋਸ਼ ਹਨ। ਸਾਰੀਆਂ ਗ੍ਰਿਫਤਾਰੀਆਂ ਗੈਰਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ ਦੇ ਤਹਿਤ ਕੀਤੀਆਂ ਗਈਆਂ ਹਨ। ਜਿਸ ਢੰਗ ਨਾਲ ਦੇਸ਼ ਦੇ 10 ਜ਼ਿਲ੍ਹਿਆਂ ਵਿਚ ਛਾਪੇ ਮਾਰੇ ਗਏ ਅਤੇ ਅਕਾਦਮਿਕ ਹਲਕਿਆਂ ਵਿਚ ਜਾਣੇ ਪਛਾਣੇ ਨਾਂਵਾਂ ਨੂੰ ਹਿਰਾਸਤ ਵਿਚ ਲਿਆ ਗਿਆ, ਤੇ ਨਾਲ ਹੀ ਜਿਹਤਾ ਕਾਨੂੰਨ (ਧਾਰਾ 153ਏ) ਇਨ੍ਹਾਂ ਪੰਜ ਹਸਤੀਆਂ ਉਪਰ ਲਾਗੂ ਕੀਤਾ ਗਿਆ, ਉਹ ਐਮਰਜੈਂਸੀ ਦੇ ਦਿਨਾਂ ਦੀ ਯਾਦ ਦਿਵਾਉਂਦਾ ਹੈ। ਉਦੋਂ ਵੀ ਬੁੱਧੀਜੀਵੀਆਂ ਦੀਆਂ ਗ੍ਰਿਫਤਾਰੀਆਂ ਇਸੇ ਢੰਗ ਨਾਲ ਕੀਤੀਆਂ ਗਈਆਂ ਸਨ। ਇਸੇ ਲਈ ਉਘੀ ਇਤਿਹਾਸਕਾਰ ਰੋਮਿਲਾ ਥਾਪਰ ਤੇ ਚਾਰ ਹੋਰ ਹਸਤੀਆਂ ਨੇ ਸੁਪਰੀਮ ਕੋਰਟ ਤੋਂ ਦਖਲ ਮੰਗਿਆ।

ਇਸੇ ਦਖਲ ਦੀ ਬਦੌਲਤ ਸਰਬਉਚ ਅਦਾਲਤ ਨੇ ਪੰਜਾਂ ਨੂੰ ਹਿਰਾਸਤ ਵਿਚ ਰੱਖੇ ਜਾਣ ਦੀ ਥਾਂ ਘਰਾਂ ਵਿਚ ਨਜ਼ਰਬੰਦ ਰੱਖੇ ਜਾਣ ਲਈ ਕਿਹਾ ਹੈ। ਉਧਰ, ਵਿਰੋਧੀ ਧਿਰਾਂ ਨੇ ਮੋਦੀ ਸਰਕਾਰ ਦੀ ਇਸ ਕਾਰਵਾਈ ਉਤੇ ਸਵਾਲ ਚੁੱਕੇ ਹਨ। ਹਾਲਾਂਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ 2005 ਵਿਚ ਦਿੱਤੇ ਬਿਆਨ ਦਾ ਜ਼ਿਕਰ ਕਰਕੇ ਜਿਸ ਵਿਚ ਮਨਮੋਹਨ ਸਿੰਘ ਨੇ ਮਾਓਵਾਦੀਆਂ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਦੱਸਿਆ ਸੀ, ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

## ਨੋਟਬੰਦੀ ਦਾ ਲੇਖਾ-ਜੋਖਾ

# ਲੋਕਾਂ ਦੀ ਖੱਜਲ-ਖੁਆਰੀ ਦੇ ਸਿਵਾਏ ਕੁਝ ਨਾ ਪਿਆ ਪੱਲੇ

**ਨਵੀਂ ਦਿੱਲੀ:** ਨੋਟਬੰਦੀ ਬਾਰੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਕੀਤੇ ਗਏ ਤਾਜ਼ਾ ਖੁਲਾਸੇ ਨੇ ਮੋਦੀ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਨੋਟਬੰਦੀ ਦੇ ਐਲਾਨ ਵੇਲੇ 15.41 ਲੱਖ ਕਰੋੜ ਰੁਪਏ ਦੇ ਨੋਟ ਇਕਦਮ ਹੀ ਬੰਦ ਕਰ ਦਿੱਤੇ ਗਏ ਸਨ। ਰਿਜ਼ਰਵ ਬੈਂਕ ਮੁਤਾਬਕ ਹੁਣ ਤੱਕ 15.31 ਲੱਖ ਕਰੋੜ ਰੁਪਏ ਦੇ ਨੋਟ ਬੈਂਕਾਂ ਕੋਲ ਵਾਪਸ ਆ ਗਏ ਹਨ। ਇਸ ਦਾ ਮਤਲਬ ਹੈ ਕਿ 99 ਫੀਸਦੀ ਤੋਂ ਵੀ ਵੱਧ ਰਕਮ ਬੈਂਕਾਂ 'ਚ ਵਾਪਸ ਆ ਗਈ ਹੈ।

ਰਿਜ਼ਰਵ ਬੈਂਕ ਵੱਲੋਂ ਜਾਰੀ ਕੀਤੀ ਰਿਪੋਰਟ ਮੁਤਾਬਕ 99.3 ਫੀਸਦੀ ਨੋਟ ਬੈਂਕਾਂ 'ਚ ਵਾਪਸ ਆ ਗਏ ਹਨ। ਰਿਪੋਰਟ ਮੁਤਾਬਕ ਨੋਟਬੰਦੀ ਸਮੇਂ 500 ਅਤੇ 1000 ਰੁਪਏ ਦੇ 15.41 ਲੱਖ ਕਰੋੜ ਰੁਪਏ ਦੇ ਨੋਟ ਚਲਣ 'ਚ ਸਨ, ਜਿਨ੍ਹਾਂ ਵਿਚੋਂ 15.31 ਲੱਖ ਕਰੋੜ ਰੁਪਏ ਦੇ ਨੋਟ ਬੈਂਕਾਂ ਕੋਲ ਵਾਪਸ ਆ ਗਏ ਹਨ ਤੇ ਸਿਰਫ 10, 720 ਕਰੋੜ ਰੁਪਏ ਬਾਕੀ ਹਨ। ਕਾਲੇ ਧਨ ਅਤੇ ਭ੍ਰਿਸ਼ਟਾਚਾਰ ਦੇ ਖਾਤਮੇ ਤੇ ਫਰਜ਼ੀ ਨੋਟਾਂ ਨੂੰ ਰੋਕਣ ਦੀ ਕਵਾਇਦ ਦਾ ਦਾਅਵਾ ਕਰਨ ਵਾਲੀ ਨੋਟਬੰਦੀ ਤੋਂ ਬਾਅਦ ਤਾਜ਼ਾ ਅੰਕੜਿਆਂ ਨੇ ਸਾਫ ਕਰ ਦਿੱਤਾ ਹੈ ਕਿ ਮੋਦੀ ਸਰਕਾਰ ਦੇ ਇਸ ਕਦਮ ਨੇ ਲੋਕਾਂ ਨੂੰ ਪਰੇਸ਼ਾਨੀ ਤੇ ਉਜਾੜੇ ਦੇ ਸਿਵਾਏ ਹੋਰ ਕੁਝ ਨਹੀਂ ਦਿੱਤਾ। ਜ਼ਿਕਰਯੋਗ ਹੈ ਕਿ 8 ਨਵੰਬਰ, 2016 'ਚ ਰਾਤ 12 ਵਜੇ ਤੋਂ 1000 ਅਤੇ 500 ਰੁਪਏ ਦੇ ਨੋਟ ਚਲਣ ਤੋਂ ਬਾਹਰ ਕਰ ਦਿੱਤੇ ਗਏ। ਸਿਰਫ ਚਾਰ ਘੰਟਿਆਂ ਦੇ ਅੰਦਰ ਦੇਸ਼ ਦੀ 86 ਫੀਸਦੀ ਕਰੰਸੀ ਭਾਵ 15.41 ਲੱਖ ਕਰੋੜ ਚਲਣ ਤੋਂ ਬਾਹਰ ਹੋ ਗਈ ਸੀ। ਇਹ ਰਕਮ 60 ਛੋਟੇ ਦੇਸ਼ਾਂ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਬਰਾਬਰ ਹੈ। ਸਰਕਾਰ ਵੱਲੋਂ ਨੋਟਬੰਦੀ ਦੇ ਐਲਾਨ ਤੋਂ ਬਾਅਦ ਲੋਕਾਂ ਨੂੰ ਪੁਰਾਣੇ ਨੋਟ ਜਮ੍ਹਾਂ ਕਰਵਾਉਣ ਲਈ 50 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਸਰਕਾਰ ਨੇ 500 ਰੁਪਏ ਦੇ ਪਾਬੰਦੀਸ਼ੁਦਾ ਨੋਟ ਦੀ ਥਾਂ 'ਤੇ ਨਵਾਂ ਨੋਟ ਜਾਰੀ ਕਰ ਦਿੱਤਾ ਸੀ ਪਰ 1000 ਰੁਪਏ ਦੇ ਨੋਟ ਦੀ ਥਾਂ 2000 ਰੁਪਏ ਦਾ ਨੋਟ ਜਾਰੀ ਕੀਤਾ ਸੀ। ਨਵੀਂ ਕਰੰਸੀ ਦੀ ਛਪਾਈ 'ਤੇ ਵੀ ਸਰਕਾਰ ਨੂੰ ਇਕ ਵੱਡੀ ਰਕਮ ਖਰਚ ਕਰਨੀ ਪਈ।



ਨੋਟਬੰਦੀ ਤੋਂ ਬਾਅਦ 2016-17 'ਚ ਰਿਜ਼ਰਵ ਬੈਂਕ ਨੇ 500 ਅਤੇ 2000 ਰੁਪਏ ਅਤੇ ਹੋਰ ਨੋਟ ਛਾਪਣ 'ਤੇ 7,965 ਕਰੋੜ ਰੁਪਏ ਖਰਚ ਕੀਤੇ, ਜੋ ਕਿ ਪਿਛਲੇ ਸਾਲ ਖਰਚ ਕੀਤੀ ਗਈ ਰਕਮ (3421 ਕਰੋੜ ਰੁਪਏ) ਦੀ ਰਕਮ ਤੋਂ ਦੁੱਗਣਾ ਹੈ। 2017-18 'ਚ ਵੀ ਰਿਜ਼ਰਵ ਬੈਂਕ ਵੱਲੋਂ ਨੋਟਾਂ ਦੀ ਛਪਾਈ ਉਤੇ 4912 ਕਰੋੜ ਰੁਪਏ ਹੋਰ ਖਰਚ ਕੀਤੇ ਗਏ ਹਨ। ਇਕ ਪਾਸੇ ਪੁਰਾਣੇ ਨੋਟ ਜਮ੍ਹਾਂ ਕਰਵਾਉਣ ਦਾ ਸੀਮਤ ਸਮਾਂ ਦਿੱਤਾ ਗਿਆ ਸੀ, ਦੂਜੇ ਪਾਸੇ ਨਵੇਂ ਨੋਟ ਲੋੜ ਅਨੁਸਾਰ ਬਾਜ਼ਾਰ ਵਿਚ ਉਪਲਬਧ ਨਹੀਂ ਸਨ, ਜਿਸ ਨਾਲ ਬਾਜ਼ਾਰ ਵਿਚ ਇਕਦਮ ਵੱਡਾ ਭੁਚਾਲ ਆ ਗਿਆ ਜਾਪਦਾ ਸੀ। ਘੰਟਿਆਂ ਤੇ ਦਿਨਾਂ ਬੱਧੀ ਬੈਂਕਾਂ ਸਾਹਮਣੇ ਲੋਕਾਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ ਨੇ ਇਕ ਤਰ੍ਹਾਂ ਵੱਡਾ ਦੁਖਾਂਤ ਪੈਦਾ ਕਰ ਦਿੱਤਾ ਸੀ। ਸੈਂਕੜੇ ਹੀ ਲੋਕ ਇਕਦਮ ਪੈਦਾ ਹੋਈ ਇਸ ਤੰਗੀ ਦੀ ਭੇਟ ਚੜ੍ਹ ਗਏ ਸਨ। ਇਸ ਦਾ ਸਭ ਤੋਂ ਵੱਡਾ ਅਸਰ ਰੋਜ਼ ਕਿਰਤ ਕਰਨ ਵਾਲੇ ਲੋਕਾਂ ਅਤੇ ਮਜ਼ਦੂਰਾਂ 'ਤੇ ਪਿਆ ਸੀ।

ਛੋਟੇ ਵਪਾਰ ਅਤੇ ਸਨਅਤ ਇਸ ਕਦਮ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਏ ਸਨ, ਜਿਸ ਨਾਲ ਬੇਰੁਜ਼ਗਾਰੀ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ ਸੀ। ਮੋਦੀ ਸਰਕਾਰ ਵੱਲੋਂ ਮਿਥੇ ਗਏ ਨਿਸ਼ਾਨੇ ਇਹ ਸਨ ਕਿ ਨੋਟਬੰਦੀ ਨਾਲ ਫਰਜ਼ੀ ਨੋਟਾਂ ਦਾ ਚਲਨ ਬੰਦ ਹੋ ਜਾਏਗਾ, ਦੇਸ਼ ਵਿਚ ਵਿਆਪਕ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਏਗੀ ਅਤੇ ਕਾਲੇ ਧਨ ਨੂੰ ਵੀ ਸਮਾਪਤ ਕੀਤਾ ਜਾ ਸਕੇਗਾ ਅਤੇ ਅਤਿਵਾਦੀ ਸੰਗਠਨਾਂ ਦੇ ਵਿੱਤੀ ਸਰੋਤ ਵੀ ਖਤਮ ਹੋ ਜਾਣਗੇ। ਪਰ ਇਹ ਨਿਸ਼ਾਨੇ ਪੂਰੇ ਹੋਏ ਨਜ਼ਰ ਨਹੀਂ ਆਉਂਦੇ। ਕਾਲੇ ਧਨ ਦਾ ਚਲਨ ਕਿਸੇ ਨਾ ਕਿਸੇ ਤਰ੍ਹਾਂ ਦੁਬਾਰਾ ਸ਼ੁਰੂ ਹੋ ਚੁੱਕਾ ਹੈ ਅਤੇ ਭ੍ਰਿਸ਼ਟਾਚਾਰ ਦੇ ਬੋਲਬਾਲੇ ਵਿਚ ਵੀ ਫਰਕ ਨਹੀਂ ਪਿਆ। ਰਿਪੋਰਟ ਦਾ ਇਕ ਹੋਰ ਜ਼ਿਕਰਯੋਗ ਪੱਖ ਇਹ ਹੈ ਕਿ ਡਿਜੀਟਲ ਅਦਾਇਗੀਆਂ ਦਾ ਪ੍ਰਚਲਣ ਭਾਵੇਂ ਵਧ ਗਿਆ ਹੈ, ਫਿਰ ਵੀ ਇਹ ਵਾਧਾ ਬਹੁਤ ਵਿਆਪਕ ਰੂਪ ਵਿਚ ਨਹੀਂ। ਤੀਜਾ ਮਹੱਤਵਪੂਰਨ ਪੱਖ ਹੈ ਕਿ ਲੋਕਾਂ ਦਾ ਬੈਂਕਿੰਗ ਪ੍ਰਣਾਲੀ ਉਤੇ ਯਕੀਨ ਘਟ ਗਿਆ ਹੈ। ਉਹ ਬੈਂਕਾਂ ਵਿਚ ਪੈਸੇ ਜਮ੍ਹਾਂ ਕਰਵਾਉਣ ਦੀ ਥਾਂ ਘਰਾਂ ਵਿਚ ਵੱਧ ਨਕਦੀ ਬਚਾ ਕੇ ਰੱਖਣ ਲੱਗ ਪਏ ਹਨ।

ਰਿਪੋਰਟ ਦਾ ਨੋਟਬੰਦੀ ਵਾਲਾ ਪੱਖ ਨਰਿੰਦਰ ਮੋਦੀ ਸਰਕਾਰ ਦੇ ਵਿਰੋਧੀਆਂ ਨੂੰ ਸਰਕਾਰ ਖਿਲਾਫ਼ ਨਵਾਂ ਗੋਲਾ ਬਾਰੂਦ ਬਖਸ਼ਣ ਵਾਲਾ ਹੈ। ਬੈਂਕਰ ਤੇ ਕਈ ਨਾਮਵਰ ਅਰਥ ਸ਼ਾਸਤਰੀ ਅਜਿਹਾ ਹੋਣ ਦੇ ਖਦਸ਼ੇ ਪਹਿਲਾਂ ਹੀ ਪ੍ਰਗਟਾਉਂਦੇ ਆ ਰਹੇ ਸਨ। ਇਸ ਤੋਂ ਭਾਵ ਹੈ ਕਿ ਨੋਟਬੰਦੀ ਮਹਿਜ਼ 13 ਹਜ਼ਾਰ ਕਰੋੜ ਰੁਪਏ ਬਚਾਉਣ ਦੀ ਖਾਤਰ ਕੀਤੀ ਗਈ ਜਿਸ ਦੇ ਬਦਲੇ ਆਮ ਆਦਮੀ ਨੂੰ ਭਾਰੀ ਕਠਿਨਾਈਆਂ ਝੱਲਣੀਆਂ ਪਈਆਂ ਤੇ ਗੈਰ ਜਥੇਬੰਦਕ ਅਰਥਚਾਰਾ ਅਜਿਹਾ ਪੈਰੋਂ ਉਖੜਿਆ ਕਿ ਅਜੇ ਤੱਕ ਪੈਰਾਂ ਸਿਰ ਨਹੀਂ ਆਇਆ। ਨੋਟਬੰਦੀ ਦੀ ਇਹ ਨਾਕਾਮੀ ਚੰਦ ਮਹੀਨਿਆਂ ਬਾਅਦ ਹੋਣ ਵਾਲੀਆਂ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੌਰਾਨ ਅਹਿਮ ਮੁੱਦਾ ਬਣਨੀ ਲਾਜ਼ਮੀ ਹੈ।

### ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨੂੰ ਘੇਰਿਆ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਨੋਟਬੰਦੀ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੇਰਦਿਆਂ ਕਿਹਾ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹ ਦੱਸਣ ਕਿ ਆਖਰ ਕਾਹਦੀ ਖਾਤਰ ਉਨ੍ਹਾਂ ਲੋਕਾਂ ਨੂੰ ਇੰਨੀ ਵੱਡੀ ਬਿਪਤਾ ਵਿਚ ਪਾਇਆ ਸੀ ਜਦਕਿ ਬੇਰੁਜ਼ਗਾਰੀ ਜਿਹੀਆਂ ਸਮੱਸਿਆਵਾਂ ਜਿਉਂ ਦੀ ਤਿਉਂ ਮੂੰਹ ਅੱਡੀ ਖੜੀਆਂ ਹਨ। ਸ੍ਰੀ ਗਾਂਧੀ ਨੇ ਨੋਟਬੰਦੀ ਨੂੰ ਦੇਸ਼ ਦਾ ਸਭ ਤੋਂ ਵੱਡਾ ਘੁਟਾਲਾ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਲੋਕਾਂ ਤੋਂ ਧਨ ਲੈ ਕੇ ਆਪਣੇ ਲਾਡਲੇ ਪੂੰਜੀਪਤੀਆਂ ਨੂੰ ਸੌਂਪ ਦਿੱਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨੂੰ ਇਹ ਜਵਾਬ ਦੇਣਾ ਚਾਹੀਦਾ ਹੈ ਕਿ ਆਖਰ ਉਨ੍ਹਾਂ ਨੋਟਬੰਦੀ ਜਿਹਾ ਗਹਿਰਾ ਫੱਟ ਕਿਉਂ ਦਿੱਤਾ ਸੀ।

### ਨੋਟਬੰਦੀ 'ਤੇ ਮੋਦੀ ਸਰਕਾਰ ਦੀ ਸਫਾਈ

ਵਿੱਤ ਮੰਤਰੀ ਅਰੁਣ ਜੇਤਲੀ ਨੇ ਆਖਿਆ ਕਿ ਨੋਟਬੰਦੀ ਕਾਰਨ ਅਰਥਚਾਰੇ ਵਿਚ ਬਕਾਇਦਗੀ ਆਈ ਹੈ, ਟੈਕਸ ਉਗਰਾਹੀ ਵਧੀ ਹੈ ਤੇ ਵਿਕਾਸ ਦਰ ਨੂੰ ਹੁਲਾਰਾ ਮਿਲਿਆ ਹੈ। ਉਨ੍ਹਾਂ ਆਖਿਆ ਕਿ ਨੋਟਬੰਦੀ ਦਾ ਵਡੇਰਾ ਮਨੋਰਥ ਭਾਰਤ ਨੂੰ ਇਕ ਟੈਕਸ ਗੈਰ ਪਾਲਕ ਸਮਾਜ ਤੋਂ ਟੈਕਸ ਪਾਲਕ ਸਮਾਜ ਵਿਚ ਤਬਦੀਲ ਕਰਨਾ ਸੀ। ਇਸ ਦੇ ਨਾਲ ਹੀ ਅਰਥਚਾਰੇ ਨੂੰ ਰਸਮੀ ਰੂਪ ਦੇਣਾ ਤੇ ਕਾਲੇ ਧਨ 'ਤੇ ਸੱਟ ਮਾਰਨਾ ਵੀ ਇਸ ਦਾ ਉਦੇਸ਼ ਸੀ।

### 520 ਕਰੋੜ ਵਾਲਾ ਜਹਾਜ਼ 1600 ਕਰੋੜ 'ਚ ਕਿਉਂ ਖਰੀਦ ਰਹੀ ਹੈ ਮੋਦੀ ਸਰਕਾਰ?

**ਨਵੀਂ ਦਿੱਲੀ:** ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਰਾਫੇਲ ਸੌਦੇ 'ਤੇ ਮੋਦੀ ਸਰਕਾਰ ਨੂੰ ਘੇਰਿਆ ਹੈ। ਰਾਹੁਲ ਨੇ ਕਿਹਾ ਕਿ ਜੋ ਜਹਾਜ਼ 520 ਕਰੋੜ ਰੁਪਏ 'ਚ ਮਿਲ ਸਕਦਾ ਹੈ, ਉਸ ਲਈ ਮੋਦੀ ਸਰਕਾਰ ਨੇ 1600 ਕਰੋੜ ਰੁਪਏ ਦੀ ਡੀਲ ਕੀਤੀ। ਦੇਸ਼ ਜਾਣਨਾ ਚਾਹੁੰਦਾ ਹੈ ਕਿ ਮੋਦੀ ਤੇ ਅਨਿਲ ਅੰਬਾਨੀ ਵਿਚਾਲੇ ਕਿਹੜੀ ਡੀਲ ਹੋਈ ਹੈ।

ਜੇਟਲੀ ਨੇ ਇਕ ਦਿਨ ਪਹਿਲਾਂ ਕਿਹਾ ਸੀ ਕਿ ਅਸੀਂ 2007 ਦੇ ਰਾਫੇਲ ਸਮਝੌਤੇ ਨੂੰ ਬਦਲ ਕੇ ਨਵਾਂ ਸੌਦਾ ਕੀਤਾ ਤੇ ਅਸੀਂ ਹਥਿਆਰਾਂ ਨਾਲ ਲੈਸ ਏਅਰਕ੍ਰਾਫਟ ਦਾ ਸੌਦਾ ਕੀਤਾ। ਇਸੇ ਆਧਾਰ 'ਤੇ ਰਾਹੁਲ ਨੇ ਏਅਰਕ੍ਰਾਫਟ ਦੇ ਕਨਫਿਗ੍ਰੇਸ਼ਨ ਦੀ ਗੱਲ ਕੀਤੀ।

## ਮਿਰਚਪੁਰ 'ਚ ਸਥਿਤੀ ਮੁੜ ਤਣਾਅਪੂਰਣ

**ਹਿਸਾਰ:** ਜਾਤ ਪਾਤ ਦੀ ਹਿੰਸਾ ਵਿਚ ਉਲਝੇ ਹਰਿਆਣਾ ਦੇ ਪਿੰਡ ਮਿਰਚਪੁਰ ਵਿਚ ਇਕ ਵਾਰ ਫਿਰ ਤਣਾਅ ਵਾਲਾ ਮਾਹੌਲ ਬਣ ਗਿਆ ਹੈ। ਇਸ ਵਾਰ ਇਹ ਮਾਹੌਲ ਦਿੱਲੀ ਹਾਈ ਕੋਰਟ ਵੱਲੋਂ, ਸਾਲ 2010 ਵਿਚ ਪਿੰਡ ਵਿਚ ਹੋਈ ਹਿੰਸਾ ਜਿਸ 'ਚ ਦਲਿਤਾਂ ਦੇ ਘਰ ਫੂਕ ਦਿੱਤੇ ਗਏ ਸਨ, ਦੇ ਕੇਸ ਵਿਚ ਸੁਣਾਈ ਸਜ਼ਾ ਬਾਅਦ ਪੈਦਾ ਹੋਇਆ ਹੈ।

ਜਾਟ ਭਾਈਚਾਰੇ ਦੇ ਦੋਸ਼ੀ ਠਹਿਰਾਏ ਵਿਅਕਤੀਆਂ ਵੱਲੋਂ ਅਦਾਲਤ ਵਿਚ ਆਤਮ ਸਮਰਪਣ ਨਾ ਕਰਨ ਕਾਰਨ ਪਿੰਡ ਵਿਚ ਸਥਿਤੀ ਵਿਸਫੋਟਕ ਬਣੀ ਹੋਈ ਹੈ। ਸੂਤਰਾਂ ਅਨੁਸਾਰ ਹਾਈ ਕੋਰਟ ਵੱਲੋਂ ਅਗਜ਼ਨੀ ਮਾਮਲੇ ਵਿਚ 20 ਵਿਅਕਤੀਆਂ ਨੂੰ ਬਰੀ ਕੀਤੇ ਜਾਣ ਦਾ ਫੈਸਲਾ ਪਲਟਾਉਣ ਅਤੇ 13 ਦੋਸ਼ੀਆਂ ਦੀ ਸਜ਼ਾ ਨੂੰ ਸਹੀ ਠਹਿਰਾਏ ਜਾਣ ਤੋਂ ਪੈਦਾ ਹੋਏ ਤਣਾਅ ਬਾਅਦ ਦਲਿਤ ਬਸਤੀ ਨੇ ਬਾਕੀ ਪਿੰਡ ਨਾਲੋਂ ਲਗਭਗ ਆਪਣੇ ਆਪ ਨੂੰ ਵੱਖ ਕਰ ਲਿਆ ਹੈ। ਕੁਝ ਦਲਿਤ ਪਰਿਵਾਰ ਪਿੰਡ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਹਨ। ਇਕ ਜਾਟ ਜੋ ਸ਼ਾਂਤੀ ਪ੍ਰਕਿਰਿਆ ਲਈ ਸਰਗਰਮ ਸੀ ਨੇ ਕਿਹਾ ਕਿ ਜ਼ਿਆਦਾਤਰ ਦੋਸ਼ੀਆਂ ਜੋ ਆਪਣੇ ਪਰਿਵਾਰ ਦੇ ਕਮਾਊ ਮੈਂਬਰ ਸੀ, ਪਿੰਡ ਛੱਡ ਗਏ ਹਨ। ਕੋਈ ਵੀ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਲਈ ਅੱਗੇ ਨਹੀਂ ਆ ਰਿਹਾ ਹੈ। ਇਕ ਪਿੰਡ ਵਾਸੀ ਨੇ ਦੱਸਿਆ ਕਿ ਉਨ੍ਹਾਂ ਦੇ ਆਤਮ ਸਮਰਪਣ ਕਰਨ ਦੀ ਸੰਭਾਵਨਾ ਨਹੀਂ ਹੈ ਅਤੇ ਉਹ ਇਸ ਫੈਸਲੇ ਖਿਲਾਫ਼ ਸੁਪਰੀਮ ਕੋਰਟ ਦਾ ਬੂਹਾ ਖੜਕਾਉਣਗੇ।

# ਅਮਰੀਕਾ ਨੇ ਪਾਕਿਸਤਾਨ ਦੀ ਮਾਲੀ ਮਦਦ ਰੋਕੀ

ਵਾਸ਼ਿੰਗਟਨ: ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ 30 ਕਰੋੜ ਅਮਰੀਕੀ ਡਾਲਰ ਦੀ ਸਹਾਇਤਾ ਰੱਦ ਕਰ ਦਿੱਤੀ ਹੈ। ਇਹ ਫੈਸਲਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਇਸਲਾਮਾਬਾਦ ਅਤਿਵਾਦੀ ਜਥੇਬੰਦੀਆਂ ਵਿਰੁੱਧ ਕਿਸੇ ਤਰ੍ਹਾਂ ਦੀ ਕਾਰਵਾਈ ਕਰਨ ਵਿਚ ਨਾਕਾਮ ਰਿਹਾ ਹੈ।



ਇਸ ਕਦਮ ਨਾਲ ਅਮਰੀਕਾ ਅਤੇ ਪਾਕਿਸਤਾਨ ਦੇ ਦੁਵੱਲੇ ਸਬੰਧਾਂ ਵਿਚ ਨਵਾਂ ਮੋੜ ਆਵੇਗਾ। ਪੈਂਟਾਗਨ ਦੇ ਬੁਲਾਰੇ ਲੈਫਟੀਨੈਂਟ ਕਰਨਲ ਕੋਨ ਫੋਕਨਰ ਨੇ ਕਿਹਾ ਕਿ ਦੱਖਣੀ ਏਸ਼ੀਆ ਰਣਨੀਤੀ ਤਹਿਤ ਪਾਕਿਸਤਾਨ ਵੱਲੋਂ ਠੋਸ ਕਾਰਵਾਈ ਨਾ ਕੀਤੇ ਜਾਣ ਕਾਰਨ 30 ਕਰੋੜ ਡਾਲਰ ਦੀ ਰਾਸ਼ੀ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ ਜਨਵਰੀ ਵਿਚ ਵਾਸ਼ਿੰਗਟਨ ਵੱਲੋਂ ਇਸਲਾਮਾਬਾਦ ਨੂੰ ਦਿੱਤੀ ਜਾਣ ਵਾਲੀ ਤਕਰੀਬਨ ਸਾਰੀ ਹੀ ਸੁਰੱਖਿਆ ਸਹਾਇਤਾ ਉਤੇ ਕੱਟ ਲਗਾ ਦਿੱਤਾ ਗਿਆ ਸੀ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਦੇ ਪਾਕਿਸਤਾਨ ਦੌਰੇ ਤੋਂ ਪਹਿਲਾਂ ਇਹ ਐਲਾਨ ਕੀਤਾ ਗਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਪਾਕਿਸਤਾਨ ਵੱਲੋਂ ਅਤਿਵਾਦੀਆਂ ਦੇ ਆਪਣੀ ਧਰਤੀ 'ਤੇ ਚੱਲਦੇ ਨੈੱਟਵਰਕ ਨੂੰ ਤੋੜਨ ਵਿਚ ਨਾਕਾਮ ਰਹਿਣ ਉਤੇ ਇਸਲਾਮਾਬਾਦ ਦੀ ਨਿੰਦਾ ਕੀਤੀ। ਕਰਨਲ ਫੋਕਨਰ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਸਲਾਹ ਤੋਂ ਬਾਅਦ ਇਹ ਨਿਰਣਾ ਲਿਆ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਅਮਰੀਕਾ ਵਾਰ-ਵਾਰ ਪਾਕਿਸਤਾਨ ਦੀ ਮਦਦ ਕਰਦਾ ਰਿਹਾ ਹੈ ਪਰ ਬਦਲੇ ਵਿਚ ਉਸ ਨੂੰ ਝੂਠ ਅਤੇ ਧੋਖਾ ਮਿਲਿਆ ਹੈ।

ਇਸ ਤੋਂ ਇਲਾਵਾ ਉਨ੍ਹਾਂ ਹੱਕਾਨੀ ਨੈੱਟਵਰਕ ਅਤੇ ਅਫਗਾਨ ਤਾਲਿਬਾਨ ਸੰਗਠਨਾਂ ਵਿਰੁੱਧ ਠੋਸ ਕਾਰਵਾਈ ਨਾ ਕਰਨ 'ਤੇ ਵੀ ਨਿਰਾਸ਼ਾ ਜਤਾਈ। ਮਦਦ ਰੋਕਣ ਦੇ ਫੈਸਲੇ ਤੋਂ ਬਾਅਦ ਅਮਰੀਕੀ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਜੇ ਅਤਿਵਾਦੀ ਸੰਗਠਨਾਂ ਨੂੰ ਲੈ ਕੇ ਪਾਕਿਸਤਾਨ ਆਪਣਾ ਰਵੱਈਆ ਬਦਲਦਾ ਹੈ ਤਾਂ ਉਸ ਨੂੰ ਫਿਰ ਤੋਂ ਮਦਦ ਮਿਲ ਸਕਦੀ ਹੈ। ਵਾਸ਼ਿੰਗਟਨ ਨੂੰ ਲੰਮੇ ਸਮੇਂ ਤੋਂ ਇਹ ਸ਼ਿਕਾਇਤ ਰਹੀ ਹੈ ਕਿ ਪਾਕਿਸਤਾਨ ਦੀ ਧਰਤੀ ਅਤਿਵਾਦੀ ਜਥੇਬੰਦੀਆਂ ਜਿਵੇਂ ਅਫਗਾਨ ਤਾਲਿਬਾਨ, ਹੱਕਾਨੀ ਨੈੱਟਵਰਕ ਅਤੇ ਅਲ ਕਾਇਦਾ ਲਈ ਸੁਰੱਖਿਅਤ ਠਾਹਰ ਹੈ ਜੋ ਇਨ੍ਹਾਂ ਨੂੰ ਸਰਹੱਦ ਪਾਰ ਅਫਗਾਨਿਸਤਾਨ ਵਿਚ ਹਮਲਾ ਕਰਨ ਦੀ ਇਜਾਜ਼ਤ ਦਿੰਦਾ ਹੈ। ਸਾਲ 2002 ਤੋਂ ਹੁਣ ਤੱਕ ਪਾਕਿਸਤਾਨ ਨੇ ਅਮਰੀਕਾ ਤੋਂ 33 ਅਰਬ ਅਮਰੀਕੀ ਡਾਲਰ ਦੀ ਸਹਾਇਤਾ ਪ੍ਰਾਪਤ ਕੀਤੀ ਹੈ।

### ਇਮਰਾਨ ਸਰਕਾਰ ਦੀਆਂ ਵਧਣਗੀਆਂ ਮੁਸ਼ਕਲਾਂ

ਅਮਰੀਕਾ ਦੇ ਇਸ ਕਦਮ ਨਾਲ ਵਿੱਤੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਆਰਥਿਕ ਮੋਰਚਿਆਂ 'ਤੇ ਮੁਸ਼ਕਲਾਂ ਵਧ ਸਕਦੀਆਂ ਹਨ। ਦਰਾਮਦ ਜ਼ਿਆਦਾ ਅਤੇ ਬਰਾਮਦ ਘੱਟ ਹੋਣ ਦੇ ਚਲਦਿਆਂ ਪਾਕਿਸਤਾਨ ਦਾ ਵਿਦੇਸ਼ ਮੁੱਦਰਾ ਭੰਡਾਰ ਲਗਾਤਾਰ ਘਟ ਰਿਹਾ ਹੈ। ਮਈ, 2017 ਵਿਚ ਪਾਕਿ ਦਾ ਵਿਦੇਸ਼ੀ ਮੁੱਦਰਾ ਭੰਡਾਰ 16.4 ਅਰਬ ਡਾਲਰ ਸੀ ਜੋ ਹੁਣ ਘਟ ਕੇ 10 ਅਰਬ ਡਾਲਰ ਤੋਂ ਹੇਠਾਂ ਚਲਾ ਗਿਆ ਹੈ। ਅਮਰੀਕਾ ਅਤੇ ਇਮਰਾਨ ਸਰਕਾਰ ਵਿਚ ਵਿਵਾਦ ਦੀ ਸ਼ੁਰੂਆਤ ਇਕ ਫੋਨ ਕਾਲ ਤੋਂ ਹੋਈ। ਦਰਅਸਲ, ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ 23 ਅਗਸਤ ਨੂੰ ਇਮਰਾਨ ਖਾਨ ਨੂੰ ਫੋਨ ਕੀਤਾ ਸੀ। ਅਮਰੀਕਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਗੱਲਬਾਤ ਵਿਚ ਅਤਿਵਾਦ ਦੇ ਮੁੱਦੇ 'ਤੇ ਚਰਚਾ ਹੋਈ ਸੀ, ਜਦਕਿ ਪਾਕਿਸਤਾਨ ਦਾ ਕਹਿਣਾ ਹੈ ਕਿ ਫੋਨ 'ਤੇ ਇਸ ਮੁੱਦੇ ਉਤੇ ਕੋਈ ਗੱਲ ਨਹੀਂ ਹੋਈ।

## ਅੱਖ ਮਾਰਨ ਵਾਲੀ ਕੁੜੀ ਖਿਲਾਫ ਮੁਕੱਦਮਾ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮਲਿਆਲਮ ਅਦਾਕਾਰਾ ਪ੍ਰਿਆ ਪ੍ਰਕਾਸ਼ ਵਰੀਅਰ ਵਿਰੁੱਧ ਦਾਇਰ ਕੀਤਾ ਅਪਰਾਧਿਕ ਮੁਕੱਦਮਾ ਰੱਦ ਕਰ ਦਿੱਤਾ ਹੈ। ਪ੍ਰਿਆ ਇਕ ਫਿਲਮੀ ਸੀਨ ਦੌਰਾਨ ਅੱਖ ਮਾਰਨ ਦੇ ਅੰਦਾਜ਼ ਕਰ ਕੇ ਪੂਰੇ ਦੇਸ਼ ਵਿਚ ਰਾਤੋ-ਰਾਤ ਮਸ਼ਹੂਰ ਹੋ ਗਈ ਸੀ। ਉਸ ਦੀ ਇਸੇ ਹਰਕਤ ਵਿਰੁੱਧ ਕੇਸ ਦਰਜ ਕਰਵਾਇਆ ਗਿਆ ਸੀ। ਚੀਫ ਜਸਟਿਸ ਦੀਪਕ ਮਿਸ਼ਰਾ ਨੇ ਸ਼ਿਕਾਇਤਕਰਤਾਵਾਂ ਨੂੰ ਸਖਤੀ ਨਾਲ ਪੁੱਛਿਆ ਕਿ ਕੋਈ ਫਿਲਮ ਵਿਚ ਗਾਣਾ ਗਾਉਂਦਾ ਹੈ ਤੇ ਤੁਹਾਨੂੰ ਕੋਈ ਹੋਰ ਕੰਮ ਨਹੀਂ ਸਿਵਾਏ ਕੇਸ ਦਰਜ ਕਰਵਾਉਣ ਤੋਂ..।



ਸੁਪਰੀਮ ਕੋਰਟ ਨੇ ਕਿਹਾ ਕਿ ਕੇਸ ਵਿਚ ਆਧਾਰ ਬਣਾਈ ਗਈ ਧਾਰਾ 295(1) ਵਾਲਾ ਜੁਰਮ ਨਹੀਂ ਪਾਇਆ ਗਿਆ। ਧਾਰਾ 295 (1) ਤਹਿਤ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਸਬੰਧੀ ਮਾਮਲਿਆਂ ਦੀ ਪੈਰਵੀ ਹੁੰਦੀ ਹੈ। ਪ੍ਰਿਆ ਦੀ ਮਲਿਆਲਮ ਫਿਲਮ ਓਰੂ ਅਦਾਰ ਲਵ ਇਸ ਕੇਸ ਕਰ ਕੇ ਵਿਵਾਦਾਂ ਦਾ ਸ਼ਿਕਾਰ ਹੋ ਗਈ ਸੀ। ਪੁਲਿਸ ਨੂੰ ਫਿਲਮ ਦੇ ਗਾਣੇ 'ਮਾਨਿਕਿਆ ਮਾਲਾਰਿਆ ਪੂਵੀ..' ਦੇ ਬੋਲਾਂ ਕਾਰਨ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਸਬੰਧੀ ਸ਼ਿਕਾਇਤ ਪ੍ਰਾਪਤ ਹੋਈ ਸੀ। ਇਸ ਸ਼ਿਕਾਇਤ 'ਤੇ ਕੇਸ ਵੀ ਦਰਜ ਕਰ ਲਿਆ ਗਿਆ ਸੀ, ਜਿਸ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ।

ਦਰਅਸਲ, 18 ਸਾਲਾ ਪ੍ਰਿਆ ਆਪਣੀ ਫਿਲਮ ਦੇ ਇਕ ਗੀਤ ਦੌਰਾਨ ਅੱਖ ਮਾਰਦੀ ਤੇ ਫਿਰ ਸ਼ਰਮਾਉਂਦੀ ਵਿਖਾਈ ਦੇ ਰਹੀ ਹੈ। ਉਸ ਦੇ ਅਜਿਹਾ ਕਰਦੀ ਦੀ 28 ਸੈਕੰਡ ਦੀ ਵੀਡੀਓ ਕਲਿੱਪ ਇੰਟਰਨੈੱਟ ਉਪਰ ਕਾਫੀ ਵਾਇਰਲ ਹੋਈ। ਪ੍ਰਿਆ ਉੱਪਰ ਫਿਲਮਾਇਆ ਇਹ ਗਾਣਾ ਬੀਤੀ 9 ਫਰਵਰੀ ਨੂੰ ਯੂ-ਟਿਊਬ 'ਤੇ ਉਤਾਰਿਆ ਗਿਆ ਸੀ ਅਤੇ ਕੁਝ ਹੀ ਦਿਨਾਂ ਵਿਚ ਇਸ ਦੇ 10,000,000 ਵਿਊਜ਼ ਹੋ ਗਏ ਸਨ।

# ਭਾਰਤ ਦਾ 18ਵੀਆਂ ਏਸ਼ਿਆਈ ਖੇਡਾਂ 'ਚ ਇਤਿਹਾਸਕ ਪ੍ਰਦਰਸ਼ਨ



**ਜਕਾਰਤਾ:** ਭਾਰਤ ਨੇ ਜਕਾਰਤਾ ਵਿਚ 18ਵੀਆਂ ਏਸ਼ਿਆਈ ਖੇਡਾਂ ਵਿਚ 69 ਤਗਮੇ ਜਿੱਤ ਕੇ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ ਹੈ। ਭਾਰਤ ਨੇ ਏਸ਼ਿਆਈ ਖੇਡਾਂ ਵਿਚ ਕੁੱਲ 15 ਸੋਨੇ, 24 ਚਾਂਦੀ ਤੇ 30 ਕਾਂਸੀ ਦੇ ਤਗਮੇ ਹਾਸਲ ਕੀਤੇ ਹਨ।

ਕੁੱਲ ਤਗਮਿਆਂ ਦੇ ਮਾਮਲੇ ਵਿਚ ਵੀ ਭਾਰਤ ਨੇ 2010 ਏਸ਼ਿਆਈ ਖੇਡਾਂ ਨੂੰ ਪਿੱਛੇ ਛੱਡ ਦਿੱਤਾ ਹੈ। 2010 ਵਿਚ ਭਾਰਤ ਨੇ ਕੁੱਲ 65 ਤਗਮੇ ਜਿੱਤੇ ਸਨ। ਇਸ ਵਾਰ ਤਗਮਿਆਂ ਦੀ ਗਿਣਤੀ 69 ਹੈ। ਆਖਰੀ ਦਿਨ ਅਮਿਤ ਨੇ ਗੋਲਡ ਤੇ ਮਹਿਲਾ ਸਕਵੈਸ਼ ਟੀਮ ਨੇ ਸਿਲਵਰ ਮੈਡਲ ਭਾਰਤ ਦੀ ਝੋਲੀ ਪਾਇਆ। ਭਾਰਤ ਨੇ 2010 ਵਿਚ ਚੀਨ ਦੇ ਗਵਾਂਗਜ਼ੂ ਵਿਚ ਹੋਈਆਂ ਏਸ਼ੀਆਈ ਖੇਡਾਂ ਵਿਚ 65 ਮੈਡਲ ਹਾਸਲ ਕਰ ਕੇ ਸਭ ਤੋਂ ਬਿਹਤਰੀਨ ਪ੍ਰਦਰਸ਼ਨ ਕੀਤਾ ਸੀ।

ਟੂਰਨਾਮੈਂਟ ਵਿਚ 123 ਗੋਲਡ ਮੈਡਲਾਂ ਦੇ ਨਾਲ ਕੁੱਲ 273 ਤਗਮੇ ਹਾਸਲ ਕਰਕੇ ਚੀਨ ਪਹਿਲੇ ਸਥਾਨ ਉਤੇ ਰਿਹਾ, ਉਥੇ ਹੀ ਜਾਪਾਨ 70 ਗੋਲਡ ਮੈਡਲ ਜਿੱਤ ਕੇ 195 ਤਗਮਿਆਂ ਦੇ ਨਾਲ ਦੂਜੇ ਸਥਾਨ ਉਤੇ ਹੈ। ਰਿਪਬਲਿਕ ਆਫ ਕੋਰੀਆ 45 ਗੋਲਡ ਮੈਡਲ ਜਿੱਤ ਕੇ 165 ਤਗਮਿਆਂ ਦੇ ਨਾਲ ਤੀਸਰੇ ਨੰਬਰ ਉਤੇ ਹੈ। ਪਦਕ ਤਾਲਿਕਾ ਵਿਚ ਇੰਡੋਨੇਸ਼ੀਆ ਚੌਥੇ, ਉਜ਼ਬੇਕਿਸਤਾਨ 5ਵੇਂ, ਇਰਾਨ ਛੇਵੇਂ ਅਤੇ ਚੀਨੀ ਤਾਇਪੇ ਸਤਵੇਂ ਸਥਾਨ ਉਤੇ ਹੈ। ਉਜ਼ਬੇਕਿਸਤਾਨ 19 ਗੋਲਡ ਮੈਡਲਾਂ ਦੇ ਨਾਲ 5ਵੇਂ ਸਥਾਨ ਉਤੇ ਹਨ। ਇਸ ਤੋਂ ਪਹਿਲਾਂ 2014 ਵਿਚ ਦੱਖਣ ਕੋਰੀਆ ਦੇ ਇੰਚਯੋਨ ਸ਼ਹਿਰ ਵਿਚ ਹੋਈਆਂ ਏਸ਼ੀਆਈ ਖੇਡਾਂ ਵਿਚ 11 ਗੋਲਡ ਦੇ ਨਾਲ ਭਾਰਤ ਨੇ 57 ਮੈਡਲ ਜਿੱਤੇ ਸਨ। ਪਿਛਲੀ ਵਾਰ ਵੀ ਭਾਰਤ ਅੱਠਵੇਂ ਸਥਾਨ ਉਤੇ ਸੀ।

1951 ਵਿਚ ਜਦੋਂ ਏਸ਼ੀਅਨ ਖੇਡਾਂ ਦੀ ਮੇਜ਼ਬਾਨੀ ਇਬਾਰਤ ਕਰ ਰਿਹਾ ਸੀ, ਉਦੋਂ ਭਾਰਤੀ ਖਿਡਾਰੀਆਂ ਨੇ 15 ਗੋਲਡ, 16 ਸਿਲਵਰ ਅਤੇ 20 ਬਰਾਂਜ ਦੇ ਨਾਲ ਕੁੱਲ 51 ਮੈਡਲ ਜਿੱਤੇ ਅਤੇ ਦੂਜਾ ਸਥਾਨ ਹਾਸਲ ਕੀਤਾ। ਦਸ ਦਈਏ ਕਿ ਵਿਚ ਭਾਰਤ ਲਈ ਸਭ ਤੋਂ ਜ਼ਿਆਦਾ ਮੈਡਲ ਐਥਲੈਟਿਕਸ ਵਿਚ ਮਿਲੇ। ਅਥਲੀਟਾਂ ਨੇ 7 ਗੋਲਡ , 10 ਸਿਲਵਰ ਅਤੇ 2 ਬਰਾਂਜ ਜਿੱਤੇ ਹਨ। 2 ਗੋਲਡ ਸਮੇਤ 9 ਮੈਡਲ ਦੇ ਨਾਲ ਦੂਜੇ ਸਥਾਨ 'ਤੇ ਸ਼ੂਟਰ ਰਹੇ ਅਤੇ ਤੀਸਰੇ ਨੰਬਰ 'ਤੇ ਭਾਰਤੀ ਪਹਿਲਵਾਨ ਰਹੇ ਜਿਨ੍ਹਾਂ ਨੇ 2 ਗੋਲਡ ਸਮੇਤ 3 ਮੈਡਲ ਦੇਸ਼ ਲਈ ਜਿੱਤੇ। ਭਾਰਤ ਨੇ 2010 ਏਸ਼ਿਆਈ ਖੇਡਾਂ ਦੇ ਮੁਕਾਬਲੇ ਇਸ ਵਾਰ ਸਭ ਤੋਂ ਜ਼ਿਆਦਾ ਮੈਡਲ ਜਿੱਤੇ।

ਇਸ ਵਾਰ ਭਾਰਤ ਨੇ ਤੀਰਅੰਦਾਜ਼ੀ, ਐਥਲੈਟਿਕਸ, ਬੈਡਮਿੰਟਨ, ਬਾਸਕਟਬਾਲ, ਬਾਕਸਿੰਗ, ਬੋਲਿੰਗ, ਬ੍ਰਿਜ, ਕੈਨੋਏ -ਸਰੀਰਕ, ਸਾਈਕਲਿੰਗ, ਫੈਂਸਿੰਗ, ਜਿਮਨਾਸਟਿਕ, ਗੋਲਫ , ਹੈਂਡਬਾਲ, ਹਾਕੀ, ਜੂਡੋ, ਕਬੱਡੀ, ਕਰਾਟੇ, ਕੁਰਾਸ਼, ਪੇਨਕਾਕ ਸਿਲਾਤ, ਰੋਲਰ ਸਪੋਰਟਸ, ਟੈਨਿਸ, ਤਾਇਕਵਾਂਡੋ, ਸਾਫਟ ਟੈਨਿਸ, ਟੇਬਲ ਟੈਨਿਸ, ਵਾਲੀਬਾਲ, ਵੇਟਲਿਫਟਿੰਗ, ਰੈਸਲਿੰਗ ਅਤੇ ਵੁਸ਼ੂ ਵਿਚ ਖੇਡਾਂ ਵਿਚ ਹਿੱਸਾ ਲਿਆ। 18 ਅਗਸਤ ਤੋਂ 2 ਸਤੰਬਰ ਤੱਕ ਚੱਲਿਆਂ ਖੇਡਾਂ ਵਿਚ 28 ਉਲੰਪਿਕ ਸਪੋਰਟਸ, 4 ਨਵੇਂ ਉਲੰਪਿਕ ਸਪੋਰਟਸ ਅਤੇ 8 ਨਾਨ ਉਲੰਪਿਕ ਸਪੋਰਟਸ ਖੇਡੇ ਗਏ। ਜਿਸ ਵਿਚ ਭਾਰਤ ਨੇ 34 ਖੇਡਾਂ ਵਿਚ ਹਿੱਸਾ ਲਿਆ।

## ਕੈਪਟਨ ਨੇ ਤੇਜਿੰਦਰਪਾਲ ਤੂਰ ਨੂੰ ਸੁੱਕੀ ਵਧਾਈ ਦੇ ਕੇ ਸਾਰਿਆ

**ਜਕਾਰਤਾ:** ਏਸ਼ੀਅਨ ਖੇਡਾਂ 'ਚ ਪੰਜਾਬ ਦੇ ਇਕਲੌਤੇ ਖਿਡਾਰੀ ਤੇਜਿੰਦਰਪਾਲ ਸਿੰਘ ਤੂਰ ਨੇ ਗੋਲਾ ਸੁੱਟ ਕੇ ਸੋਨ ਤਗਮਾ ਜਿੱਤ ਕੇ ਸੂਬੇ ਤੇ ਦੇਸ਼ ਦਾ ਨਾਂ ਰੌਸ਼ਨ ਕੀਤਾ। ਹੈਰਾਨੀ ਇਸ ਗੱਲ ਦੀ ਹੈ ਕਿ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਤੇਜਿੰਦਰਪਾਲ ਦੀ ਪ੍ਰਾਪਤੀ ਉਤੇ ਕਿਸੇ ਇਨਾਮੀ ਰਾਸ਼ੀ ਦਾ ਐਲਾਨ ਨਹੀਂ ਕੀਤਾ ਗਿਆ। ਤੇਜਿੰਦਰਪਾਲ ਨੇ ਏਸ਼ੀਅਨ ਖੇਡਾਂ 'ਚ 20.75 ਮੀਟਰ 'ਤੇ ਗੋਲਾ ਸੁੱਟ ਕੇ ਰਿਕਾਰਡ ਦਰਜ ਕੀਤਾ ਸੀ। ਏਸ਼ੀਅਨ ਖੇਡਾਂ 'ਚ ਸੋਨ ਤਗਮਾ ਜਿੱਤਣ ਵਾਲਾ ਤੇਜਿੰਦਰ ਪੰਜਾਬ ਦਾ ਇਕਲੌਤਾ ਖਿਡਾਰੀ ਸੀ ਪਰ ਪੰਜਾਬ ਸਰਕਾਰ ਨੇ ਉਸ ਦੀ ਪ੍ਰਾਪਤੀ ਉਤੇ ਕੋਈ ਇਨਾਮ ਨਹੀਂ ਐਲਾਨਿਆ। ਤੇਜਿੰਦਰਪਾਲ ਦੇ ਕਰੀਬੀ ਰਿਸ਼ਤੇਦਾਰ ਨੇ ਕਿਹਾ ਕਿ ਹਰਿਆਣਾ, ਦਿੱਲੀ ਤੇ ਉੜੀਸਾ ਦੀਆਂ ਸਰਕਾਰਾਂ ਨੇ ਆਪਣੇ ਅਥਲੀਟਾਂ ਦੀ ਪ੍ਰਾਪਤੀ 'ਤੇ ਤੁਰਤ ਇਨਾਮ ਐਲਾਨੇ ਹਨ ਪਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਰਫ ਟਵਿੱਟਰ 'ਤੇ ਵਧਾਈ ਦੇ ਕੇ ਹੀ ਕੰਮ ਸਾਰ ਦਿੱਤਾ ਹੈ।

## ਆਰ.ਐਸ.ਐਸ. ਪਿੱਛੋਂ ਹੁਣ ਭਾਜਪਾ ਦੇ ਸਮਾਗਮ 'ਚ ਪਹੁੰਚੇ ਮੁਖਰਜੀ



**ਗੁਰੂਗ੍ਰਾਮ:** ਪਿਛਲੇ ਦਿਨੀਂ ਆਰ.ਐਸ.ਐਸ. ਦੇ ਮੁੱਖ ਦਫਤਰ 'ਚ ਪ੍ਰੀਖਣ ਕੈਂਪ ਵਿਚ ਹਿੱਸਾ ਲੈਣ ਤੋਂ ਬਾਅਦ ਸੁਰਖੀਆਂ 'ਚ ਆਏ ਭਾਰਤ ਦੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਹੁਣ ਭਾਜਪਾ ਵੱਲੋਂ ਕਰਵਾਏ ਇਕ ਸਮਾਗਮ 'ਚ ਸ਼ਿਰਕਤ ਕੀਤੀ ਹੈ। ਇਸ ਸਮਾਗਮ 'ਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਸੂਬਾ ਸਰਕਾਰ 'ਚ ਮੰਤਰੀ ਰਾਓ ਇੰਦਰਜੀਤ ਸਿੰਘ ਤੇ ਨਰਵੀਰ ਸਿੰਘ ਵੀ ਉਨ੍ਹਾਂ ਨਾਲ ਮੌਜੂਦ ਸਨ।

ਇਨ੍ਹਾਂ ਪ੍ਰਮੁੱਖ ਨੇਤਾਵਾਂ ਵੱਲੋਂ ਗੁਰੂਗ੍ਰਾਮ ਦੇ ਹਰਚੰਦਪੁਰ ਤੇ ਨਿਆਗਾਂਵ 'ਚ ਸਮਾਰਟ ਗਰਾਮ ਪਰਿਯੋਜਨਾ ਦੇ ਤਹਿਤ ਕਈ ਨਵੇਂ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਪ੍ਰਣਬ ਨੇ ਆਪਣੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਹਰਚੰਦਪੁਰ ਪਿੰਡ ਨੂੰ ਗੋਦ ਲਿਆ ਸੀ, ਇਸ ਲਈ ਹਰਚੰਦਪੁਰ ਨੂੰ ਆਦਰਸ਼ ਪਿੰਡ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਖਬਰਾਂ ਆ ਰਹੀਆਂ ਸਨ ਕਿ ਹਰਿਆਣਾ 'ਚ 'ਪ੍ਰਣਬ ਮੁਖਰਜੀ ਫਾਊਂਡੇਸ਼ਨ' ਆਰ.ਐਸ.ਐਸ. ਨਾਲ ਮਿਲ ਕੇ ਕੰਮ ਕਰੇਗਾ ਪਰ ਪ੍ਰਣਬ ਦੇ ਦਫਤਰ ਵੱਲੋਂ ਬਿਆਨ ਜਾਰੀ ਕਰ ਕੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਗਿਆ ਸੀ।

## ਮੁੰਡੇ-ਕੁੜੀ ਦੀ ਵਿਆਹ ਉਮਰ ਇਕਸਾਰ ਕਰਨ ਦੀ ਵਕਾਲਤ

**ਨਵੀਂ ਦਿੱਲੀ:** ਲਾਅ ਕਮਿਸ਼ਨ ਨੇ ਸੁਝਾਅ ਦਿੱਤਾ ਹੈ ਕਿ ਲੜਕੇ ਅਤੇ ਲੜਕੀ ਦੇ ਵਿਆਹ ਦੀ ਘੱਟੋ ਘੱਟ ਉਮਰ ਇਕਸਾਰ ਕਰਦਿਆਂ 18 ਸਾਲ ਕਰ ਦਿੱਤੀ ਜਾਣੀ ਚਾਹੀਦੀ ਹੈ। 'ਪਰਿਵਾਰਕ ਕਾਨੂੰਨ ਸਬੰਧੀ ਸੁਧਾਰਾਂ' ਬਾਰੇ ਆਪਣੇ ਸੁਝਾਅ 'ਚ ਕਮਿਸ਼ਨ ਨੇ ਇਹ ਵੀ ਕਿਹਾ ਕਿ ਜੇਕਰ ਸਾਰੇ ਨਾਗਰਿਕਾਂ ਨੂੰ ਇਕ ਬਰਾਬਰ ਉਮਰ 'ਚ ਆਪਣੀਆਂ ਸਰਕਾਰਾਂ ਚੁਣਨ ਦਾ ਹੱਕ ਹੈ ਤਾਂ ਉਨ੍ਹਾਂ ਨੂੰ ਆਪਣੇ ਜੀਵਨਸਾਥੀ ਚੁਣਨ ਦੇ ਸਮਰੱਥ ਵੀ ਮੰਨਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਮੁਤਾਬਕ ਭਾਰਤੀ ਬਹੁਗਿਣਤੀ ਐਕਟ, 1875 ਮੁਤਾਬਕ ਲੜਕੇ ਅਤੇ ਲੜਕੀ ਦੇ ਵਿਆਹ ਦੀ ਕਾਨੂੰਨਨ ਉਮਰ ਇਕਸਾਰ 18 ਵਰ੍ਹੇ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਪਤੀ ਅਤੇ ਪਤਨੀ ਦੀ ਉਮਰ 'ਚ ਕਾਨੂੰਨ ਅੰਦਰ ਵਖਰੇਵੇਂ ਦਾ ਕੋਈ ਆਧਾਰ ਨਹੀਂ ਹੈ ਕਿਉਂਕਿ ਦੋਵੇਂ ਜਣੇ ਹਰ ਪੱਖੋਂ ਬਰਾਬਰ ਹੁੰਦੇ ਹਨ।

## ਤਾਹਿਰਾ ਸਫਦਰ ਬਣੀ ਬਲੋਚਿਸਤਾਨ ਹਾਈ ਕੋਰਟ ਦੀ ਪਹਿਲੀ ਮਹਿਲਾ ਚੀਫ ਜਸਟਿਸ

**ਇਸਲਾਮਾਬਾਦ:** ਪਾਕਿਸਤਾਨ ਦੇ ਬਲੋਚਿਸਤਾਨ ਹਾਈ ਕੋਰਟ ਦੀ ਪਹਿਲੀ ਮਹਿਲਾ ਚੀਫ ਜਸਟਿਸ ਵਜੋਂ ਜੱਜ ਤਾਹਿਰਾ ਸਫਦਰ ਨੇ



ਸਹੁੰ ਚੁੱਕੀ। ਗਵਰਨਰ ਹਾਊਸ ਵਿਚ ਇਕ ਸਮਾਗਮ ਦੌਰਾਨ ਸੂਬਾ ਬਲੋਚਿਸਤਾਨ ਦੇ ਗਵਰਨਰ ਮੁਹੰਮਦ ਖਾਨ ਅਚਕਜ਼ਈ ਨੇ ਉਨ੍ਹਾਂ ਨੂੰ ਬਲੋਚਿਸਤਾਨ ਹਾਈ ਕੋਰਟ ਦੇ ਚੀਫ ਜਸਟਿਸ ਦੇ ਰੂਪ ਵਿਚ ਸਹੁੰ ਚੁਕਾਈ। ਤਾਹਿਰਾ ਸਫਦਰ ਨੂੰ ਜਸਟਿਸ ਨੂਰ ਮੁਹੰਮਦ ਮੈਸਕਾਨਜ਼ਈ ਦੀ ਜਗ੍ਹਾ ਨਿਯੁਕਤ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਜਸਟਿਸ ਸਫਦਰ ਬਲੋਚਿਸਤਾਨ ਦੀ ਪਹਿਲੀ ਮਹਿਲਾ ਸਿਵਲ ਜੱਜ ਵੀ ਰਹਿ ਚੁੱਕੇ ਹਨ। ਉਕਤ ਦੇ ਇਲਾਵਾ ਉਹ ਬਾਕੀ ਹੋਰ ਜਿਨ੍ਹਾਂ ਅਹੁਦਿਆਂ 'ਤੇ ਨਿਯੁਕਤ ਰਹੇ ਹਨ, ਉਨ੍ਹਾਂ 'ਚ ਵੀ ਉਨ੍ਹਾਂ ਨੇ ਨਿਯੁਕਤ ਹੋਣ ਵਾਲੀ ਪਹਿਲੀ ਔਰਤ ਹੋਣ ਦਾ ਮਾਣ ਹਾਸਲ ਕੀਤਾ ਹੈ। ਜਸਟਿਸ ਸਫਦਰ ਨੇ ਬਲੋਚਿਸਤਾਨ ਯੂਨੀਵਰਸਿਟੀ ਤੋਂ ਉਰਦੂ ਸਾਹਿਤ 'ਚ ਪੋਸਟ ਗਰੈਜੂਏਸ਼ਨ ਕੀਤੀ ਅਤੇ ਯੂਨੀਵਰਸਿਟੀ ਲਾਅ ਕਾਲਜ ਕਵੇਟਾ ਤੋਂ ਆਪਣੀ ਲਾਅ ਦੀ ਡਿਗਰੀ ਪੂਰੀ ਕੀਤੀ। ਉਹ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਵਿਰੁੱਧ ਚੱਲ ਰਹੇ ਕੇਸ ਦੀ ਸੁਣਵਾਈ ਕਰਨ ਵਾਲੀ ਵਿਸ਼ੇਸ਼ ਅਦਾਲਤ ਦੀ ਬੈਂਚ ਦਾ ਵੀ ਹਿੱਸਾ ਹਨ।

## ਬੈਂਕਾਂ ਨਾਲ ਆਧਾਰ ਲਿੰਕ ਕਰਨ ਦੀ ਤਰੀਕ ਪਹਿਲੀ ਨਵੰਬਰ ਤੱਕ ਵਧਾਈ

**ਨਵੀਂ ਦਿੱਲੀ:** ਭਾਰਤੀ ਵਿਲੱਖਣ ਪਛਾਣ ਅਥਾਰਟੀ (ਯੂ.ਆਈ.ਡੀ.ਏ.ਆਈ.) ਨੇ ਬੈਂਕਾਂ ਨੂੰ ਰਾਹਤ ਦਿੰਦਿਆਂ ਬੈਂਕਾਂ ਨਾਲ ਆਧਾਰ ਨਾਲ ਲਿੰਕ ਕਰਨ ਦੀ ਆਖਰੀ ਮਿਤੀ ਪਹਿਲੀ ਨਵੰਬਰ ਤੱਕ ਵਧਾ ਦਿੱਤੀ ਹੈ। ਯੂ.ਆਈ.ਡੀ.ਏ. ਆਈ. ਨੇ ਜੁਲਾਈ 2018 ਤੋਂ ਸ਼ੁਰੂ ਹੋਣ ਵਾਲੀਆਂ ਵਿੱਤੀ ਪਰੇਸ਼ਾਨੀਆਂ ਤੋਂ ਬਚਣ ਲਈ ਬੈਂਕਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਘੱਟੋ-ਘੱਟ 8 ਦਾਖਲੇ ਜਾਂ ਅਪਡੇਟ ਪਹਿਲੀ ਨਵੰਬਰ, 2018 ਤੋਂ ਹਰੇਕ ਨਿਰਧਾਰਿਤ ਸ਼ਾਖਾ ਵਿਚ ਕੀਤੇ ਜਾਣ।




ਪਹਿਲੀ ਜੂਨ ਨੂੰ ਯੂ.ਆਈ.ਡੀ.ਏ. ਆਈ. ਨੇ ਕਿਹਾ ਸੀ ਕਿ ਆਧਾਰ ਸੁਵਿਧਾ ਨਾਲ ਨਿਰਧਾਰਤ ਬੈਂਕ ਸ਼ਾਖਾਵਾਂ ਨੂੰ ਪਹਿਲੀ ਜੁਲਾਈ 2018 ਤੋਂ ਘੱਟੋ ਘੱਟ 8 ਦਾਖਲੇ ਜਾਂ ਅਪਡੇਟ ਸ਼ੁਰੂ ਕਰਨੇ ਪੈਣਗੇ। ਨਵੀਂ ਆਖਰੀ ਮਿਤੀ ਦੇ ਹਿਸਾਬ ਨਾਲ ਪਹਿਲੀ ਜਨਵਰੀ 2019 ਤੋਂ ਵਧ ਕੇ ਘੱਟੋ-ਘੱਟ 12 ਦਾਖਲੇ ਜਾਂ ਅਪਡੇਟ ਪ੍ਰਤੀ ਦਿਨ ਕਰਨੇ ਪੈਣਗੇ ਅਤੇ ਪਹਿਲੀ ਅਪਰੈਲ, 2019 ਤੋਂ ਇਹ ਗਿਣਤੀ 16 ਤੱਕ ਜਾਵੇਗੀ।

## ਇਰਾਨ ਹਾਲੇ ਵੀ ਪਰਮਾਣੂ ਸਮਝੌਤੇ 'ਤੇ ਅਟੱਲ

**ਵਿਏਨਾ:** ਵਿਸ਼ਵ ਸ਼ਕਤੀਆਂ ਨਾਲ ਹੋਏ ਪਰਮਾਣੂ ਸਮਝੌਤੇ ਦੇ ਨਿਯਮਾਂ 'ਤੇ ਇਰਾਨ ਹਾਲੇ ਵੀ ਕਾਇਮ ਹੈ। ਪਰਮਾਣੂ ਮਾਮਲਿਆਂ ਉਤੇ ਨਜ਼ਰ ਰੱਖਣ ਵਾਲੀ ਰਿਪੋਰਟ ਵਿਚ ਇਹ ਕਿਹਾ ਗਿਆ ਹੈ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ (9151) ਦੀ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਇਰਾਨ ਜੁਆਇੰਟ ਕੰਪਰਹੈਂਸਿਵ ਪਲਾਨ ਆਫ ਐਕਸ਼ਨ, 2015 ਦੇ ਮੁੱਖ ਮਾਣਕਾਂ ਦਾ ਹੁਣ ਵੀ ਪਾਲਣ ਕਰ ਰਿਹਾ ਹੈ।

ਇਹ ਰਿਪੋਰਟ ਇਸ ਸਮੇਂ ਸਾਹਮਣੇ ਆਈ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਮਝੌਤੇ ਤੋਂ ਕਿਨਾਰਾ ਕਰਨ ਦਾ ਫੈਸਲਾ ਲਿਆ ਹੈ। ਟਰੰਪ ਨੇ ਮਈ ਵਿਚ ਇਸ ਸਮਝੌਤੇ ਤੋਂ ਖੁਦ ਨੂੰ ਵੱਖ ਕਰ ਲਿਆ ਸੀ। ਇਸ ਤੋਂ ਬਾਅਦ ਉਨ੍ਹਾਂ ਇਰਾਨ 'ਤੇ ਪਾਬੰਦੀ ਲਾ ਦਿੱਤੀ ਸੀ ਜਿਸ ਨਾਲ ਇਰਾਨ ਦੀ ਅਰਥ ਵਿਵਸਥਾ ਉਤੇ ਬਹੁਤ ਮਾੜਾ ਅਸਰ ਪਿਆ ਹੈ। ਉਧਰ, ਯੂ.ਐਨ. ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਮਈ 'ਚ ਆਈ ਰਿਪੋਰਟ ਦੇ ਮੁਕਾਬਲੇ ਇਰਾਨ ਵਿਚ ਯੂਰੇਨੀਅਮ ਤੇ ਭਾਰੇ ਪਾਣੀ ਦੀ ਮਾਤਰਾ ਵਧੀ ਹੈ ਪਰ ਇਹ ਸਮਝੌਤੇ ਵਿਚ ਤੈਅ ਮਾਤਰਾ ਦੇ ਅੰਦਰ ਹੀ ਹੈ। ਯਾਦ ਰਹੇ ਕਿ 2015 'ਚ ਹੋਏ ਸਮਝੌਤੇ ਮੁਤਾਬਕ ਇਰਾਨ ਆਪਣਾ ਯੂਰੇਨੀਅਮ ਭੰਡਾਰ ਸਿਰਫ 3.67 ਫੀਸਦੀ ਤੱਕ ਹੀ ਵਧਾ ਸਕਦਾ ਹੈ। ਜਦਕਿ ਇਕ ਪਰਮਾਣੂ ਹਥਿਆਰ ਬਣਾਉਣ ਲਈ ਤਕਰੀਬਨ 90 ਫੀਸਦੀ ਯੂਰੇਨੀਅਮ ਦੀ ਲੋੜ ਹੁੰਦੀ ਹੈ।

## ਅਮਰੀਕੀ ਹਵਾਈ ਫੌਜੀ ਨਫਰਤੀ ਅਪਰਾਧ ਦਾ ਦੋਸ਼ੀ ਕਰਾਰ

**ਵਾਸ਼ਿੰਗਟਨ:** ਅਮਰੀਕਾ ਦੇ ਇਕ ਏਅਰਮੈਨ ਨੂੰ ਦੋ ਸਾਲ ਪੁਰਾਣੇ ਨਫਰਤੀ ਹਿੰਸਾ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਉਸ ਨੇ ਦੋ ਸਾਲ ਪਹਿਲਾਂ ਇਕ ਸਿੱਖ ਦੀ ਕੁੱਟਮਾਰ ਕੀਤੀ ਸੀ।

ਵਾਸ਼ਿੰਗਟਨ ਪੋਸਟ ਅਨੁਸਾਰ ਅਦਾਲਤ ਦੇ ਰਿਕਾਰਡ ਅਨੁਸਾਰ ਪੀੜਤ ਮਹਿਤਾਬ ਸਿੰਘ ਬਖਸ਼ੀ 21 ਅਗਸਤ 2016 ਨੂੰ ਆਪਣੇ ਦੋਸਤਾਂ ਨਾਲ ਡਰਾਫਟ ਸਰਕਲ ਕੋਲ ਖੜ੍ਹਾ ਸੀ। ਉਸੇ ਵੇਲੇ ਟੈਕਸਸ ਤੋਂ ਡਾਇਲਨ ਮਿਲਹੌਸੇਨ ਨੇ ਪਿੱਛੋਂ ਆ ਕੇ ਮਹਿਤਾਬ ਸਿੰਘ ਦੀ ਪੱਗ ਉਤਾਰ ਦਿੱਤੀ ਅਤੇ ਉਦੋਂ ਤੱਕ ਉਸ ਦੇ ਮੂੰਹ 'ਤੇ ਮੁੱਕੇ ਮਾਰਦਾ ਰਿਹਾ ਜਦ ਤੱਕ ਉਹ ਬੇਹੋਸ਼ ਨਹੀਂ ਹੋ ਗਿਆ। ਜਿਊਰੀ ਨੇ ਡਾਇਲਨ ਨੂੰ ਦੋਸ਼ੀ ਪਾਇਆ ਅਤੇ ਕਿਹਾ ਕਿ ਪੀੜਤ ਨੂੰ ਉਸ ਦੇ ਨਸਲ, ਧਰਮ ਅਤੇ ਰਾਸ਼ਟਰੀ ਮੂਲ ਦੀ ਵਜ੍ਹਾ ਨਾਲ ਨਿਸ਼ਾਨਾ ਬਣਾਇਆ ਗਿਆ ਹੈ। ਨਸਲੀ ਹਿੰਸਾ ਸਬੰਧੀ ਇਸ ਅਪਰਾਧ ਦੀ ਸਜ਼ਾ ਵੱਧ ਤੋਂ ਵੱਧ 15 ਸਾਲ ਦੀ ਜੇਲ੍ਹ ਹੈ।


## ਇੰਟਰਪੋਲ ਨੇ ਮੁਸ਼ੱਰਫ਼ ਦੀ ਗ੍ਰਿਫਤਾਰੀ ਦੀ ਬੇਨਤੀ ਠੁਕਰਾਈ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਖਿਲਾਫ਼ ਦੇਸ਼ ਧਰੋਹ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਇਕ ਵਿਸ਼ੇਸ਼ ਅਦਾਲਤ ਨੂੰ ਦੱਸਿਆ ਕਿ ਮੁਸ਼ੱਰਫ ਨੂੰ ਗ੍ਰਿਫਤਾਰ ਕਰਨ ਦੇ ਉਨ੍ਹਾਂ ਦੇ ਆਦੇਸ਼ ਨੂੰ ਇੰਟਰਪੋਲ ਨੇ ਇਹ ਕਹਿੰਦਿਆਂ ਠੁਕਰਾ ਦਿੱਤਾ ਹੈ ਕਿ ਉਹ ਰਾਜਨੀਤਕ ਮਾਮਲੇ ਵਿਚ ਦਖਲ ਨਹੀਂ ਦੇਣਾ ਚਾਹੁੰਦੀ ਹੈ। ਦੁਬਈ ਵਿਚ ਰਹਿ ਰਹੇ ਪਰਵੇਜ਼ ਮੁਸ਼ੱਰਫ ਖਿਲਾਫ਼ ਦੇਸ਼ ਧਰੋਹ ਦੇ ਮਾਮਲੇ ਦੀ ਸੁਣਵਾਈ ਟ੍ਰਿਬਿਊਨਲ ਵੱਲੋਂ ਫਿਰ ਤੋਂ ਸ਼ੁਰੂ ਕੀਤੇ ਜਾਣ ਤੋਂ ਬਾਅਦ ਸਰਕਾਰ ਦਾ ਇਹ ਜਵਾਬ ਆਇਆ ਹੈ। ਮੁਸ਼ੱਰਫ 'ਤੇ ਦੇਸ਼ ਵਿਚ ਐਮਰਜੈਂਸੀ ਲਗਾ ਕੇ 2007 ਵਿਚ ਸੰਵਿਧਾਨ ਨੂੰ ਦਰਕਿਨਾਰ ਕਰਨ ਦਾ ਮਾਮਲਾ ਦਰਜ ਹੈ।



## ਚੋਕਸੀ ਦੀਆਂ ਸਭ ਸੰਪਤੀਆਂ ਕਾਲੇ ਧਨ ਵਾਲੀਆਂ

**ਨਵੀਂ ਦਿੱਲੀ:** ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਅਤੇ ਉਸ ਦੀਆਂ ਕੰਪਨੀਆਂ ਨਾਲ ਸਬੰਧਤ 1210 ਕਰੋੜ ਰੁਪਏ ਦੀ 41 ਸੰਪਤੀਆਂ ਕਾਲੇ ਧਨ ਨਾਲ ਸਬੰਧਤ ਹਨ ਅਤੇ ਇਨ੍ਹਾਂ ਦੀ ਕੁਰਕੀ ਜਾਰੀ ਰਹਿਣੀ ਚਾਹੀਦੀ ਹੈ। ਈਡੀ ਨੇ ਇਨ੍ਹਾਂ ਸੰਪਤੀਆਂ ਨੂੰ ਕੁਰਕ ਕੀਤਾ ਹੈ। ਪੰਜਾਬ ਨੈਸ਼ਨਲ ਬੈਂਕ ਦੀ ਮੁੰਬਈ ਬਰਾਂਚ ਵਿਚ ਦੋ ਅਰਬ ਡਾਲਰ ਦੀ ਧੋਖਾਧੜੀ ਵਿਚ ਕੇਂਦਰੀ ਜਾਂਚ ਏਜੰਸੀ ਨੇ ਇਸ ਸਾਲ ਫਰਵਰੀ ਵਿਚ ਅਸਥਾਈ ਤੌਰ 'ਤੇ ਮੁੰਬਈ ਵਿਚ 15 ਫਲੈਟ ਅਤੇ 17 ਦਫਤਰ, ਕੋਲਕਾਤਾ ਵਿਚ ਇਕ ਮੌਲ, ਅਲੀਬਾਗ ਵਿਚ ਚਾਰ ਏਕੜ ਦਾ ਫਾਰਮ ਹਾਊਸ ਤੇ ਮਹਾਰਾਸ਼ਟਰ ਦੇ ਨਾਸਿਕ, ਨਾਗਪੁਰ ਅਤੇ ਪਨਵੇਲ ਅਤੇ ਤਾਮਿਲਨਾਡੂ ਦੇ ਵਿੱਲੂਪੁਰਮ ਵਿਚ 231 ਏਕੜ ਜ਼ਮੀਨ ਕੁਰਕ ਕੀਤੀ ਸੀ।




## 'ਈਆਰ' ਦੀ ਮਸ਼ਹੂਰ ਨਰਸ ਮਾਰਕੁਏਜ਼ ਪੁਲਿਸ ਦੀ ਗੋਲੀ ਦਾ ਸ਼ਿਕਾਰ

**ਲਾਸ ਏਂਜਲਸ:** ਲੜੀਵਾਰ 'ਈਆਰ' ਵਿਚ ਨਰਸ ਦੀ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਵੈਨੇਸਾ ਮਾਰਕੁਏਜ਼ ਨੂੰ ਸਾਊਥ ਪੈਸਾਡੇਨਾ (49) ਪੁਲਿਸ ਦੀ ਗੋਲੀ ਦਾ ਸ਼ਿਕਾਰ ਬਣ ਗਈ। ਮਕਾਨ ਮਾਲਕ ਦੀ ਇਤਲਾਹ 'ਤੇ ਪੁਲਿਸ ਕਰਮੀ ਫਰੀਮੌਂਟ ਐਵੇਨਿਊ ਵਿਚਲੇ ਮਾਰਕੁਏਜ਼ ਦੇ ਘਰ ਪੁੱਜੇ ਸਨ।

ਜਾਪਦਾ ਸੀ ਕਿ ਮਾਰਕੁਏਜ਼ ਨੂੰ ਦੌਰੇ ਪੈਂਦੇ ਸਨ ਤੇ ਉਹ ਆਪਣੇ ਆਪ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਪੁਲਿਸ ਨੇ ਡਾਕਟਰਾਂ ਦੀ ਇਕ ਟੀਮ ਵੀ ਸੱਦ ਲਈ। ਸ਼ੈਰਿਫ ਲੈਫਟੀਨੈਂਟ ਜੋਏ ਮੈਂਡੋਜ਼ਾ ਨੇ ਦੱਸਿਆ ਕਿ ਕਰੀਬ ਡੇਢ ਕੁ ਘੰਟੇ ਬਾਅਦ ਮਾਰਕੁਏਜ਼ ਇਕ ਬੀ ਬੀ ਗੰਨ ਲੈ ਕੇ ਪੁਲਿਸ ਅਫਸਰਾਂ 'ਤੇ ਤਾਣ ਕੇ ਖੜ੍ਹੀ ਹੋ ਗਈ ਜਿਸ ਕਰ ਕੇ ਪੁਲਿਸ ਨੂੰ ਗੋਲੀ ਚਲਾਉਣੀ ਪਈ।

# ਕੇਜਰੀਵਾਲ ਨੂੰ ਪਾਇਆ ਨਵੀਂ 'ਆਪ' ਨੇ ਵਖਤ

**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਸਾਹਮਣੇ ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ। ਹੁਣ ਦਿੱਲੀ ਸਰਕਾਰ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਦਰਅਸਲ, ਦਿੱਲੀ 'ਚ ਨਵੀਂ ਪਾਰਟੀ ਨੇ ਦਸਤਕ ਦਿੱਤੀ ਹੈ ਤੇ ਇਸ ਪਾਰਟੀ ਦਾ ਨਾਂ 'ਆਪਕੀ ਅਪਨੀ ਪਾਰਟੀ' ਹੈ। ਇਸ ਪਾਰਟੀ ਨੇ ਚੋਣ ਕਮਿਸ਼ਨ ਕੋਲ ਆਪਣੀ ਰਜਿਸਟ੍ਰੇਸ਼ਨ ਵੀ ਕਰਵਾ ਲਈ ਹੈ।



ਇਸ ਪਾਰਟੀ ਤੇ ਆਮ ਆਦਮੀ ਪਾਰਟੀ ਦਾ ਅੰਗਰੇਜ਼ੀ ਵਿਚ ਸ਼ਾਰਟ ਫਾਰਮ 'ਆਪ' ਹੈ ਜੋ ਆਮ ਆਦਮੀ ਪਾਰਟੀ ਲਈ ਸਮੱਸਿਆ ਹੈ।

'ਆਪ' ਨੇ ਦਿੱਲੀ ਹਾਈ ਕੋਰਟ 'ਚ ਇਸ ਸਬੰਧੀ ਪਟੀਸ਼ਨ ਪਾਈ ਹੈ ਕਿ ਦੋਵੇਂ ਪਾਰਟੀਆਂ ਦੇ ਨਾਂ ਇਕੋ ਜਿਹੇ ਹੋਣ ਕਰਕੇ ਵੋਟਰਾਂ ਨੂੰ ਭੁਲੇਖਾ ਪੈ ਸਕਦਾ ਹੈ। ਇਸ ਲਈ ਇਸ ਪਾਰਟੀ ਦੀ ਰਜਿਸਟ੍ਰੇਸ਼ਨ ਰੱਦ ਕੀਤੀ ਜਾਣੀ ਚਾਹੀਦੀ ਹੈ।

ਫਿਲਹਾਲ ਕੋਰਟ ਨੇ ਇਸ 'ਤੇ ਕੋਈ ਫੈਸਲਾ ਨਹੀਂ ਸੁਣਾਇਆ ਪਰ ਚੋਣ ਕਮਿਸ਼ਨ ਤੋਂ ਇਸ ਸਬੰਧੀ ਜਵਾਬ ਮੰਗਿਆ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 13 ਨਵੰਬਰ ਨੂੰ ਹੋਵੇਗੀ। ਕੋਰਟ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਚੋਣ ਕਮਿਸ਼ਨ ਕੋਲ ਪਹਿਲਾਂ ਹੀ ਇਸ ਗੱਲ ਪ੍ਰਤੀ ਇਤਰਾਜ਼ ਜਤਾਇਆ ਗਿਆ ਸੀ ਪਰ ਚੋਣ ਕਮਿਸ਼ਨ ਨੇ ਇਸ ਨੂੰ ਖਾਰਜ ਕਰ ਦਿੱਤਾ।

## ਯਾਤਰੀ ਨੇ ਜਹਾਜ਼ 'ਚ ਮਹਿਲਾ ਦੀ ਸੀਟ 'ਤੇ ਕੀਤਾ ਪਿਸ਼ਾਬ

**ਨਵੀਂ ਦਿੱਲੀ:** ਏਅਰ ਇੰਡੀਆ ਇੰਟਰਨੈਸ਼ਨਲ ਦੇ ਇਕ ਜਹਾਜ਼ ਵਿਚ ਸ਼ਰਾਬ ਦੇ ਨਸ਼ੇ ਵਿਚ ਇਕ ਵਿਅਕਤੀ ਨੇ ਇਕ ਮਹਿਲਾ ਦੀ ਸੀਟ ਉਤੇ ਪਿਸ਼ਾਬ ਕਰ ਦਿੱਤਾ। ਸਿਵਲ ਹਵਾਬਾਜ਼ੀ ਮੰਤਰਾਲੇ ਨੇ ਇਸ ਸਬੰਧੀ ਏਅਰ ਇੰਡੀਆ ਤੋਂ ਰਿਪੋਰਟ ਮੰਗੀ ਹੈ। ਇਹ ਘਟਨਾ ਉਦੋਂ ਵਾਪਰੀ ਸੀ ਜਦੋਂ ਏਅਰ ਇੰਡੀਆ ਦਾ ਜਹਾਜ਼ ਏਆਈ 102 ਨਿਊ ਯਾਰਕ ਤੋਂ ਦਿੱਲੀ ਆ ਰਿਹਾ ਸੀ।

ਮਹਿਲਾ ਯਾਤਰੀ ਦੀ ਧੀ ਇੰਦਰਾਣੀ ਘੋਸ਼ ਨੇ ਇਸ ਘਟਨਾ ਸਬੰਧੀ ਟਵੀਟ ਕੀਤਾ ਸੀ। ਘੋਸ਼ ਨੇ ਦੱਸਿਆ ਕਿ ਇਕੱਲੀ ਯਾਤਰਾ ਕਰ ਰਹੀ ਮੇਰੀ ਮਾਂ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਨਸ਼ੇ ਵਿਚ ਇਕ ਵਿਅਕਤੀ ਨੇ ਰਾਤ ਦੇ ਖਾਣੇ ਪਿਛੋਂ ਉਨ੍ਹਾਂ ਦੀ ਸੀਟ 'ਤੇ ਆ ਕੇ ਪਿਸ਼ਾਬ ਕਰ ਦਿੱਤਾ। ਘਟਨਾ ਪਿਛੋਂ ਏਅਰ ਇੰਡੀਆ ਨੇ ਸਿਰਫ ਉਨ੍ਹਾਂ ਦੀ ਮਾਂ ਦੀ ਸੀਟ ਬਦਲ ਦਿੱਤੀ ਸੀ ਪਰ ਅਜਿਹਾ ਕਰਨ ਵਾਲੇ ਵਿਅਕਤੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ।

# ਦਾਗੀ ਰਾਜਸੀ ਆਗੂਆਂ ਨਾਲ ਲਿਹਾਜ਼ਦਾਰੀ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰਾਜਸੀ ਆਗੂਆਂ ਦੀ ਸ਼ਮੂਲੀਅਤ ਵਾਲੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੀ ਕਾਇਮੀ ਬਾਰੇ ਜਾਣਕਾਰੀ ਨਾ ਦੇਣ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਸਰਕਾਰ ਇਸ ਕਾਰਜ ਲਈ ਤਿਆਰ ਨਹੀਂ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਸਾਨੂੰ ਹੁਕਮ ਦੇਣ ਲਈ ਤਿਆਰ ਕਰ ਰਹੀ ਹੈ।



ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਭਾਰਤ ਸਰਕਾਰ ਰਾਜਸੀ ਆਗੂਆਂ ਨਾਲ ਸਬੰਧਤ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੀ ਕਾਇਮੀ ਲਈ ਤਿਆਰ ਨਹੀਂ ਜਾਪਦੀ ਅਤੇ ਨਾ ਹੀ ਸਰਕਾਰ ਦੀਆਂ ਤਿਆਰੀਆਂ ਹਨ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਵਾਧੂ ਹਲਫੀਆ ਬਿਆਨ ਦਾਇਰ ਕਰਕੇ ਦੱਸਿਆ ਹੈ ਕਿ ਉਸ ਨੇ 11 ਸੂਬਾਈ ਸਰਕਾਰਾਂ ਨੂੰ ਇਸ ਕਾਰਜ ਲਈ 12 ਵਿਸ਼ੇਸ਼ ਅਦਾਲਤਾਂ ਤਿਆਰ ਕਰਨ ਲਈ ਫੰਡ ਜਾਰੀ ਕਰ ਦਿੱਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 12 ਸਤੰਬਰ ਦੀ ਨਿਰਧਾਰਤ ਕੀਤੀ ਹੈ।

# ਪਹਿਲੀ ਵਾਰ ਪੱਛੜੀਆਂ ਸ਼੍ਰੇਣੀਆਂ ਬਾਰੇ ਇਕੱਠੇ ਹੋਣਗੇ ਅੰਕੜੇ

**ਨਵੀਂ ਦਿੱਲੀ:** ਮਰਦਮਸ਼ੁਮਾਰੀ 2021 ਵਿਚ ਪਹਿਲੀ ਵਾਰ ਆਜ਼ਾਦ ਭਾਰਤ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਬਾਰੇ ਅੰਕੜੇ ਜੁਟਾਏ ਜਾਣਗੇ। ਇਸ ਮੁਹਿੰਮ ਨੂੰ 2019 ਦੀਆਂ

### ਮਰਦਮਸ਼ੁਮਾਰੀ 2021

ਆਮ ਚੋਣਾਂ ਦੇ ਮੱਦੇਨਜ਼ਰ ਅਹਿਮ ਮੰਨਿਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਵੀਪੀ ਸਿੰਘ ਸਰਕਾਰ ਨੇ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਉਤੇ ਹੋਰ ਪਛੜੀਆਂ ਸ਼੍ਰੇਣੀਆਂ ਲਈ 27 ਫੀਸਦੀ ਕੋਟਾ ਲਾਗੂ ਕੀਤਾ ਸੀ। ਇਹ ਦੇਸ਼ ਵਿਚ 1931 ਵਿਚ ਜਾਤ ਸਬੰਧੀ ਇਕੱਤਰ ਕੀਤੇ ਅੰਕੜਿਆਂ ਦੇ ਉਤੇ ਅਧਾਰਤ ਸੀ। ਓ.ਬੀ.ਸੀ. ਬਾਰੇ ਅੰਕੜੇ ਇਕੱਤਰ ਕਰਨ ਬਾਰੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਿਚ 2021 ਦੀ ਮਰਦਮਸ਼ੁਮਾਰੀ ਬਾਰੇ ਹੋਈ ਮੀਟਿੰਗ ਵਿਚ ਲਏ ਫੈਸਲੇ ਤੋਂ ਪਤਾ ਲੱਗਿਆ ਹੈ। ਗ੍ਰਹਿ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਦੇਸ਼ ਵਿਚ ਪਹਿਲੀ ਵਾਰ ਓ.ਬੀ.ਸੀ. ਬਾਰੇ ਅੰਕੜੇ ਜੁਟਾਏ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ ਨੇ ਸਾਲ 2006 ਵਿਚ ਆਪਣੀ ਸਰਵੇ ਰਿਪੋਰਟ ਵਿਚ ਦੱਸਿਆ ਸੀ ਕਿ ਦੇਸ਼ ਦੀ ਕੁੱਲ ਵਸੋਂ ਦਾ 41 ਫੀਸਦੀ ਓ.ਬੀ.ਸੀ. ਹਨ।

ਪਿਛਲੇ ਲੰਬੇ ਸਮੇਂ ਤੋਂ ਦੇਸ਼ ਵਿਚ ਬਹੁਤ ਸਾਰੀਆਂ ਜਥੇਬੰਦੀਆਂ ਹੋਰ ਪਛੜੀਆਂ ਸ਼੍ਰੇਣੀਆਂ ਬਾਰੇ ਅੰਕੜੇ ਜੁਟਾਉਣ ਦੀ ਮੰਗ ਕਰਦੀਆਂ ਰਹੀਆਂ ਹਨ ਤੇ ਹੁਣ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ 2019 ਦੀਆਂ ਆਮ ਚੋਣਾਂ ਦੇ ਮੱਦੇਨਜ਼ਰ ਇਹ ਪਹਿਲਕਦਮੀ ਕੀਤੀ ਹੈ।

# ਰਾਬਰਟ ਵਾਡਰਾ ਤੇ ਹੁੱਡਾ ਖਿਲਾਫ ਐਫ.ਆਈ.ਆਰ. ਦਰਜ

**ਨਵੀਂ ਦਿੱਲੀ:** ਗੁਰੂਗ੍ਰਾਮ ਜ਼ਮੀਨ ਘੁਟਾਲਾ ਮਾਮਲੇ 'ਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਜੀਜਾ ਰਾਬਰਟ ਵਾਡਰਾ ਖਿਲਾਫ਼ ਪਹਿਲੀ ਐਫ.ਆਈ.ਆਰ. ਦਰਜ ਹੋਈ ਹੈ।

ਐਫ.ਆਈ.ਆਰ. 'ਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਦਾ ਨਾਂ ਵੀ ਸ਼ਾਮਲ ਹੈ। ਐਫ਼.ਆਈ.ਆਰ. ਵਾਡਰਾ ਤੇ ਹੁੱਡਾ ਤੋਂ ਇਲਾਵਾ 2 ਕੰਪਨੀਆਂ ਡੀ.ਐਲ.ਐਫ. ਅਤੇ ਓਂਕਰੇਸ਼ਵਰ ਪ੍ਰਾਪਰਟੀਜ਼ ਖਿਲਾਫ਼ ਦਰਜ ਕੀਤੀ ਗਈ ਹੈ। ਫਰਵਰੀ ਵਿਚ ਹੁੱਡਾ ਅਤੇ 33 ਹੋਰਨਾਂ ਖਿਲਾਫ਼ ਭ੍ਰਿਸ਼ਟਾਚਾਰ ਦੇ ਇਕ ਹੋਰ ਮਾਮਲੇ 'ਚ ਸੀ.ਬੀ.ਆਈ. ਨੇ ਚਲਾਨ ਪੇਸ਼ ਕੀਤਾ ਸੀ।

ਗੁਰੂਗ੍ਰਾਮ ਦੇ ਸ਼ਿਕੋਹਪੁਰ ਪਿੰਡ 'ਚ ਵਾਡਰਾ ਦੀ ਸਕਾਈਲਾਈਟ ਕੰਪਨੀ ਨੇ ਡੀ.ਐਲ.ਐਫ. ਤੋਂ ਕਰਜ਼ਾ ਲੈ ਕੇ ਸਾਢੇ 7 ਕਰੋੜ ਦੀ ਜ਼ਮੀਨ ਖਰੀਦੀ ਸੀ ਅਤੇ ਜ਼ਮੀਨ ਦੀ ਵਰਤੋਂ ਬਦਲਣ ਤੋਂ ਬਾਅਦ 58 ਕਰੋੜ ਰੁਪਏ 'ਚ ਡੀ.ਐਲ.ਐਫ. ਨੂੰ ਹੀ ਵੇਚ ਦਿੱਤੀ ਸੀ।

ਸੌਦੇ ਸਮੇਂ ਸਕਾਈਲਾਈਟ ਕੰਪਨੀ 'ਚ ਰਾਬਰਟ ਵਾਡਰਾ ਨਿਰਦੇਸ਼ਕ ਸੀ। ਇਹ ਮਾਮਲਾ 2007 ਦਾ ਹੈ ਜਦੋਂ ਵਾਡਰਾ ਦੀ ਕੰਪਨੀ ਨੇ 3.5 ਏਕੜ ਜ਼ਮੀਨ ਸਾਢੇ 7 ਕਰੋੜ ਦੀ ਖਰੀਦੀ ਸੀ ਅਤੇ ਐਫ.ਆਈ.ਆਰ. 'ਚ ਦੋਸ਼ ਹੈ ਕਿ ਉਨ੍ਹਾਂ ਨੇ ਹੁੱਡਾ ਸਰਕਾਰ 'ਚ ਆਪਣੇ ਰਸੂਖ ਦਾ ਫਾਇਦਾ ਚੁੱਕਦਿਆਂ ਇਸ ਨੂੰ ਕਮਰਸ਼ੀਅਲ ਰੂਪ 'ਚ ਵਿਕਸਤ ਕਰਨ ਲਈ ਸੈਕਟਰ 83 'ਚ ਇਕ ਲਾਇਸੰਸ ਲਿਆ।

## ਸ਼ੋਪੀਆਂ 'ਚ ਅਤਿਵਾਦੀਆਂ ਨੇ 4 ਪੁਲਿਸ ਮੁਲਾਜ਼ਮ ਮਾਰੇ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਵਿਚ ਸੁਰੱਖਿਆ ਬਲਾਂ ਵੱਲੋਂ ਹਿਜ਼ਬੁਲ ਦੇ ਇਕ ਸਿਖਰਲੇ ਕਮਾਂਡਰ ਸਣੇ ਦੋ ਅਤਿਵਾਦੀ ਮਾਰਨ ਤੋਂ ਕੁਝ ਘੰਟਿਆਂ ਬਾਅਦ ਹੀ ਅਤਿਵਾਦੀਆਂ ਨੇ ਚਾਰ ਪੁਲਿਸ ਜਵਾਨਾਂ ਨੂੰ ਸ਼ੋਪੀਆਂ ਵਿਚ ਅੰਨ੍ਹੇਵਾਹ ਗੋਲੀਆਂ ਮਾਰ ਕੇ ਮਾਰ ਦਿੱਤਾ ਹੈ। ਸ਼ੋਪੀਆਂ ਜ਼ਿਲ੍ਹੇ ਦੇ ਅਰਹਾਮਾ ਵਿਚ ਬਾਅਦ ਦੁਪਹਿਰ ਅਤਿਵਾਦੀਆਂ ਨੇ ਪੁਲਿਸ ਮੁਲਾਜ਼ਮਾਂ 'ਤੇ ਉਦੋਂ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਜਦੋਂ ਉਹ ਸੜਕ ਤੋਂ ਲੰਘ ਰਹੇ ਸਨ।

ਸ਼ਹੀਦ ਹੋਏ ਜਵਾਨਾਂ ਵਿਚ ਇਸ਼ਫਾਕ ਅਹਿਮਦ ਮੀਰ, ਜਾਵੇਦ ਅਹਿਮਦ ਭੱਟ, ਮੁਹੰਮਦ ਇਕਬਾਲ ਮੀਰ (ਤਿੰਨੇ ਸਿਪਾਹੀ) ਅਤੇ ਐਸ.ਪੀ.ਓ. ਆਦਿਲ ਮਨਜ਼ੂਰ ਭੱਟ ਸ਼ਾਮਲ ਹਨ।

# ਭਾਰਤ 'ਚ ਸ਼ਰਨਾਰਥੀ ਪਾਕਿਸਤਾਨੀ ਹਿੰਦੂਆਂ ਦਾ ਨਹੀਂ ਕੋਈ ਦੇਸ਼

**ਨਵੀਂ ਦਿੱਲੀ:** ਵੱਡੀ ਗਿਣਤੀ ਵਿਚ ਪਾਕਿਸਤਾਨੀ ਹਿੰਦੂਆਂ ਨੂੰ ਆਪਣੀ ਜਾਨ ਤੇ ਇੱਜ਼ਤ ਦੀ ਹਿਫ਼ਾਜ਼ਤ ਲਈ ਮਜਬੂਰਨ ਆਪਣੇ ਵਸੇ-ਵਸਾਏ ਘਰ ਛੱਡ ਕੇ ਭਾਰਤ 'ਚ ਸ਼ਰਨਾਰਥੀ ਬਣ ਕੇ ਰਹਿਣਾ ਪੈ ਰਿਹਾ ਹੈ। ਦਿੱਲੀ ਦੇ ਰੋਹਿਣੀ ਸੈਕਟਰ-11, ਵਿਜਵਾਸਨ, ਮਜਨੂੰ ਕਾ ਟਿੱਲਾ ਤੇ ਆਦਰਸ਼ ਨਗਰ ਦੇ ਅਸਥਾਈ ਕੈਂਪਾਂ ਵਿਚ 3500 ਤੋਂ ਵਧੇਰੇ ਪਾਕਿ ਹਿੰਦੂ ਸ਼ਰਨਾਰਥੀ ਰਹਿ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪਰਿਵਾਰ ਭਾਰਤ 'ਚ ਉਠੇ ਬਾਬਰੀ ਮਸਜਿਦ ਵਿਵਾਦ ਉਪਰੰਤ ਪਾਕਿਸਤਾਨ 'ਚ ਹਿੰਦੂ-ਸਿੱਖ ਘੱਟ ਗਿਣਤੀ ਭਾਈਚਾਰੇ ਲਈ ਬਣੇ ਖਰਾਬ ਹਾਲਾਤ ਦੇ ਚਲਦਿਆਂ ਇਥੇ ਅਸਥਾਈ ਤੌਰ ਉਤੇ ਸ਼ਰਨ ਲੈਣ ਲਈ ਪੁੱਜੇ ਅਤੇ ਬਾਅਦ 'ਚ ਵਾਪਸ ਨਹੀਂ ਪਰਤੇ।



ਦਿੱਲੀ ਦੇ ਮਜਨੂੰ ਕਾ ਟਿੱਲਾ ਇਲਾਕੇ 'ਚ ਗੁਰਦੁਆਰਾ ਸਾਹਿਬ ਦੇ ਪਿੱਛੇ ਖਾਲੀ ਪਏ ਉਭੜ-ਖਾਬੜ ਮੈਦਾਨ 'ਚ ਅਸਥਾਈ ਕੈਂਪ ਸਥਾਪਿਤ ਕਰ ਕੇ ਤਰਪਾਲ ਦੀ ਛੱਤ ਦੇ ਹੇਠਾਂ ਮੋਮਜਾਮੇ ਵਿਛਾ ਕੇ ਗਰਮੀ, ਸਰਦੀ, ਬਰਸਾਤ ਅਤੇ ਹਨੇਰੀਆਂ ਦਾ ਮੁਕਾਬਲਾ ਕਰਦੇ ਹੋਏ ਨਰਕ ਭਰਿਆ ਜੀਵਨ ਬਤੀਤ ਕਰ ਰਹੇ ਇਨ੍ਹਾਂ ਪਾਕਿ ਹਿੰਦੂਆਂ ਲਈ ਨਾ ਤਾਂ ਇਥੇ ਕੋਈ ਬਿਜਲੀ ਪਾਣੀ ਦਾ ਪ੍ਰਬੰਧ ਹੈ ਅਤੇ ਨਾ ਹੀ ਕੋਈ ਪੱਕਾ ਰੁਜ਼ਗਾਰ। ਇਨ੍ਹਾਂ ਲਈ ਇਹ ਵੀ ਇਕ ਵੱਡਾ ਦੁੱਖ ਹੈ ਕਿ ਹੁਣ ਇਹ ਪਾਕਿਸਤਾਨ ਦੇ ਵੀ ਨਾਗਰਿਕ ਨਹੀਂ ਹਨ, ਕਿਉਂਕਿ ਪਾਕਿਸਤਾਨ ਨੂੰ ਇਹ ਹਮੇਸ਼ਾ ਲਈ ਅਲਵਿਦਾ ਕਹਿ ਚੁੱਕੇ ਹਨ ਤੇ ਹੁਣ ਉਹ ਇਨ੍ਹਾਂ ਦੇ ਲਈ ਇਕ ਬੇਗਾਨੇ ਮੁਲਕ ਤੋਂ ਵਧੇਰੇ ਹੋਰ ਕੁਝ ਨਹੀਂ ਹੈ।

ਇਨ੍ਹਾਂ ਸ਼ਰਨਾਰਥੀ ਬਣੇ ਪਾਕਿ ਹਿੰਦੂਆਂ ਕੋਲ ਭਾਰਤੀ ਨਾਗਰਿਕਤਾ ਨਾ ਹੋਣ ਕਾਰਨ ਇਹ ਸੁਰੱਖਿਆ ਨਿਯਮਾਂ ਦੇ ਚਲਦਿਆਂ ਰੁਜ਼ਗਾਰ ਦੀ ਤਲਾਸ਼ 'ਚ ਆਪਣੇ ਕੈਂਪਾਂ ਤੋਂ ਜ਼ਿਆਦਾ ਦੂਰ ਨਹੀਂ ਜਾ ਸਕਦੇ ਹਨ। ਲਿਹਾਜ਼ਾ ਇਨ੍ਹਾਂ ਨੂੰ ਆਸਪਾਸ ਦੇ ਇਲਾਕਿਆਂ 'ਚ ਰਿਕਸ਼ਾ ਚਲਾ ਕੇ ਜਾਂ ਮਜ਼ਦੂਰੀ ਕਰ ਕੇ ਹੀ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਭਰਨਾ ਪੈ ਰਿਹਾ ਹੈ।

## ਬੰਗਲਾਦੇਸ਼ ਵਿਚ ਟੀ.ਵੀ. ਪੱਤਰਕਾਰ ਦਾ ਗਲਾ ਵੱਢਿਆ

**ਢਾਕਾ:** ਬੰਗਲਾਦੇਸ਼ ਵਿਚ ਕੁਝ ਅਣਪਛਾਤੇ ਹਥਿਆਰਬੰਦਾਂ ਨੇ ਇਕ ਟੈਲੀਵਿਜ਼ਨ ਚੈਨਲ ਦੀ ਪੱਤਰਕਾਰ ਦੇ ਘਰ ਦਾਖਲ ਹੋ ਕੇ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਹੈ। ਬੀ.ਡੀ.ਨਿਊਜ਼-24.ਕਾਮ ਦੀ ਰਿਪੋਰਟ ਅਨੁਸਾਰ ਮ੍ਰਿਤਕ ਦੀ ਪਛਾਣ ਸੁਬਰਣਾ ਨੋਦੀ (32) ਵਜੋਂ ਹੋਈ ਹੈ, ਜੋ ਕਿ ਇਕ ਨਿੱਜੀ ਖਬਰਾਂ ਦੇ ਚੈਨਲ 'ਅਨੰਦਾ ਟੀ.ਵੀ' ਦੀ ਪੱਤਰਕਾਰ ਸੀ ਅਤੇ ਉਹ 'ਰੋਜ਼ਾਨਾ ਜਾਗਰੋਤੋ ਬੰਗਲਾ' ਅਖਬਾਰ ਲਈ ਵੀ ਕੰਮ ਕਰਦੀ ਸੀ। ਹਮਲਾਵਰ ਰਾਤ ਸਮੇਂ 10 ਤੋਂ 12 ਵਜੇ ਦਰਮਿਆਨ ਮੋਟਰਸਾਈਕਲਾਂ ਆਏ ਸਨ ਤੇ ਉਸ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਕੇ ਫਰਾਰ ਹੋ ਗਏ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਬੇਅਦਬੀ ਕਾਂਡ: ਸੌਖਾ ਨਹੀਂ ਸੀ.ਬੀ.ਆਈ. ਤੋਂ ਜਾਂਚ ਵਾਪਸ ਲੈਣ ਦਾ ਕਾਰਜ

**ਚੰਡੀਗੜ੍ਹ:** ਭਾਵੇਂ ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਦੀ ਜਾਂਚ ਸੀ.ਬੀ.ਆਈ. ਕੋਲੋਂ ਵਾਪਸ ਲੈਣ ਦਾ ਫੈਸਲਾ ਕੀਤਾ ਹੈ ਪਰ ਸੀ.ਬੀ.ਆਈ. ਕੋਲੋਂ ਜਾਂਚ ਵਾਪਸ ਲੈਣ ਦੇ ਮਾਮਲੇ ਵਿਚ ਸਮਾਂ ਲੱਗੇਗਾ। ਵਿਧਾਨ ਸਭਾ ਨੇ ਇਨ੍ਹਾਂ ਮਾਮਲਿਆਂ ਦੀ ਜਾਂਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਕੋਲੋਂ ਕਰਵਾਉਣ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਦਫਤਰ ਨੇ ਸੂਬੇ ਦੇ ਐਡਵੋਕੇਟ ਜਨਰਲ (ਏਜੀ) ਅਤੁਲ ਨੰਦਾ ਕੋਲੋਂ ਇਸ ਸਬੰਧੀ ਲਿਖਤੀ ਰਾਏ ਮੰਗੀ ਹੈ ਅਤੇ ਇਸ ਤੋਂ ਬਾਅਦ ਹੀ ਪੰਜਾਬ ਸਰਕਾਰ ਅਗਲੀ ਕਾਰਵਾਈ ਕਰੇਗੀ। ਏਜੀ ਦਫਤਰ ਦੀ ਰਾਏ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤੇ ਦੀ ਰੋਸ਼ਨੀ ਵਿਚ ਹੀ ਆਉਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਪੰਜਾਬ ਸਰਕਾਰ ਸੀ.ਬੀ.ਆਈ. ਨੂੰ ਲਿਖਤੀ ਬੇਨਤੀ ਕਰੇਗੀ ਕਿ ਸੂਬੇ ਦੀ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਜਾਂਚ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਰਾਜ ਸਰਕਾਰ ਇਹ ਜਾਂਚ ਪੰਜਾਬ ਪੁਲਿਸ ਕੋਲੋਂ ਕਰਵਾਉਣਾ ਚਾਹੁੰਦੀ ਹੈ। ਜਾਂਚ ਦਾ ਕੰਮ ਵਾਪਸ ਲੈਣ ਦੀ ਅਪੀਲ ਕਰਨ ਸਮੇਂ ਰਾਜ ਸਰਕਾਰ ਵਿਧਾਨ ਸਭਾ ਦੇ ਫੈਸਲੇ ਦੇ ਨਾਲ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਫੈਸਲੇ ਦਾ ਵੇਰਵਾ ਵੀ ਦੇ ਸਕਦੀ ਹੈ ਜਿਸ ਵਿਚ ਕਮਿਸ਼ਨ ਨੇ ਕਿਹਾ ਕਿ ਸੀ.ਬੀ.ਆਈ. ਨੇ ਜਾਂਚ ਦੇ ਕੰਮ ਵਿਚ ਕੋਈ ਖਾਸ ਪ੍ਰਗਤੀ ਨਹੀਂ ਕੀਤੀ। ਜੇ ਸੀ.ਬੀ.ਆਈ. ਜਾਂਚ ਵਾਪਸ ਨਹੀਂ ਦਿੰਦੀ ਤਾਂ ਪੰਜਾਬ ਸਰਕਾਰ ਸੁਪਰੀਮ ਕੋਰਟ ਵਿਚ ਜਾ ਸਕਦੀ ਹੈ ਤੇ ਮੰਗ ਕਰ ਸਕਦੀ ਹੈ ਕਿ ਸੀ.ਬੀ.ਆਈ. ਨੇ ਬੇਅਦਬੀ ਦੇ ਸੰਵੇਦਨਸ਼ੀਲ ਮਾਮਲਿਆਂ ਵਿਚ ਜਾਂਚ ਕਿਸੇ ਕੰਢੇ ਨਹੀਂ ਲਾਈ ਜਿਸ ਕਰ ਕੇ ਪੰਜਾਬ ਸਰਕਾਰ ਜਾਂਚ ਦਾ ਕੰਮ ਵਾਪਸ ਲੈਣਾ ਚਾਹੁੰਦੀ ਹੈ।

ਸੀ.ਬੀ.ਆਈ. ਕੋਲ ਜਾਂਚ ਦੇ ਤਿੰਨ ਮਾਮਲੇ ਹਨ। ਦੋ ਮਾਮਲੇ ਪਿਛਲੀ ਸਰਕਾਰ ਨੇ ਸੌਂਪੇ ਸਨ ਤੇ ਤੀਜਾ ਮਾਮਲਾ ਕੈਪਟਨ ਸਰਕਾਰ ਨੇ ਕੁਝ ਦਿਨ ਪਹਿਲਾਂ ਸੌਂਪਿਆ ਹੈ। ਇਸ ਮਾਮਲੇ ਵਿਚ ਅਜੇ ਸੀ.ਬੀ.ਆਈ. ਨੇ ਕੰਮ ਨਹੀਂ ਸੰਭਾਲਿਆ ਤੇ ਇਸ ਕਰ ਕੇ ਇਸ ਦੀ ਜਾਂਚ ਵਾਪਸ ਕਰਨ ਵਿਚ ਸੀ.ਬੀ.ਆਈ. ਦਾ ਕੋਈ ਅੜਿੱਕਾ ਨਹੀਂ ਹੋਵੇਗਾ। ਇਸ ਮਾਮਲੇ ਵਿਚ ਸੀ.ਬੀ.ਆਈ. ਨੇ ਡੀ.ਆਈ.ਜੀ. ਤੋਂ ਲੈ ਕੇ ਡੀ.ਜੀ.ਪੀ. ਤੱਕ ਜਾਂਚ ਕਰਨੀ ਸੀ। ਸੀ.ਬੀ.ਆਈ. ਕੋਲੋਂ ਜਾਂਚ ਵਾਪਸ ਲੈਣ ਦੇ ਮਾਮਲੇ ਵਿਚ ਰਾਜਨੀਤੀ ਖੇਡੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਦੀ ਸਰਕਾਰ ਹੈ ਤੇ ਅਕਾਲੀ ਦਲ ਆਪਣੀ ਭਾਈਵਾਲ ਸਰਕਾਰ 'ਤੇ ਇਸ ਗੱਲ ਲਈ ਦਬਾਅ ਬਣਾ ਸਕਦਾ ਹੈ ਕਿ ਜਾਂਚ ਵਾਪਸ ਨਾ ਦਿੱਤੀ ਜਾਵੇ।

ਜਾਂਚ ਵਿਚ ਫਸੇ ਪੁਲਿਸ ਅਧਿਕਾਰੀ ਵੀ ਚੁੱਪ ਕਰ ਕੇ ਨਹੀਂ ਬੈਠਣਗੇ ਤੇ ਉਹ ਵੀ ਆਪਣੀਆਂ ਸ਼ਤਰੰਜੀ ਚਾਲਾਂ ਚੱਲ ਸਕਦੇ ਹਨ। ਇਹ ਵੀ ਸੰਭਵ ਹੈ ਕਿ ਕੇਂਦਰ ਸਰਕਾਰ ਇਸ ਮਾਮਲੇ ਵਿਚ ਦਖਲ ਨਾ ਦੇਵੇ ਤੇ ਸੀ.ਬੀ.ਆਈ. ਕੋਲ ਪਹਿਲਾਂ ਹੀ ਹਜ਼ਾਰਾਂ ਦੀ ਗਿਣਤੀ ਵਿਚ ਕੇਸ ਬਕਾਇਆ ਹਨ ਤੇ ਉਹ ਜਾਂਚ ਵਾਪਸ ਕਰ ਦੇਵੇ ਪਰ ਲੋਕ ਸਭਾ ਚੋਣਾਂ ਨੇੜੇ ਹਨ ਤੇ ਕੁਝ ਫੈਸਲੇ ਚੋਣਾਂ ਦੇ ਮੱਦੇਨਜ਼ਰ ਹੋਣਗੇ ਤੇ ਇਸ ਕਰ ਕੇ ਅਗਲੇ ਦਿਨਾਂ ਵਿਚ ਪਤਾ ਲੱਗੇਗਾ ਕਿ ਜਾਂਚ ਵਾਪਸ ਲੈਣ ਦੇ ਫੈਸਲੇ 'ਤੇ ਕਿੰਨੀ ਗਤੀ ਨਾਲ ਅਮਲ ਹੋਵੇਗਾ।

### ਰਿਪੋਰਟ ਦਾ ਪੰਜਾਬੀ ਉਲੱਥਾ ਕਰਵਾਉਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਬੇਅਦਬੀ ਦੇ ਮਾਮਲਿਆਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਪੰਜਾਬੀ ਵਿਚ ਤਰਜਮਾ ਕਰਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਰਿਪੋਰਟ ਦਾ ਪੰਜਾਬੀ ਵਿਚ ਤਰਜਮਾ ਹੋਣ ਨਾਲ ਰਾਜ ਦੇ ਲੋਕਾਂ ਨੂੰ ਇਹ ਸਮਝਣ ਵਿਚ ਆਸਾਨੀ ਹੋਵੇਗੀ ਕਿ ਬੇਅਦਬੀ ਤੇ ਪੁਲਿਸ ਫਾਇਰਿੰਗ ਦੀਆਂ ਘਟਨਾਵਾਂ ਵਿਚ ਕੌਣ ਕੌਣ ਲੋਕ ਸ਼ਾਮਲ ਸਨ।

# ਧਾਰਮਿਕ ਸਥਾਨਾਂ ਦੁਆਲੇ ਲੱਗਣਗੇ ਸੀ.ਸੀ.ਟੀ.ਵੀ. ਕੈਮਰੇ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸੂਬਾ ਭਰ ਵਿਚ ਧਾਰਮਿਕ ਥਾਵਾਂ ਦੇ ਆਲੇ-ਦੁਆਲੇ ਅਤੇ ਹੋਰ ਅਹਿਮ ਟਿਕਾਣਿਆਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੇ ਹੁਕਮ ਦਿੱਤੇ ਹਨ। ਸੂਬਾ ਸਰਕਾਰ ਨੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਨਗਰ ਨਿਗਮਾਂ ਨੂੰ ਸਾਰੇ ਗੁਰਦੁਆਰਿਆਂ, ਮਸਜਿਦਾਂ, ਮੰਦਰਾਂ, ਚਰਚਾਂ ਦੀਆਂ ਇਮਾਰਤਾਂ ਦੇ ਆਲੇ-ਦੁਆਲੇ, ਪਿੰਡ ਦੇ ਪ੍ਰਮੁੱਖ ਟਿਕਾਣਿਆਂ ਅਤੇ ਨਿਗਮਾਂ ਦੀ ਹੱਦ ਅੰਦਰ ਕੈਮਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।

ਇਹ ਫੈਸਲਾ ਸੂਬੇ ਵਿਚ ਧਾਰਮਿਕ ਥਾਵਾਂ ਦੇ ਨੇੜੇ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਸੂਬੇ ਦੇ ਅਮਨ ਚੈਨ ਨੂੰ ਢਾਹ ਲਾਉਣ ਵਾਲੀ ਕਿਸੇ ਹੋਰ ਅਣਸੁਖਾਵੀਂ ਘਟਨਾ ਨੂੰ ਰੋਕਣ ਦੇ ਮੱਦੇਨਜ਼ਰ ਲਿਆ ਗਿਆ ਹੈ। ਪਿੰਡਾਂ ਦੀਆਂ ਪੰਚਾਇਤਾਂ ਅਤੇ ਨਗਰ ਨਿਗਮ ਵੱਲੋਂ ਆਪਣੇ ਫੰਡਾਂ ਵਿਚੋਂ ਗੁਰਦੁਆਰਿਆਂ, ਮੰਦਰਾਂ, ਚਰਚਾਂ ਅਤੇ ਮਸਜਿਦਾਂ ਦੀਆਂ ਇਮਾਰਤਾਂ ਦੇ ਆਲੇ-ਦੁਆਲੇ ਕੈਮਰੇ ਲਗਵਾਏ ਜਾਣਗੇ। ਇਸ ਉਪਰਾਲੇ ਨਾਲ ਜਿਥੇ ਸਮਾਜ ਵਿਰੋਧੀ ਤੱਤਾਂ 'ਤੇ ਹਰ ਪਲ ਨਜ਼ਰ ਰੱਖੀ ਜਾ ਸਕੇਗੀ, ਉਥੇ ਹੀ ਹੋਰ ਅਪਰਾਧਾਂ ਨੂੰ ਵੀ ਰੋਕਿਆ ਜਾ ਸਕੇਗਾ। ਕੈਪਟਨ ਅਮਰਿੰਦਰ ਸਿੰਘ ਵੱਲੋਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਪੰਜਾਬ ਪੁਲਿਸ ਅਤੇ ਸੂਬੇ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨਾਲ ਵਿਚਾਰ ਚਰਚਾ




ਕੀਤੀ ਜਾ ਚੁੱਕੀ ਹੈ ਅਤੇ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਸਖਤੀ ਨਾਲ ਨਜਿੱਠਣ 'ਤੇ ਜ਼ੋਰ ਦਿੱਤਾ ਗਿਆ ਹੈ। ਹਾਲ ਹੀ ਵਿਚ ਵਿਧਾਨ ਸਭਾ ਵਲੋਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਸਬੰਧੀ ਇਕ ਬਿਲ ਵੀ ਪਾਸ ਕੀਤਾ ਗਿਆ।

# ਅਕਾਲੀਆਂ ਤੇ ਕਾਂਗਰਸੀਆਂ ਦਾ ਫੂਲਕਾ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਪੰਜ ਸੀਨੀਅਰ ਕੈਬਨਿਟ ਮੰਤਰੀਆਂ ਤੇ ਅਕਾਲੀ ਦਲ ਆਮ ਆਦਮੀ ਪਾਰਟੀ ਦੇ ਵਿਧਾਇਕ ਐਚ.ਐਸ. ਫੂਲਕਾ ਨੂੰ ਅਸਤੀਫਾ ਦੇਣ ਦੀ ਧਮਕੀ ਉਤੇ ਘੇਰ ਲਿਆ ਹੈ। ਮੰਤਰੀਆਂ ਨੇ ਕਿਹਾ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਅਨੁਸਾਰ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਸਮਾਂਬੱਧ ਤੇ ਵਿਸਥਾਰਤ ਜਾਂਚ ਕੀਤੀ ਜਾਵੇਗੀ। ਮੰਤਰੀਆਂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀੜਤਾਂ ਨੂੰ ਨਿਆਂ ਦਿਵਾਉਣ ਵਾਲੇ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹਨ। ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸ੍ਰੀ ਫੂਲਕਾ ਵੱਲੋਂ 15 ਦਿਨਾਂ ਵਿਚ ਸ਼ੱਕੀਆਂ ਨੂੰ ਗ੍ਰਿਫਤਾਰ ਕਰਨ ਦਾ ਅਲਟੀਮੇਟਮ ਦੇਣਾ ਨਿਆਂ ਅਤੇ ਇਨਸਾਫ ਦੇ ਸਿਧਾਂਤ ਦੀ ਉਲੰਘਣਾ ਹੈ।

ਉਨ੍ਹਾਂ ਕਿਹਾ ਕਿ ਫੂਲਕਾ ਜੋ ਖੁਦ ਤਜਰਬੇਕਾਰ ਤੇ ਉਘੇ ਵਕੀਲ ਹਨ, ਕਾਨੂੰਨ ਅਤੇ ਇਨਸਾਫ ਤੋਂ ਚੰਗੀ ਤਰ੍ਹਾਂ ਵਾਕਿਫ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸੰਵੇਦਨਸ਼ੀਲ ਮੁੱਦੇ ਉਤੇ 'ਆਪ' ਆਗੂ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ। ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਦਬਾਅ ਦੇ ਬਿਨਾ 'ਵਿਸ਼ੇਸ਼ ਜਾਂਚ ਟੀਮ' ਨੂੰ ਆਜ਼ਾਦ ਅਤੇ ਨਿਰਪੱਖ ਤੌਰ ਉਤੇ ਕੰਮ ਕਰਨ ਦੀ ਇਜਾਜ਼ਤ ਦੇਣ ਲਈ ਸਹਿਯੋਗ ਦੇਣ। ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ



ਵਿਧਾਇਕ ਵੱਲੋਂ ਬੇਅਦਬੀ ਮਾਮਲੇ 'ਚ ਸਾਬਕਾ ਮੁੱਖ ਮੰਤਰੀ, ਸਾਬਕਾ ਡੀ.ਜੀ.ਪੀ. ਅਤੇ ਡੇਰਾ ਸੱਚਾ ਸੌਦਾ ਵਿਰੁੱਧ 15 ਦਿਨਾਂ ਵਿਚ ਕੇਸ ਦਰਜ ਕਰਨ ਦੀ ਮੰਗ ਗਲਤ ਹੈ ਤੇ ਪੰਜਾਬ ਸਰਕਾਰ ਅਜਿਹੇ ਕਿਸੇ ਦਬਾਅ ਹੇਠ ਹੇਠ ਆ ਕੇ ਕੰਮ ਨਹੀਂ ਕਰੇਗੀ ਕਿਉਂਕਿ ਅਜਿਹੇ ਲੋਕ ਭਾਵਨਾਵਾਂ ਨਾਲ ਜੁੜੇ ਮਾਮਲੇ 'ਚ ਸਰਕਾਰ ਸੰਜਮ ਤੇ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੰਮ ਕਰ ਰਹੀ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਸੁਪਰੀਮ ਕੋਰਟ ਬਾਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਵਿਧਾਨ ਸਭਾ ਵਿਚੋਂ ਅਸਤੀਫੇ ਦੀ ਧਮਕੀ ਦੇ ਕੇ ਗੈਰਕਾਨੂੰਨੀ ਤੌਰ 'ਤੇ ਝੂਠੇ ਅਤੇ ਆਧਾਰਹੀਣ ਕੇਸ ਦਰਜ ਕਰਵਾਉਣ ਦੇ ਯਤਨਾਂ ਬਦਲੇ ਐਡਵੋਕੇਟ ਫੂਲਕਾ ਦਾ ਲਾਇਸੈਂਸ ਰੱਦ ਕਰ ਕੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਐਡਵੋਕੇਟ ਫੂਲਕਾ ਪਿਛਲੇ ਕਈ ਵਰ੍ਹਿਆਂ ਤੋਂ ਸੁਪਰੀਮ ਕੋਰਟ ਵਿਚ ਪ੍ਰੈਕਟਿਸ ਕਰ ਰਹੇ ਹਨ, ਪਰ ਪੰਜਾਬ ਵਿਚ ਉਹ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਬਿਨਾ ਕਿਸੇ ਦੋਸ਼ ਤੇ ਬਿਨਾ ਕਿਸੇ ਸਬੂਤ ਤੋਂ ਕੇਸ ਦਰਜ ਕਰਵਾਉਣ ਲਈ ਕਾਂਗਰਸ ਸਰਕਾਰ ਨੂੰ ਧਮਕੀਆਂ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਐਡਵੋਕੇਟ ਫੂਲਕਾ ਦੀ ਇਹ ਕਾਰਵਾਈ ਨਾ ਸਿਰਫ ਗੈਰਕਾਨੂੰਨੀ ਤੇ ਗੈਰ ਸੰਵਿਧਾਨਕ ਹੈ, ਬਲਕਿ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਉਨ੍ਹਾਂ ਦੀ ਸਿਖਰ ਦੀ ਬੌਖਲਾਹਟ ਦਾ ਸਬੂਤ ਹੈ। ਉਨ੍ਹਾਂ ਨੇ ਐਡਵੋਕੇਟ ਫੂਲਕਾ ਨੂੰ ਵੀ ਸਵਾਲ ਕੀਤਾ ਕਿ ਉਹ ਦੱਸਣ ਕਿ ਕਿਹੜੇ ਕਾਨੂੰਨ ਤੇ ਨਿਯਮਾਂ ਤਹਿਤ ਬਾਦਲ ਖਿਲਾਫ ਕੇਸ ਦਰਜ ਕਰਨ ਦੀ ਮੰਗ ਕਰ ਰਹੇ ਹਨ।

# 15 ਦਸੰਬਰ ਤੋਂ ਹੋਣਗੀਆਂ ਐਨ. ਆਰ. ਆਈ. ਕਾਨਫਰੰਸਾਂ

**ਚੰਡੀਗੜ੍ਹ:** 'ਇੰਡਸ ਕੈਨੇਡਾ ਫਾਊਂਡੇਸ਼ਨ' ਵੱਲੋਂ 15 ਦਸੰਬਰ ਤੋਂ ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਵਿਚ 5 ਪਰਵਾਸੀ ਭਾਰਤੀ ਕਾਨਫਰੰਸ ਕਰਵਾਈਆਂ ਜਾ ਰਹੀਆਂ ਹਨ, ਜਿਸ ਦੌਰਾਨ ਨਨਕਾਣਾ ਸਾਹਿਬ ਫਰੈਂਡਸ਼ਿਪ ਹਾਕੀ ਮੈਚ ਵੀ ਕਰਵਾਏ ਜਾਣਗੇ, ਜਿਸ ਵਿਚ ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਹਾਕੀ ਟੀਮਾਂ ਵਿਚਕਾਰ ਮੁਕਾਬਲੇ ਹੋਣਗੇ।

ਫਾਊਂਡੇਸ਼ਨ ਦੇ ਚੇਅਰਮੈਨ ਗੁਰਿੰਦਰ ਸੋਢੀ ਅਤੇ ਪ੍ਰਧਾਨ ਵਿਕਰਮ ਬਾਜਵਾ ਨੇ ਐਲਾਨ ਕਰਦਿਆਂ ਦੱਸਿਆ ਕਿ ਪਰਵਾਸੀ ਭਾਰਤੀ ਸੰਮੇਲਨ ਦਾ ਉਦਘਾਟਨ 15 ਦਸੰਬਰ ਨੂੰ ਚੰਡੀਗੜ੍ਹ ਵਿਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਣ ਲਈ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਐਨ.ਆਰ.ਆਈ. ਕਾਨਫਰੰਸਾਂ ਦੇ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ 15 ਦਸੰਬਰ ਨੂੰ ਪਹਿਲੀ ਕਾਨਫਰੰਸ ਚੰਡੀਗੜ੍ਹ ਵਿਚ ਹੋਵੇਗੀ ਤੇ ਕਾਨਫਰੰਸਾਂ ਦਾ ਸਿਲਸਲਾ 19 ਦਸੰਬਰ ਤੱਕ ਚੱਲੇਗਾ। ਇਸ ਤੋਂ ਬਾਅਦ ਪੰਜਾਬ ਵਿਚ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਵਿਚ ਕਾਨਫਰੰਸਾਂ ਹੋਣਗੀਆਂ।

# ਕਾਲੇ ਦੌਰ ਦੇ ਦੋਸ਼ੀ ਪੁਲਿਸ ਅਫਸਰ ਪੁੱਜੇ ਮੋਦੀ ਸਰਕਾਰ ਦੀ ਸ਼ਰਨ

**ਚੰਡੀਗੜ੍ਹ:** ਹੁਣ ਜਦੋਂ ਦੇਸ਼ ਅਤੇ ਵਿਦੇਸ਼ ਦੀਆਂ ਮਨੁੱਖੀ ਹੱਕਾਂ ਬਾਰੇ ਜਥੇਬੰਦੀਆਂ ਸਜ਼ਾ ਭੁਗਤ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰ ਰਹੀਆਂ ਹਨ ਤਾਂ ਪੰਜਾਬ ਪੁਲਿਸ ਨੇ ਖਾੜਕੂਵਾਦ ਦੇ ਸਮੇਂ ਦੌਰਾਨ ਵੱਖ-ਵੱਖ ਦੋਸ਼ਾਂ ਤਹਿਤ ਘਿਰੇ ਕਈ ਪੁਲਿਸ ਅਫਸਰਾਂ ਨੂੰ ਰਾਹਤ ਦਿਵਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਪਹੁੰਚ ਕੀਤੀ ਹੈ। ਇਨ੍ਹਾਂ 'ਚੋਂ ਕੁਝ ਪੁਲਿਸ ਅਧਿਕਾਰੀ ਤਾਂ ਕਈ ਸਾਲਾਂ ਤੋਂ ਜੇਲ੍ਹਾਂ ਅੰਦਰ ਡੱਕੇ ਹੋਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਅਤੇ ਸੌਲਿਸਟਰ ਜਨਰਲ ਨਾਲ ਹੁਣੇ ਜਿਹੇ ਕੀਤੀਆਂ ਗਈਆਂ ਬੈਠਕਾਂ ਦੌਰਾਨ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ, ਜੋ ਅਗਲੇ ਮਹੀਨੇ ਸੇਵਾ ਮੁਕਤ ਹੋ ਰਹੇ ਹਨ, ਨੇ 'ਦਾਗੀ' ਪੁਲੀਸ ਅਫਸਰਾਂ ਪ੍ਰਤੀ ਹਮਦਰਦੀ ਵਾਲਾ ਵਤੀਰਾ ਅਪਨਾਉਣ ਲਈ ਕਿਹਾ ਹੈ।

ਉਨ੍ਹਾਂ ਦਾਅਵਾ ਕੀਤਾ ਹੈ ਕਿ ਦਹਿਸ਼ਤਗਰਦੀ ਵਿਰੋਧੀ ਉਪਰੇਸ਼ਨਾਂ ਦੌਰਾਨ ਫਰਜ਼ ਨਿਭਾਉਂਦਿਆਂ ਕੀਤੀਆਂ ਗਈਆਂ ਕਾਰਵਾਈਆਂ ਲਈ ਇਨ੍ਹਾਂ ਪੁਲਿਸ ਕਰਮੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਡੀ.ਜੀ.ਪੀ. ਨੇ ਕਬੂਲ ਕੀਤਾ ਕਿ ਵਿਭਾਗ ਨੇ ਮਾਨਵੀ ਆਧਾਰ ਅਤੇ ਨਵੀਆਂ ਚੁਣੌਤੀਆਂ ਦੇ ਮੁਕਾਬਲੇ ਲਈ ਪੁਲਿਸ ਦਾ ਮਨੋਬਲ ਬਣਾਈ ਰੱਖਣ ਵਾਸਤੇ ਇਹ ਅਪੀਲ ਕੀਤੀ ਹੈ। ਨਾਲ ਹੀ ਵਿਭਾਗ ਨੇ ਖਾੜਕੂਵਾਦ ਵੇਲੇ ਹੋਈਆਂ ਕੋਤਾਹੀਆਂ ਲਈ ਉਨ੍ਹਾਂ ਖਿਲਾਫ ਕਾਰਵਾਈ ਵੀ ਆਰੰਭੀ ਹੋਈ ਹੈ। ਖਾੜਕੂਵਾਦ ਵੇਲੇ ਪੰਜਾਬ ਪੁਲਿਸ ਦੀ ਅਗਵਾਈ ਕਰਨ ਵਾਲੇ ਸਾਬਕਾ ਡੀ.ਜੀ.ਪੀ. ਐਸ.ਐਸ ਵਿਰਕ ਦਾ ਕਹਿਣਾ ਹੈ ਕਿ ਸਾਰੇ ਦੋਸ਼ੀ ਪੁਲਿਸ ਅਧਿਕਾਰੀਆਂ ਨਾਲ ਇਕੋ ਜਿਹਾ ਵਤੀਰਾ ਨਹੀਂ ਅਪਨਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਹਰੇਕ ਕੇਸ ਦੀ ਪੜਤਾਲ ਮੈਰਿਟ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ। ਮੰਨਿਆ ਕਿ ਦਹਿਸ਼ਤਗਰਦੀ ਖਿਲਾਫ ਜੰਗ ਕੌਮੀ ਮਸਲਾ ਸੀ ਅਤੇ ਜਿਹੜੇ ਇਸ ਜੰਗ 'ਚ ਮੋਹਰੀ ਰਹੇ, ਉਨ੍ਹਾਂ ਦਾ ਬਚਾਅ ਕੀਤਾ ਜਾਣਾ ਚਾਹੀਦਾ ਹੈ ਪਰ ਜਿਹੜੇ ਅਧਿਕਾਰੀਆਂ ਨੇ ਮਨੁੱਖੀ ਹੱਕਾਂ ਦਾ ਘਾਣ ਅਤੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ, ਉਨ੍ਹਾਂ ਨੂੰ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ।

ਬੰਦੀ ਸਿੱਖਾਂ ਦੀ ਰਿਹਾਈ ਦੀਆਂ ਕੋਸ਼ਿਸ਼ਾਂ 'ਚ ਜੁਟੇ ਕਾਰਕੁਨ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਪੁਲਿਸ ਵਿਭਾਗ ਦੇ ਇਸ ਕਦਮ ਨਾਲ ਉਨ੍ਹਾਂ ਦੇ ਦੋਹਰੇ ਮਾਪਦੰਡਾਂ ਦਾ ਖੁਲਾਸਾ ਹੋ ਗਿਆ ਹੈ। ਉਨ੍ਹਾਂ ਦਾਅਵਾ ਕੀਤਾ, ਸਰਕਾਰ 'ਦਾਗੀ' ਪੁਲਿਸ ਅਧਿਕਾਰੀਆਂ ਨੂੰ ਬਚਾਅ ਰਹੀ ਹੈ ਜਿਸ ਕਰ ਕੇ ਉਨ੍ਹਾਂ ਖਿਲਾਫ ਮੁਕੱਦਮੇ ਸ਼ੁਰੂ ਹੀ ਨਹੀਂ ਹੋਏ ਜਾਂ ਬਹੁਤ ਦੇਰੀ ਨਾਲ ਸ਼ੁਰੂ ਹੋਏ ਹਨ। ਉਧਰ, ਸਜ਼ਾਵਾਂ ਭੁਗਤ ਚੁੱਕੇ ਅਹਿਮ 20 ਸਿੱਖ ਬੰਦੀ ਅਜੇ ਵੀ ਜੇਲ੍ਹਾਂ 'ਚ ਬੰਦ ਹਨ। ਪੁਲਿਸ ਤੋਂ ਮਿਲੇ ਅੰਕੜਿਆਂ ਮੁਤਾਬਕ ਸੀ.ਬੀ.ਆਈ. ਨੇ 1993 ਤੋਂ 1998 ਦਰਮਿਆਨ 188 ਪੁਲਿਸ ਕਰਮੀਆਂ ਖਿਲਾਫ ਕੇਸ ਦਰਜ ਕੀਤੇ ਸਨ। ਇਨ੍ਹਾਂ ਵਿਚੋਂ 43 ਦੀ ਮੌਤ ਕੇਸ ਬਕਾਇਆ ਰਹਿੰਦੇ ਹੀ ਹੋ ਗਈ ਸੀ। ਬਾਕੀ ਰਹਿੰਦੇ 80 ਪੁਲਿਸ ਕਰਮੀ 75 ਸਾਲ ਤੋਂ ਵਧ ਉਮਰ ਦੇ ਹਨ। 70 ਪੁਲਿਸ ਕਰਮੀ ਜੇਲ੍ਹਾਂ ਅੰਦਰ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ। ਉਹ ਵੱਖ-ਵੱਖ ਸਮਿਆਂ 'ਤੇ ਪੈਰੋਲ ਜਾਂ ਜ਼ਮਾਨਤ ਉਤੇ ਬਾਹਰ ਆਉਂਦੇ ਰਹੇ ਹਨ। ਕੇਸਾਂ ਦੇ ਬਕਾਇਆ ਰਹਿੰਦਿਆਂ ਸੇਵਾ ਮੁਕਤ ਹੋਏ 83 ਪੁਲਿਸ ਕਰਮੀਆਂ ਨੇ ਪੂਰੀ ਪੈਨਸ਼ਨ ਲਈ ਵੱਖਰੇ ਤੌਰ 'ਤੇ ਪਟੀਸ਼ਨਾਂ ਦਾਖਲ ਕੀਤੀਆਂ ਹੋਈਆਂ ਹਨ। ਇਨ੍ਹਾਂ 'ਚੋਂ 20 ਨੂੰ ਸਜ਼ਾ ਹੋ ਚੁੱਕੀ ਹੈ ਅਤੇ ਪੰਜ ਨੇ ਖੁਦਕੁਸ਼ੀ ਕਰ ਲਈ ਅਤੇ ਤਿੰਨ ਬਿਮਾਰੀ ਕਾਰਨ ਮਾਰੇ ਗਏ। ਇਨ੍ਹਾਂ ਵਿਚੋਂ ਇਕ ਐਸ.ਪੀ. ਰਾਮ ਸਿੰਘ ਗੁਰਦੇ ਫੇਲ੍ਹ ਹੋਣ ਕਾਰਨ ਅੰਮ੍ਰਿਤਸਰ ਜੇਲ੍ਹ 'ਚ ਹੀ ਮਰ ਗਿਆ ਸੀ ਅਤੇ ਉਸ ਨੂੰ ਫਰਜ਼ੀ ਪੁਲਿਸ ਮੁਕਾਬਲੇ ਦੇ ਇਕ ਕੇਸ 'ਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ।

# ਪੰਜਾਬ ਦੇ ਪਾਣੀਆਂ 'ਚ ਘੁਲਿਆ ਜ਼ਹਿਰ


**ਪਟਿਆਲਾ:** ਪੰਜਾਬ ਵਿਚ ਧਰਤੀ ਹੇਠਲੇ ਪਾਣੀ ਵਿਚ ਹਾਨੀਕਾਰਕ ਤੱਤ 'ਫਲੋਰਾਈਡ' ਦੀ ਮਾਤਰਾ ਖਤਰਨਾਕ ਹੱਦ ਤੱਕ ਪਹੁੰਚ ਗਈ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਲੋਕ ਹੱਡੀਆਂ ਅਤੇ ਦੰਦਾਂ ਦੀਆਂ ਬਿਮਾਰੀਆਂ ਤੋਂ ਪੀੜਤ ਹੋਣਗੇ। ਇਸ ਸਬੰਧੀ ਪੰਜਾਬ ਦੇ 285 ਪਿੰਡਾਂ ਦਾ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਸਰਵੇ ਕੀਤਾ ਗਿਆ ਸੀ, ਜਿਸ ਦੀ ਜਾਂਚ ਰਿਪੋਰਟ ਵਿਚ 'ਫਲੋਰਾਈਡ' ਦੀ ਸਹੀ ਮਾਤਰਾ 1.5 ਤੋਂ ਘੱਟ ਕਿਸੇ ਵੀ ਪਿੰਡ ਵਿਚ ਨਹੀਂ ਹੈ।

ਅੰਮ੍ਰਿਤਸਰ ਦੇ ਪਿੰਡ ਕਲਰਬਾਲਾ ਪਾਈ ਵਿਚ 4.77 'ਫਲੋਰਾਈਡ' ਅਤੇ ਬਰਨਾਲਾ ਦੇ ਪਿੰਡ ਕਾਲੇਕੇ, ਬਠਿੰਡਾ ਦੇ ਪਿੰਡ ਭੂੰਦੜ, ਫਤਿਹਗੜ੍ਹ ਸਾਹਿਬ ਦੇ ਪਿੰਡ ਹਰਨਾ, ਪਤਾਰਸੀ ਖੁਰਦ 'ਚ 2.64 ਤੋਂ ਘੱਟ ਫਲੋਰਾਈਡ ਦੀ ਮਾਤਰਾ ਨਹੀਂ ਆਈ। ਫਾਜ਼ਿਲਕਾ ਦੇ ਪਿੰਡ ਘੜੁਮੀ ਵਿਚ 2.72, ਸਾਮਾਨਸਾ ਦੇ ਪਿੰਡ ਫੂਸ ਮੰਡੀ ਤੇ ਧੁਵਾਲਾ ਵਿਚ 2.52, ਪਠਾਨਕੋਟ ਦੇ ਪਿੰਡ ਗੰਡੇਪਿੰਡੀ ਤੇ ਖੋਖਰ ਕੋਟਲੀ ਵਿਚ 3.6, ਪਟਿਆਲਾ ਦੇ ਪਿੰਡ ਅਬਦੁਲਪੁਰ, ਪਰੌੜ, ਉਪਲੀ, ਬਲਾਕ ਘਨੌਰ ਤੇ ਪਿੰਡ ਬਲੇਪੁਰ, ਬੀਬੀਪੁਰ, ਚਲਹੇੜੀ, ਚਤਰਨਗਰ ਵਿਚ 5.2, ਫਰੀਦਪੁਰ ਜੱਟਾਂ, ਗੰਡਿਆਂ, ਘੱਗਰ ਸਰਾਏ, ਘੁੰਗਰਾਂ, ਹਸਨਪੁਰ ਜੱਟਾਂ, ਕਾਮੀ ਕਲਾਂ, ਖੈਰਪੁਰ ਸ਼ੇਖਾ, ਖਾਨਪੁਰ ਗੰਡਿਆਂ, ਖੇੜੀ ਮੰਡਲਾਂ, ਕੁੱਥਖੇੜੀ, ਲੋਚਮਾ, ਮਦਨਪੁਰ, ਮੱਗਰ, ਨਰੜੂ, ਨੱਥੂਮਾਜਰਾ, ਪਹਾੜੀਪੁਰ, ਪੰਡਤਾਂ ਖੇੜੀ, ਪਿੱਪਲ ਮੰਗੋਲੀ, ਸਾਹਲ, ਸਲੇਮਪੁਰ ਸ਼ੇਖਾਂ, ਸਨੌਲੀਆਂ, ਸ਼ਾਹਪੁਰ ਅਰਾਈਆਂ, ਸੇਖੂਪੁਰ, ਸੂਹਰੋਂ, ਤੇਪਲਾ, ਉਲਾਣਾ, ਬਲਾਕ ਪਟਿਆਲਾ ਦੇ ਚਮਾਰਹੇੜੀ, ਦੌਲਤਪੁਰ ਫਕੀਰਾਂ, ਮਹਿਮੂਦਪੁਰ ਅਾੜੀਆਂ, ਮਿਰਜ਼ਾਪੁਰ, ਰੀਠਖੇੜੀ, ਸੈਫਦੀਪੁਰ, ਬਲਾਕ ਰਾਜਪੁਰਾ ਦੇ ਪਿੰਡ ਅਕਬਰਪੁਰ, ਭੱਪਲ, ਭਟੇੜੀ, ਚੱਕ ਕਲਾਂ, ਚੰਦੂਆਂ ਖੁਰਦ, ਢਕਾਨਸੂ ਕਲਾਂ ਤੇ ਖੁਰਦ, ਫਰੀਦਪੁਰ, ਫਰੀਦਪੁਰ ਗੁੱਜਰਾਂ, ਇਸਲਾਮਪੁਰ, ਖੈਰਪੁਰ ਜੱਟਾਂ, ਖਰਾਜਪੁਰ, ਮੰਗਪੁਰ, ਮਹਿਮਾ, ਨਲਾਸ ਕਲਾਂ, ਨੀਲਪੁਰ, ਪੱਬਰੀ, ਉਗਾਣਾ, ਬਲਾਕ ਸਨੌਰ ਤੇ ਮੇਹਰਗੜ੍ਹ ਬੱਤਾ ਅਤੇ ਬੱਤੀ ਆਦਿ ਹੋਰ ਕਈ ਸਾਰੇ ਪਿੰਡਾਂ ਵਿਚ 'ਫਲੋਰਾਈਡ' ਦੀ ਮਾਤਰਾ 2.52 ਤੋਂ 8.7 ਤੱਕ ਦਰਜ ਕੀਤੀ ਗਈ।

ਜ਼ਿਲ੍ਹਾ ਸੰਗਰੂਰ ਦੇ ਪਿੰਡ ਘਨੌਟ, ਘਮੌਡ ਘਾਟ, ਰਾਗਗੜ੍ਹ ਗੁੱਜਰਾਂ, ਰਾਮਪੁਰ ਗੁੱਜਰਾਂ, ਭਾਰੋ, ਡੇਹਲੇਵਾਲ, ਢੀਂਡਸਾ, ਲਹਿਲ ਖੁਰਦ, ਭਾਈ ਕੇ ਪਸ਼ੌਰ, ਖਾਨਪੁਰ, ਘਨੌਰ ਰਾਜਪੂਤਾਂ, ਖਾਨਗੜ੍ਹ, ਖੇੜਲਾ, ਸੰਤਪੁਰਾ, ਸੇਰੋਂ, ਸਿਹਾਲ ਵਿਚ 2.7 ਤੋਂ 4.2 ਤੱਕ 'ਫਲੋਰਾਈਡ' ਦੀ ਮਾਤਰਾ ਹੈ।

# ਰਾਜਨੀਤੀ ਦੇ ਤਖਤ ਲਈ ਪੰਜਾਬ ਦੀ ਜਵਾਨੀ ਦਾ ਘਾਣ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮਸਲੇ ਮਨੁੱਖਤਾ ਲਈ ਦੁਨੀਆਂ ਦੇ ਪੱਧਰ ਉਤੇ ਵੀ ਬਹੁਤ ਹਨ ਤੇ ਭਾਰਤ ਦੇ ਵੱਖ-ਵੱਖ ਰਾਜਾਂ ਵੱਲ ਝਾਤੀ ਮਾਰੀ ਜਾਵੇ ਤਾਂ ਉਥੇ ਵੀ ਹਰ ਥਾਂ ਸਮੱਸਿਆਵਾਂ ਦੇ ਅੰਬਾਰ ਲੱਗੇ ਨਜ਼ਰ ਆਉਂਦੇ ਹਨ। ਪੰਜਾਬ ਦੇ ਇਸ ਵਰਤਾਰੇ ਤੋਂ ਵੱਖਰਾ ਹੋਣ ਦੀ ਆਸ ਨਹੀਂ ਹੋ ਸਕਦੀ, ਬਲਕਿ ਇਸ ਦੀ ਝੋਲੀ ਹੋਰਨਾਂ ਨਾਲੋਂ ਵੱਧ ਸਮੱਸਿਆਵਾਂ ਪਈਆਂ ਹਨ। ਇਸ ਦੇ ਲੋਕਾਂ ਦੀ ਅਗਲੀ ਪੀੜ੍ਹੀ ਨੂੰ ਭਵਿੱਖ ਦੀ ਕੋਈ ਆਸ ਨਹੀਂ ਦਿੱਸ ਰਹੀ। ਨੌਕਰੀਆਂ ਪੂਰੇ ਦੇਸ਼ ਵਿਚ ਨਹੀਂ ਰਹੀਆਂ, ਪੰਜਾਬੀ ਨੌਜਵਾਨਾਂ ਲਈ ਵੀ ਨਹੀਂ ਰਹੀਆਂ।

ਕਿਸੇ ਸਮੇਂ ਫੌਜ ਵਿਚ ਵੱਡੀ ਗਿਣਤੀ ਪੰਜਾਬੀ ਮੁੰਡੇ ਭਰਤੀ ਹੁੰਦੇ ਸਨ। ਅਕਾਲੀ ਲੀਡਰਸ਼ਿਪ ਇਹ ਮੰਗ ਕਰਦੀ ਹੁੰਦੀ ਸੀ ਕਿ ਫੌਜ ਦੀ ਭਰਤੀ ਲਈ ਕੋਟਾ ਸਿਸਟਮ ਖਤਮ ਕਰ ਕੇ ਜੁੱਸੇ ਦੇ ਮੁਤਾਬਕ ਭਰਤੀ ਕਰਿਆ ਕਰੋ, ਤਾਂ ਜੁ ਨਰੋਏ ਜੁੱਸੇ ਵਾਲੇ ਪੰਜਾਬੀ ਗੱਭਰੂ ਵੱਧ ਗਿਣਤੀ ਵਿਚ ਭਰਤੀ ਹੋ ਜਾਣ। ਪਿਛਲੇ ਕਈ ਸਾਲਾਂ ਤੋਂ ਅਕਾਲੀ ਦਲ ਨੇ ਇਹ ਮੰਗ ਛੱਡ ਦਿੱਤੀ ਹੈ। ਕਾਰਨ ਇਹ ਨਹੀਂ ਕਿ ਨੌਕਰੀਆਂ ਦੀ ਲੋੜ ਨਹੀਂ, ਸਗੋਂ ਇਹ ਹੈ ਕਿ ਪੰਜਾਬੀ ਗੱਭਰੂਆਂ ਦੀ ਜਵਾਨੀ ਨੂੰ ਸਿਆਸੀ ਸਿਉਂਕ ਲੱਗਣ ਕਾਰਨ ਉਹ ਬਾਕੀਆਂ ਨਾਲ ਜੁੱਸੇ ਦੇ ਨਰੋਏ ਹੋਣ ਦਾ ਮੁਕਾਬਲਾ ਕਰਨੋਂ ਪਛੜਨ ਲੱਗੇ ਹਨ।

ਲੰਮਾ ਸਮਾਂ ਸਰਕਾਰੀ ਸਕੂਲਾਂ ਦੇ ਪੜ੍ਹੇ ਬੱਚਿਆਂ ਦੇ ਅਫਸਰੀ ਪੋਸਟਾਂ ਲਈ ਸਿਲੈਕਟ ਹੋਣ ਦਾ ਸਾਡਾ ਰਿਕਾਰਡ ਸੀ। ਅੱਜ-ਕੱਲ੍ਹ ਸਰਕਾਰੀ ਸਕੂਲਾਂ ਦਾ ਭੋਗ ਪਾਇਆ ਜਾ ਰਿਹਾ ਹੈ ਤੇ ਇਸ ਦੀ ਥਾਂ ਮੋਟੀਆਂ ਫੀਸਾਂ ਲੈ ਕੇ ਅੱਧ-ਪਚੱਧੀ ਤਨਖਾਹ 'ਤੇ ਰੱਖੇ ਟੀਚਰਾਂ ਤੋਂ ਪੜ੍ਹਾਈ ਕਰਵਾਉਣ ਵਾਲੇ ਸਕੂਲਾਂ ਦੀ ਗਿਣਤੀ ਵਧੀ ਜਾਂਦੀ ਹੈ। ਖੇਤੀ ਕਈ ਪੀੜ੍ਹੀਆਂ ਤੋਂ ਪੰਜਾਬੀਆਂ ਦਾ ਮਨ-ਭਾਉਂਦਾ ਕਿੱਤਾ ਖਿੱਚ-ਪਾਊ ਨਹੀਂ ਰਿਹਾ ਤੇ ਆਵਾਰਾ ਗਾਈਆਂ ਦੇ ਚੌਣੇ ਨੇ ਹਾਲੇ ਤੱਕ ਵੀ ਬਾਪ-ਦਾਦੇ ਦੇ ਕਿੱਤੇ ਨਾਲ ਜੁੜੇ ਹੋਏ ਕਿਸਾਨਾਂ ਦਾ ਮਨ ਖੱਟਾ ਕਰ ਦਿੱਤਾ ਹੈ। ਏਦਾਂ ਦੇ ਕਈ ਹੋਰ ਵੀ ਭਖਦੇ ਮੁੱਦੇ ਹਨ ਪੰਜਾਬ ਦੇ।

ਬਿਨਾ ਸ਼ੱਕ ਇਹ ਬੜੇ ਅਹਿਮ ਮੁੱਦੇ ਹਨ ਪੰਜਾਬ ਦੇ, ਪਰ ਪੰਜਾਬ ਇਸ ਵਕਤ ਇਨ੍ਹਾਂ ਸਾਰੇ ਮੁੱਦਿਆਂ ਤੋਂ ਅਲੋਕਾਰ ਮੁੱਦੇ 'ਤੇ ਉਲਝਿਆ ਪਿਆ ਹੈ। ਤਿੰਨ ਸਾਲ ਪਹਿਲਾਂ ਮਾਲਵੇ ਦੇ ਇੱਕ ਪਿੰਡ ਵਿਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋ ਗਈ ਤੇ ਕੁਝ ਦਿਨ ਪਿੱਛੋਂ ਉਸ ਦੇ ਪੱਤਰੇ ਕਈ ਪਿੰਡਾਂ ਵਿਚ ਸੁੱਟੇ ਹੋਏ ਮਿਲੇ ਸਨ। ਗੁਰਬਾਣੀ ਨੂੰ ਗੁਰੂ ਮੰਨਣ ਵਾਲੇ ਲੋਕਾਂ ਦੀ ਨਜ਼ਰ ਵਿਚ ਇਹ ਪੱਤਰੇ ਨਹੀਂ, ਗੁਰੂ ਸਾਹਿਬ ਦੇ ਅੰਗ ਸਨ ਤੇ ਉਸ ਵੇਲੇ ਦੀ ਸਰਕਾਰ ਨੇ ਇਸ ਮੁੱਦੇ ਨੂੰ ਸੰਭਾਲਣ ਦੀ ਥਾਂ ਵਧਦਾ ਜਾਣ ਦਿੱਤਾ ਸੀ, ਤਾਂ ਕਿ ਇਸ ਦਾ ਸਿਆਸੀ ਲਾਭ ਲੈ ਸਕੇ। ਲੋਕਾਂ ਰੋਸ ਕੀਤਾ ਤਾਂ ਫੋਰਸ ਲਿਆ ਕੇ ਅਗਲਾ ਕਾਂਡ ਕਰਵਾ ਦਿੱਤਾ। ਜਦੋਂ ਸਾਰੇ ਪੰਜਾਬ 'ਚ ਇਸ ਦੇ ਵਿਰੋਧ ਦੀ ਲਹਿਰ ਉਠ ਖੜੋਤੀ ਤਾਂ ਇਸ ਰਾਜ ਦੀ ਭਵਿੱਖ ਦੀ ਸਿਆਸੀ ਚੌਧਰ ਦੇ ਸੁਫਨੇ ਲੈਂਦੇ ਛੋਟੀ ਉਮਰ ਤੇ ਵੱਡੇ ਅਹੁਦੇ ਵਾਲੇ ਆਗੂ ਦੀ ਭੁੱਲ ਨਾਲ ਅਜਿਹੀ ਸਥਿਤੀ ਪੈਦਾ ਹੋ ਗਈ, ਜਿਸ ਦਾ ਹੱਲ ਅੱਜ ਤੱਕ ਨਹੀਂ ਨਿਕਲ ਸਕਿਆ।

ਲੋਕਾਂ ਦਾ ਇਕ ਵੱਡਾ ਵਰਗ ਇਸ ਸੋਚ ਨਾਲ ਖੜਾ ਹੈ ਕਿ ਸਰਸਾ ਡੇਰੇ ਵਾਲੇ ਬਲਾਤਕਾਰੀ ਬਾਬੇ ਨਾਲ ਸੌਦਾ ਮਾਰ ਕੇ ਅਣ-ਮੰਗੀ ਮੁਆਫੀ ਦਿੱਤੀ ਗਈ ਤੇ ਇਸ ਦਾ ਵਿਰੋਧ ਹੁੰਦਾ ਵੇਖ ਕੇ ਇਸ ਮੁਆਫੀਨਾਮੇ ਉਤੇ ਕਾਟਾ ਮਾਰਨ ਦੇ ਹਾਲਾਤ ਤੋਂ ਲੋਕਾਂ ਦਾ ਧਿਆਨ ਹਟਾਉਣ ਦੇ ਲਈ ਪੰਜਾਬ ਦੇ ਲੋਕਾਂ ਮੂਹਰੇ ਬੇਅਦਬੀ ਕਾਂਡ ਦਾ ਦ੍ਰਿਸ਼ ਮਿੱਥ ਕੇ ਸਿਰਜਿਆ ਗਿਆ ਸੀ। ਫਿਰ ਇਸ ਦੀ ਜਾਂਚ ਦਾ ਮਕਰ ਕਰਨ ਲਈ ਵਿਖਾਵੇ ਦਾ ਇੱਕ ਜਾਂਚ ਕਮਿਸ਼ਨ ਬਿਠਾਇਆ ਗਿਆ, ਜਿਸ ਦੀ ਕਮਾਂਡ ਮਨ-ਪਸੰਦ ਜੱਜ ਨੂੰ ਫੜਾਈ ਗਈ, ਪਰ ਜਦੋਂ ਇਹ ਪਤਾ ਲੱਗਾ ਕਿ ਮਨ-ਪਸੰਦ ਜੱਜ ਦੀ ਅੱਧੀ-ਅਧੂਰੀ ਜਾਂਚ ਰਿਪੋਰਟ ਵੀ ਮਨ-ਪਸੰਦ ਦੀ ਨਹੀਂ ਆਈ ਤਾਂ ਨਾ ਉਹ ਰਿਪੋਰਟ ਪ੍ਰਵਾਨ ਕੀਤੀ, ਨਾ ਰੱਦ ਕਰਨ ਦੀ ਹਿੰਮਤ ਹੋਈ ਤੇ ਨੁੱਕਰ ਵਿਚ ਸੁੱਟ ਕੇ ਤੁਰਦੇ ਬਣੇ। ਨਵੀਂ ਸਰਕਾਰ ਨੇ ਨਵਾਂ ਜਾਂਚ ਕਮਿਸ਼ਨ ਬਣਾ ਦਿੱਤਾ। ਜਦੋਂ ਨਵੇਂ ਕਮਿਸ਼ਨ ਦੀ ਰਿਪੋਰਟ ਆਈ ਤਾਂ ਪਿਛਲੀ ਸਰਕਾਰ ਵਾਲਿਆਂ ਦੀ ਉਸ ਦਾ ਸਾਹਮਣਾ ਕਰਨ ਦੀ ਵੀ ਹਿੰਮਤ ਨਾ ਪਈ। ਉਸ ਨਾਲ ਉਨ੍ਹਾਂ ਲਈ ਏਦਾਂ ਦੇ ਹਾਲਾਤ ਪੈਦਾ ਹੋ ਗਏ ਕਿ ਲੋਕਾਂ 'ਚ ਜਾਣਾ ਔਖਾ ਹੋ ਗਿਆ।

ਪੰਜਾਬੀ ਦਾ ਅਖਾਣ ਹੈ ਕਿ 'ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ।' ਇਹ ਇਸ ਵਕਤ ਅਕਾਲੀ ਦਲ ਦੇ ਮੁਹਰੈਲ ਪਰਿਵਾਰ ਉਤੇ ਫਿੱਟ ਬੈਠਦਾ ਹੈ। ਪਾਰਟੀ ਅੰਦਰ ਟਕਸਾਲੀ ਆਗੂ ਨੁੱਕਰੇ ਲਾਉਣ ਵਾਲੀ ਲੀਡਰਸ਼ਿਪ ਨੂੰ ਮੁੜ ਕੇ ਘਰਾਂ ਤੋਂ ਬੁੱਢੇ ਲੀਡਰ ਲਿਆਉਣੇ ਤੇ ਉਨ੍ਹਾਂ ਨੂੰ ਆਪਣੀ ਢਾਲ ਬਣਾਉਣਾ ਪੈ ਗਿਆ ਹੈ।

ਪੰਜਾਬੀ ਦਾ ਇਹ ਵੀ ਅਖਾਣ ਹੈ ਕਿ ਬਰਾਤੇ ਜਾਣ ਲੱਗੇ ਛੋਕਰੇ ਆਪਣੇ ਨਾਲ ਇੱਕ ਸੰਦੂਕ ਵਿਚ ਇੱਕ ਬੁੱਢਾ ਲੁਕਾ ਕੇ ਲੈ ਗਏ ਸਨ, ਤਾਂ ਕਿ ਕਸੂਤੇ ਵਕਤ ਕੋਈ ਅਕਲ ਦੀ ਗੱਲ ਕਹਿ ਕੇ ਔਝੜ ਵਿਚੋਂ ਕੱਢਣ ਦਾ ਜੁਗਾੜ ਕਰ ਸਕੇ। ਅਕਾਲੀ ਦਲ ਦੀ ਅਜੋਕੀ ਗਭਰੇਟ ਲੀਡਰਸ਼ਿਪ ਨੇ ਆਪਣੇ ਘਰ ਵਿਚਲੇ ਬਾਬੇ ਵੀ ਖੂੰਜੇ ਲਾਏ ਪਏ ਸਨ ਤੇ ਉਨ੍ਹਾਂ ਦੀ ਤਜਰਬੇ ਦੀ ਗੱਲ ਨੂੰ ਸੱਤਰੇ-ਬਹੱਤਰੇ ਬੁੜ੍ਹਿਆਂ ਦੀ ਬੁੜ-ਬੁੜ ਮੰਨਦੀ ਰਹੀ ਸੀ। ਸੰਕਟ ਦੀ ਘੜੀ ਆਈ ਤੋਂ ਉਨ੍ਹਾਂ ਨੂੰ ਅੱਗੇ ਕੀਤਾ, ਪਰ ਉਨ੍ਹਾਂ ਦੀ ਗੱਲ ਕੋਈ ਨਹੀਂ ਮੰਨੀ। ਅਜੋਕੇ ਸਮੇਂ ਦੀ ਲੀਡਰਸ਼ਿਪ ਅੱਜ ਵੀ ਇਸ ਵਹਿਮ ਹੇਠ ਹੈ ਕਿ ਅਕਲ ਦਾ ਸਾਰਾ ਪਰਮਿਟ ਸਾਡੇ ਨਾਂ ਅਲਾਟ ਹੋਇਆ ਸੀ।

ਬਹੁਤ ਸਾਲਾਂ ਤੱਕ ਅਸੀਂ ਇਹ ਗੱਲ ਸੁਣਦੇ ਆਏ ਕਿ ਧਰਮ ਤੇ ਰਾਜਨੀਤੀ ਦੇ ਮੇਲ ਨਾਲ ਰਾਜਨੀਤੀ ਕੁਰਾਹੇ ਪੈਣ ਤੋਂ ਬਚੀ ਰਹੇਗੀ ਤੇ ਧਰਮ ਨੂੰ ਜਦੋਂ ਰਾਜਨੀਤੀ ਦੀ ਧਿਰ ਮਿਲੀ ਤਾਂ ਇਹ ਅੱਗੇ ਵਧੇਗਾ। ਇਸ ਸੋਚ ਦੇ ਧਾਰਨੀ ਲੋਕ ਇਹ ਗੱਲ ਨਹੀਂ ਸੋਚਦੇ ਕਿ ਇਸ ਧਾਰਨਾ ਵਿਚ ਏਨਾ ਦਮ ਹੁੰਦਾ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਸਿੱਖਾਂ ਨੂੰ ਜਦੋਂ ਪਹਿਲੀ ਵਾਰੀ ਹਕੂਮਤ ਮਿਲੀ ਤਾਂ ਉਦੋਂ ਧਰਮ ਦੇ ਕੁੰਡੇ ਹੇਠ ਲਾਹੌਰ, ਕਪੂਰਥਲਾ, ਫਰੀਦਕੋਟ, ਪਟਿਆਲਾ, ਨਾਭਾ ਜਾਂ ਜੀਂਦ ਦੀਆਂ ਰਿਆਸਤਾਂ ਵੱਖ-ਵੱਖ ਨਹੀਂ ਸਨ ਚੱਲਦੀਆਂ ਰਹਿਣੀਆਂ, ਇੱਕੋ ਖਾਲਸਾ ਰਾਜ ਹੋਣਾ ਸੀ। ਲਾਹੌਰ ਦੇ ਰਾਜਾ ਰਣਜੀਤ ਸਿੰਘ ਨੇ ਫਰੀਦਕੋਟ ਦੀ ਸਿੱਖ ਰਿਆਸਤ ਉਤੇ ਹਮਲਾ ਨਹੀਂ ਸੀ ਕਰਨਾ ਤੇ ਉਸ ਨੂੰ ਅੰਗਰੇਜ਼ਾਂ ਦੀ ਸ਼ਰਣ ਜਾਣ ਲਈ ਮਜਬੂਰ ਨਹੀਂ ਸੀ ਹੋਣਾ ਪੈਣਾ।


ਰਾਜ ਕਦੇ ਵੀ ਧਰਮ ਦੇ ਅਧੀਨ ਹੋ ਕੇ ਨਹੀਂ ਚੱਲ ਸਕਿਆ। ਜਦੋਂ ਵੀ ਧਰਮ ਦੇ ਨਾਲ ਰਾਜਨੀਤੀ ਦਾ ਜੋੜ ਜੋੜਨ ਦਾ ਯਤਨ ਕੀਤਾ ਗਿਆ, ਇਹ ਜੋੜ ਅੰਤ ਵਿਚ ਰਾਜ ਦੇ ਪੱਖ ਵਿਚ ਭੁਗਤਿਆ ਤੇ ਅੱਜ ਵੀ ਏਨਾ ਭੁਗਤ ਰਿਹਾ ਹੈ ਕਿ ਮੁਕਤਸਰ ਤੋਂ ਰਾਜ ਪਰਿਵਾਰ ਦੇ ਤੁਰਦੇ ਸਾਰ ਅੰਮ੍ਰਿਤਸਰ ਦਰਬਾਰ ਸਾਹਿਬ ਅੰਦਰ ਉਨ੍ਹਾਂ ਨੂੰ ਬਿਠਾਉਣ ਲਈ ਉਚੇਚੀ ਥਾਂ ਦਾ ਪ੍ਰਬੰਧ ਕੀਤਾ ਜਾਣ ਲੱਗਦਾ ਹੈ। ਰਾਜਨੀਤਕ ਧੌਂਸ ਵਾਲੀ ਖਾਸ ਧਿਰ ਦਾ ਸਿੱਖਾਂ ਦੇ ਧਾਰਮਿਕ ਤਖਤਾਂ ਦੇ ਮੁਖੀਆਂ ਉਤੇ ਏਡਾ ਵੱਡਾ ਛੱਪਾ ਪਿਆ ਹੋਇਆ ਹੈ ਕਿ ਅਕਾਲੀ ਫੂਲਾ ਸਿੰਘ ਵੱਲੋਂ ਉਸ ਵਕਤ ਦੇ ਰਾਜੇ ਨੂੰ ਸੱਦਣ ਵਾਂਗ ਅੱਜ ਵਾਲੇ ਜਥੇਦਾਰ ਅੱਜ ਦੇ ਰਾਜਸੀ ਆਗੂਆਂ ਨੂੰ ਸੱਦਣ ਦੀ ਜੁਰਅੱਤ ਕਰਨ ਜੋਗੇ ਨਹੀਂ ਰਹਿ ਗਏ, ਉਲਟਾ ਉਨ੍ਹਾਂ ਤੋਂ ਹਦਾਇਤਾਂ ਲੈਣ ਲਈ ਰਾਜਸੀ ਆਗੂਆਂ ਦੇ ਕਿਲ੍ਹਿਆਂ ਵਰਗੇ ਘਰਾਂ ਵਿਚ ਹਾਜ਼ਰੀ ਭਰਨ ਜਾਣ ਲੱਗ ਪਏ ਹਨ। ਧਰਮ ਧੱਕੇ ਨਾਲ ਉਸ ਰਾਜਨੀਤੀ ਦਾ ਪਿਛਲੱਗ ਬਣਾਇਆ ਪਿਆ ਹੈ, ਜਿਸ ਨੂੰ ਸੁਧਾਰਨ ਦਾ ਦਾਅਵਾ ਕੀਤਾ ਜਾਂਦਾ ਸੀ।

ਆਮ ਹਾਲਾਤ ਵਿਚ ਗੁਰੂ ਦੇ ਸਿੱਖਾਂ ਨੂੰ ਗੁਰੂ ਦੀ ਸਿੱਖਿਆ ਆਪ ਪੜ੍ਹਨ ਤੇ ਵਿਚਾਰਨ ਦੇ ਬਾਅਦ ਇਸ ਔਝੜ ਵਾਲੇ ਹਾਲਾਤ ਵਿਚ ਧਰਮ ਨਾਲ ਧੱਕਾ ਕਰਨ ਵਾਲੇ ਰਾਜਸੀ ਲੀਡਰਾਂ ਨੂੰ ਅਹਿਸਾਸ ਕਰਵਾ ਦੇਣਾ ਚਾਹੀਦਾ ਸੀ ਕਿ ਉਹ ਖੁਦ ਨੂੰ ਖੁਦਾ ਨਾਲ ਇੱਕ-ਮਿੱਕ ਹੋਏ ਹੋਣ ਦਾ ਭਰਮ ਨਾ ਪਾਲਣ। ਸਿੱਖ ਏਦਾਂ ਨਹੀਂ ਕਰ ਸਕੇ। ਕਾਰਨ ਲੱਭਣ ਦਾ ਯਤਨ ਕਰੀਏ ਤਾਂ ਇਹ ਲੱਭਦਾ ਹੈ ਕਿ 'ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ' ਦਾ ਮਹਾਂ ਵਾਕ ਸਾਡੇ ਸਮੇਂ ਵਿਚ 'ਓੜਕ ਸੱਚ' ਦਾ ਰੂਪ ਧਾਰ ਕੇ ਸਾਡੇ ਮੂਹਰੇ ਖੜ੍ਹਾ ਹੈ।

ਇਸ ਸਥਿਤੀ ਵਿਚ ਰੋਟੀ ਦਾ ਮਸਲਾ ਗੁਜਰਾਤ ਦੇ ਕਿਸੇ ਹਾਰਦਿਕ ਪਟੇਲ ਨੂੰ ਚੁੱਕਣ ਤੇ ਮਰਨ ਦਿਓ, ਪੰਜਾਬ ਦੀ ਰਾਜਨੀਤੀ ਇਹ ਕਹਿੰਦੀ ਹੈ ਕਿ ਸਾਡੀ ਲੋੜ ਲਈ ਸਭ ਕੁਝ ਵਾਰ ਦਿਓ। ਜਦੋਂ 'ਸਭ ਕੁਝ' ਵਾਰ ਦਿਓ ਵਾਲੀ ਹੱਦ ਤੱਕ ਆ ਗਈ ਤਾਂ ਇਸ 'ਸਭ ਕੁਝ' ਵਿਚ ਉਹ ਧਰਮ ਵੀ ਸ਼ਾਮਲ ਕਰ ਲਿਆ ਹੈ, ਜਿਸ ਦੀ ਚੜ੍ਹਦੀ ਕਲਾ ਦੇ ਨਾਂ 'ਤੇ ਆਗਾਜ਼ ਕੀਤਾ ਗਿਆ ਸੀ। ਸਿਆਸਤ ਮੂਹਰੇ ਧਰਮ ਇਤਿਹਾਸ ਦੇ ਕਿਸੇ ਵੀ ਦੌਰ 'ਚ ਟਿਕ ਨਹੀਂ ਸਕਿਆ, ਰਾਜ ਦੀ ਆਪਹੁਦਰਾਸ਼ਾਹੀ ਉਸ ਨੂੰ ਵਰਤਣ 'ਚ ਕਾਮਯਾਬ ਹੁੰਦੀ ਰਹੀ ਸੀ। ਅੱਜ ਦੀ ਰਾਜਨੀਤੀ ਵੀ ਇਹੋ ਕਰਦੀ ਪਈ ਹੈ। ਗੱਲ ਫਿਰ ਉਥੇ ਹੀ ਖੜ੍ਹੀ ਹੈ।

ਅਗਲੀ ਪੀੜ੍ਹੀ ਦੇ ਪੰਜਾਬੀਆਂ ਨੂੰ ਭਵਿੱਖ ਲਈ ਆਸ ਦੀ ਕੋਈ ਕਿਰਨ ਦਿਖਾਈ ਨਹੀਂ ਦਿੰਦੀ, ਪਰ ਇਸ ਗੱਲ ਬਾਰੇ ਸੋਚਣ ਦੀ ਲੋੜ ਕਿਸੇ ਨੂੰ ਨਹੀਂ, ਭਵਿੱਖ ਪਿਆ ਢੱਠੇ ਖੂਹ ਵਿਚ, ਇਸ ਪੀੜ੍ਹੀ ਨੂੰ ਧਰਮ ਦਾ ਨਾਅਰਾ ਲਾ ਕੇ ਰਾਜਨੀਤੀ ਦੇ ਅਗਲੇ ਅਸ਼ਮੇਧ ਯੱਗ ਦੇ ਵਕਤ ਕੁਰਬਾਨ ਹੋਣ ਲਈ ਤਿਆਰੀਆਂ ਕਰਨ ਦਿਓ। ਰਾਜ-ਤਖਤ ਉਚਾ ਬਹੁਤ ਹੁੰਦਾ ਹੈ। ਉਥੋਂ ਤੱਕ ਪਹੁੰਚਣ ਵਾਸਤੇ ਕਈ ਵਾਰੀ ਪਹਿਲਾਂ ਵੀ ਲਾਸ਼ਾਂ ਦੀ ਪੌੜੀ ਲਾਈ ਜਾਂਦੀ ਰਹੀ ਹੈ, ਇੱਕ ਵਾਰੀ ਹੋਰ ਸਹੀ! ਕੀ ਪੰਜਾਬ ਦਾ ਨਸੀਬਾ ਇਹੀ ਬਣਿਆ ਰਹੇਗਾ?

# ਵਿਧਾਨ ਸਭਾ ਬਹਿਸ ਵਿਚ ਤ੍ਰਿਪਤ ਬਾਜਵਾ ਦੀ ਝੰਡੀ



ਪ੍ਰੋ. ਹਰਪਾਲ ਸਿੰਘ
ਫੋਨ: 91-94171-32373

ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੀ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਇਜਲਾਸ ਵਿਚ ਤਕਰੀਰ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਦਸਤਾਵੇਜ਼ੀ ਮੁਕਾਮ ਅਖਤਿਆਰ ਕਰ ਗਈ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਬਾਰੇ ਬਿਠਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਬਹਿਸ ਵਿਚ ਅਨੇਕਾਂ ਵਿਧਾਇਕਾਂ ਨੇ ਹਿੱਸਾ ਲਿਆ ਪਰ ਸ. ਤ੍ਰਿਪਤ ਬਾਜਵਾ ਦੀ ਤਕਰੀਰ ਐਸੀ ਹਿੱਕ ਚੀਰਵੀਂ ਸੀ ਕਿ ਅਕਾਲੀ ਦਲ ਦੀ ਦਸ ਸਾਲਾ ਬਦਇੰਤਜ਼ਾਮੀ ਦੇ ਹਰ ਪਹਿਲੂ ਨੂੰ ਤਾਰ ਤਾਰ ਕਰ ਗਈ। ਟੀ. ਵੀ. ਉਤੇ ਨਾਲੋ-ਨਾਲ ਦਿਖਾਈ ਜਾ ਰਹੀ ਬਹਿਸ ਸੁਣ ਕੇ ਪੰਜਾਬ ਦੇ ਲੋਕਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਕੋਈ ਆਗੂ ਉਨ੍ਹਾਂ ਲਈ ਬੋਲ ਰਿਹਾ ਹੈ, ਕੋਈ ਉਨ੍ਹਾਂ ਦੀ ਸੋਚ ਤੇ ਜੋਸ਼ ਦੀ ਤਰਜਮਾਨੀ ਕਰ ਰਿਹਾ ਹੈ, ਕੋਈ ਸਿੱਖੀ ਅਤੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਉਨ੍ਹਾਂ ਦੀ ਅਕੀਦਤ ਤੇ ਸੰਵੇਦਨਾ ਨੂੰ ਧੁਰ ਅੰਦਰ ਤਕ ਮਹਿਸੂਸ ਕਰ ਰਿਹਾ ਹੈ ਅਤੇ ਕੋਈ ਪੰਜਾਬ ਦੇ ਲੋਕਾਂ ਦਾ ਪੱਖ ਪੂਰ ਰਿਹਾ ਹੈ।

ਆਖਰੀ ਦਿਨ ਦੀ ਇਸ ਇਤਿਹਾਸਕ ਬਹਿਸ ਵਿਚ ਸ. ਬਾਜਵਾ ਵਾਹਿਦ ਅਜਿਹਾ ਸ਼ਖਸ ਸੀ ਜਿਸ ਨੇ ਆਪਣਾ ਹੋਮ ਵਰਕ ਲਗਨ ਅਤੇ ਸ਼ਿੱਦਤ ਨਾਲ ਕੀਤਾ ਹੋਇਆ ਸੀ। ਉਸ ਦਾ ਅਚੁਕ ਨਿਸ਼ਾਨਾ ਸਿਰਫ ਬਾਦਲ ਪਰਿਵਾਰ ਤਕ ਸੀਮਤ ਨਹੀਂ ਸੀ, ਸਗੋਂ ਉਸ ਨੇ ਅਕਾਲੀ ਸਰਕਾਰ ਦੀ ਪਿਛਲੇ ਸਾਲਾਂ ਦੀ ਕਾਰਗੁਜ਼ਾਰੀ ਤੋਂ ਇਲਾਵਾ ਮਨੋਰਥਾਂ, ਟੀਚਿਆਂ ਅਤੇ ਸਰੋਕਾਰਾਂ ਤੋਂ ਭਟਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਪਣੀ ਕਾਟਵੀਂ ਬੋਲ-ਬਰਖਾ ਨਾਲ ਲਤਾੜ ਕੇ ਰੱਖ ਦਿੱਤਾ।

ਉਂਜ, ਜੋ ਗੱਲ ਲੋਕਾਂ ਦੇ ਧਿਆਨ ਵਿਚ ਬਹੁਤਾ ਨਹੀਂ ਆਈ ਹੋਣੀ, ਉਹ ਸੀ ਸ. ਬਾਜਵਾ ਵਲੋਂ ਇਸ ਪਲੈਟਫਾਰਮ ਨੂੰ ਪੰਜਾਬ ਕੈਬਨਿਟ ਵਿਚ ਆਪਣੀ ਸਿਆਸੀ ਪੁਜ਼ੀਸ਼ਨ ਦੀ ਪ੍ਰਮੁੱਖਤਾ ਨੂੰ ਕਾਇਮ ਕਰਨ ਲਈ ਵਰਤਣਾ। ਅਸੀਂ ਦੇਖਦੇ ਹਾਂ ਕਿ ਉਸ ਨੂੰ ਕਾਫੀ ਅਰਸੇ ਤੋਂ ਨਵਜੋਤ ਸਿੰਘ ਸਿੱਧੂ ਦੀ ਖੜਾਕਦਾਰ ਕਾਰਗੁਜ਼ਾਰੀ ਅਤੇ ਦਲੇਰਾਨਾ ਸ਼ਾਬਦਿਕ ਵਾਰ ਬਹੁਤ ਬੁਰੀ ਤਰ੍ਹਾਂ ਰੜਕ ਰਹੇ ਸਨ, ਕਿਉਂਕਿ ਇਸ ਤਰੀਕੇ ਨਾਲ ਸਿੱਧੂ ਨੇ ਸਿਆਸੀ ਗਲਿਆਰਿਆਂ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਵਿਸ਼ੇਸ਼ ਪਹਿਲ ਹਾਸਲ ਕਰ ਲਈ ਸੀ। ਸਿੱਧੂ ਦੇ ਇਸ ਟੂਣੇ ਤੋਂ ਤ੍ਰਿਪਤ ਬਾਜਵਾ ਲਗਾਤਾਰ ਅੰਦਰੋਂ-ਅੰਦਰੀ ਬੇਚੈਨ ਸੀ ਪਰ ਉਸ ਦਾ ਨਾ ਕੋਈ ਵਸ ਚਲ ਰਿਹਾ ਸੀ ਅਤੇ ਨਾ ਹੀ ਰਾਹ ਲੱਭ ਰਿਹਾ ਸੀ।

ਪਿਛੇ ਜਿਹੇ ਨਾਜਾਇਜ਼ ਕਾਲੋਨੀਆਂ ਵਾਲੇ ਮੁੱਦੇ ਉਤੇ ਤ੍ਰਿਪਤ ਬਾਜਵਾ ਨੇ ਨਵਜੋਤ ਸਿੱਧੂ ਨਾਲ ਕਚਘਰੜ ਤਰੀਕੇ ਨਾਲ ਉਲਝ ਕੇ ਬੇਲੋੜੀ ਬੇਸੁਆਦੀ ਪੈਦਾ ਕਰਨ ਤੋਂ ਇਲਾਵਾ ਨਿਜੀ ਵੱਕਾਰ ਨੂੰ ਵੀ ਠੇਸ ਲਵਾ ਲਈ ਸੀ। ਸਿੱਧੂ ਨਾਲ ਉਲਝਣ ਲਈ ਉਦੋਂ ਨਾ ਉਹ ਚੌਕਸ ਸੀ ਅਤੇ ਨਾ ਹੀ ਟਕਰਾਉਣ ਲਈ ਲੋੜੀਂਦੀ ਤਿਆਰੀ ਨਾਲ ਲੈਸ ਸੀ। ਲੰਘਿਆ ਸੈਸ਼ਨ ਉਸ ਨੂੰ ਹਾਸਲ ਹੋਇਆ ਐਸਾ ਢੋਅ ਸੀ ਜਿਥੇ ਉਸ ਲਈ ਆਪਣਾ ਅਕਸ ਨਿਖਾਰਨ ਲਈ ਹਾਲਾਤ ਆਪਣੇ ਆਪ ਸਾਜ਼ਗਾਰ ਬਣਦੇ ਗਏ।

ਉਸ ਦਿਨ ਨਵਜੋਤ ਸਿੰਘ ਸਿੱਧੂ ਦੀ ਤਕਰੀਰ ਅਲੰਕ੍ਰਿਤ ਭਾਸ਼ਾ ਵਾਲੇ ਉਸ ਦੇ ਰਵਾਇਤੀ ਅੰਦਾਜ਼ ਵਿਚ ਸੀ, ਜਿਸ ਵਿਚ ਨਾਟਕੀ ਅੰਸ਼ ਕੁਝ ਜ਼ਿਆਦਾ ਹੀ ਝਲਕਦਾ ਸੀ। ਨਤੀਜੇ ਵਜੋਂ ਉਮੀਦ ਮੁਤਾਬਕ ਇਹ ਕੋਈ ਵੱਡਾ ਪ੍ਰਭਾਵ ਨਾ ਛੱਡ ਸਕੀ। ਬਲਜਿੰਦਰ ਕੌਰ ਅਤੇ ਚਰਨਜੀਤ ਚੰਨੀ ਨੇ ਜਜ਼ਬਾਤ ਨੂੰ ਟੁੰਬਿਆ ਪਰ ਸਥਾਈ ਪ੍ਰਭਾਵ ਨਾ ਪਾ ਸਕੇ। ਅਖਬਾਰਾਂ ਅਤੇ ਟੈਲੀਵਿਜ਼ਨ ਵਿਚ ਵੱਡੀ ਪਾਰੀ ਖੇਡਣ ਵਾਲੇ ਕੰਵਰ ਸੰਧੂ ਨੇ ਆਪਣੇ ਤਜਰਬੇ ਦੀ ਪਟਾਰੀ ਵਿਚੋਂ ਹੀ ਪੁਰਅਸਰ ਤਕਰੀਰ ਘੜ ਲਈ। ਮਨਪ੍ਰੀਤ ਬਾਦਲ ਨੇ ਉਸ ਸਨਸਨੀਖੇਜ ਘਟਨਾ ਦਾ ਖੁਲਾਸਾ ਕਰਕੇ ਵਾਹ ਵਾਹ ਖੱਟੀ ਜਦੋਂ ਨਿਰੰਕਾਰੀ ਕਾਂਡ ਵੇਲੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਿਰੰਕਾਰੀ ਮੁਖੀ ਨੂੰ ਪੰਜਾਬ ਵਿਚੋਂ ਬਚ ਨਿਕਲਣ ਲਈ ਸੁਰੱਖਿਅਤ ਲਾਂਘਾ ਦਿੱਤਾ ਸੀ। ਸੁਖਪਾਲ ਖਹਿਰਾ ਦੀਆਂ ਵੀ ਇਸ ਸੈਸ਼ਨ ਨੇ ਇਸ ਗੱਲੋਂ ਅੱਖਾਂ ਖੋਲ੍ਹ ਦਿੱਤੀਆਂ ਕਿ ਕਿਸੇ ਮਿੱਲ ਦੇ ਨਿਕਾਸੀ ਪਾਣੀ ਵਿਚੋਂ ਬੋਤਲਾਂ ਭਰ ਕੇ, ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕਰਵਾ ਕੇ ਲੀਡਰੀ ਚਮਕਾਉਣੀ ਹੋਰ ਗੱਲ ਹੈ, ਹੰਢੇ ਵਰਤੇ ਵਿਧਾਨਕਾਰਾਂ ਦੀ ਹਾਜ਼ਰੀ ਵਿਚ ਸਾਰਥਕ ਗੱਲ ਕਰ ਕੇ ਪ੍ਰਸ਼ੰਸਾ ਦਾ ਪਾਤਰ ਬਣਨਾ ਅਲੱਗ ਗੱਲ ਹੈ।



*ਤ੍ਰਿਪਤ ਰਾਜਿੰਦਰ ਸਿੰਘ ਬਾਜਵਾ*

ਅਜਿਹੇ ਹਾਲਾਤ ਵਿਚ ਮੈਦਾਨ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਹੱਥ ਆਇਆ ਅਤੇ ਇਉਂ ਜਾਣੋ ਕਿ ਉਹ ਇਸ ਵਕਤ ਦਾ ਕਚੀਚੀਆਂ ਵੱਟ ਕੇ ਇੰਤਜ਼ਾਰ ਕਰ ਰਿਹਾ ਸੀ। ਉਸ ਨੇ ਤਜਰਬੇ ਤੋਂ ਇਹ ਸਮਝ ਲਿਆ ਹੋਇਆ ਸੀ ਕਿ ਜੇ ਤਕਰੀਰ ਵਿਚ ਸ਼ਾਇਰੀ ਦੀ ਢੁਕਵੀਂ ਵਰਤੋਂ ਕੀਤੀ ਜਾਏ ਤਾਂ ਉਸ ਦਾ ਅਸਰ ਜ਼ਿਆਦਾ ਵਿਆਪਕ ਅਤੇ ਜ਼ੋਰਦਾਰ ਹੁੰਦਾ ਹੈ। ਪਰਤ-ਦਰ-ਪਰਤ ਖੁੱਲ੍ਹਦੀ ਆਪਣੀ ਤਕਰੀਰ ਦੇ ਹਰ ਪੜਾਅ ਉਤੇ ਉਨ੍ਹਾਂ ਸੁਰਜੀਤ ਪਾਤਰ, ਸਾਹਿਰ ਲੁਧਿਆਣਵੀ, ਮਿਰਜ਼ਾ ਗਾਲਿਬ ਅਤੇ ਇਕ-ਅੱਧ ਹੋਰ ਸ਼ਾਇਰ ਦਾ ਕਲਾਮ ਗੁੰਦਿਆ ਹੋਇਆ ਸੀ। ਇਸ ਤੋਂ ਵਧੇਰੇ ਗੁਰਬਾਣੀ ਵਿਚੋਂ ਹਵਾਲੇ ਉਸ ਦੀ ਤਕਰੀਰ ਦਾ ਵਿਸ਼ੇਸ਼ ਹਾਸਲ ਸੀ।

ਜਾਹਰ ਹੈ ਕਿ ਤਕਰੀਰ ਦੇ ਡਰਾਫਟ ਨੂੰ ਅੰਜਾਮ ਦੇਣ ਵਿਚ ਉਰਦੂ ਅਤੇ ਪੰਜਾਬੀ ਸਾਹਿਤ ਦੀ ਜਾਣਕਾਰੀ ਰੱਖਣ ਵਾਲੇ ਕਿਸੇ ਸਿਆਣੇ ਬੰਦੇ ਨੇ ਉਸ ਦੀ ਖਾਸ ਮਦਦ ਕੀਤੀ ਹੋਵੇਗੀ, ਪਰ ਇਹ ਗੱਲ ਵੀ ਹੈ ਕਿ ਅਜਿਹੀ ਮਦਦ ਦੀ ਸੁਚੱਜੀ ਵਰਤੋਂ ਕੋਈ ਸਿਆਣਾ ਲੀਡਰ ਹੀ ਕਰ ਸਕਦਾ ਹੈ। ਗਿਆਨੀ ਜ਼ੈਲ ਸਿੰਘ ਆਪਣੇ ਨਜ਼ਦੀਕੀ ਮਜ਼ਾਹੀਆ ਲੇਖਕ ਸੂਬਾ ਸਿੰਘ ਦੀਆਂ ਸੇਵਾਵਾਂ ਬਾਖੂਬੀ ਲੈਂਦੇ ਰਹੇ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸੰਘਣੇ ਵਿਖਿਆਨਾਂ ਵਿਚ ਪ੍ਰਿੰਸੀਪਲ ਸਤਿਬੀਰ ਸਿੰਘ ਅਤੇ ਜਸਬੀਰ ਸਿੰਘ ਆਹਲੂਵਾਲੀਆ ਦਾ ਗੁਣਕਾਰੀ ਹੱਥ ਰਿਹਾ ਹੈ। ਸ. ਬਾਜਵਾ ਦੀ ਤਕਰੀਰ ਨੇ ਇਹ ਗੱਲ ਵੀ ਦ੍ਰਿੜ ਕਰਵਾਈ ਕਿ ਸਰਕਾਰੀ ਇੰਤਜ਼ਾਮੀਆ, ਅਦਾਲਤਾਂ ਤੇ ਬੇਇਨਸਾਫੀ ਅਤੇ ਬਿਮਾਰ ਸਮਾਜਕ ਸੋਚ ਦੀ ਹਕੀਕੀ ਤਰਜ਼ਮਾਨੀ ਕਰਨ ਵਿਚ ਸਾਡੇ ਸਮਿਆਂ ਦਾ ਸ਼ਾਇਰ ਸੁਰਜੀਤ ਪਾਤਰ ਲੋਕ ਆਵਾਜ਼ ਵਜੋਂ ਸਥਾਪਤ ਹੋ ਚੁਕਾ ਹੈ।

ਸ. ਬਾਜਵਾ ਦੀ ਇਸ ਲਾਜਵਾਬ ਅਤੇ ਪੁਰਅਸਰ ਤਕਰੀਰ ਬਾਰੇ ਮੇਰਾ ਇਤਰਾਜ਼ ਹੈ ਕਿ ਉਨ੍ਹਾਂ ਨੇ ਮਹਾਨ ਸ਼ਾਇਰਾਂ ਦੇ ਕਲਾਮ ਦੇ ਕਈ ਹਿੱਸੇ ਸਹੀ ਤਰੀਕੇ ਨਾਲ ਪੜ੍ਹੇ ਅਤੇ ਉਚਾਰੇ ਨਹੀਂ। ਜਿਨ੍ਹਾਂ ਲੋਕਾਂ ਦੀ ਜ਼ਬਾਨ 'ਤੇ ਪਾਤਰ ਅਤੇ ਗਾਲਿਬ ਦੀ ਸ਼ਾਇਰੀ ਚੜ੍ਹੀ ਹੋਈ ਹੈ, ਉਨ੍ਹਾਂ ਨੂੰ ਕਲਾਮ ਵਿਚ ਭੰਨ-ਤੋੜ ਰੜਕ ਰਹੀ ਸੀ। ਉਨ੍ਹਾਂ ਨੇ ਹਵਾਲੇ ਪੜ੍ਹਨ ਵਿਚ ਅਣਗਹਿਲੀ ਕੀਤੀ, ਉਨ੍ਹਾਂ ਦੇ ਮੀਡੀਆ ਸਲਾਹਕਾਰ ਨੂੰ ਇਸ ਬਾਰੇ ਸੁਚੇਤ ਰਹਿਣ ਦੀ ਲੋੜ ਹੈ।

ਸ. ਬਾਜਵਾ ਹੁਣ ਤਕ ਇਹ ਸਮਝ ਗਏ ਹਨ ਕਿ ਪੰਜਾਬ ਸਰਕਾਰ ਵਿਚ ਉਨ੍ਹਾਂ ਨੂੰ ਸੰਭਾਵੀ ਭਵਿੱਖ ਵਿਚ ਕੋਈ ਵੱਡਾ ਰੋਲ ਨਿਭਾਉਣ ਲਈ ਤਿਆਰ-ਬਰ-ਤਿਆਰ ਰਹਿਣ ਦੀ ਲੋੜ ਹੈ। ਨਵਜੋਤ ਸਿੱਧੂ ਨੂੰ ਅਗਲੀਆਂ ਸਫਾਂ ਵਿਚ ਖੜ੍ਹਾ ਕਰਕੇ ਮੋਹਰੀ ਰੋਲ ਦਿੱਤੇ ਜਾਣ ਲਈ ਉਹ ਆਪਣੇ ਮਨੋਂ, ਅੰਦਰੋਂ-ਅੰਦਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀ ਸਮਝਦੇ ਹਨ। ਮੁੱਖ ਮੰਤਰੀ ਦਾ ਇਹ ਰਵੱਈਆ ਉਨ੍ਹਾਂ ਨੂੰ ਇਸ ਕਦਰ ਰੜਕਦਾ ਜਾਪਦਾ ਹੈ ਕਿ ਕੈਬਨਿਟ ਦੀ ਮਰਿਆਦਾ ਅਤੇ ਆਪਣੀ ਹੈਸੀਅਤ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਆਪਣੀ ਤਕਰੀਰ ਵਿਚ ਮੁੱਖ ਮੰਤਰੀ ਉਤੇ ਸਾਬਕਾ ਡੀ. ਜੀ. ਪੀ. ਸੁਮੇਧ ਸਿੰਘ ਸੈਣੀ ਅਤੇ ਬਾਦਲਾਂ ਵਿਰੁਧ ਫੌਰੀ ਐਕਸ਼ਨ ਲੈਣ ਲਈ ਸਿੱਧਾ ਦਬਾਅ ਪਾਇਆ ਤੇ ਨਾਲ ਹੀ ਲਲਕਾਰ ਭਰੀ ਵੰਗਾਰ ਪਾਈ ਕਿ ਜੇ ਸਰਕਾਰ ਨੂੰ ਇਹ ਸਖਤ ਫੈਸਲਾ ਲੈਣ ਵਿਚ ਝਿਜਕ ਹੈ ਤਾਂ ਉਹ ਖੁਦ ਇਸ ਚੁਣੌਤੀ ਭਰੇ ਕੰਮ ਨੂੰ ਅੰਜਾਮ ਦੇਣ ਲਈ ਤਿਆਰ ਹਨ।

ਇਹ ਐਸੀ ਗੱਲ ਸੀ ਜਿਵੇਂ ਮੁਗਲ ਰਾਜ ਵਿਚ ਜੋਖਮ ਭਰੀ ਮੁਹਿੰਮ ਨੂੰ ਸਿਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਲੈਣ ਦੇ ਇੱਛਕ ਫੌਜੀ ਜਰਨੈਲ ਪਾਨ ਦਾ ਬੀੜਾ ਚੁਕਿਆ ਕਰਦੇ ਸਨ। ਸਪਸ਼ਟ ਹੈ ਕਿ ਪੰਜਾਬ ਦੇ ਆਵਾਮ ਨੂੰ ਸ. ਬਾਜਵਾ ਭਵਿਖਮੁਖੀ ਸੁਨੇਹਾ ਦੇ ਰਹੇ ਸਨ, ਉਹ ਕਦੇ ਵੀ ਅਤੇ ਕਿਸੇ ਵੀ ਵਕਤ ਪੰਜਾਬ ਨੂੰ ਪੁਖਤਾ ਅਗਵਾਈ ਦੇਣ ਦੇ ਯੋਗ ਤੇ ਸਮਰੱਥ ਹਨ।

ਸ. ਬਾਜਵਾ ਦੀ ਨਿਮਰਤਾ, ਮਿਠ ਬੋਲੜਾਪਣ, ਠਰੰਮਾ ਅਤੇ ਦਿਆਨਤਦਾਰੀ ਲੋਕਾਂ ਵਿਚ ਵਿਸ਼ਵਾਸ ਵਜੋਂ ਜਾਣੀ ਜਾਂਦੀ ਹੈ। ਮੈਂ ਉਨ੍ਹਾਂ ਨੂੰ ਭਰ ਜਵਾਨੀ ਵੇਲੇ ਦੇਖਿਆ ਹੈ, ਜਦੋਂ ਉਹ ਚਾਰ ਦਹਾਕੇ ਪਹਿਲਾਂ ਮੇਰੇ ਵਿਦਿਆਰਥੀ ਦਿਨਾਂ ਵਿਚ ਪੰਜਾਬ ਯੂਨੀਵਰਸਿਟੀ ਦੇ ਕਾਮਰਸ ਵਿਭਾਗ ਵਿਚ ਪ੍ਰੋਫੈਸਰ ਉਪਲ ਕੋਲ ਕਦੇ ਕਦਾਈਂ ਆਉਂਦੇ ਸਨ। ਉਨ੍ਹੀਂ ਦਿਨੀਂ ਉਹ ਸਿਆਸਤ ਦੀ ਗੁੜ੍ਹਤੀ ਲੈ ਰਹੇ ਸਨ। ਉਨ੍ਹਾਂ ਦੀ ਸਿਆਸੀ ਕਾਮਯਾਬੀ ਲਈ ਅਨੇਕਾਂ ਪੰਜਾਬੀਆਂ ਵਾਂਗ ਮੇਰੀਆਂ ਵੀ ਸ਼ੁਭਕਾਮਨਾਵਾਂ ਹਨ ਪਰ ਨਾਲੋ-ਨਾਲ ਮੈਂ ਨਵਜੋਤ ਸਿੰਘ ਸਿੱਧੂ ਦੀ ਨਿਰਮਲਤਾ, ਨਿਰਛਲਤਾ ਅਤੇ ਨਿਰਭੈਤਾ ਲਈ ਉਸ ਦਾ ਵੀ ਖੈਰਖਵਾਹ ਹਾਂ।

ਦਲੀਲ ਅਤੇ ਜਜ਼ਬਾਤ ਨਾਲ ਭਰੀ-ਭੁਕੰਨੀ ਬਹਿਸ ਨਾਲ ਭਰਪੂਰ ਇਹ ਸੈਸ਼ਨ ਇਤਿਹਾਸ ਸਿਰਜ ਗਿਆ ਹੈ। ਆਉਣ ਵਾਲੇ ਸਮੇਂ ਵਿਚ ਇਸ ਨੂੰ ਕਸੱਵਟੀ ਬਣਾ ਕੇ ਵਿਧਾਨ ਸਭਾ ਦੀਆਂ ਬਹਿਸਾਂ ਦਾ ਮਿਆਰ ਤੈਅ ਹੋਇਆ ਕਰੇਗਾ ਪਰ ਕੁਝ ਪਾਰਖੂ ਸੱਜਣ ਅਤੇ ਪੰਜਾਬ ਹਿਤੈਸ਼ੀ ਇਸ ਸੈਸ਼ਨ ਦਾ ਉਦਾਸੀਨ ਪੱਖ ਵੀ ਦੇਖਦੇ ਹਨ ਕਿਉਂਕਿ ਇਸ ਵਿਚ ਮਿਆਰੀ ਵਿਦਿਆ, ਸਿਹਤ ਸੇਵਾਵਾਂ, ਧਰਤੀ ਹੇਠਲੇ ਪਾਣੀ ਅਤੇ ਪ੍ਰਦੂਸ਼ਣ ਵਰਗੇ ਅਤਿ ਜ਼ਰੂਰੀ ਮੁੱਦਿਆਂ ਬਾਰੇ ਬਹਿਸ ਅਤੇ ਵਿਚਾਰ-ਵਟਾਂਦਰੇ ਦਾ ਜਿਵੇਂ ਭੋਗ ਪੈ ਗਿਆ।

ਪੰਜਾਬ ਟਾਈਮਜ਼
*ਸਨਿਚਰਵਾਰ, 8 ਸਤੰਬਰ 2018*

# ਬਾਦਲਾਂ ਦੀ ਹਰ ਬਾਜ਼ੀ ਪੁੱਠੀ ਪਈ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਚੋਟੀ ਦੇ ਆਗੂ ਅਤੇ ਬਾਦਲ ਪਰਿਵਾਰ ਬੁਰੀ ਤਰ੍ਹਾਂ ਘਿਰ ਗਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਉਂਗਲ ਉਠਾਈ ਹੈ। ਇਸ ਮਾਮਲੇ 'ਤੇ ਬਾਦਲ ਦਾ ਨਾਂ ਲੈਣ ਵਾਲਾ ਕੋਈ ਹੋਰ ਨਹੀਂ, ਬਲਕਿ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਹੈ। ਉਸ ਨੇ ਆਪਣੀ ਰਿਟਾਇਰਮੈਂਟ ਤੋਂ ਕੁਝ ਸਮਾਂ ਪਹਿਲਾਂ ਦਾਖਲ ਕਰਵਾਏ ਹਲਫਨਾਮੇ ਵਿਚ ਖੁਲਾਸਾ ਕੀਤਾ ਹੈ ਕਿ ਬਾਦਲ ਨੇ ਕੋਟਕਪੂਰਾ ਦੀ ਗੋਲੀਬਾਰੀ ਤੋਂ ਪਹਿਲਾਂ ਤੜਕੇ 2 ਵਜੇ ਉਸ ਨੂੰ ਫੋਨ ਕੀਤਾ ਸੀ ਹਾਲਾਂਕਿ ਬਾਦਲ ਨੇ ਇਸ ਤੋਂ ਸਾਫ ਇਨਕਾਰ ਕੀਤਾ ਹੈ। ਸੈਣੀ ਦੇ ਇਸੇ ਖੁਲਾਸੇ ਕਾਰਨ ਹੀ ਹੁਣ ਤੱਕ ਖਾਮੋਸ਼ ਚਲੇ ਆ ਰਹੇ ਸ. ਬਾਦਲ ਨੂੰ ਸਫਾਈ ਦੇਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਸਪਸ਼ਟ ਕਿਹਾ ਹੈ ਕਿ ਉਨ੍ਹਾਂ ਗੋਲੀ ਚਲਾਉਣ ਦੇ ਹੁਕਮ ਨਹੀਂ ਦਿੱਤੇ ਪਰ ਇਸ ਤੋਂ ਬਾਅਦ ਇਹ ਸਵਾਲ ਉਠ ਖੜ੍ਹਾ ਹੋਇਆ ਹੈ ਕਿ ਗੋਲੀ ਚਲਾਉਣ ਦੇ ਹੁਕਮ ਫਿਰ ਕਿਸ ਨੇ ਦਿੱਤੇ? ਉਸ ਵਕਤ ਗ੍ਰਹਿ ਮੰਤਰਾਲਾ ਤਤਕਾਲੀ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਸੀ।

ਵਿਧਾਨ ਸਭਾ ਸੈਸ਼ਨ ਦੌਰਾਨ ਬੇਅਦਬੀ ਵਾਲੇ ਮਸਲੇ 'ਤੇ ਹੋਈ ਬਹਿਸ ਵਿਚ ਹਿੱਸਾ ਨਾ ਲੈਣਾ ਵੀ ਬਾਦਲਾਂ ਲਈ ਸਿਰਦਰਦੀ ਬਣ ਗਿਆ ਹੈ। ਉਸ ਵਕਤ ਸੁਖਬੀਰ ਸਿੰਘ ਬਾਦਲ ਨੇ ਸਪੀਕਰ ਵਲੋਂ ਪਾਰਟੀ ਨੂੰ ਬਹਿਸ ਲਈ ਬਣਦਾ ਸਮਾਂ ਨਾ ਦਿੱਤੇ ਜਾਣ ਬਾਰੇ ਕਿਹਾ ਸੀ ਪਰ ਜੱਗ ਜਾਣਦਾ ਹੈ ਕਿ ਸਪੀਕਰ ਨੇ ਹਰ ਕਿਸੇ ਨੂੰ ਖੁੱਲ੍ਹਾ ਸਮਾਂ ਦੇਣ ਦੀ ਗੱਲ ਆਖੀ ਸੀ। ਇਸ ਮਸਲੇ 'ਤੇ ਪਾਰਟੀ ਦੇ ਸੀਨੀਅਰ ਅਤੇ ਟਕਸਾਲੀ ਆਗੂ ਭਾਵੇਂ ਸਰਕਾਰ ਖਿਲਾਫ ਕੀਤੇ ਜਾ ਰਹੇ ਧਰਨਿਆਂ-ਮੁਜਾਹਰਿਆਂ ਵਿਚ ਸ਼ਿਰਕਤ ਕਰ ਰਹੇ ਹਨ ਪਰ ਕੁਝ ਸੀਨੀਅਰ ਲੀਡਰਾਂ ਨੇ ਵਿਧਾਨ ਸਭਾ ਵਿਚੋਂ ਬਾਈਕਾਟ ਬਾਰੇ ਸਵਾਲ ਖੜ੍ਹੇ ਕਰਕੇ ਪਾਰਟੀ ਪ੍ਰਧਾਨ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਇਨ੍ਹਾਂ ਲੀਡਰਾਂ ਦਾ ਕਹਿਣਾ ਹੈ ਕਿ ਪਾਰਟੀ ਨੂੰ ਬਹਿਸ ਵਿਚ ਹਿੱਸਾ ਲੈਣਾ ਚਾਹੀਦਾ ਸੀ ਅਤੇ ਆਪਣਾ ਪੱਖ ਰੱਖਣਾ ਚਾਹੀਦਾ ਸੀ। ਇਹੀ ਨਹੀਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਡੇਰਾ ਮੁਖੀ ਨੂੰ ਮੁਆਫੀ ਦੇਣ ਵਾਲੇ ਮਾਮਲੇ ਵਿਚ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਮਸਲੇ 'ਤੇ ਪਾਰਟੀ ਪ੍ਰਧਾਨ ਨੇ ਉਨ੍ਹਾਂ ਦੀ ਕੋਈ ਸਲਾਹ ਨਹੀਂ ਲਈ। ਇਸੇ ਦੌਰਾਨ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਹਟਾਉਣ ਦੀ ਮੁਹਿੰਮ ਵੀ ਜ਼ੋਰ ਫੜ੍ਹ ਰਹੀ ਹੈ। ਖੁਦ ਅਕਾਲੀ ਦਲ ਦੇ ਆਗੂ ਹੀ ਇਹ ਮੰਗ ਕਰਨ ਲੱਗ ਪਏ ਹਨ। ਇਸ ਮੰਗ ਨੂੰ ਭਾਵੇਂ ਬਾਦਲਾਂ ਨੂੰ ਬਚਾ ਕੇ ਠੀਕਰਾ ਜਥੇਦਾਰ ਸਿਰ ਭੰਨਣ ਦੀ ਕਵਾਇਦ ਵਜੋਂ ਵੀ ਦੇਖਿਆ ਜਾ ਰਿਹਾ ਹੈ ਪਰ ਕੁਲ ਮਿਲਾ ਕੇ ਮਸਲਾ ਇਹ ਹੈ ਕਿ ਬਾਦਲਾਂ ਨੂੰ ਸੰਕਟ ਦੇ ਇਨ੍ਹਾਂ ਹਾਲਾਤ ਵਿਚੋਂ ਨਿਕਲਣ ਲਈ ਫਿਲਹਾਲ ਕੋਈ ਰਾਹ ਨਹੀਂ ਲੱਭ ਰਿਹਾ।

ਦੂਜੇ ਬੰਨੇ, ਬਾਦਲਾਂ ਪ੍ਰਤੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਰਵੱਈਆ ਮੀਡੀਆ ਅੰਦਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਵਾਰ ਵਾਰ ਇਹ ਰਿਪੋਰਟਾਂ ਆ ਰਹੀਆਂ ਹਨ ਕਿ ਉਹ ਮਸਲੇ ਨੂੰ ਪੇਤਲਾ ਕਰਨ ਲਈ ਮਾਮਲਿਆਂ ਨੂੰ ਲਟਕਾ ਰਹੇ ਹਨ। ਬਾਦਲਾਂ ਖਿਲਾਫ ਕਾਰਵਾਈ ਦੇ ਮਾਮਲੇ 'ਤੇ ਆਮ ਆਦਮੀ ਪਾਰਟੀ ਦੇ ਸਰਕਰਦਾ ਆਗੂ ਅਤੇ ਵਿਧਾਇਕ ਐਚ. ਐਸ. ਫੂਲਕਾ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੋਇਆ ਹੈ। ਸਰਕਾਰ ਵਿਚ ਸ਼ਾਮਲ ਕੁਝ ਵਜ਼ੀਰ ਉਨ੍ਹਾਂ ਨੂੰ ਮਨਾਉਣ ਲਈ ਯਤਨ ਕਰਦੇ ਰਹੇ ਹਨ ਪਰ ਇਹ ਯਤਨ ਨਾਕਾਮ ਹੀ ਰਹੇ ਹਨ। ਉਂਜ ਇਸ ਮਸਲੇ 'ਤੇ ਸ. ਫੂਲਕਾ ਦੀ ਪਾਰਟੀ ਅੰਦਰ ਭੰਬਲਭੂਸਾ ਬਣਿਆ ਹੋਇਆ ਹੈ। ਪਾਰਟੀ ਅੰਦਰਲੀ ਪਾਟੋਧਾੜ ਨੇ ਪਾਰਟੀ ਦੀ ਵਿਰੋਧੀ ਧਿਰ ਦੀ ਭੂਮਿਕਾ ਨਾਦਾਰਦ ਕਰਕੇ ਰੱਖ ਦਿੱਤੀ ਹੈ। ਨਾ ਤਾਂ ਪਾਰਟੀ ਦਾ ਮਾਨਤਾ ਪ੍ਰਾਪਤ ਧੜਾ ਅਤੇ ਨਾ ਹੀ ਬਾਗੀ ਧੜਾ ਇਸ ਮਾਮਲੇ 'ਤੇ ਕੋਈ ਪਹਿਲਕਦਮੀ ਕਰ ਸਕਿਆ ਹੈ। ਇਨ੍ਹਾਂ ਹਾਲਾਤ ਵਿਚ ਕੁਝ ਸਿਆਸੀ ਚਿੰਤਕਾਂ ਨੇ ਸੂਬੇ ਦੇ ਨਾਜ਼ੁਕ ਹਾਲਾਤ ਬਾਰੇ ਚਿੰਤਾ ਪ੍ਰਗਟਾਈ ਹੈ। ਕੁਝ ਇਕ ਨੇ ਤਾਂ ਇਨ੍ਹਾਂ ਹਾਲਾਤ ਦੀ ਤੁਲਨਾ 1978 ਤੋਂ ਬਾਅਦ ਵਾਲੇ ਹਾਲਾਤ ਨਾਲ ਕਰਨੀ ਸ਼ੁਰੂ ਕਰ ਦਿੱਤੀ ਹੈ ਜਦੋਂ ਰਵਾਇਤੀ ਅਕਾਲੀ ਲੀਡਰਸ਼ਿਪ ਇਕ ਤਰ੍ਹਾਂ ਨਾਲ ਨਕਾਰਾ ਹੋ ਕੇ ਰਹਿ ਗਈ ਸੀ।

ਇਹ ਹਾਲਾਤ ਕਿਸ ਪਾਸੇ ਮੋੜ ਕੱਟਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਗੱਲ ਐਨ ਸਾਫ ਦਿਸਦੀ ਹੈ ਕਿ ਫਿਲਹਾਲ ਪੰਜਾਬ ਦੇ ਸਾਰੇ ਮਸਲੇ ਪਿਛਾਂਹ ਛੁੱਟ ਗਏ ਹਨ। ਨਸ਼ਿਆਂ ਦੇ ਮਸਲੇ ਬਾਰੇ ਤਾਂ ਹੁਣ ਮੀਡੀਆ ਵਿਚ ਚਰਚਾ ਹੀ ਬੰਦ ਹੋ ਗਈ ਹੈ, ਕਿਸਾਨ ਮਸਲਿਆਂ ਨੂੰ ਕੋਈ ਗੌਲ ਹੀ ਨਹੀਂ ਰਿਹਾ। ਸਿਖਿਆ ਅਤੇ ਸਿਹਤ ਦੇ ਮਸਲੇ ਪਹਿਲਾਂ ਵਾਂਗ ਹੀ ਤਾਕ ਵਿਚ ਰੱਖ ਦਿੱਤੇ ਗਏ ਹਨ। ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦੀ ਗੱਲ ਕਿਤੇ ਹੋ ਹੀ ਨਹੀਂ ਰਹੀ। ਕਰੀਬ ਸਾਰੀਆਂ ਪਾਰਟੀਆਂ ਆਪੋ-ਆਪਣੀ ਸਿਆਸਤ ਕਰ ਰਹੀਆਂ ਹਨ। ਉਪਰੋਂ ਪੰਚਾਇਤੀ ਚੋਣਾਂ ਦੀ ਸਰਗਰਮੀ ਅਰੰਭ ਹੋ ਗਈ ਹੈ। ਅਗਲੇ ਸਾਲ ਲੋਕ ਸਭਾ ਚੋਣਾਂ ਵੀ ਆ ਰਹੀਆਂ ਹਨ। ਹਰ ਵਾਰ ਵਾਂਗ ਆਮ ਲੋਕ ਇਹੀ ਉਡੀਕ ਕਰਦੇ ਰਹਿਣਗੇ ਕਿ ਉਨ੍ਹਾਂ ਦੇ ਸਿਆਸੀ ਆਗੂ ਅਗਾਂਹ ਕੀ ਪੈਂਤੜਾ ਮੱਲਦੇ ਹਨ, ਜਦਕਿ ਚਾਹੀਦਾ ਹੁਣ ਇਹ ਹੈ ਕਿ ਪੰਜਾਬ ਦਾ ਹਰ ਬੰਦਾ ਆਪਣੇ ਪਿੰਡ, ਕਸਬੇ ਜਾਂ ਸ਼ਹਿਰ ਅੰਦਰ ਆਏ ਹਰ ਲੀਡਰ ਨੂੰ ਇਹ ਸਵਾਲ ਪੁੱਛੇ ਕਿ ਸੂਬੇ ਦੇ ਅਜਿਹੇ ਹਾਲਾਤ ਲਈ ਜ਼ਿੰਮੇਵਾਰ ਕੌਣ ਹੈ? ਜਿਸ ਦਿਨ ਲੋਕਾਂ ਨੇ ਲੀਡਰਾਂ ਨੂੰ ਘੇਰ ਘੇਰ ਕੇ ਅਜਿਹੇ ਸਵਾਲਾਂ ਦੀ ਵਾਛੜ ਕਰਨੀ ਸ਼ੁਰੂ ਕੀਤੀ, ਉਸੇ ਦਿਨ ਤੋਂ ਸੂਬੇ ਦੇ ਹਾਲਾਤ ਨੂੰ ਮੋੜਾ ਪੈਣ ਦਾ ਸਬੱਬ ਬਣਨਾ ਸ਼ੁਰੂ ਹੋ ਸਕਦਾ ਹੈ। ਇਸ ਤੋਂ ਬਿਨਾ ਹੁਣ ਸ਼ਾਇਦ ਹੋਰ ਕੋਈ ਚਾਰਾ ਬਚਿਆ ਵੀ ਨਹੀਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹੰਕਾਰਿਆ ਸੋ ਮਾਰਿਆ !*

ਭੁੱਲ ਦੀਨ ਈਮਾਨ ਕਾਨੂੰਨ ਕਾਇਦੇ, ਕਰੀਆਂ ਮਰਜੀਆਂ ਜੜ੍ਹਾਂ ਵਿਚ ਬਹਿੰਦੀਆਂ ਨੇ।
ਕਿੱਲਾ ਆਕੜ ਦਾ ਧੌਣ ਵਿਚ ਹਾਕਮਾਂ ਦੇ, ਸੂਹ ਦਿੰਦਾ ਕਿ ਨੇੜੇ ਹੀ 'ਢਹਿੰਦੀਆਂ' ਨੇ।
'ਪੋਤੇ ਦੀਆਂ' ਵੀ ਆ ਹੀ ਜਾਂਦੀਆਂ ਨੇ, ਲੰਮਾ ਚਿਰ ਨਾ 'ਦਾਦੇ ਦੀਆਂ' ਰਹਿੰਦੀਆਂ ਨੇ।
'ਹੱਥਾਂ ਨਾਲ' ਜੋ ਦਿੱਤੀਆਂ ਹੋਣ ਯਾਰੋ, 'ਨਾਲ ਦੰਦਾਂ' ਦੇ ਖੋਲ੍ਹਣੀਆਂ ਪੈਂਦੀਆਂ ਨੇ।
ਕੱਢੇ ਹੁੰਦੇ ਨੇ ਤੱਥ ਸਿਆਣਿਆਂ ਦੇ, ਜੋ ਕਹਾਵਤਾਂ ਸਦੀਆਂ ਤੋਂ ਕਹਿੰਦੀਆਂ ਨੇ।
ਹੋਣ ਉਡਦੀਆਂ ਅੱਧ ਅਸਮਾਨ ਭਾਵੇਂ, ਚੜ੍ਹੀਆਂ ਗੁੱਡੀਆਂ ਆਖਰ ਨੂੰ ਲਹਿੰਦੀਆਂ ਨੇ !

# ਭੀਮਾ ਕੋਰੇਗਾਓਂ ਵਿਚ ਹਿੰਦੂਤਵੀ ਹੱਲਾ

***ਭੀਮਾ ਕੋਰੇਗਾਓਂ ਵਾਲੀ ਘਟਨਾ ਤੋਂ ਬਾਅਦ ਹਿੰਦੂਤਵੀ ਤਾਕਤਾਂ ਨੇ ਜਿਸ ਢੰਗ ਨਾਲ ਸਿਆਸਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਜਾਹਰ ਹੋ ਜਾਂਦਾ ਹੈ ਕਿ ਇਹ ਤਾਕਤਾਂ ਕਿੰਨੀ ਤਿਆਰੀ ਅਤੇ ਯੋਜਨਾਬੱਧ ਢੰਗ ਨਾਲ ਚੱਲ ਰਹੀਆਂ ਹਨ। ਸੋਨੀਪਤ (ਹਰਿਆਣਾ) ਦੀ ਓ. ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਪ੍ਰੋਫੈਸਰ ਸ਼ਿਵ ਵਿਸ਼ਵਨਾਥਨ ਨੇ ਆਪਣੇ ਇਸ ਲੇਖ ਵਿਚ ਇਸ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

**ਸ਼ਿਵ ਵਿਸ਼ਵਨਾਥਨ**

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ 10 ਸਾਲਾਂ ਦੇ ਕਾਰਜਕਾਲ ਦੀ ਪੁਣ-ਛਾਣ ਕਰਨ ਵਾਲੇ ਮਨੋਰੋਗ-ਵਿਗਿਆਨੀ ਨੂੰ ਸਿਆਸਤ ਦੀ ਉਨਮਾਦੀ ਸ਼ੈਲੀ 'ਤੇ ਵੀ ਨਜ਼ਰ ਰੱਖਣੀ ਪਵੇਗੀ, ਜਿਥੇ ਦੂਜਿਆਂ 'ਤੇ ਕੰਟਰੋਲ ਕਰਨ ਦੀ ਇੱਛਾ ਨੂੰ ਕਾਨੂੰਨ ਤੇ ਵਿਵਸਥਾ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਅਜਿਹੀ ਸ਼ੈਲੀ ਨਾਲ ਅਨੇਕਤਾ 'ਚ ਏਕਤਾ ਕਾਇਮ ਨਹੀਂ ਰਹਿ ਸਕਦੀ, ਇਸ ਰਾਹੀਂ ਸਿਰਫ ਦੂਜਿਆਂ 'ਤੇ ਕਾਬੂ ਪਾਉਣ ਦੀ ਇੱਛਾ ਰੱਖੀ ਜਾਂਦੀ ਹੈ। ਇਉਂ ਕਰਨ ਲਈ ਫਿਰ ਤੁਸੀਂ ਜਾਂ ਤਾਂ ਹੋਰਨਾਂ ਨੂੰ ਘਰੋਂ ਕੱਢ ਦੇਵੋ, ਤੇ ਜਾਂ ਫਿਰ ਉਨ੍ਹਾਂ ਦੇ ਵਿਚਾਰਾਂ ਨੂੰ ਬਦਲ ਕੇ ਉਨ੍ਹਾਂ ਨੂੰ ਘਰ 'ਚ ਰੱਖ ਲਵੋ। ਭਾਜਪਾ ਦੀ ਇਹ ਸਿਆਸਤ ਭੀਮਾ ਕੋਰੇਗਾਓਂ 'ਚ ਫੜੀ ਗਈ ਹੈ।

ਭੀਮਾ ਕੋਰੇਗਾਓਂ ਦੀ ਘਟਨਾ 'ਚੋਂ ਭਾਜਪਾ ਦੀ ਸਿਆਸਤ ਦੇ ਨੁਕਸ ਸਹਿਜੇ ਹੀ ਲੱਭੇ ਜਾ ਸਕਦੇ ਹਨ। ਅਧਿਕਾਰ ਦੀ ਸਿਆਸਤ ਵਾਂਗ ਦਲਿਤ ਸਿਆਸਤ ਸਦਾ ਯਾਦ ਰੱਖਣ ਦੇ ਅਧਿਕਾਰ ਨੂੰ ਪੁਨਰ-ਸੁਰਜੀਤ ਕਰਨ ਦਾ ਯਤਨ ਰਹੀ ਹੈ। ਦਲਿਤਾਂ ਨੂੰ ਬਸਤੀਵਾਦੀ ਫੌਜ ਨਾਲ ਲੜਨ ਵਾਲੇ ਮਹਾਰ ਫੌਜੀਆਂ ਦੀ ਜਿੱਤ ਅਤੇ ਪੇਸ਼ਵਾ ਨੂੰ ਹਰਾਉਣ ਤੱਕ ਮਹਿਦੂਦ ਕਰ ਦਿੱਤਾ ਗਿਆ ਸੀ। ਮਹਾਰਾਂ ਲਈ ਇਹ ਦਲਿਤ ਸੂਰਬੀਰਤਾ ਦਾ ਸਬੂਤ ਸੀ। ਬਹੁ-ਗਿਣਤੀ ਅਤੇ ਕਹਿੰਦੇ-ਕਹਾਉਂਦੇ ਮਰਾਠਿਆਂ ਲਈ ਇਹ ਰਾਸ਼ਟਰਵਾਦ ਨੂੰ ਲੱਗੀ ਢਾਹ ਸੀ। ਮਰਾਠਿਆਂ ਅਤੇ ਦਲਿਤਾਂ ਵਿਚਲੀ ਜੰਗ ਯਾਦ ਰੱਖਣ ਦੇ ਅਧਿਕਾਰ ਅਤੇ ਯਾਦ 'ਤੇ ਕਾਬੂ ਪਾਉਣ ਦੇ ਅਧਿਕਾਰ ਵਿਚਲੀ ਜੰਗ ਬਣ ਕੇ ਰਹਿ ਗਈ ਸੀ। ਭੀਮਾ ਕੋਰੇਗਾਓਂ ਦਲਿਤ ਸ਼ਨਾਖਤ ਦੇ ਪੁਨਰ-ਸਮਰਥਨ ਵਾਲਾ ਸਥਾਨ ਬਣ ਗਿਆ। ਹਿੰਦੂਤਵੀ ਜਥੇਬੰਦੀਆਂ ਨੂੰ ਦਲਿਤਾਂ ਦਾ ਸਮਰਥਨ ਮੁੱਖਧਾਰਾ ਦੇ ਰਾਸ਼ਟਰਵਾਦ 'ਤੇ ਦਾਗ਼ ਹੀ ਜਾਪਦਾ ਹੈ। ਇਸ ਵਰ੍ਹੇ ਸ਼ਾਂਤੀਪੂਰਨ ਮਾਰਚ ਖੂਨ-ਖਰਾਬੇ ਵਾਲੀ ਘਟਨਾ ਬਣ ਗਿਆ।

ਦਿਲਚਸਪ ਗੱਲ ਇਹ ਹੈ ਕਿ ਪੁਲਿਸ ਨੇ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਖਿਲਾਫ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਸਗੋਂ ਇਸ ਦੀ ਥਾਂ ਉਨ੍ਹਾਂ ਹਿੰਸਾ ਅਤੇ ਸਾਜ਼ਿਸ਼ ਦੀ ਅਜਿਹੀ ਕਹਾਣੀ ਘੜੀ ਜੋ ਹੁਣ ਸਭ ਦੇ ਸਾਹਮਣੇ ਰੱਖੀ ਜਾ ਰਹੀ ਹੈ। ਉਨਮਾਦੀ ਹਿੰਦੂਵਾਦੀ ਤਾਕਤਾਂ ਨੇ ਮਰਾਠਿਆਂ ਨੂੰ ਇਹ ਜਚਾਉਣ ਲਈ ਉਕਸਾਉਣਾ ਸ਼ੁਰੂ ਕਰ ਦਿੱਤਾ ਕਿ ਦਲਿਤ ਤਾਂ ਸਦਾ ਜਾਤ-ਪਾਤ 'ਚ ਵਿਸ਼ਵਾਸ ਰੱਖਣ ਵਾਲੇ, ਫਿਰਕੂ ਅਤੇ ਰਾਸ਼ਟਰ ਵਿਰੋਧੀ ਹੁੰਦੇ ਹਨ। ਦਲਿਤਾਂ ਦੀ ਆਜ਼ਾਦੀ ਲਈ ਜੰਗ ਨੂੰ ਹੁਣ 'ਰਾਸ਼ਟਰ ਵਿਰੋਧੀ ਕਾਰਾ' ਬਣਾ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੇ ਮੁੱਖਧਾਰਾ ਦੇ ਇਤਿਹਾਸ ਦੇ ਬਰਾਬਰ ਇੱਕ ਹੋਰ ਵਿਆਖਿਆ ਖੜ੍ਹੀ ਕਰ ਦਿੱਤੀ ਹੈ।

ਭੀਮਾ ਕੋਰੇਗਾਓਂ ਦਾ ਸਮਾਜਿਕ ਵਿਗਾੜ ਇੱਥੇ ਹੀ ਨਹੀਂ ਰੁਕਿਆ। ਭਾਜਪਾ-ਹਿੰਦੂਤਵੀ ਜਥੇਬੰਦੀਆਂ ਨੇ ਇਸ ਸਥਾਨਕ ਘਟਨਾ ਨੂੰ ਰਾਸ਼ਟਰੀ ਘਟਨਾ ਬਣਾ ਕੇ ਪੇਸ਼ ਕੀਤਾ। ਇਸੇ ਲਈ ਉਸ ਹਿੰਸਾ ਨੂੰ ਹੁਣ ਹੋਰ ਐਨਕਾਂ ਅਤੇ ਕਿਸੇ ਵੱਖਰੀ ਕਿਸਮ ਦੇ ਕੋਣ ਤੋਂ ਵਾਚਿਆ ਜਾਣ ਲੱਗਾ ਹੈ। ਜਿਹੜਾ ਖਤਰਾ ਸਿਰਫ ਦੇਸ਼ ਭਗਤ ਇਤਿਹਾਸ ਨੂੰ ਸੀ, ਹੁਣ ਉਹ ਸੁਰੱਖਿਆ ਨੂੰ ਵੀ ਖਤਰਾ ਬਣ ਗਿਆ ਹੈ। ਪੁਲਿਸ ਅਤੇ ਹਿੰਦੂਤਵੀ ਜਥੇਬੰਦੀਆਂ ਉਸ ਹਿੰਸਾ ਨੂੰ ਆਪਣੀ ਪਸੰਦ ਮੁਤਾਬਕ ਸਾਜ਼ਿਸ਼ ਅਤੇ ਸ਼ੱਕ ਦੇ ਚੌਖਟੇ ਅੰਦਰ ਫਿੱਟ ਕਰ ਲਿਆ। ਇੰਜ ਦਲਿਤ ਪੱਖੀ 'ਐਲਗਾਰ ਪ੍ਰੀਸ਼ਦ' ਨਾਲ ਜੁੜੇ ਲੋਕ ਭਾਰਤ ਦੇ ਪ੍ਰਧਾਨ ਮੰਤਰੀ ਲਈ ਖਤਰਾ ਬਣ ਗਏ। ਮੋਦੀ ਨੂੰ ਹੁਣ ਬਿਲਕੁਲ ਉਸ ਤਰ੍ਹਾਂ ਦਾ ਖਤਰਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਿਹੋ ਜਿਹੇ ਖਤਰੇ ਵਿਚ ਫਸ ਕੇ ਰਾਜੀਵ ਗਾਂਧੀ ਦੀ ਜਾਨ ਗਈ ਸੀ। ਅਜਿਹੀਆਂ ਸਾਜ਼ਿਸ਼ਾਂ ਨਾਲ ਇਹੋ ਜਿਹੇ ਜੁਝਾਰੂ ਸਮੂਹਾਂ 'ਤੇ ਸ਼ੱਕ ਦਾ ਦਾਗ਼ ਲੱਗ ਜਾਂਦਾ ਹੈ।

ਇੱਕ ਵਾਰ ਜਦੋਂ ਅਜਿਹੇ ਸਮੂਹਾਂ ਉਤੇ 'ਸੁਰੱਖਿਆ ਨੂੰ ਖਤਰੇ' ਦਾ ਠੱਪਾ ਲੱਗਿਆ, ਫਿਰ ਉਨ੍ਹਾਂ 'ਤੇ ਜਦੋਂ ਮਰਜ਼ੀ ਦਹਿਸ਼ਤ ਫੈਲਾਉਣ ਅਤੇ ਕਤਲ ਦੇ ਇਲਜ਼ਾਮ ਲਾ ਦੇਵੋ। ਇਸ ਪੜਾਅ 'ਤੇ ਹੁਣ ਠੱਪਾ ਲਾਉਣ ਦੀ ਸਿਆਸਤ ਭਾਰੂ ਹੋ ਗਈ ਹੈ। ਮੌਜੂਦਾ ਭਾਰਤ ਵਿਚ 'ਮਾਓਵਾਦੀ' ਸ਼ਬਦ ਨੂੰ ਦਹਿਸ਼ਤਗਰਦ, ਇਨਕਲਾਬੀ, ਕਬਾਇਲੀ ਅਤੇ ਗ਼ੈਰ-ਸੰਵਿਧਾਨਕ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਭਾਜਪਾ ਹੁਣ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਵਕੀਲਾਂ ਦੇ ਵਰਗਾਂ ਨੂੰ ਰਲ਼ਗੱਡ ਕਰ ਕੇ ਉਨ੍ਹਾਂ ਨੂੰ ਮਾਓਵਾਦੀ ਵਜੋਂ ਪੇਸ਼ ਕਰ ਕੇ ਭੰਬਲ਼ਭੂਸਾ ਪੈਦਾ ਕਰ ਰਹੀ ਹੈ। ਪੰਜ ਜਣਿਆਂ ਵਿਚੋਂ ਤਿੰਨ ਤਾਂ ਉਘੇ ਵਕੀਲ ਹਨ ਜੋ ਮਨੁੱਖੀ ਅਧਿਕਾਰਾਂ ਲਈ ਲੜਨ ਲਈ ਜਾਣੇ ਜਾਂਦੇ ਹਨ। ਹੁਣ ਦਲਿਤ ਜਥੇਬੰਦੀਆਂ ਨੂੰ ਮਾਓਵਾਦੀ ਮੋਰਚੇ ਕਰਾਰ ਦੇ ਕੇ ਉਨ੍ਹਾਂ 'ਤੇ ਛਾਪੇ ਮਾਰੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਸੱਚਮੁਚ ਹੀ ਦਾਗ਼ੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਹਿੰਦੂਤਵੀ ਸੱਜ-ਪਿਛਾਖੜੀ ਸੋਚ ਨੂੰ ਸਾਜ਼ਿਸ਼ ਤੇ ਸ਼ੱਕ ਬਹੁਤ ਪਸੰਦ ਹਨ ਅਤੇ ਮਾਓਵਾਦੀਆਂ ਨੂੰ ਹਰ ਕਿਸਮ ਦੇ ਸ਼ੱਕ ਦੇ ਘੇਰੇ 'ਚ ਰੱਖਿਆ ਜਾ ਰਿਹਾ ਹੈ। ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਕਾਰਕੁਨ ਨੂੰ ਮਾਓਵਾਦੀ ਦੱਸਣਾ ਅਜੋਕੀ ਜਮਹੂਰੀਅਤ ਲਈ ਪੁੱਠਾ ਗੇੜਾ ਹੈ।

ਭਾਜਪਾ ਵਲੋਂ ਕੁਝ ਸ਼ਬਦਾਂ ਦੀ ਵਰਤੋਂ ਕਰ ਕੇ ਕੁਝ ਵੱਖਰੀ ਕਿਸਮ ਦਾ ਮਾਹੌਲ ਪੈਦਾ ਕਰਨਾ ਸੱਚਮੁਚ ਪ੍ਰੇਸ਼ਾਨ ਕਰਦਾ ਹੈ। ਸੁਰੱਖਿਆ, ਰਾਸ਼ਟਰ ਵਿਰੋਧੀ, ਨਕਸਲਬਾੜੀ, ਮਾਓਵਾਦੀ ਵਰਗੇ ਪ੍ਰਚਾਰੇ ਜਾ ਰਹੇ ਸ਼ਬਦ ਬਿਲਕੁਲ ਖੋਖਲੇ ਹਨ। ਭਾਜਪਾ ਹੁਣ ਇਹੋ ਚਾਹੁੰਦੀ ਹੈ ਕਿ ਇਨ੍ਹਾਂ ਸ਼ਬਦਾਂ ਦਾ ਜੋ ਅਰਥ ਉਹ ਸਮਝਾਉਣਾ ਚਾਹੁੰਦੀ ਹੈ, ਸਾਰੇ ਲੋਕ ਉਹੀ ਅਰਥ ਸਮਝਣ। ਇਸ ਵੇਲੇ ਅਸੀਂ ਅਜਿਹੇ ਹਾਲਾਤ ਦਾ ਸਾਹਮਣਾ ਕਰ ਰਹੇ ਹਾਂ, ਜਿੱਥੇ ਰੋਸ ਪ੍ਰਗਟਾਉਣ ਨੂੰ ਦੇਸ਼-ਧ੍ਰੋਹ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਜਿਹੜੇ ਸ਼ਖਸਾਂ ਤੋਂ ਹੁਣ ਪੁੱਛਗਿੱਛ ਕੀਤੀ ਗਈ ਸੀ ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਗਿਆ ਸੀ, ਉਨ੍ਹਾਂ ਵਿਚ ਅੰਬੇਡਕਰਵਾਦੀ ਵਿਦਵਾਨ ਆਨੰਦ ਤੇਲਤੁੰਬੜੇ, ਕਬਾਇਲੀਆਂ ਦੇ ਅਧਿਕਾਰਾਂ ਲਈ ਲੜਦੇ ਰਹੇ ਸਟੈਨ ਸਵਾਮੀ ਜਿਹੀਆਂ ਹਸਤੀਆਂ ਸ਼ਾਮਲ ਹਨ। ਇਥੋਂ ਹੀ ਹਿੰਦੂਤਵੀ ਖੇਡ ਸਮਝੀ ਜਾ ਸਕਦੀ ਹੈ।

ਭਾਰਤੀ ਜਨਤਾ ਪਾਰਟੀ ਦਰਅਸਲ ਬਹੁ-ਗਿਣਤੀਆਂ ਦੀ ਸਰਦਾਰੀ ਦੇ ਨਾਂ ਹੇਠ ਹਾਕਮਾਨਾ ਮਾਹੌਲ ਚਾਹੁੰਦੀ ਹੈ। ਬਹੁਮਤ ਹਾਸਲ ਕਰਨ ਤੋਂ ਬਾਅਦ ਇਸ ਨੇ ਸਮਾਜ ਅਤੇ ਰੋਸ ਪ੍ਰਗਟਾਵੇ ਨੂੰ ਮੁੜ ਪਰਿਭਾਸ਼ਤ ਕਰਨਾ ਸ਼ੁਰੂ ਕਰ ਦਿੱਤਾ। ਸਮਾਜ ਪ੍ਰਤੀ ਇਸ ਦਾ ਇਹ ਰਵੱਈਆ ਮਾਨਹਾਨੀ ਵਾਲਾ ਹੈ। ਭਾਜਪਾ ਹੁਣ ਸਮਾਜ ਵਿਚ ਪੂਰੀ ਤਰ੍ਹਾਂ ਆਰਐਸਐਸ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੀ ਵਿਚਾਰਧਾਰਾ ਲਾਗੂ ਕਰਨਾ ਚਾਹੁੰਦੀ ਹੈ। ਸਮਾਜ ਅਤੇ ਹਕੂਮਤ ਇੱਕੋ ਇਕਾਈ ਬਣ ਜਾਂਦੇ ਹਨ, ਜਿਥੇ ਵਿਚਾਰ ਜੜ੍ਹ ਹੋ ਜਾਂਦੇ ਹਨ। ਹੁਣ ਜਿਨ੍ਹਾਂ ਨੂੰ ਫੜਿਆ ਗਿਆ ਹੈ, ਉਸ ਦਾ ਵਿਰੋਧ ਸਿਰਫ ਇਸ ਲਈ ਹੋਣ ਲੱਗ ਪਿਆ ਹੈ ਕਿਉਂਕਿ ਉਹ ਹੁਣ ਤੱਕ ਹਾਸ਼ੀਏ 'ਤੇ ਜਾ ਚੁੱਕੇ ਲੋਕਾਂ ਦੇ ਅਧਿਕਾਰਾਂ ਅਤੇ ਭਲਾਈ ਲਈ ਹੀ ਲੜਦੇ ਰਹੇ ਹਨ।


ਦੂਜੇ, ਹੁਣ ਸਭ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਹੈ ਕਿ ਸਮਾਜ ਨੂੰ ਨਾ ਸਿਰਫ ਗੂੰਗਾ ਅਤੇ ਕਮਜ਼ੋਰ ਬਣਾਇਆ ਜਾ ਰਿਹਾ ਹੈ, ਸਗੋਂ ਹਾਸ਼ੀਏ 'ਤੇ ਜਾ ਚੁੱਕੇ ਲੋਕਾਂ, ਘੱਟ-ਗਿਣਤੀਆਂ, ਨਵੀਂ ਤੇ ਹਟਵੀਂ ਸੋਚ ਵਾਲਿਆਂ, ਵਿਚਾਰਧਾਰਕ ਮੱਤਭੇਦ ਰੱਖਣ ਵਾਲਿਆਂ ਅਤੇ ਮੁਤਬਾਦਲਾਂ ਨੂੰ ਬਰਬਾਦ ਕਰ ਕੇ 'ਅਨੇਕਤਾ ਵਿਚ ਏਕਤਾ' ਨੂੰ ਖਤਮ ਕੀਤਾ ਜਾ ਰਿਹਾ ਹੈ। ਕਿਸੇ ਵੀ ਤਰ੍ਹਾਂ ਦੇ ਵਿਚਾਰਧਾਰਕ ਮੱਤਭੇਦ ਨੂੰ ਹੁਣ ਭਾਜਪਾ ਬਰਦਾਸ਼ਤ ਨਹੀਂ ਕਰ ਰਹੀ, ਉਹ ਜਾਂ ਤਾਂ ਉਸ ਨੂੰ ਖਤਮ ਕਰ ਰਹੀ ਹੈ, ਤੇ ਜਾਂ ਉਸ ਨੂੰ ਬਿਨਾ ਮਤਲਬ ਬਦਨਾਮ ਕਰ ਰਹੀ ਹੈ। ਸੁਰੱਖਿਆ ਤੇ ਰਾਸ਼ਟਰ ਦੀਆਂ ਗੱਲਾਂ ਸਿਰਫ ਦਿਖਾਵੇ ਲਈ ਹਨ। ਵਿਚਾਰਧਾਰਾ ਤੋਂ ਵੀ ਅਗਾਂਹ, ਭਾਜਪਾ ਦੇ ਨਿਸ਼ਾਨੇ ਸਦਾ ਵਿਹਾਰਕ ਰਹੇ ਹਨ। ਹੁਣ ਜਦੋਂ ਆਮ ਚੋਣਾਂ ਸਿਰ 'ਤੇ ਆ ਗਈਆਂ ਹਨ; ਹਰ ਤਰ੍ਹਾਂ ਦੇ ਕੰਮਕਾਜ, ਖੇਤੀਬਾੜੀ, ਸਿਖਿਆ ਤੇ ਸਮਾਜ ਵਿਚ ਬੇਚੈਨੀ ਦਾ ਪੱਧਰ ਕੁਝ ਵਧ ਗਿਆ ਹੈ ਅਤੇ ਮੱਤਭੇਦਾਂ ਨੂੰ ਇਲਜ਼ਾਮਤਰਾਸ਼ੀ ਨਾਲ ਦਬਾਉਣ ਨਾਲ ਸਿਆਸਤ ਸੁਖਾ਼ਲੀ ਹੋ ਜਾਂਦੀ ਹੈ। ਕਿਸੇ ਨੂੰ ਪ੍ਰੇਸ਼ਾਨ ਕਰਨਾ ਹੁਣ ਸਹੀ ਅਤੇ ਸਰਕਾਰੀ ਬਣ ਗਿਆ ਹੈ।



ਖੁਸ਼ਕਿਸਮਤੀ ਨੂੰ ਭਾਜਪਾ ਜਿਥੇ ਹਾਕਮਾਨਾ ਬਣ ਕੇ ਦਿਖਾਉਣਾ ਚਾਹੁੰਦੀ ਹੈ, ਉਥੇ ਉਹ ਆਪਣੀਆਂ ਅਸਮਰੱਥਾਵਾਂ ਕਾਰਨ ਗ਼ਲਤੀਆਂ ਵੀ ਕਰਦੀ ਹੈ। ਕਿਸੇ ਨੂੰ ਪ੍ਰੇਸ਼ਾਨ ਕਰਨ ਦੀਆਂ ਇਸ ਦੀਆਂ ਰੀਤਾਂ ਕਾਰਨ ਵੀ ਉਸ ਦਾ ਮਜ਼ਾਕ ਉਡ ਰਿਹਾ ਹੈ। ਆਖਰ ਪੁਲਿਸ ਵਲੋਂ ਗੌਤਮ ਨਵਲਖਾ ਨੂੰ ਗ੍ਰਿਫਤਾਰ ਕਿਉਂ ਕੀਤਾ ਗਿਆ ਸੀ। ਸ਼ੋਮਾ ਸੇਨ ਨੂੰ ਗ੍ਰਿਫਤਾਰ ਕਰਦੇ ਸਮੇਂ ਪੁਲਿਸ ਅਧਿਕਾਰੀ ਉਨ੍ਹਾਂ 'ਤੇ ਡਿੱਗ ਜਾਂਦੇ ਹਨ ਤੇ ਫਿਰ ਮੁਆਫੀ ਮੰਗਦੇ ਹਨ। ਥੋਕ ਦੇ ਭਾਅ ਅਜਿਹੀਆਂ ਗ੍ਰਿਫਤਾਰੀਆਂ ਵਾਲੇ ਕੇਸ ਅਦਾਲਤਾਂ ਵਿਚ ਕਿਤੇ ਨਹੀਂ ਟਿਕਦੇ। ਦਰਅਸਲ, ਹੁਣ ਸਭ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਹੈ ਕਿ ਭਾਜਪਾ ਨੂੰ ਹਕੀਕਤਾਂ ਦਾ ਕੋਈ ਨਹੀਂ ਇਲਮ। ਅਜਿਹੀ ਪਾਰਟੀ ਹੈ ਜੋ ਸਿਰਫ ਆਪਣੀਆਂ ਚਿੰਤਾਵਾਂ ਦਾ ਹੀ ਇਜ਼ਹਾਰ ਕਰ ਰਹੀ ਹੈ ਤੇ ਗ਼ਲਤੀਆਂ ਵੀ ਕਰ ਰਹੀ ਹੈ। ਇਹ ਪਾਰਟੀ ਜਮਹੂਰੀਅਤ ਅਤੇ ਰਾਸ਼ਟਰ ਲਈ ਖਤਰਾ ਬਣ ਰਹੀ ਹੈ, ਸਗੋਂ ਇਹ ਜਮਹੂਰੀਅਤ ਅਤੇ ਰਾਸ਼ਟਰ, ਦੋਵਾਂ ਨੂੰ ਹੀ ਘਟਾ ਕੇ ਦੇਖ ਰਹੀ ਹੈ। ਹੁਣ ਕਸੂਰਵਾਰ ਨਕਸਲੀ ਜਾਂ ਮਾਓਵਾਦੀ ਨਹੀਂ, ਸਗੋਂ ਸੱਜੇ-ਪੱਖੀ ਹਿੰਦੂ ਹਨ ਜਿਨ੍ਹਾਂ ਦੇ ਵਿਚਾਰਾਂ ਦਾ ਹੁਣ ਖਾਤਮਾ ਹੋ ਚੁੱਕਾ ਹੈ ਤੇ ਇਹ ਐਵੇਂ ਹੰਗਾਮਾ ਖੜ੍ਹਾ ਕਰ ਰਹੇ ਹਨ। ਜਮਹੂਰੀਅਤ ਨੂੰ ਖੋਰਾ ਵਧ ਰਿਹਾ ਹੈ। ਗ੍ਰਿਫਤਾਰੀਆਂ ਸਿਰਫ ਦਹਿਸ਼ਤ ਪੈਦਾ ਕਰਨ ਲਈ ਕੀਤੀਆਂ ਜਾ ਰਹੀਆਂ ਹਨ ਜੋ ਸ਼ਾਇਦ 2019 'ਚ ਵੀ ਨਾ ਰੁਕਣ।

# ਮੈਂ ਵੀ ਹਾਂ 'ਸ਼ਹਿਰੀ ਨਕਸਲੀ': ਅਰੁੰਧਤੀ ਰਾਏ

*ਮਹਾਂਰਾਸ਼ਟਰ ਪੁਲਿਸ ਵੱਲੋਂ ਪੰਜ ਬੁੱਧੀਜੀਵੀਆਂ ਨੂੰ 'ਸ਼ਹਿਰੀ ਨਕਸਲੀ' ਦਾ ਦੋਸ਼ ਲਗਾ ਕੇ ਗ੍ਰਿਫਤਾਰ ਕੀਤੇ ਜਾਣ ਬਾਰੇ ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ ਨੇ ਲੇਖ ਲਿਖਿਆ ਹੈ। ਇਸ ਵਿਚ ਉਸ ਨੇ ਇਨ੍ਹਾਂ ਗ੍ਰਿਫਤਾਰੀਆਂ ਦੇ ਅਸਲ ਕਾਰਨਾਂ ਅਤੇ ਇਸ ਦੇ ਪਿਛੋਕੜ ਬਾਰੇ ਖੁਲਾਸੇ ਕੀਤੇ ਹਨ ਕਿ ਸਰਕਾਰ ਕਿਸ ਤਰ੍ਹਾਂ ਆਪਣੀਆਂ ਨਾਲਾਇਕੀਆਂ ਲੁਕੋਣ ਲਈ ਅਜਿਹੀਆਂ ਹੋਛੀਆਂ ਕਾਰਵਾਈਆਂ 'ਤੇ ਉਤਰ ਆਈ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*



ਅਰੁੰਧਤੀ ਰਾਏ

30 ਅਗਸਤ 2018 ਦੇ ਅਖ਼ਬਾਰਾਂ ਨੇ ਉਹ ਚੀਜ਼ ਸਾਫ ਕਰ ਦਿੱਤੀ ਜਿਸ ਨੂੰ ਲੈ ਕੇ ਅਸੀਂ ਕੁਝ ਸਮੇਂ ਤੋਂ ਬਹਿਸ ਕਰ ਰਹੇ ਸੀ। ਇੰਡੀਅਨ ਐਕਸਪ੍ਰੈਸ ਦੀ ਮੁੱਖ ਸਫੇ ਦੀ ਰਿਪੋਰਟ ਕਹਿੰਦੀ ਹੈ: 'ਪੁਲਿਸ ਨੇ ਅਦਾਲਤ ਨੂੰ ਦੱਸਿਆ: ਜਿਨ੍ਹਾਂ ਨੂੰ ਫੜਿਆ ਗਿਆ ਹੈ, ਇਹ ਫਾਸ਼ੀਵਾਦੀ ਸਰਕਾਰ ਨੂੰ ਉਲਟਾਉਣ ਦੀ ਸਾਜ਼ਿਸ਼ ਘੜ ਰਹੇ ਸਨ।' ਹੁਣ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡਾ ਸਾਹਮਣਾ ਐਸੇ ਨਿਜ਼ਾਮ ਨਾਲ ਹੈ ਜਿਸ ਨੂੰ ਇਸ ਦੀ ਆਪਣੀ ਹੀ ਪੁਲਿਸ ਫਾਸ਼ੀਵਾਦੀ ਕਹਿ ਰਹੀ ਹੈ। ਅੱਜ ਦੇ ਭਾਰਤ ਵਿਚ ਘੱਟ ਗਿਣਤੀ ਨਾਲ ਸਬੰਧਤ ਹੋਣਾ ਜੁਰਮ ਹੈ। ਕਤਲ ਹੋ ਜਾਣਾ ਜੁਰਮ ਹੈ। ਹਜੂਮੀ ਕਾਤਲਾਂ ਹੱਥੋਂ ਕਤਲ ਹੋਣਾ ਜੁਰਮ ਹੈ। ਗ਼ਰੀਬ ਹੋਣਾ ਜੁਰਮ ਹੈ। ਗ਼ਰੀਬਾਂ ਦੇ ਹੱਕ ਵਿਚ ਖੜ੍ਹਨਾ ਸਰਕਾਰ ਨੂੰ ਉਲਟਾਉਣਾ ਹੈ।

ਜਦੋਂ ਪੁਣੇ ਪੁਲਿਸ ਨੇ ਪੂਰੇ ਮੁਲਕ ਵਿਚ ਜਾਣੇ-ਪਛਾਣੇ ਕਾਰਕੁਨਾਂ, ਕਵੀਆਂ, ਵਕੀਲਾਂ ਅਤੇ ਇਸਾਈ ਪਾਦਰੀਆਂ ਦੇ ਘਰਾਂ ਵਿਚ ਇਕੋ ਸਮੇਂ ਛਾਪੇ ਮਾਰੇ ਅਤੇ ਨਾਗਰਿਕ ਹੱਕਾਂ ਦੇ ਕੱਦਾਵਰ ਘੁਲਾਟੀਆਂ ਤੇ ਦੋ ਵਕੀਲਾਂ ਨੂੰ ਹਾਸੋਹੀਣੇ ਇਲਜ਼ਾਮਾਂ ਤਹਿਤ ਗ੍ਰਿਫਤਾਰ ਕੀਤਾ ਗਿਆ, ਕਾਗਜ਼ੀ ਕਾਰਵਾਈ ਤੋਂ ਬਗ਼ੈਰ ਹੀ ਜਾਂ ਮਾਮੂਲੀ ਕਾਗਜ਼ੀ ਕਾਰਵਾਈ ਤਹਿਤ, ਤਾਂ ਸਰਕਾਰ ਜਾਣਦੀ ਹੋਵੇਗੀ ਕਿ ਇਸ ਨਾਲ ਰੋਹ ਪੈਦਾ ਹੋਵੇਗਾ। ਇਸ ਨੇ ਇਹ ਕਾਰਵਾਈ ਵਿੱਢਣ ਤੋਂ ਪਹਿਲਾਂ ਹੀ ਇਸ ਪ੍ਰੈਸ ਕਾਨਫਰੰਸ ਅਤੇ ਸਾਰੇ ਰੋਸ ਵਿਖਾਵਿਆਂ ਸਮੇਤ ਸਾਡੇ ਤਮਾਮ ਪ੍ਰਤੀਕਰਮਾਂ ਨੂੰ ਧਿਆਨ ਵਿਚ ਰੱਖਿਆ ਹੋਵੇਗਾ, ਜੋ ਪੂਰੇ ਮੁਲਕ ਵਿਚ ਹੋ ਰਹੇ ਹਨ। ਫਿਰ ਵੀ ਐਸਾ ਕਿਉਂ ਕੀਤਾ ਗਿਆ?

ਵੋਟਰਾਂ ਦੇ ਰੌਂਅ ਦੇ ਹਕੀਕੀ ਵਿਸ਼ਲੇਸ਼ਣਾਂ, ਲੋਕਨੀਤੀ-ਸੀਐਸਡੀਐਸ.-ਏ.ਬੀ.ਪੀ. ਦੇ 'ਰਾਸ਼ਟਰ ਦਾ ਮਿਜ਼ਾਜ' ਦੇ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਭਾਜਪਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਮਕਬੂਲੀਅਤ ਖ਼ਤਰਨਾਕ ਤੇਜ਼ੀ ਨਾਲ ਘਟ ਰਹੀ ਹੈ। ਇਸ ਦਾ ਭਾਵ ਹੈ ਕਿ ਅਸੀਂ ਖ਼ਤਰਨਾਕ ਸਮਿਆਂ ਵਿਚ ਦਾਖ਼ਲ ਹੋ ਰਹੇ ਹਾਂ। ਮਕਬੂਲੀਅਤ ਨੂੰ ਲੱਗੇ ਇਸ ਖ਼ੋਰੇ ਦੇ ਕਾਰਨਾਂ ਤੋਂ ਧਿਆਨ ਹਟਾਉਣ ਅਤੇ ਵਿਰੋਧ ਦੀ ਵਧ ਰਹੀ ਇਕਮੁੱਠਤਾ ਨੂੰ ਤੋੜਨ ਲਈ ਬੇਕਿਰਕ ਅਤੇ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਹੁਣ ਤੋਂ ਲੈ ਕੇ ਚੋਣਾਂ ਤਕ ਗ੍ਰਿਫਤਾਰੀਆਂ, ਕਤਲਾਂ, ਹਜੂਮੀ ਕਤਲਾਂ, ਬੰਬ ਧਮਾਕਿਆਂ, ਜਾਅਲੀ ਹਮਲਿਆਂ, ਦੰਗੇ-ਫਸਾਦਾਂ, ਨਸਲੀ ਕਤਲੇਆਮਾਂ ਦਾ ਲਗਾਤਾਰ ਤਮਾਸ਼ਾ ਚੱਲੇਗਾ। ਅਸੀਂ ਚੋਣਾਂ ਦੀ ਰੁੱਤ ਨੂੰ ਹਰ ਤਰ੍ਹਾਂ ਦੀ ਹਿੰਸਾ ਦੀ ਸ਼ੁਰੂਆਤ ਨਾਲ ਜੋੜ ਕੇ ਦੇਖਣਾ ਸਿੱਖ ਲਿਆ ਹੈ। ਹੁਣ ਤੋਂ ਲੈ ਕੇ ਚੋਣਾਂ ਤਕ ਕਦੋਂ, ਕਿਥੇ ਅਤੇ ਕਿਵੇਂ ਅੱਗ ਦਾ ਗੋਲਾ ਸਾਡੇ ਉਪਰ ਆ ਡਿੱਗੇਗਾ ਅਤੇ ਉਸ ਦਾ ਸੁਭਾਅ ਕੀ ਹੋਵੇਗਾ? ਲਿਹਾਜ਼ਾ, ਇਸ ਤੋਂ ਪਹਿਲਾਂ ਕਿ ਮੈਂ ਵਕੀਲਾਂ ਅਤੇ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਦੀ ਗੱਲ ਕਰਾਂ, ਮੈਂ ਕੁਝ ਨੁਕਤੇ ਦੁਹਰਾਉਣਾ ਚਾਹੁੰਦੀ ਹਾਂ ਜਿਨ੍ਹਾਂ ਤੋਂ ਸਾਡਾ ਧਿਆਨ ਬਿਲਕੁਲ ਨਾ ਭਟਕੇ, ਚਾਹੇ ਅੱਗ ਵਰ੍ਹ ਰਹੀ ਹੋਵੇ ਅਤੇ ਚਾਹੇ ਸਾਡੇ ਨਾਲ ਕਿੰਨੀਆਂ ਵੀ ਅਜੀਬੋ ਗਰੀਬ ਘਟਨਾਵਾਂ ਵਾਪਰ ਰਹੀਆਂ ਹੋਣ।

1. ਇਕ ਸਾਲ ਨੌਂ ਮਹੀਨੇ ਪਹਿਲਾਂ 8 ਨਵੰਬਰ 2016 ਤੋਂ ਲੈ ਕੇ, ਜਦੋਂ ਮੋਦੀ ਟੀ.ਵੀ. ਉਪਰ ਪ੍ਰਗਟ ਹੋਏ ਅਤੇ ਉਸ ਵਲੋਂ ਸਰਕੂਲੇਸ਼ਨ ਵਿਚਲੀ 80 ਫੀਸਦੀ ਕਰੰਸੀ ਦੀ ਨੋਟਬੰਦੀ ਦੀ ਨੀਤੀ ਦਾ ਐਲਾਨ ਕੀਤਾ ਗਿਆ। ਜਾਪਦਾ ਸੀ, ਉਸ ਦੀ ਆਪਣੀ ਵਜ਼ਾਰਤ ਵੀ ਇਸ ਨਾਲ ਹੱਕੀ-ਬੱਕੀ ਰਹਿ ਗਈ ਸੀ। ਹੁਣ ਰਿਜ਼ਰਵ ਬੈਂਕ ਨੇ ਐਲਾਨ ਕੀਤਾ ਹੈ ਕਿ 99 ਫੀਸਦੀ ਕਰੰਸੀ ਬੈਂਕਿੰਗ ਵਿਵਸਥਾ ਵਿਚ ਵਾਪਸ ਆ ਗਈ ਹੈ। ਵੀਰਵਾਰ ਨੂੰ ਯੂ.ਕੇ. ਤੋਂ 'ਦਿ ਗਾਰਡੀਅਨ' ਨੇ ਰਿਪੋਰਟ ਛਾਪੀ ਹੈ ਕਿ ਇਸ ਨੀਤੀ ਨੇ ਮੁਲਕ ਦੀ ਇਕ ਫੀਸਦੀ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਨਿਗਲ ਲਈ ਹੈ ਅਤੇ ਇਸ ਦੀ ਕੀਮਤ ਤਕਰੀਬਨ ਪੰਦਰਾਂ ਲੱਖ ਨੌਕਰੀਆਂ ਦੀ ਬਲੀ ਦੇ ਕੇ ਚੁਕਾਈ ਗਈ ਹੈ। ਇਸ ਦੌਰਾਨ, ਮੁਲਕ ਨੂੰ ਨਵੀਂ ਕਰੰਸੀ ਛਾਪਣ ਲਈ ਕਈ ਹਜ਼ਾਰ ਕਰੋੜ ਰੁਪਏ ਦੀ ਕੀਮਤ ਚੁਕਾਉਣੀ ਪਈ ਹੈ। ਨੋਟਬੰਦੀ ਤੋਂ ਬਾਅਦ ਗੁਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐਸ.ਟੀ.) ਆ ਗਿਆ - ਅਜਿਹਾ ਟੈਕਸ ਜਿਸ ਨੂੰ ਇਸ ਤਰੀਕੇ ਨਾਲ ਘੜਿਆ ਗਿਆ ਜਿਸ ਨੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਉਪਰ ਇਕ ਹੋਰ ਸੱਟ ਮਾਰੀ ਹੈ ਜੋ ਪਹਿਲਾਂ ਹੀ ਨੋਟਬੰਦੀ ਹੇਠ ਦਰੜੇ ਜਾ ਰਹੇ ਸਨ।

ਜਦੋਂਕਿ ਛੋਟੇ ਕੰਮ-ਧੰਦੇ ਵਾਲਿਆਂ, ਵਪਾਰੀਆਂ ਅਤੇ ਸਭ ਤੋਂ ਵੱਧ ਗ਼ਰੀਬਾਂ ਨੂੰ ਤਾਂ ਬੇਥਾਹ ਨੁਕਸਾਨ ਝੱਲਣਾ ਪਿਆ ਹੈ, ਭਾਜਪਾ ਦੀਆਂ ਨਜ਼ਦੀਕੀ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਦੀ ਦੌਲਤ ਵਿਚ ਕਈ ਗੁਣਾਂ ਇਜ਼ਾਫਾ ਹੋਇਆ ਹੈ। ਵਿਜੈ ਮਾਲੀਆ ਅਤੇ ਨੀਰਵ ਮੋਦੀ ਵਰਗੇ ਕਾਰੋਬਾਰੀਆਂ ਨੂੰ ਜਨਤਾ ਦੇ ਹਜ਼ਾਰਾਂ ਕਰੋੜ ਰੁਪਏ ਸਮੇਤ ਪੱਤਰੇ ਵਾਚ ਜਾਣ ਦੀ ਇਜਾਜ਼ਤ ਦਿੱਤੀ ਗਈ ਜਦਕਿ ਸਰਕਾਰ ਮੂੰਹ ਫੇਰ ਕੇ ਬੈਠੀ ਰਹੀ।

ਇਸ ਸਭ ਕਾਸੇ ਲਈ ਅਸੀਂ ਕਿਸ ਤਰ੍ਹਾਂ ਦੀ ਜਵਾਬਦੇਹੀ ਦੀ ਉਮੀਦ ਕਰ ਸਕਦੇ ਹਾਂ? ਕੁਝ ਵੀ ਨਹੀਂ? ਸਿਫਰ?

ਇਸ ਨਾਲ, ਜਦੋਂ ਇਸ ਵਲੋਂ 2019 ਦੀਆਂ ਚੋਣਾਂ ਲਈ ਕਮਰਕੱਸੇ ਕੀਤੇ ਜਾ ਰਹੇ ਹਨ, ਭਾਜਪਾ ਹੁਣ ਭਾਰਤ ਦੀ ਸਭ ਤੋਂ ਦੌਲਤਮੰਦ ਪਾਰਟੀ ਬਣ ਕੇ ਉਭਰੀ ਹੈ। ਗਜ਼ਬ ਦੀ ਗੱਲ ਇਹ ਹੈ ਕਿ ਹਾਲ ਹੀ ਵਿਚ ਇਲੈਕਟੋਰਲ ਬੌਂਡ (ਭੁਗਤਾਨ ਦੀ ਨਵੀਂ ਬੇਨਾਮ ਵਿਧੀ-ਅਨੁਵਾਦਕ) ਨਾਲ ਇਹ ਯਕੀਨੀ ਬਣਾਇਆ ਹੈ ਕਿ ਸਿਆਸੀ ਪਾਰਟੀਆਂ ਦੀ ਦੌਲਤ ਦੇ ਵਸੀਲੇ ਗੁਪਤ ਰੱਖੇ ਜਾ ਸਕਣਗੇ।

2. ਸਾਨੂੰ ਸਾਰਿਆਂ ਨੂੰ 2016 ਵਿਚ ਮੁੰਬਈ ਵਿਚ ਹੋਇਆ 'ਮੇਕ ਇਨ ਇੰਡੀਆ' ਸਮਾਰੋਹ ਯਾਦ ਹੈ ਜਿਸ ਦਾ ਉਦਘਾਟਨ ਮੋਦੀ ਜੀ ਨੇ ਕੀਤਾ ਸੀ ਅਤੇ ਜਿਥੇ ਸਭਿਆਚਾਰਕ ਮੇਲੇ ਦਾ ਮੁੱਖ ਸ਼ਾਮਿਆਨਾ ਹੀ ਅੱਗ ਦੀ ਭੇਟ ਚੜ੍ਹ ਗਿਆ ਸੀ। ਖ਼ੈਰ, 'ਮੇਕ ਇਨ ਇੰਡੀਆ' ਦੇ ਖ਼ਿਆਲ ਦੀ ਅਸਲ ਚਿਤਾ ਰਾਫਾਲ ਲੜਾਕੂ ਜਹਾਜ਼ਾਂ ਦਾ ਸੌਦਾ ਹੈ, ਜਾਪਦਾ ਹੈ ਜਿਸ ਦਾ ਫੈਸਲਾ ਪ੍ਰਧਾਨ ਮੰਤਰੀ ਵਲੋਂ ਪੈਰਿਸ ਵਿਚ ਆਪਣੀ ਹੀ ਰੱਖਿਆ ਮੰਤਰੀ ਨੂੰ ਸਮੇਂ ਸਿਰ ਜਾਣਕਾਰੀ ਦੇਣ ਤੋਂ ਬਿਨਾਂ ਹੀ ਲਿਆ ਗਿਆ ਅਤੇ ਐਲਾਨ ਵੀ ਕਰ ਦਿੱਤਾ ਗਿਆ। ਇਹ ਵਿਦੇਸ਼ ਮੰਤਰਾਲੇ ਦੇ ਤਮਾਮ ਜਾਣੇ-ਪਛਾਣੇ ਸ਼ਿਸ਼ਟਾਚਾਰ ਦੇ ਖ਼ਿਲਾਫ ਹੈ। ਹੁਣ ਲੁਕ-ਲੁਕੋ ਵਾਲੀ ਕੋਈ ਗੱਲ ਨਹੀਂ ਰਹੀ - ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵਲੋਂ 2012 ਵਿਚ ਜਹਾਜ਼ ਖ਼ਰੀਦਣ ਦਾ ਸੌਦਾ ਕੀਤਾ ਗਿਆ ਸੀ ਜਿਨ੍ਹਾਂ ਦੇ ਹਿੱਸੇ-ਪੁਰਜ਼ੇ ਹਿੰਦੁਸਤਾਨ ਏਅਰੋਨਾਟਿਕਸ ਨੇ ਜੋੜਨੇ ਸਨ। ਉਹ ਸੌਦਾ ਰੱਦ ਕਰਕੇ ਨਵਾਂ ਸੌਦਾ ਕੀਤਾ ਗਿਆ। ਹਿੰਦੁਸਤਾਨ ਏਅਰੋਨਾਟਿਕਸ ਨੂੰ ਝਟਕਾ ਦਿੱਤਾ ਗਿਆ। ਕਾਂਗਰਸ ਪਾਰਟੀ ਅਤੇ ਹੋਰ ਕਈਆਂ ਨੇ ਇਸ ਸੌਦੇ ਦਾ ਮੁਤਾਲਿਆ ਕਰਕੇ ਇਲਜ਼ਾਮ ਲਾਏ ਹਨ ਕਿ ਇਸ ਵਿਚ ਹੋਇਆ ਭ੍ਰਿਸ਼ਟਾਚਾਰ ਕਲਪਨਾ ਤੋਂ ਬਾਹਰ ਹੈ ਅਤੇ ਉਨ੍ਹਾਂ ਨੇ 'ਆਫਸੈੱਟ' ਸੌਦੇ ਵਿਚ ਰਿਲਾਇੰਸ ਡਿਫੈਂਸ ਲਿਮਟਿਡ ਨੂੰ ਸ਼ਾਮਲ ਕੀਤੇ ਜਾਣ ਉਪਰ ਸਵਾਲ ਉਠਾਏ ਹਨ, ਜਿਸ ਨੇ ਆਪਣੀ ਜ਼ਿੰਦਗੀ ਵਿਚ ਕਦੇ ਜਹਾਜ਼ ਬਣਾਏ ਹੀ ਨਹੀਂ।

ਵਿਰੋਧੀ-ਧਿਰ ਨੇ ਸਾਂਝੀ ਸੰਸਦੀ ਕਮੇਟੀ ਬਣਾ ਕੇ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਕੀ ਸਾਨੂੰ ਇਸ ਦੀ ਕੋਈ ਉਮੀਦ ਹੈ? ਜਾਂ ਸਾਨੂੰ ਬਾਕੀ ਹਰ ਚੀਜ਼ ਸਮੇਤ ਜਹਾਜ਼ਾਂ ਦੇ ਇਸ ਪੂਰੇ ਬੇੜੇ ਨੂੰ ਵੀ ਹਜ਼ਮ ਕਰ ਲੈਣਾ ਚਾਹੀਦਾ ਹੈ ਅਤੇ ਸਾਨੂੰ ਕੋਈ ਮੁਸ਼ਕਿਲ ਨਹੀਂ ਹੋਵੇਗੀ?

3. ਪੱਤਰਕਾਰ ਅਤੇ ਕਾਰਕੁਨ ਗੌਰੀ ਲੰਕੇਸ਼ ਦੇ ਕਤਲ ਦੀ ਕਰਨਾਟਕਾ ਪੁਲਿਸ ਵੱਲੋਂ ਜਾਂਚ ਕੀਤੇ ਜਾਣ ਨਾਲ ਬਹੁਤ ਸਾਰੀਆਂ ਗ੍ਰਿਫਤਾਰੀਆਂ ਹੋਈਆਂ ਹਨ ਜਿਸ ਦੇ ਸਿਟੇ ਵਜੋਂ ਸਨਾਤਨ ਸੰਸਥਾਨ ਵਰਗੀਆਂ ਕਈ ਸੱਜੇਪੱਖੀ ਹਿੰਦੂਤਵ ਜਥੇਬੰਦੀਆਂ ਦੀਆਂ ਸਰਗਰਮੀਆਂ ਬੇਨਕਾਬ ਹੋ ਗਈਆਂ ਹਨ।

ਇਸ ਨਾਲ ਗੁਪਤ, ਭਰਵੇਂ ਦਹਿਸ਼ਤੀ ਤਾਣੇਬਾਣੇ ਦਾ ਵਜੂਦ ਸਾਹਮਣੇ ਆਇਆ ਹੈ, ਜਿਸ ਕੋਲ ਹਿਟ ਲਿਸਟਾਂ, ਹਥਿਆਰ, ਗੋਲੀ-ਸਿੱਕੇ ਅਤੇ ਲੋਕਾਂ ਨੂੰ ਬੰਬ ਧਮਾਕਿਆਂ, ਕਤਲਾਂ ਅਤੇ ਜ਼ਹਿਰ ਦੇ ਕੇ ਮਾਰ ਮੁਕਾਉਣ ਦੀਆਂ ਯੋਜਨਾਵਾਂ ਅਤੇ ਮਹਿਫੂਜ਼ ਟਿਕਾਣਿਆਂ ਦਾ ਪੂਰਾ ਤੰਤਰ ਹੈ। ਐਸੇ ਕਿੰਨੇ ਗਰੁਪ ਇਸ ਕੰਮ ਵਿਚ ਜੁਟੇ ਹੋਏ ਹਨ ਅਤੇ ਕਿੰਨੇ ਇਸ ਗੁਪਤ ਕੰਮ ਨੂੰ ਲਗਾਤਾਰ ਅੰਜਾਮ ਦੇ ਰਹੇ ਹਨ? ਆਪਣੇ ਸਿਰ ਉਪਰ ਡਾਢਿਆਂ ਅਤੇ ਸੰਭਵ ਤੌਰ 'ਤੇ ਪੁਲਿਸ ਦੇ ਹੱਥ ਦੀ ਯਕੀਨਦਹਾਨੀ ਨਾਲ ਉਨ੍ਹਾਂ ਨੇ ਸਾਡੇ ਬਾਰੇ ਕੀ ਯੋਜਨਾਵਾਂ ਬਣਾ ਰੱਖੀਆਂ ਹਨ? ਇਹ ਕੋਈ ਨਹੀਂ ਜਾਣਦਾ। ਕਿਹੜੇ ਜਾਅਲੀ ਹਮਲੇ ਹੋਣਗੇ? ਕਿਹੜੇ ਅਸਲੀ? ਇਹ ਕਿਥੇ ਹੋਣਗੇ? ਕੀ ਇਹ ਕਸ਼ਮੀਰ ਵਿਚ ਹੋਣਗੇ? ਅਯੁੱਧਿਆ ਵਿਚ ਹੋਣਗੇ? ਕੁੰਭ ਮੇਲੇ 'ਤੇ ਹੋਣਗੇ? ਉਹ ਕਿੰਨਾ ਸੌਖੇ ਢੰਗ ਨਾਲ ਕਿਸੇ ਵੱਡੇ, ਜਾਂ ਨਿੱਕੇ ਜਿਹੇ ਹਮਲੇ ਜਿਸ ਨੂੰ ਗੋਦੀ ਮੀਡੀਆ ਸਮੂਹਾਂ ਵਲੋਂ ਬਹੁਤ ਹੀ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ, ਦੀ ਮਦਦ ਨਾਲ ਹਰ ਚੀਜ਼ ਨੂੰ ਲੀਹੋਂ ਲਾਹ ਸਕਦੇ ਹਨ, ਹਰ ਚੀਜ਼ ਨੂੰ। ਇਸ ਤੋਂ, ਜੋ ਅਸਲ ਖ਼ਤਰਾ ਹੈ, ਧਿਆਨ ਹਟਾਉਣ ਲਈ ਤਾਜ਼ਾ ਗ੍ਰਿਫਤਾਰੀਆਂ ਨੂੰ ਲੈ ਕੇ ਹੋ-ਹੱਲਾ ਮਚਾਇਆ ਜਾ ਰਿਹਾ ਹੈ।

4. ਜਿਸ ਤੇਜ਼ੀ ਨਾਲ ਵਿਦਿਅਕ ਸੰਸਥਾਵਾਂ ਨੂੰ ਤੋੜਿਆ ਜਾ ਰਿਹਾ ਹੈ। ਬਿਹਤਰੀਨ ਰਿਕਾਰਡ ਵਾਲੀਆਂ ਯੂਨੀਵਰਸਿਟੀਆਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ, ਐਸੀਆਂ ਨਕਲੀ ਯੂਨੀਵਰਸਿਟੀਆਂ ਨੂੰ ਸ੍ਰੇਸ਼ਟ ਦੱਸਿਆ ਜਾ ਰਿਹਾ ਹੈ ਜਿਨ੍ਹਾਂ ਦੀ ਹੋਂਦ ਕੇਵਲ ਕਾਗਜ਼ਾਂ ਵਿਚ ਹੈ। ਇਹ ਸਾਡੇ ਸਾਰਿਆਂ ਲਈ ਸਭ ਤੋਂ ਦੁਖਦਾਈ ਹੈ। ਇਹ ਕਈ ਤਰੀਕਿਆਂ ਨਾਲ ਹੋ ਰਿਹਾ ਹੈ। ਸਾਡੀਆਂ ਅੱਖਾਂ ਸਾਹਮਣੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਖੇਰੂੰ-ਖੇਰੂੰ ਕੀਤੀ ਜਾ ਰਹੀ ਹੈ। ਵਿਦਿਆਰਥੀ ਅਤੇ ਅਧਿਆਪਕ ਲਗਾਤਾਰ ਹਮਲਿਆਂ ਦੀ ਮਾਰ ਹੇਠ ਹਨ। ਬਹੁਤ ਸਾਰੇ ਚੈਨਲ ਕੂੜ-ਪ੍ਰਚਾਰ ਅਤੇ ਜਾਅਲੀ ਵੀਡੀਓ ਫੈਲਾਉਣ ਵਿਚ ਸਰਗਰਮ ਹਿੱਸੇਦਾਰ ਹਨ ਜਿਨ੍ਹਾਂ ਨੇ ਵਿਦਿਆਰਥੀਆਂ ਦੀ ਜ਼ਿੰਦਗੀ ਹੀ ਖ਼ਤਰੇ ਵਿਚ ਪਾ ਦਿੱਤੀ ਹੈ। ਨੌਜਵਾਨ ਸਕਾਲਰ ਉਮਰ ਖ਼ਾਲਿਦ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਬੇਕਿਰਕੀ ਨਾਲ ਬਦਨਾਮ ਕੀਤਾ ਗਿਆ ਅਤੇ ਉਸ ਦੇ ਬਾਰੇ ਝੂਠ ਫੈਲਾਏ ਗਏ।

ਇਸ ਤੋਂ ਅੱਗੇ ਇਤਿਹਾਸ ਵਿਚ ਖੋਟ ਰਲਾਇਆ ਜਾ ਰਿਹਾ ਹੈ ਅਤੇ ਸਿਲੇਬਸ ਉਪਰ ਬੇਵਕੂਫੀਆਂ ਲੱਦੀਆਂ ਜਾ ਰਹੀਆਂ ਹਨ। ਇਸ ਨਾਲ ਬਸ ਥੋੜ੍ਹੇ ਸਾਲਾਂ ਵਿਚ ਹੀ ਐਸਾ ਬੌਣਾਪਣ ਛਾ ਜਾਵੇਗਾ ਜਿਸ ਵਿਚੋਂ ਅਸੀਂ ਨਿਕਲ ਨਹੀਂ ਸਕਾਂਗੇ। ਅੰਤ ਵਿਚ, ਸਿੱਖਿਆ ਦਾ ਨਿੱਜੀਕਰਨ ਉਸ ਨਿਗੂਣੇ ਜਿਹੇ ਲਾਭ ਦਾ ਵੀ ਭੋਗ ਪਾ ਰਿਹਾ ਹੈ ਜੋ ਰਾਖਵੇਂਕਰਨ ਦੀ ਨੀਤੀ ਨਾਲ ਹਾਸਲ ਹੋਇਆ ਸੀ। ਅਸੀਂ ਸਿੱਖਿਆ ਦਾ ਦੁਬਾਰਾ ਬ੍ਰਾਹਮਣੀਕਰਨ ਹੁੰਦਾ ਦੇਖ ਰਹੇ ਹਾਂ, ਇਸ ਵਾਰ ਇਹ ਕਾਰਪੋਰੇਟ ਜਾਮੇ ਵਿਚ ਹੈ। ਦਲਿਤ, ਆਦਿਵਾਸੀ ਅਤੇ ਓ.ਬੀ.ਸੀ. ਨੂੰ ਇਕ ਵਾਰ ਫਿਰ ਗਿਆਨ ਦੀਆਂ ਸੰਸਥਾਵਾਂ ਵਿਚੋਂ ਕੱਢਿਆ ਜਾ ਰਿਹਾ ਹੈ ਕਿਉਂਕਿ ਉਹ ਫੀਸਾਂ ਨਹੀਂ ਦੇ ਸਕਦੇ। ਇਹ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਇਹ ਉਕਾ ਹੀ ਨਾਮਨਜ਼ੂਰ ਚੀਜ਼ ਹੈ।

5. ਖੇਤੀਬਾੜੀ ਖੇਤਰ ਵਿਚ ਵਿਆਪਕ ਮੰਦਵਾੜਾ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰਨ ਅਤੇ ਦਲਿਤਾਂ ਉਪਰ ਬੇਰਹਿਮੀ ਨਾਲ ਹਮਲੇ ਤੇ ਜਨਤਕ ਤੌਰ 'ਤੇ ਚਾਬੁਕ ਮਾਰੇ ਜਾਣ ਦੀਆਂ ਵਾਰਦਾਤਾਂ ਦੀ ਗਿਣਤੀ ਵਧ ਰਹੀ ਹੈ, ਭੀਮ ਆਰਮੀ ਦੇ ਆਗੂ ਚੰਦਰਸ਼ੇਖਰ ਆਜ਼ਾਦ ਨੂੰ ਗ੍ਰਿਫਤਾਰ ਕੀਤਾ ਗਿਆ ਜਿਸ ਨੇ ਉਚ ਜਾਤੀਆਂ ਦੇ ਹਮਲਿਆਂ ਨਾਲ ਮੱਥਾ ਲਾਉਣ ਦਾ ਜੇਰਾ ਕੀਤਾ ਸੀ। ਐਸ.ਸੀ.ਐਸ.ਟੀ. ਉਪਰ ਜ਼ੁਲਮ ਰੋਕਣ ਲਈ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਐਨਾ ਕੁਝ ਕਹਿ ਕੇ ਮੈਂ ਤਾਜ਼ਾ ਗ੍ਰਿਫਤਾਰੀਆਂ ਵੱਲ ਆਉਂਦੀ ਹਾਂ।

ਮੰਗਲਵਾਰ ਨੂੰ ਗ੍ਰਿਫਤਾਰ ਕੀਤੇ ਗਏ ਪੰਜਾਂ - ਵਰਨੋਨ ਗੋਂਜ਼ਾਲਵੇਜ਼, ਅਰੁਨ ਫਰੇਰਾ, ਸੁਧਾ ਭਾਰਦਵਾਜ, ਵਰਵਰਾ ਰਾਓ ਅਤੇ ਗੌਤਮ ਨਵਲੱਖਾ - ਵਿਚੋਂ ਕੋਈ ਵੀ 31 ਦਸੰਬਰ 2017 ਦੀ ਐਲਗਾਰ ਪ੍ਰੀਸ਼ਦ ਰੈਲੀ ਜਾਂ ਇਸ ਤੋਂ ਅਗਲੇ ਦਿਨ ਹੋਈ ਰੈਲੀ ਵਿਖੇ ਮੌਜੂਦ ਨਹੀਂ ਸੀ ਜਦੋਂ 3 ਲੱਖ ਦੇ ਕਰੀਬ ਲੋਕ, ਜ਼ਿਆਦਾਤਰ ਦਲਿਤ, ਭੀਮਾ-ਕੋਰੇਗਾਓਂ ਫਤਹਿ ਦੀ 200ਵੀਂ ਵਰ੍ਹੇਗੰਢ ਮਨਾਉਣ ਲਈ ਇਕੱਠੇ ਹੋਏ (ਦਲਿਤ ਉਦੋਂ ਜਾਬਰ ਪੇਸ਼ਵਾ ਰਾਜ ਨੂੰ ਹਰਾਉਣ ਲਈ ਬਰਤਾਨਵੀਆ ਦੀ ਫੌਜ ਵਿਚ ਸ਼ਾਮਲ ਹੋ ਗਏ ਸਨ। ਇਹ ਉਨ੍ਹਾਂ ਚੰਦ ਜਿੱਤਾਂ ਵਿਚੋਂ ਇਕ ਸੀ ਜਿਨ੍ਹਾਂ ਦਾ ਦਲਿਤ ਮਾਣ ਨਾਲ ਜਸ਼ਨ ਮਨਾ ਸਕਦੇ ਹਨ)।

ਐਲਗਾਰ ਪ੍ਰੀਸ਼ਦ ਦੋ ਉਘੇ ਸੇਵਾਮੁਕਤ ਜੱਜਾਂ, ਜਸਟਿਸ ਪੀ.ਸੀ.ਸਾਵੰਤ ਅਤੇ ਜਸਟਿਸ ਕੋਲਸੇ ਪਾਟਿਲ ਵੱਲੋਂ ਜਥੇਬੰਦ ਕੀਤੀ ਗਈ ਸੀ। ਅਗਲੇ ਦਿਨ ਹੋਈ ਰੈਲੀ ਉਪਰ ਹਿੰਦੂਤਵ ਜਨੂੰਨੀਆਂ ਨੇ ਹਮਲਾ ਕੀਤਾ ਜਿਸ ਨਾਲ ਦਿਨਾਂ ਤਕ ਅਸ਼ਾਂਤੀ ਬਣੀ ਰਹੀ। ਇਸ ਦੇ ਦੋ ਮੁੱਖ ਦੋਸ਼ੀ ਮਿਲਿੰਦ ਏਕਬੋਟੇ ਅਤੇ ਸੰਭਾਜੀ ਭੀੜੇ ਹਨ। ਦੋਵੇਂ ਅਜੇ ਵੀ ਖੁੱਲ੍ਹੇ ਤੁਰੇ ਫਿਰਦੇ ਹਨ। ਇਨ੍ਹਾਂ ਦੇ ਇਕ ਹਮਾਇਤੀ ਵਲੋਂ ਦਰਜ ਕਰਾਈ ਐਫ.ਆਈ.ਆਰ. ਤੋਂ ਬਾਅਦ ਜੂਨ 2018 ਵਿਚ ਪੁਣੇ ਪੁਲਿਸ ਨੇ ਪੰਜ ਕਾਰਕੁਨਾਂ - ਰੋਨਾ ਵਿਲਸਨ, ਸੁਧੀਰ ਧਾਵਲੇ, ਸ਼ੋਮਾ ਸੇਨ, ਮਹੇਸ਼ ਰਾਵਤ ਅਤੇ ਵਕੀਲ ਸੁਰਿੰਦਰ ਗਾਡਲਿੰਗ - ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਉਪਰ ਰੈਲੀ ਵਿਖੇ ਹਿੰਸਾ ਦੀ ਸਾਜ਼ਿਸ਼ ਰਚਣ ਅਤੇ ਨਾਲ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਗਿਆ। ਉਨ੍ਹਾਂ ਨੂੰ ਕਾਲਾ ਕਾਨੂੰਨ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਲਗਾ ਕੇ ਹਿਰਾਸਤ ਵਿਚ ਰੱਖਿਆ ਹੋਇਆ ਹੈ। ਚੰਗੇ ਭਾਗਾਂ ਨੂੰ ਉਨ੍ਹਾਂ ਨਾਲ ਇਸ਼ਰਤ ਜਹਾਂ, ਸੋਹਰਾਬੂਦੀਨ ਅਤੇ ਕੌਸਰ ਬੀ ਵਾਲੀ ਨਹੀਂ ਹੋਈ ਅਤੇ ਉਹ ਅਜੇ ਜਿਊਂਦੇ ਹਨ ਜਿਨ੍ਹਾਂ ਉਪਰ ਬਹੁਤ ਸਾਲ ਪਹਿਲਾਂ ਇਸੇ ਜੁਰਮ ਦਾ ਇਲਜ਼ਾਮ ਲਗਾਇਆ ਗਿਆ ਸੀ, ਪਰ ਉਹ ਮੁਕੱਦਮਾ ਦੇਖਣ ਲਈ ਜਿਊਂਦੇ ਨਾ ਰਹੇ।

ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਅਤੇ ਭਾਜਪਾ ਦੋਨਾਂ ਸਰਕਾਰਾਂ ਲਈ ਇਹ ਮਹੱਤਵਪੂਰਨ ਬਣਿਆ ਹੋਇਆ ਹੈ ਕਿ ਆਦਿਵਾਸੀਆਂ ਉਪਰ ਆਪਣੇ ਹਮਲਿਆਂ ਅਤੇ ਹੁਣ ਭਾਜਪਾ ਵੱਲੋਂ ਦਲਿਤਾਂ ਉਪਰ ਆਪਣੇ ਹਮਲਿਆਂ ਨੂੰ ''ਮਾਓਵਾਦੀਆਂ'' ਜਾਂ ''ਨਕਸਲੀਆਂ'' ਉਪਰ ਹਮਲਿਆਂ ਦੇ ਭੇਖ ਵਿਚ ਅੰਜਾਮ ਦਿੱਤਾ ਜਾਵੇ। ਇਸਦਾ ਕਾਰਨ ਇਹ ਹੈ ਕਿ ਮੁਸਲਮਾਨਾਂ ਦੇ ਉਲਟ ਜਿਨ੍ਹਾਂ ਦਾ ਚੁਣਾਵੀ ਗਣਿਤ ਵਿਚੋਂ ਤਕਰੀਬਨ ਨਾਮੋਨਿਸ਼ਾਨ ਹੀ ਮਿਟਾ ਦਿੱਤਾ ਗਿਆ ਹੈ, ਸਾਰੀਆਂ ਸਿਆਸੀ ਪਾਰਟੀਆਂ ਦੀ ਅੱਖ ਸੰਭਾਵੀ ਵੋਟ ਬੈਂਕ ਦੇ ਤੌਰ 'ਤੇ ਆਦਿਵਾਸੀ ਅਤੇ ਦਲਿਤ ਵੋਟਾਂ ਉਪਰ ਹੈ। ਕਾਰਕੁਨਾਂ ਨੂੰ ਗ੍ਰਿਫਤਾਰ ਕਰਕੇ ਅਤੇ ਉਨ੍ਹਾਂ ਨੂੰ ''ਮਾਓਵਾਦੀ'' ਕਰਾਰ ਦੇਕੇ ਸਰਕਾਰ ਦਲਿਤ ਰੀਝ ਨੂੰ ਇਕ ਹੋਰ ਨਾਂ ਦੇਕੇ ਇਸ ਨੂੰ ਸੱਟ ਮਾਰਨ ਅਤੇ ਅਪਮਾਨਿਤ ਕਰਨ ਦਾ ਜੁਗਾੜ ਕਰ ਰਹੀ ਹੈ - ਨਾਲ ਦੀ ਨਾਲ ''ਦਲਿਤ ਮੁੱਦਿਆਂ'' ਪ੍ਰਤੀ ਸੰਵੇਦਨਸ਼ੀਲ ਹੋਣ ਦਾ ਦਿਖਾਵਾ ਵੀ ਕਰ ਰਹੀ ਹੈ। ਅੱਜ, ਜਦੋਂ ਅਸੀਂ ਬੋਲ ਰਹੇ ਹਾਂ, ਪੂਰੇ ਮੁਲਕ ਵਿਚ ਹਜ਼ਾਰਾਂ ਲੋਕ ਜੇਲ੍ਹਾਂ ਵਿਚ ਬੰਦ ਹਨ, ਗ਼ਰੀਬ ਅਤੇ ਵਾਂਝੇ ਲੋਕ ਜੋ ਆਪਣੇ ਘਰਾਂ, ਆਪਣੀ ਜ਼ਮੀਨ, ਆਪਣੇ ਮਾਣ-ਸਨਮਾਨ ਲਈ ਲੜ ਰਹੇ ਹਨ - ਉਹ ਲੋਕ ਜਿਨ੍ਹਾਂ ਉਪਰ ਰਾਜਧ੍ਰੋਹ ਦਾ ਇਲਜ਼ਾਮ ਹੈ ਅਤੇ ਹੋਰ ਵੀ ਮਾੜੀ ਗੱਲ, ਉਹ ਬਿਨਾ ਮੁਕੱਦਮੇ ਚਲਾਏ ਜੇਲ੍ਹਾਂ ਵਿਚ ਤੁੰਨੇ ਹੋਏ ਸੜ ਰਹੇ ਹਨ।

ਦਸ ਲੋਕਾਂ - ਤਿੰਨ ਵਕੀਲਾਂ ਤੇ ਸੱਤ ਉਘੇ ਕਾਰਕੁਨਾਂ - ਦੀ ਗ੍ਰਿਫਤਾਰੀ ਨਾਲ ਨਿਤਾਣੇ ਲੋਕਾਂ ਲਈ ਨਿਆਂ ਜਾਂ ਕਾਨੂੰਨੀ ਨੁਮਾਇੰਦਗੀ ਦੀ ਉਮੀਦ ਨੂੰ ਹੀ ਖ਼ਤਮ ਕਰ ਦਿੱਤਾ ਗਿਆ ਹੈ; ਕਿਉਂਕਿ ਇਹ ਉਨ੍ਹਾਂ ਦੀ ਨੁਮਾਇੰਦਗੀ ਕਰ ਰਹੇ ਸਨ। ਕਈ ਸਾਲ ਪਹਿਲਾਂ, ਜਦੋਂ ਬਸਤਰ ਵਿਚ ਸਲਵਾ ਜੂਡਮ ਨਾਂ ਦੀ ਚੌਕਸੀ ਸੈਨਾ ਬਣਾਈ ਗਈ ਅਤੇ ਇਸ ਵਲੋਂ ਲੋਕਾਂ ਦੀਆਂ ਹੱਤਿਆਵਾਂ ਕਰਦਿਆਂ ਅਤੇ ਪੂਰੇ ਦੇ ਪੂਰੇ ਪਿੰਡ ਸਾੜ ਕੇ ਸੁਆਹ ਕਰਦਿਆਂ ਕਹਿਰ ਵਰਤਾਇਆ ਗਿਆ, ਉਦੋਂ ਪੀ.ਯੂ.ਸੀ.ਐਲ. (ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼) ਛੱਤੀਸਗੜ੍ਹ ਦੇ ਜਨਰਲ ਸਕੱਤਰ ਡਾ. ਬਿਨਾਇਕ ਸੇਨ ਨੇ ਪੀੜਤਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਜਦੋਂ ਬਿਨਾਇਕ ਸੇਨ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ ਤਾਂ ਉਸ ਦੀ ਥਾਂ ਸੁਧਾ ਭਾਰਦਵਾਜ ਨੇ ਲੈ ਲਈ ਜੋ ਵਕੀਲ ਹੈ ਅਤੇ ਸਾਲਾਂ ਤੋਂ ਉਸ ਇਲਾਕੇ ਵਿਚ ਕੰਮ ਕਰ ਰਹੀ ਟਰੇਡ ਯੂਨੀਅਨ ਆਗੂ ਹੈ। ਪ੍ਰੋਫੈਸਰ ਸਾਈਬਾਬਾ, ਜਿਸ ਨੇ ਬਸਤਰ ਵਿਚ ਨੀਮ-ਫੌਜੀ ਕਾਰਵਾਈਆਂ ਵਿਰੁਧ ਨਿਧੜਕ ਹੋ ਕੇ ਮੁਹਿੰਮ ਚਲਾਈ, ਬਿਨਾਇਕ ਸੇਨ ਦੇ ਹੱਕ ਵੀ ਖੜ੍ਹੇ ਹੋਏ। ਜਦੋਂ ਉਨ੍ਹਾਂ ਨੇ ਸਾਈਬਾਬਾ ਨੂੰ ਗ੍ਰਿਫਤਾਰ ਕਰ ਲਿਆ, ਰੋਨਾ ਵਿਲਸਨ ਉਸ ਦੇ ਹੱਕ ਵਿਚ ਖੜ੍ਹੇ ਹੋਏ। ਸੁਰਿੰਦਰ ਗਾਡਲਿੰਗ ਸਾਈਬਾਬਾ ਦੇ ਵਕੀਲ ਸਨ। ਜਦੋਂ ਉਨ੍ਹਾਂ ਨੇ ਰੋਨਾ ਵਿਲਸਨ ਅਤੇ ਸੁਰਿੰਦਰ ਗਾਡਲਿੰਗ ਨੂੰ ਗ੍ਰਿਫਤਾਰ ਕਰ ਲਿਆ, ਸੁਧਾ ਭਾਰਦਵਾਜ, ਗੌਤਮ ਨਵਲੱਖਾ ਆਦਿ ਉਨ੍ਹਾਂ ਦੇ ਹੱਕ ਵਿਚ ਡਟ ਗਏ ... ਅਤੇ ਇਉਂ ਇਹ ਸਿਲਸਿਲਾ ਚੱਲ ਰਿਹਾ ਹੈ।

ਨਿਤਾਣਿਆਂ ਨੂੰ ਘੇਰਾ ਘੱਤਿਆ ਜਾ ਰਿਹਾ ਹੈ ਅਤੇ ਖ਼ਾਮੋਸ਼ ਕੀਤਾ ਜਾ ਰਿਹਾ ਹੈ। ਜੋ ਆਵਾਜ਼ ਉਠਉਂਦੇ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ।

ਪਰਮਾਤਮਾ ਬਚਾਏ ਇਸ ਮੁਲਕ ਨੂੰ!

## 'ਮੈਂ ਵੀ ਸ਼ਹਿਰੀ ਨਕਸਲੀ' ਮੁਹਿੰਮ

ਜਾਗਦੀ ਜ਼ਮੀਰ ਵਾਲੇ ਚਿੰਤਕ ਹਲਕੇ ਬੁੱਧੀਜੀਵੀਆਂ ਅਤੇ ਜਮਹੂਰੀ ਘੁਲਾਟੀਆਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਕਰਨ ਲਈ ਨਵੇਂ-ਨਵੇਂ ਤਰੀਕੇ ਈਜਾਦ ਕਰ ਰਹੇ ਹਨ। ਇਸੇ ਤਰ੍ਹਾਂ ਦਾ ਇਕ ਤਰੀਕਾ ਸੋਸ਼ਲ ਮੀਡੀਆ ਉਪਰ 'ਮੈਂ ਵੀ ਸ਼ਹਿਰੀ ਨਕਸਲੀ' ਦੀ ਮੁਹਿੰਮ ਹੈ। ਇਸ ਦੀ ਸ਼ੁਰੂਆਤ ਫਰਜ਼ੀ ਖ਼ਬਰਾਂ ਦੀ ਸਚਾਈ ਦਾ ਪਤਾ ਲਾਉਣ ਵਾਲੀ ਵੈੱਬ ਸਾਈਟ 'ਆਲਟ ਨਿਊਜ਼' ਦੇ ਬਾਨੀਆਂ ਵਿਚੋਂ ਇਕ ਪ੍ਰਤੀਕ ਸਿਨਹਾ ਵੱਲੋਂ ਕੀਤੀ ਗਈ। ਫੇਸਬੁੱਕ ਉਪਰ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਬੇਸ਼ੁਮਾਰ ਲੋਕ ਅੱਗੇ ਆਏ। ਇਸ ਤੋਂ ਬੁਖਲਾ ਕੇ 'ਸ਼ਹਿਰੀ ਨਕਸਲੀ' ਦਾ ਆਈਡੀਆ ਪੇਸ਼ ਕਰਨ ਵਾਲੇ ਸ਼ਖਸ, ਫਿਲਮ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਨੇ ਟਵੀਟ ਕੀਤਾ ਕਿ ਕੁਝ ਸੂਝਵਾਨ ਨੌਜਵਾਨਾਂ ਨੂੰ ਅੱਗੇ ਆ ਕੇ ਇਸ ਮੁਹਿੰਮ ਦਾ ਹਿੱਸਾ ਬਣਨ ਵਾਲਿਆਂ 'ਅਤੇ ਸ਼ਹਿਰੀ ਨਕਸਲੀਆਂ' ਦੇ ਹੱਕ ਵਿਚ ਬੋਲਣ ਵਾਲਿਆਂ ਦੀ ਸੂਚੀ ਤਿਆਰ ਕਰਨੀ ਚਾਹੀਦੀ ਹੈ। ਜਦੋਂ ਉਸ ਨੂੰ ਪੁੱਛਿਆ ਗਿਆ ਕਿ, ਕੀ ਇਹ 'ਹਿੱਟ ਲਿਸਟ' ਹੈ ਤਾਂ ਉਸ ਨੇ ਇਸ ਦਾ ਜਵਾਬ ਦੇਣ ਤੋਂ ਟਾਲਾ ਵੱਟਿਆ। ਇਹ ਉਹੀ ਅਗਨੀਹੋਤਰੀ ਹੈ ਜਿਸ ਦੀ ਇੰਟਰਵਿਊ ਆਰ.ਐਸ.ਐਸ. ਦੇ ਤਰਜਮਾਨ ਅਖ਼ਬਾਰ 'ਆਰਗੇਨਾਈਜ਼ਰ' ਵਿਚ ਪ੍ਰਮੁਖਤਾ ਨਾਲ ਛਾਪੀ ਗਈ ਸੀ ਜਿਸ ਵਿਚ ਇਸ ਨੇ ਵਿਦਿਆਰਥੀਆਂ ਨੂੰ ਕਿੰਤੂ-ਪ੍ਰੰਤੂ ਕਰਨਾ ਸਿਖਾਉਣ ਵਾਲੇ ਹਰ ਅਧਿਆਪਕ ਨੂੰ 'ਸ਼ਹਿਰੀ ਨਕਸਲੀ' ਦੱਸਿਆ ਸੀ। ਇਹ ਪ੍ਰੀਭਾਸ਼ਾ ਸੰਘੀਆਂ ਨੂੰ ਬਹੁਤ ਰਾਸ ਆਈ।

ਦੂਜੇ ਪਾਸੇ, ਇਸ ਮੁਹਿੰਮ ਦਾ ਮਨੋਰਥ ਸਪਸ਼ਟ ਕਰਦਿਆਂ ਪ੍ਰਤੀਕ ਸਿਨਹਾ ਨੇ ਲਿਖਿਆ: 'ਤੁਸੀਂ ਜਾਣਦੇ ਹੋ ਹੁਣ 'ਰਾਸ਼ਟਰ ਵਿਰੋਧੀ' ਸ਼ਬਦ ਨਹੀਂ ਚੇਪਿਆ ਜਾਂਦਾ। ਇਹ ਇਸ ਕਰਕੇ ਹੋਇਆ ਕਿ ਅਸੀਂ ਖ਼ਾਸ ਵਿਚਾਰਧਾਰਕ ਝੁਕਾਅ ਵਾਲਿਆਂ ਨੇ ਆਪਣੀਆਂ ਬਹੁਤ ਸਾਰੀਆਂ ਵਾਰਤਾਵਾਂ ਵਿਚ ਮਜ਼ਾਕ ਨਾਲ ਖ਼ੁਦ ਨੂੰ ਰਾਸ਼ਟਰ ਵਿਰੋਧੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਨੂੰ ਮਜ਼ਾਕ ਬਣਾ ਦਿੱਤਾ ਸੀ। ਇਹ ਹੁਣ ਅਪਮਾਨਜਨਕ ਨਹੀਂ ਰਿਹਾ ਸੀ, ਮਜ਼ਾਕ ਬਣ ਗਿਆ ਸੀ। ਲਿਹਾਜ਼ਾ ਉਨ੍ਹਾਂ ਨੂੰ ਨਵੇਂ ਸ਼ਬਦ ਦੀ ਜ਼ਰੂਰਤ ਸੀ ਅਤੇ ਘੜ ਲਿਆ ਗਿਆ 'ਸ਼ਹਿਰੀ ਨਕਸਲੀ'। ਅਸੀਂ ਹਿਟਲਰ ਦੇ ਇਨ੍ਹਾਂ ਪੋਤਿਆਂ ਅਤੇ ਪੜਪੋਤਿਆਂ ਨੂੰ ਇਸ ਸ਼ਬਦ ਜ਼ਰੀਏ ਖ਼ਾਸ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀ ਇਜਾਜ਼ਤ ਨਹੀਂ ਦੇ ਸਕਦੇ। ਸੋ ਆਓ ਇਸ ਨੂੰ ਵੀ ਮਜ਼ਾਕ ਬਣਾ ਦੇਈਏ। ਆਓ ਸਾਰੇ ਐਲਾਨ ਕਰੀਏ ਕਿ ਅਸੀਂ ਸਾਰੇ 'ਸ਼ਹਿਰੀ ਨਕਸਲੀ' ਹਾਂ।'

ਇਉਂ ਸੋਸ਼ਲ ਮੀਡੀਆ ਫੇਸਬੁੱਕ ਅਤੇ ਬਹੁਤ ਸਾਰੇ ਟਵਿੱਟਰ ਵਰਤੋਂਕਾਰ ਇਸ ਭਾਵਨਾ ਤਹਿਤ ਇਸ ਮੁਹਿੰਮ ਨਾਲ ਆ ਜੁੜੇ ਕਿ 'ਜੇ ਸਰਕਾਰ 'ਤੇ ਸਵਾਲ ਕਰਨਾ ਗ਼ਲਤ ਹੈ' ਜਾਂ 'ਜੇ ਦੱਬੇ-ਕੁਚਲਿਆਂ ਦੇ ਹੱਕ ਵਿਚ ਬੋਲਣਾ ਗ਼ਲਤ ਹੈ' ਤਾਂ ਮੈਨੂੰ ਵੀ 'ਮੈਂ ਵੀ ਨਕਸਲੀ' ਟੈਗ ਕਰ ਲਓ।

# ਦੋ ਵਿਚਾਰੇ

'ਵਿਕਟੋਰੀਆ ਨੰਬਰ 203' ਫਿਲਮ ਦਾ ਗਾਣਾ ਨਹੀਂ ਹੈ, ਬਲਕਿ ਉਨ੍ਹਾਂ ਦੋ ਵਿਚਾਰਿਆਂ ਦੀ ਕਹਾਣੀ ਹੈ, ਜੋ ਪੰਜਾਬ ਯੂਨੀਵਰਸਿਟੀ 'ਚ ਪੜ੍ਹਨ ਨਹੀਂ, ਕੜ੍ਹਨ ਆਏ ਸਨ। ਉਹ ਪੜ੍ਹੇ ਲਿਖੇ ਸਨ। ਬੇਸ਼ੱਕ ਪਾਗਲ ਨਹੀਂ ਸਨ, ਪਰ ਕਮਲੇ ਸਨ। ਠੇਠ ਪੰਜਾਬੀ 'ਚ ਕਹਿਣਾ ਹੋਵੇ ਤਾਂ ਉਹ ਕਮਲੇ-ਰਮਲੇ ਸਨ। ਇਕ ਦਾ ਨਾਂ ਸੀ ਰੇਸ਼ਮ ਸਿੰਘ ਤੇ ਦੂਜੇ ਦਾ ਗੁਰਦੇਵ ਸਿੰਘ। ਇਕ ਜਣਾ ਹੋਰ ਤਰ੍ਹਾਂ ਕਮਲਾ ਸੀ, ਦੂਜਾ ਹੋਰ ਤਰ੍ਹਾਂ। ਦੋਹਾਂ ਦੇ ਦਿਮਾਗਾਂ ਦੇ ਕੁਝ ਪੇਚ ਢਿੱਲੇ ਸਨ ਤੇ ਕੁਝ ਲੋੜੋਂ ਵੱਧ ਕੱਸੇ ਹੋਏ। ਪਰ ਮੁਹੱਬਤ ਦਾ ਪੇਚ ਉਨੀ-ਇੱਕੀ ਦੇ ਫਰਕ ਨਾਲ ਦੋਹਾਂ ਦਾ ਬਰਾਬਰ ਢਿੱਲਾ ਸੀ। ਦੋਹਾਂ ਦੀ ਖਾਸ ਗੱਲ ਇਹ ਸੀ ਕਿ ਕਿਸੇ ਨੇ ਵੀ ਕਦੇ ਦੋਵੇਂ ਜਣੇ ਇਕੱਠੇ ਨਹੀਂ ਸਨ ਦੇਖੇ। ਜਿਸ ਦਿਨ ਇਕ ਆਉਂਦਾ, ਉਸ ਦਿਨ ਦੂਜਾ ਨਾ ਆਉਂਦਾ। ਜੇ ਇੱਕ ਸਵੇਰੇ ਆਉਂਦਾ, ਦੂਜਾ ਸ਼ਾਮ ਨੂੰ। ਦੋਹਾਂ ਦਾ ਕਿਸੇ ਨੂੰ ਪਤਾ ਨਹੀਂ ਸੀ ਕਿ ਉਹ ਕਿੱਥੋਂ ਆਉਂਦੇ ਹਨ ਤੇ ਕਿੱਥੇ ਨੂੰ ਜਾਂਦੇ ਹਨ। ਉਹ ਹਮੇਸ਼ਾ ਪੰਛੀਆਂ ਵਾਂਗ ਆਉਂਦੇ ਤੇ ਪੰਛੀਆਂ ਵਾਂਗ ਚਲੇ ਜਾਂਦੇ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਗੁਰਦੇਵ ਸਿੰਘ ਪੱਗ ਬੰਨ੍ਹਦਾ ਤੇ ਪੈਂਟ ਕਮੀਜ਼ ਪਾਉਂਦਾ ਸੀ। ਪੈਂਟ ਨੂੰ ਬੇਸ਼ੱਕ ਬੈਲਟ ਲੱਗੀ ਹੁੰਦੀ, ਪਰ ਕਮੀਜ਼ ਦਾ ਬਿਲਕੁਲ ਪਤਾ ਨਾ ਲੱਗਦਾ ਕਿ ਵਿਚ ਦਿੱਤੀ ਹੈ ਕਿ ਬਾਹਰ ਰੱਖੀ ਹੋਈ ਹੈ। ਦਾਹੜੀ ਸਦਾ ਪੁੱਠੀ ਚਾੜ੍ਹ ਕੇ ਰੱਖਦਾ। ਕਹਿੰਦੇ ਸਨ, ਉਹ ਫੌਜ 'ਚੋਂ ਆਇਆ ਸੀ; ਰਿਟਾਇਰ ਹੋ ਕੇ ਜਾਂ ਛੱਡ ਛੁਡਾ ਕੇ-ਕੋਈ ਨਹੀਂ ਸੀ ਜਾਣਦਾ; ਨਾ ਉਹ ਦੱਸਦਾ ਸੀ। ਉਹ ਹਮੇਸ਼ਾ ਤਸਮਿਆਂ ਵਾਲੇ ਕਾਲੇ ਬੂਟ ਪਾਉਂਦਾ ਤੇ ਉਸ ਦੀਆਂ ਜੁਰਾਬਾਂ ਦੀ ਇਲਾਸਟਿਕ ਏਨੀ ਮੁਰਦਲ ਜਿਹੀ ਹੁੰਦੀ ਕਿ ਉਹ ਗਿੱਟਿਆਂ 'ਤੇ ਵੀ ਮਸਾਂ ਟਿਕਦੀਆਂ।

ਹਾਂ, ਚੇਤੇ ਆਇਆ, ਮੀਂਹ ਜਾਵੇ ਹਨੇਰੀ ਜਾਵੇ, ਉਹ ਟਾਈ ਲਾਉਣੀ ਕਦੇ ਨਾ ਭੁੱਲਦਾ। ਪਲਾਸਟਿਕ ਦੇ ਫਰੇਮ ਵਾਲੀ ਐਨਕ ਉਸ ਦੇ ਹਮੇਸ਼ਾ ਲੱਗੀ ਰਹਿੰਦੀ। ਉਸ ਕੋਲ ਇਕ ਕਿਤਾਬ ਹਮੇਸ਼ਾ ਹੁੰਦੀ, ਜੋ ਅੰਗਰੇਜ਼ੀ 'ਚ ਲਿਖੀ ਹੋਈ ਸੀ, ਜਿਸ 'ਤੇ ਲਿਖਿਆ ਹੋਇਆ ਸੀ: ਆਇਡਿਆਲੋਜੀ ਆਫ ਸਿੱਖ ਗੁਰੂ'ਜ਼, ਜਿਸ ਨੂੰ ਉਹ "ਅਡਿਔਲਜੀ ਔਫ ਸਿੱਖ ਗੁਰੂ'ਜ" ਬੋਲਦਾ; ਜਿਵੇਂ ਭਾਈ ਲਾਲ ਜੀ ਕਹੀਦਾ ਹੈ। ਆਪਣੀ ਉਸ ਕਿਤਾਬ ਦੀ ਤਾਰੀਫ ਵਿਚ ਉਹ ਸਿਰਫ ਇੱਕੋ ਲਫਜ਼ ਆਖਦਾ, 'ਬੰਬ।' ਸੁਣਦੇ ਸਾਰ ਹਰ ਕੋਈ ਹੱਸ ਪੈਂਦਾ। ਮਸਖਰੇ ਉਸ ਨੂੰ ਅਕਸਰ ਆਖ ਦਿੰਦੇ, "ਸੁੱਟ ਨਾ ਦੇਈਂ, ਚੱਲ ਜਾਊ ਕਿਤੇ।" ਇਹ ਸੁਣ ਕੇ ਉਹ ਏਨਾ ਕੁ ਹੱਸਦਾ ਕਿ ਸਿਰਫ ਉਸੇ ਨੂੰ ਪਤਾ ਲੱਗਦਾ ਕਿ ਉਹ ਹੱਸਿਆ ਹੈ। ਤੇ ਇਸ ਤਰ੍ਹਾਂ ਲੱਗਦਾ ਜਿਵੇਂ ਉਹ ਮਨ ਹੀ ਮਨ ਕਹਿ ਰਿਹਾ ਹੋਵੇ, 'ਬਾਂਦਰ ਕਿਆ ਜਾਣੇ ਅਦਰਕ ਦਾ ਸੁਆਦ!'

ਉਹ ਕਦੀ ਕਿਸੇ ਨੂੰ ਮੰਦਾ ਨਹੀਂ ਸੀ ਬੋਲਦਾ, ਗਾਲ੍ਹ ਨਹੀਂ ਸੀ ਕੱਢਦਾ ਤੇ ਨਾ ਕਿਸੇ 'ਤੇ ਕਦੀ ਹੱਸਦਾ ਸੀ। ਪੱਗ ਦਾ ਨੁਕਸ ਉਸ ਦੀ ਸ਼ਕਲ 'ਚ ਦਾਖਲ ਹੋ ਗਿਆ ਸੀ ਤੇ ਸ਼ਕਲ ਦਾ ਨੁਕਸ ਉਸ ਦੇ ਜ਼ਿਹਨ 'ਚ ਧਸ ਗਿਆ ਸੀ। ਇਸੇ ਕਰਕੇ ਉਸ 'ਤੇ ਹਰ ਕੋਈ ਹੱਸ ਛੱਡਦਾ। ਉਹ ਯੂਨੀਵਰਸਿਟੀ 'ਚ ਕਿਸੇ ਨੂੰ ਵੀ ਮਿਲਣ ਨਹੀਂ ਸੀ ਆਉਂਦਾ; ਬੱਸ ਆਉਂਦਾ ਸੀ! ਚੁਟਕਲੇਬਾਜ਼ ਉਸ ਨੂੰ ਖਾਹਮਖਾਹ ਮਿਲ ਪੈਂਦੇ ਤੇ ਉਸ ਨੂੰ ਪ੍ਰੇਸ਼ਾਨ ਕਰਦੇ।

ਉਸ ਨੇ ਪੀਐਚ.ਡੀ. ਭਲੇ ਵੇਲਿਆਂ 'ਚ ਕਰ ਲਈ ਸੀ, ਉਹ ਵੀ ਰਾਜਨੀਤੀ ਸ਼ਾਸਤਰ 'ਚ। ਉਸ ਦੀ ਕਿਤਾਬ ਦਰਅਸਲ ਉਸ ਦਾ ਥੀਸਿਸ ਹੀ ਸੀ, ਜਿਸ ਨੂੰ ਉਹ ਸਿਰਫ ਨਹਾਉਣ ਲੱਗਿਆਂ ਹੀ ਸਰੀਰ ਤੋਂ ਅਲੱਗ ਕਰਦਾ। ਕਿਤਾਬ ਕਾਹਦੀ, ਉਸ ਲਈ ਕੱਕਾਰ ਹੀ ਸੀ। ਉਹ ਆਪਣੇ ਆਪ ਨੂੰ ਬਹੁਤ ਵੱਡਾ ਚਿੰਤਕ ਸਮਝਦਾ। ਪਰ ਲੋਕ ਉਸ ਨੂੰ ਬੱਸਾਂ 'ਚ ਵਿਕਣ ਵਾਲੀ ਕਿਤਾਬ 'ਹਾਸੇ ਦੇ ਘੋਟਣੇ' ਤੋਂ ਵੱਧ ਤਰਜੀਹ ਨਾ ਦਿੰਦੇ। ਉਸ 'ਤੇ ਹਾਸਾ ਵੀ ਆਉਂਦਾ, ਤਰਸ ਵੀ।

ਹਰਿਆਣੇ 'ਚ ਵੋਟਾਂ ਪੈ ਰਹੀਆਂ ਸਨ। ਸਟੂਡੈਂਟਸ ਸੈਂਟਰ 'ਚ ਬੈਠਿਆਂ ਗੱਲ ਚੱਲ ਪਈ, 'ਜਿੱਤੂ ਕੌਣ?' ਜੀਓ ਪੋਲੀਟੀਕਲ ਸਾਇੰਸ ਦੇ ਧੁਰੰਤਰ ਡਾ. ਢੱਲ ਨੇ ਹਾਸੇ 'ਚ ਗੱਲ ਟਾਲ ਦਿੱਤੀ। ਐਡਵੋਕੇਟ ਗਿੱਲ ਨੇ ਨਾਲ 4-5 ਗਾਲ੍ਹਾਂ ਠੋਕ ਦਿੱਤੀਆਂ। ਮੇਰੇ ਦੋਸਤ ਗੁਰਮੇਜ ਨੇ ਸੰਜੀਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ। ਸ਼ਾਮ ਸਿੰਘ ਨੇ ਦੇਖਿਆ ਕਿ ਡਾ. ਗੁਰਦੇਵ ਸਿੰਘ ਆ ਰਹੇ ਹਨ। ਪ੍ਰੋ. ਹਰਪਾਲ ਸਿੰਘ ਕਹਿਣ ਲੱਗੇ, "ਇਨ੍ਹਾਂ ਨੂੰ ਪੁੱਛਦੇ ਹਾਂ, ਕੌਣ ਜਿੱਤੂ?"

ਡਾ. ਗੁਰਦੇਵ ਸਿੰਘ ਨੇ ਕੁਰਸੀ ਖਿੱਚੀ ਤੇ ਬੈਠ ਗਏ। ਸਭ ਦੇ ਮੂੰਹ ਵੱਲ ਦੇਖਿਆ ਤੇ ਏਨਾ ਕੁ ਕਿਹਾ, "ਹਾਂ ਬਈ, ਹੈਪੀ?" ਕਿਸੇ ਨੂੰ ਬੁਲਾਉਣ ਤੇ ਹਾਲ-ਚਾਲ ਪੁੱਛਣ ਦਾ, ਉਸ ਦਾ ਇਹੀ ਤਰੀਕਾ ਸੀ। ਡਾ. ਢੱਲ ਦੀ ਮੁਸਕਰਾਹਟ ਉਸ ਦੇ ਚਿਹਰੇ 'ਤੇ ਫੈਲ ਗਈ ਤੇ ਐਡਵੋਕੇਟ ਗਿੱਲ ਦੀ ਟਿੱਚਰ ਉਸ ਦੀਆਂ ਅੱਖਾਂ ਤੇ ਮੁੱਛਾਂ 'ਤੇ ਸਵਾਰ ਹੋ ਗਈ।

ਸ਼ਾਮ ਸਿੰਘ ਨੇ ਸਵਾਲ ਕੀਤਾ, "ਡਾ. ਸਾਹਿਬ, ਹਰਿਆਣੇ ਦੀ ਚੋਣ ਕੌਣ ਜਿੱਤੂ?" ਗੁਰਦੇਵ ਸਿੰਘ ਨੇ ਪੈਂਟ ਦੀ ਜੇਬ 'ਚੋਂ ਰੁਮਾਲ ਕੱਢਿਆ, ਐਨਕ ਉਤਾਰੀ, ਸਾਫ ਕੀਤੀ, ਅੱਖਾਂ ਝਪਕੀਆਂ ਤੇ ਐਨਕ ਲਾ ਕੇ ਕਹਿਣ ਲੱਗਾ, "ਜਿਹਨੂੰ ਵੋਟਾਂ ਵੱਧ ਪੈ ਗਈਆਂ।" ਸਾਰੇ ਏਨਾ ਕੁ ਹੱਸੇ, ਜਿਵੇਂ ਸਭ ਨੂੰ ਪਤਾ ਸੀ ਕਿ ਗੁਰਦੇਵ ਸਿੰਘ ਕੀ ਜਵਾਬ ਦੇਵੇਗਾ। ਢੱਲ ਏਦਾਂ ਹੱਸਿਆ, ਜਿੱਦਾਂ ਸਿਰਫ ਉਹੀ ਹੱਸਦਾ ਸੀ। ਗਿੱਲ ਆਪਣੀ ਆਦਤ ਦੇ ਖਿਲਾਫ ਜ਼ਰਾ ਨਾ ਹੱਸਿਆ, ਪਰ ਉਸ ਦੇ ਅੰਦਰ ਚੱਲ ਰਿਹਾ ਗਾਲ੍ਹਾਂ ਦਾ ਅਨੰਤ ਜਾਪ ਸਭ ਨੂੰ ਸੁਣ ਰਿਹਾ ਸੀ। ਗੁਰਦੇਵ ਸਿੰਘ ਨੂੰ ਕੁਝ ਪਤਾ ਨਹੀਂ ਸੀ, ਕੀ ਹੋਇਆ ਹੈ।

ਇਕ ਦਫਾ ਉਸ ਨੇ ਪਰਚਾ ਲਿਖ ਲਿਆ, ਜੋ ਕਿਤੇ ਪ੍ਰਵਾਨ ਵੀ ਹੋ ਗਿਆ। ਵਿਸ਼ਾ ਉਹੀ, 'ਅਡਿਔਲਜੀ।' ਬੜੀ ਹੈਰਾਨੀ ਦੀ ਗੱਲ ਸੀ ਕਿ ਗੁਰਦੇਵ ਸਿੰਘ ਕਿਸੇ ਬਾਹਰਲੇ ਮੁਲਕ 'ਚ ਪੇਪਰ ਪੜ੍ਹਨ ਚੱਲਿਆ ਹੈ। ਅਖੀਰ ਚਲਾ ਗਿਆ ਤੇ ਪੂਰੇ ਵੀਹ ਦਿਨ ਯੂਨੀਵਰਸਿਟੀ 'ਚ ਨਜ਼ਰ ਨਾ ਆਇਆ। ਸਟੂਡੈਂਟਸ ਸੈਂਟਰ 'ਚ ਗੱਲ ਛਿੜ ਪਈ, 'ਗੁਰਦੇਵ ਸਿੰਘ ਕਿੱਥੇ ਗਿਆ?' ਢੱਲ ਨੇ ਪੋਲੇ ਜਿਹੇ ਮੂੰਹ ਨਾਲ ਦੱਸਿਆ, ਉਹ ਕਿੱਥੇ ਗਿਆ ਹੈ। ਢੱਲ ਦੇ ਢਿੱਲੇ ਜਿਹੇ ਚਿਹਰੇ 'ਤੇ ਸ਼ਰਾਰਤ ਚਮਕ ਰਹੀ ਸੀ। ਸੁਣਦੇ ਸਾਰ ਸਾਰੇ ਹੀ ਯੱਕਲਖਤ ਹੱਸ ਪਏ ਕਿ ਪੂਰੇ ਸੈਂਟਰ ਵਿਚ ਹਾਸਾ ਛਿੜ ਗਿਆ। ਇਸ ਕਰਕੇ ਨਹੀਂ ਕਿ ਗੁਰਦੇਵ ਸਿੰਘ ਪੇਪਰ ਪੜ੍ਹਨ ਗਿਆ ਹੈ, ਸਗੋਂ ਇਸ ਕਰਕੇ ਕਿ ਉਹ ਗਿਆ ਵੀ ਤਾਂ ਗਿਆ ਕਿੱਥੇ; ਜਿੱਥੇ ਸ਼ਾਇਦ, ਪਹਿਲਾ ਸਿੱਖ, ਗੁਰਦੇਵ ਸਿੰਘ ਹੀ ਗਿਆ ਹੋਵੇ।

ਦਰਅਸਲ ਉਹ ਟਾਪੂ ਅਮਰੀਕੀ ਸੂਬੇ ਹਵਾਈ ਦੀ ਰਾਜਧਾਨੀ ਹੈ, ਜਿਸ ਦਾ ਨਾਂ ਪੰਜਾਬੀ ਧੀਆਂ-ਭੈਣਾਂ ਤੇ ਬੱਚਿਆਂ ਦੇ ਸਾਹਮਣੇ ਲੈਣਾ ਔਖਾ ਹੈ। ਡਾ. ਗੁਰਦੇਵ ਸਿੰਘ ਨੂੰ ਜਣਾ ਖਣਾ ਪੁੱਛਣ ਲੱਗਾ, "ਡਾ. ਸਾਹਿਬ ਕਿੱਥੇ ਗਏ ਸੀ?" ਗੁਰਦੇਵ ਸਿੰਘ ਕਿਸੇ ਨੂੰ ਵੀ ਦੱਸ ਨਹੀਂ ਸੀ ਸਕਦਾ। ਬੱਸ ਏਨਾ ਹੀ ਕਹਿੰਦਾ, "ਬਦਮਾਸ਼ ਕਿਤੋਂ ਦੇ।"

ਗੁਰਦੇਵ ਸਿੰਘ ਜਿੱਥੇ ਵੀ ਹੁੰਦਾ, ਆਸ-ਪਾਸ ਕੁੜੀਆਂ ਦੇਖਦਾ ਰਹਿੰਦਾ। ਉਸ ਦੇ ਕੰਨ ਸਾਹਮਣੇ ਵਾਲੇ ਦੀ ਥਾਂ ਕੁੜੀਆਂ ਦੀਆਂ ਆਵਾਜ਼ਾਂ ਸੁਣਨ 'ਚ ਬਿਜ਼ੀ ਰਹਿੰਦੇ। ਯੂਨੀਵਰਸਿਟੀ ਦੀਆਂ ਕੁੜੀਆਂ ਦੇਖ ਕੇ ਉਸ ਦੇ ਚਿਹਰੇ 'ਤੇ ਇੱਕ ਮਾਸੂਮ ਜਿਹੀ ਖਾਮੋਸ਼ੀ ਛਾ ਜਾਂਦੀ, ਜਿਸ ਦਾ ਅਰਥ ਇਹੀ ਪ੍ਰਤੀਤ ਹੁੰਦਾ ਕਿ ਉਸ ਨੇ ਆਪਣੀ ਘਰ ਵਾਲੀ ਤੋਂ ਬਿਨਾ ਕਿਸੇ ਔਰਤ ਨਾਲ ਬੈਠ ਕੇ ਕਦੀ ਚਾਹ ਦਾ ਕੱਪ ਵੀ ਨਹੀਂ ਪੀਤਾ। ਇਹ ਉਸ ਦੇ ਮਨ ਅੰਦਰਲਾ ਇੱਕੋ ਇੱਕ ਵਿਰਲਾਪ ਅਤੇ ਸੰਤਾਪ ਸੀ। ਇਸੇ ਨੇ ਉਸ ਨੂੰ ਚੰਗੇ ਭਲੇ ਨੂੰ ਕਮਲਾ ਕੀਤਾ ਹੋਇਆ ਸੀ ਤੇ ਇਹੀ ਉਸ ਦੀ ਤੇ ਰੇਸ਼ਮ ਸਿੰਘ ਦੀ ਸਾਂਝੀ, ਦੁਖਦੀ ਅਤੇ ਧੁਖਦੀ ਰਗ ਸੀ। ਉਸ ਦੇ ਚਿਹਰੇ ਦੀ ਬੇਚਾਰਗੀ ਦੇਖ ਕੇ ਹੈਰਾਨੀ ਹੁੰਦੀ, 'ਕੋਈ ਇੰਨਾ ਵਿਚਾਰਾ ਵੀ ਹੋ ਸਕਦਾ ਹੈ!'

ਰੇਸ਼ਮ ਸਿੰਘ ਦੀ ਦਿੱਖ ਉਸ ਦੇ ਨਾਂ ਦੇ ਅਸਲੋਂ ਹੀ ਵਿਰੁਧ ਸੀ। ਉਹ ਪੱਗ ਬੰਨ੍ਹਦਾ, ਪੈਂਟ ਪਾਉਂਦਾ ਤੇ ਹਮੇਸ਼ਾ ਟਾਈਟ ਫਿੱਟ ਟੀ-ਸ਼ਰਟ ਪਹਿਨਦਾ। ਗਲ ਵਿਚ ਪਤਾ ਨਹੀਂ ਕਾਹਦਾ ਗੁਲੂਬੰਦ ਜਿਹਾ ਪਾਉਂਦਾ, ਜਿਸ ਦਾ ਲਾਲ ਰੰਗ ਦੂਰੋਂ ਲਿਸ਼ਕਾਂ ਮਾਰਦਾ। ਦਾਹੜੀ ਇਸ ਤਰ੍ਹਾਂ ਕੱਟਦਾ ਜਿਵੇਂ ਚੌਟਾਲੇ ਦਾ ਆਖਰੀ ਲੌ ਹੋਵੇ। ਉਸ ਦੀ ਟੀ-ਸ਼ਰਟ ਅਜਿਹੇ ਭੁਸਲੇ ਰੰਗ ਦੀ ਹੁੰਦੀ ਕਿ ਕਈ ਵਾਰ ਐਂ ਲੱਗਦਾ ਜਿਵੇਂ ਨੰਗਾ ਹੀ ਤੁਰਿਆ ਫਿਰਦਾ ਹੋਵੇ। ਗੋਲ ਅੱਖਾਂ ਜਿਵੇਂ ਕੱਚ ਦੇ ਬੰਟੇ ਹੋਣ। ਦਰਮਿਆਨਾ ਕੱਦ, ਚੁਸਤ ਅਤੇ ਫਿੱਟ ਦੇਹ।

ਉਹ ਸਾਇਕਾਲੋਜੀ ਦੀ ਐਮ. ਏ. ਸੀ। ਅੰਗਰੇਜ਼ੀ ਬੋਲਦਾ ਉਹ ਕਦੀ ਨਹੀਂ ਸੀ ਦੇਖਿਆ, ਪਰ ਉਹ ਅੰਗਰੇਜ਼ੀ ਜਾਣਦਾ ਸੀ। ਮੈਂ ਅਕਸਰ ਉਸ ਨੂੰ ਅੰਗਰੇਜ਼ੀ ਸ਼ਬਦਾਂ ਦੇ ਮਾਇਨੇ ਪੁੱਛਦਾ ਤੇ ਉਹ ਹਮੇਸ਼ਾ ਹਰ ਸ਼ਬਦ ਦਾ ਠੀਕ ਅਰਥ ਦੱਸਦਾ। ਉਸ ਤੋਂ ਕੋਈ ਸਲਾਹ ਪੁੱਛਣੀ ਤਾਂ ਬੜੀ ਨੇਕ ਹੁੰਦੀ।

ਗੁਰਦੇਵ ਸਿੰਘ ਦੇ ਉਲਟ ਉਹ ਖਾਣ-ਪੀਣ ਦਾ ਸ਼ੌਕੀਨ ਸੀ। ਉਸ ਦੇ ਸਾਈਕਲ ਦੇ ਪਿਛਲੇ ਚੱਕੇ ਦੀਆਂ ਤਾਰਾਂ ਇਸ ਤਰ੍ਹਾਂ ਤਰੀ ਨਾਲ ਲਿਬੜੀਆਂ ਰਹਿੰਦੀਆਂ ਜਿਵੇਂ ਦੋਧੀਆਂ ਦੀਆਂ ਦੁੱਧ ਨਾਲ ਲਿਬੜੀਆਂ ਹੁੰਦੀਆਂ ਹਨ। ਅਸਲ ਵਿਚ ਉਹ ਹਰ ਰੋਜ਼ ਕਿਸੇ ਨਾ ਕਿਸੇ ਤਰ੍ਹਾਂ ਮੁਰਗੇ ਦੀ ਪਲੇਟ ਤੇ ਪਊਏ ਦਾ ਜੁਗਾੜ ਕਰ ਲੈਂਦਾ। ਚੰਡੀਗੜ੍ਹ ਦੇ ਸਭ ਤੋਂ ਚਾਲੂ ਅਤੇ ਸਸਤੇ ਠੇਕੇ ਤੋਂ ਦੇਸੀ ਦਾ ਪਊਆ ਲੈਂਦਾ, ਜਿਸ ਵਿਚ ਬਿਸਲੇਰੀ ਦੀ ਬੋਤਲ ਜਿੰਨਾ ਨਸ਼ਾ ਹੁੰਦਾ। ਕਿਸੇ ਸਲੀਮ ਦੇ ਢਾਬੇ ਤੋਂ ਚਿਕਨ ਦਾ ਭੋਰਾ ਲਿਫਾਫੇ 'ਚ ਪਾ ਕੇ ਸਾਈਕਲ ਦੇ ਪਿੱਛੇ ਕੈਰੀਅਰ 'ਤੇ ਰੱਖ ਲੈਂਦਾ। ਸਪਰਿੰਗ ਦੀ ਦਾਬ ਨਾਲ ਲਿਫਾਫਾ ਛਿੱਜ ਜਾਂਦਾ ਤੇ ਉਸ ਦੀ ਸਾਰੀ ਤਰੀ ਚੱਕੇ ਦੀਆਂ ਤਾਰਾਂ ਧੋਣ ਦੇ ਕੰਮ ਆਉਂਦੀ। ਅਖੀਰ ਇੱਕ ਸੈਖੀ ਬਚਦੀ, ਜਿਸ ਨਾਲ ਉਹ ਪੂਰਾ ਪਊਆ ਪੀਂਦਾ ਤੇ ਸੌਂ ਜਾਂਦਾ। ਉਸ ਦੀ ਸਾਰੀ ਥਕਾਵਟ ਲੱਥ ਜਾਂਦੀ।

ਉਹਦਾ ਵਿਆਹ ਨਹੀਂ ਸੀ ਹੋਇਆ, ਮੁਹੱਬਤ ਹੋਈ ਸੀ। ਉਹ ਕੌਣ ਸੀ, ਕਿਸੇ ਨੂੰ ਨਹੀਂ ਸੀ ਪਤਾ। ਜਿਸ ਦਾ ਨਾਂ ਉਹ ਸਿਰਫ 'ਐਮ' ਦੱਸਦਾ। ਏਨਾ ਕੁ ਇਸ਼ਾਰਾ ਦਿੰਦਾ ਸੀ ਕਿ ਉਹ ਕਿਸੇ ਕੈਂਪਾ-ਕੋਲਾ ਵਾਲੇ ਦੀ ਕੁੜੀ ਸੀ, ਜਿਸ ਦੀਆਂ ਗੱਲਾਂ ਸੁਣਾਉਣ ਦਾ, ਉਸ ਦਾ ਜਨੂੰਨ ਸੀ। ਲੱਗਦਾ ਉਹ ਪੈਦਾ ਹੀ ਉਸ ਦੀਆਂ ਗੱਲਾਂ ਸੁਣਾਉਣ ਲਈ ਹੋਇਆ ਸੀ।

ਉਸ ਨੇ ਐਮ. ਬੀ. ਏ. ਕੀਤੀ ਤਾਂ ਨੌਕਰੀ ਲਈ ਅਪਲਾਈ ਕਰ ਦਿੱਤਾ। ਇੰਟਰਵਿਊ ਦਿੱਤੀ ਤਾਂ ਹਰ ਸਵਾਲ ਦੇ ਬੇਹੱਦ ਸਹੀ, ਢੁਕਵੇਂ ਤੇ ਫੱਬਵੇਂ ਜਵਾਬ ਦਿੱਤੇ। ਉਨ੍ਹਾਂ ਪੁੱਛਿਆ, 'ਕਦੋਂ ਜੁਆਇਨ ਕਰੋਗੇ?' ਕਹਿਣ ਲੱਗਾ, 'ਐਮ. ਨੂੰ ਪੁੱਛ ਕੇ ਦੱਸਾਂਗਾ।' ਉਹ ਕਹਿਣ ਲੱਗੇ, 'ਐਮ ਕੌਣ ਹੈ?' ਇਸ ਨੇ 'ਐਮ' ਦੀ ਕਹਾਣੀ ਛੋਹ ਲਈ। ਉਨ੍ਹਾਂ ਨੂੰ ਸਮਝ ਆ ਗਈ ਤੇ ਇਸ ਨੂੰ ਤੋਰ ਦਿੱਤਾ। ਰੇਸ਼ਮ ਸਿੰਘ ਦੱਸਦਾ ਫਿਰੇ, "ਮੈਂ ਕਿਹੜਾ ਨੌਕਰੀ ਕਰਨੀ ਸੀ, ਮੈਂ ਤਾਂ 'ਐਮ' ਦੀ ਗੱਲ ਸੁਣਾਉਣੀ ਸੀ।"

ਇਸ ਨੂੰ ਗੁਰਦੇਵ ਸਿੰਘ ਵਾਂਗ ਕੁੜੀਆਂ ਦੇਖਣ ਜਾਂ ਤਾੜਨ ਦੀ ਆਦਤ ਸੀ। ਫਰਕ ਇਹ ਸੀ ਕਿ ਗੁਰਦੇਵ ਸਿੰਘ ਨੂੰ ਕੋਈ ਕੁੜੀ ਕਦੀ ਨੇੜੇ ਨਹੀਂ ਸੀ ਫਟਕਣ ਦਿੰਦੀ, ਪਰ ਇਹ ਫਟਕ ਲੈਂਦਾ ਸੀ। ਦੂਰੋਂ ਹੀ ਕੁੜੀ ਦੀ ਕਦਮ-ਚਾਲ ਨਾਪ ਲੈਂਦਾ ਤੇ ਅੰਦਾਜ਼ਾ ਲਾ ਲੈਂਦਾ ਕਿ ਉਹ ਕਿੱਥੇ ਤੱਕ ਕਿਤਨੇ ਸਕਿੰਟਾਂ 'ਚ ਪਹੁੰਚ ਜਾਵੇਗੀ। ਇਹ ਉਸੇ ਕਦਮ-ਚਾਲ ਚੱਲ ਪੈਂਦਾ ਤੇ ਉਸੇ ਥਾਂ 'ਤੇ ਕੁੜੀ 'ਚ ਠਾਹ ਵੱਜਦਾ। ਕੁੜੀ ਅੰਗਰੇਜ਼ੀ ਗਾਲ੍ਹਾਂ ਕੱਢਦੀ ਪਰੇ ਹੋ ਜਾਂਦੀ ਤੇ ਰੇਸ਼ਮ ਸਿੰਘ 'ਸਵਰਗ ਦਾ ਧੱਕਾ' ਖਾ ਕੇ ਤੇ ਲਾ ਕੇ ਆਪਣੇ ਟਿਕਾਣੇ 'ਤੇ ਖੁਸ਼ੀ ਖੁਸ਼ੀ ਪਰਤ ਆਉਂਦਾ। ਉਹ ਆਪਣੀ ਬਾਜ਼-ਨਜ਼ਰ ਦਾ ਇਹੀ ਲਾਭ ਲੈਂਦਾ। ਇਹੀ ਉਸ ਦਾ ਵਿਭਚਾਰ ਸੀ।

ਗੁਰਦੇਵ ਸਿੰਘ ਅਕਸਰ ਸਟੂਡੈਂਟਸ ਸੈਂਟਰ ਚੜ੍ਹਿਆ ਰਹਿੰਦਾ। ਉਸ ਨੂੰ ਕਿਸੇ ਕੋਲੋਂ ਚਾਹ ਪੀਣ ਦਾ ਸ਼ੌਕ ਸੀ, ਪਿਲਾਉਣ ਦਾ ਨਹੀਂ। ਉਹ ਕੋਈ ਨਾ ਕੋਈ ਸ਼ਿਕਾਰ ਲੱਭ ਲੈਂਦਾ, ਪਰ ਰੇਸ਼ਮ ਸਿੰਘ ਨੂੰ ਕਿਸੇ ਕੋਲੋਂ ਚਾਹ ਪੀਣ ਦਾ ਸ਼ੌਕ ਵੀ ਨਹੀਂ ਸੀ ਤੇ ਪਿਲਾਉਣ ਦਾ ਵੀ ਨਹੀਂ ਸੀ। ਜੇ ਕਿਸੇ ਨੇ ਮਜ਼ਾਕ 'ਚ ਚਾਹ ਪਿਲਾਉਣ ਲਈ ਕਹਿ ਵੀ ਦੇਣਾ ਤਾਂ ਉਸ ਦਾ ਜਵਾਬ ਹੁੰਦਾ, 'ਘਰ ਚੱਲੋ' ਜਿਸ ਦਾ ਕਿਸੇ ਨੂੰ ਪਤਾ ਨਹੀਂ ਸੀ; ਉਸ ਨੂੰ ਵੀ ਨਹੀਂ।

ਯੂਨੀਵਰਸਿਟੀ ਵਿਚ ਮੈਂ ਮਸ਼ਹੂਰ ਸੀ, ਅਜਿਹੇ ਕਮਲਿਆਂ ਰਮਲਿਆਂ ਨੂੰ ਨੇੜੇ ਰੱਖਣ ਲਈ। ਕਈ ਤਾਂ ਮੈਨੂੰ ਵੀ ਅਜਿਹਾ ਹੀ ਸਮਝਣ ਲੱਗ ਪਏ ਸਨ; ਸ਼ਾਇਦ ਉਹ ਠੀਕ ਵੀ ਹੋਣ। ਦੋਵੇਂ ਯੂਨੀਵਰਸਿਟੀ ਆ ਕੇ ਮੈਨੂੰ ਜ਼ਰੂਰ ਲੱਭ ਲੈਂਦੇ। ਮੈਂ ਪਿੱਛੇ ਦੱਸ ਬੈਠਾਂ, ਗੁਰਦੇਵ ਸਿੰਘ ਤੇ ਰੇਸ਼ਮ ਸਿੰਘ ਕਦੀ ਇਕੱਠੇ ਨਹੀਂ ਸੀ ਹੋਏ। ਪਰ ਮੇਰੇ ਸਾਹਮਣੇ ਉਹ ਸਿਰਫ ਇੱਕ ਵਾਰ ਇਕੱਠੇ ਹੋਏ ਤੇ ਮਿਲੇ। ਜੋ ਉਨ੍ਹਾਂ 'ਚ ਗੱਲਬਾਤ ਹੋਈ, ਉਸ ਤੋਂ ਸੰਖੇਪ ਸ਼ਾਇਦ ਹੀ ਕਿਤੇ ਹੋਈ ਹੋਵੇ। ਗੁਰਦੇਵ ਸਿੰਘ ਨੇ ਆਪਣੀ ਰਾਜਨੀਤੀ ਸ਼ਾਸਤਰ ਦੀ ਸਾਰੀ ਨਾਲਾਇਕੀ ਨਿੱਕੇ ਜਿਹੇ ਵਾਕ ਵਿਚ ਸਮੇਟਦਿਆਂ ਰੇਸ਼ਮ ਸਿੰਘ ਨੂੰ ਕਿਹਾ, "ਤੂੰ ਮੈਨੂੰ ਚੰਗਾ ਨਹੀਂ ਸਮਝਦਾ।" ਰੇਸ਼ਮ ਸਿੰਘ ਨੇ ਬੇਹੱਦ ਸਰਲ, ਸੰਖੇਪ ਤੇ ਢੁਕਵਾਂ ਉਤਰ ਦਿੱਤਾ, "ਕੋਈ ਕਿਸੇ ਨੂੰ ਬੁਰਾ ਸਮਝਣ ਤੋਂ ਨਹੀਂ ਰੋਕ ਸਕਦਾ, ਜੇ ਕੋਈ ਕਿਸੇ ਨੂੰ ਬੁਰਾ ਕਹੇ ਜਾਂ ਕੁਝ ਬੁਰਾ ਕਰੇ ਤਾਂ ਰੋਕਿਆ ਤੇ ਟੋਕਿਆ ਜਾ ਸਕਦਾ ਹੈ।" ਰੇਸ਼ਮ ਸਿੰਘ ਨੇ ਆਪਣੀ ਸਾਇਕਾਲੋਜੀ ਦਾ ਗਿਆਨ ਇਸ ਇੱਕ ਵਾਕ ਵਿਚ ਸਮੋ ਅਤੇ ਸੰਜੋ ਦਿੱਤਾ ਸੀ।

ਇਸ ਵਾਕੇ ਜਾਂ 'ਸਾਕੇ' ਪਿਛੋਂ ਉਹ ਮੈਨੂੰ ਕਦੀ ਨਹੀਂ ਮਿਲੇ। ਮੈਂ ਪੜ੍ਹ ਕੇ ਫਗਵਾੜੇ ਰਾਮਗੜ੍ਹੀਆ ਕਾਲਜ ਪੜ੍ਹਾਉਣ ਲੱਗਾ। ਪਤਾ ਲੱਗਾ ਕਿ ਰੇਸ਼ਮ ਸਿੰਘ ਦੋ ਤਿੰਨ ਵਾਰ ਪ੍ਰੋ. ਹਰਪਾਲ ਸਿੰਘ ਕੋਲ ਪਊਏ ਜੋਗੇ ਪੈਸੇ ਲੈਣ ਗਿਆ ਸੀ। ਫਿਰ ਪਤਾ ਲੱਗਾ ਕਿ ਸਤਾਰਾਂ ਸੈਕਟਰ ਵਿਚ ਸੰਤ ਬੂਟ ਹਾਉਸ ਦੇ ਸਾਹਮਣੇ ਕਿਸੇ ਠਰੀ ਰਾਤ ਨੂੰ ਉਹ ਪੂਰਾ ਹੋ ਗਿਆ। ਮੇਰੇ ਲਈ ਇਹ ਖਬਰ ਬੇਹੱਦ ਉਦਾਸ ਕਰਨ ਵਾਲੀ ਸੀ। ਮੈਨੂੰ ਗੁਰਦੇਵ ਸਿੰਘ ਦਾ ਚੇਤਾ ਆਇਆ। ਉਸ ਦੀ ਮੈਨੂੰ ਕੋਈ ਖਬਰ ਨਹੀਂ ਹੈ। ਇੰਨਾ ਜ਼ਰੂਰ ਲੱਗਦਾ ਹੈ ਕਿ ਉਹ ਉਪਰ ਵਾਲੀ 'ਯੂਨੀਵਰਸਿਟੀ' 'ਚ ਵੀ ਇਕੱਠੇ ਨਹੀਂ ਗਏ ਹੋਣਗੇ। ਇਸ਼ਕ ਕੀ ਤਾਵੀਲ ਮੇਂ ਅਸਰੇ ਰਵਾਂ ਕੇ ਸਿਵਾ, ਔਰ ਭੀ ਜ਼ਮਾਨੇ ਹੈਂ ਜਿਨ ਕਾ ਕੋਈ ਨਾਮ ਨਹੀਂ। ਸਦਾ ਹੀ ਕਾਟੋ ਫੁੱਲਾਂ 'ਤੇ ਨਹੀਂ ਰਹਿੰਦੀ ਤੇ ਨਾ ਹੀ ਗੁੱਡੀ ਹਮੇਸ਼ਾ ਅਸਮਾਨ 'ਚ ਚੜ੍ਹੀ ਰਹਿੰਦੀ ਹੈ। ਚੜ੍ਹਾਉਣ ਵਾਲਾ ਆਪੇ ਲਾਹ ਵੀ ਲੈਂਦਾ ਹੈ। ਅਸਮਾਨ 'ਚ ਅਣਗਿਣਤ ਤਾਰੇ ਹਨ। ਬਹੁਤੇ ਸਾਨੂੰ ਦਿਸਦੇ ਹਨ, ਉਸ ਤੋਂ ਵੀ ਵੱਧ ਉਹ ਹਨ ਜੋ ਦਿਸਦੇ ਨਹੀਂ। ਵਿਗਿਆਨੀ ਦੱਸਦੇ ਹਨ ਕਿ ਕਈ ਤਾਰੇ ਅਜਿਹੇ ਹਨ, ਜਿਨ੍ਹਾਂ ਦੀ ਰੌਸ਼ਨੀ ਹਾਲੇ ਧਰਤੀ ਤੱਕ ਨਹੀਂ ਅੱਪੜੀ ਤੇ ਕਈ ਅਜਿਹੇ ਹਨ ਜਿਨ੍ਹਾਂ ਦੀ ਲੋਅ ਧਰਤੀ 'ਤੇ ਕਦੀ ਨਹੀਂ ਅੱਪੜੇਗੀ। ਮੇਰੇ ਖਿਆਲ ਵਿਚ ਗੁਰਦੇਵ ਸਿੰਘ ਤੇ ਰੇਸ਼ਮ ਸਿੰਘ ਧਰਤੀ ਮਾਂ ਦੇ ਉਹ ਸਿਤਾਰੇ ਸਨ, ਜਿਨ੍ਹਾਂ ਦਾ ਧਰਤੀ ਨੂੰ ਵੀ ਪਤਾ ਨਹੀਂ ਤੇ ਜਿਨ੍ਹਾਂ ਦੀ ਲੋਅ ਧਰਤੀ 'ਤੇ ਕਦੀ ਨਹੀਂ ਪੁੱਜੀ, ਤੇ ਜਿਨ੍ਹਾਂ ਦੀ ਹੋਂਦ ਦਾ ਸੇਕ ਕਿਸੇ ਨੂੰ ਨਹੀਂ ਪੋਹਿਆ। ਸ਼ਾਇਦ ਉਨ੍ਹਾਂ ਲਈ ਕੋਈ ਅੱਥਰੂ ਨਹੀਂ ਸੀ ਬਣਿਆ।

> *ਇਸ ਨੂੰ ਗੁਰਦੇਵ ਸਿੰਘ ਵਾਂਗ ਕੁੜੀਆਂ ਦੇਖਣ ਜਾਂ ਤਾੜਨ ਦੀ ਆਦਤ ਸੀ। ਫਰਕ ਇਹ ਸੀ ਕਿ ਗੁਰਦੇਵ ਸਿੰਘ ਨੂੰ ਕੋਈ ਕੁੜੀ ਕਦੀ ਨੇੜੇ ਨਹੀਂ ਸੀ ਫਟਕਣ ਦਿੰਦੀ, ਪਰ ਇਹ ਫਟਕ ਲੈਂਦਾ ਸੀ। ਦੂਰੋਂ ਹੀ ਕੁੜੀ ਦੀ ਕਦਮ-ਚਾਲ ਨਾਪ ਲੈਂਦਾ ਤੇ ਅੰਦਾਜ਼ਾ ਲਾ ਲੈਂਦਾ ਕਿ ਉਹ ਕਿੱਥੇ ਤੱਕ ਕਿਤਨੇ ਸਕਿੰਟਾਂ 'ਚ ਪਹੁੰਚ ਜਾਵੇਗੀ। ਇਹ ਉਸੇ ਕਦਮ-ਚਾਲ ਚੱਲ ਪੈਂਦਾ ਤੇ ਉਸੇ ਥਾਂ 'ਤੇ ਕੁੜੀ 'ਚ ਠਾਹ ਕਰਕੇ ਵੱਜਦਾ। ਕੁੜੀ ਅੰਗਰੇਜ਼ੀ ਗਾਲ੍ਹਾਂ ਕੱਢਦੀ ਪਰੇ ਹੋ ਜਾਂਦੀ ਤੇ ਰੇਸ਼ਮ ਸਿੰਘ 'ਸਵਰਗ ਦਾ ਧੱਕਾ' ਖਾ ਕੇ ਅਤੇ ਲਾ ਕੇ ਆਪਣੇ ਟਿਕਾਣੇ 'ਤੇ ਖੁਸ਼ੀ ਖੁਸ਼ੀ ਵਾਪਸ ਪਰਤ ਆਉਂਦਾ। ਉਹ ਆਪਣੀ ਬਾਜ਼-ਨਜ਼ਰ ਦਾ ਇਹੀ ਲਾਭ ਲੈਂਦਾ। ਇਹੀ ਉਸ ਦਾ ਵਿਭਚਾਰ ਸੀ।*

# ਬੇਅਦਬੀਆਂ ਸਨਮੁੱਖ ਸ਼੍ਰੋਮਣੀ ਅਕਾਲੀ ਦਲ

ਆਰਟਿਸਟ ਕਿਰਪਾਲ ਸਿੰਘ ਨੇ 18ਵੀਂ ਸਦੀ ਦੀ ਸਟੇਟ-ਦਰਿੰਦਗੀ ਜਿਸ ਚਿੱਤਰ ਵਿਚ ਚਿਤਰੀ ਹੈ, ਉਸ ਵਿਚ ਚੱਕੀ ਪੀਹਦੀਆਂ ਮਾਂਵਾਂ ਦੇ ਗਲਾਂ ਵਿਚ ਉਨ੍ਹਾਂ ਦੇ ਬੱਚਿਆਂ ਦੇ ਹਾਰ ਹਨ, ਇਸੇ ਚਿੱਤਰ ਵਿਚ ਬੱਚਾ ਹਵਾ ਵਿਚ ਉਛਾਲਿਆ ਹੋਇਆ ਹੈ, ਨੇਜ਼ੇ ਦੀ ਨੋਕ ਆਕਾਸ਼ ਵੱਲ ਹੈ, ਜਦੋਂ ਜਿਉਂਦਾ ਬੱਚਾ ਹੇਠਾਂ ਵੱਲ ਡਿੱਗੇਗਾ, ਨੇਜ਼ੇ ਵਿਚ ਪਰੋਇਆ ਜਾਏਗਾ। ਅਸਮਾਨ ਵਿਚ ਇੱਲਾਂ, ਗਿਰਝਾਂ, ਕਾਂ ਬੋਟੀਆਂ ਦੀ ਉਡੀਕ ਵਿਚ ਉਡਦੇ

ਡਾ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਫਿਰਦੇ, ਮੰਡਰਾਉਂਦੇ ਦਿਸਦੇ ਹਨ, ਕੁੱਤੇ ਜੀਭਾਂ ਲਮਕਾਈ ਹਰਲ ਹਰਲ ਕਰਦੇ ਫਿਰਦੇ ਹਨ-ਗੱਲ ਕੀ ਖੂਨੀ ਮੌਤ, ਪੇਂਟਿੰਗ ਨੂੰ ਘੇਰੀ ਬੈਠੀ ਹੈ। ਇਸ ਚਿੱਤਰ ਦੇ ਦੂਰ ਕੋਨੇ ਵਿਚ ਇਕ ਲਕੀਰ ਧਿਆਨ ਨਾਲ ਦੇਖਿਆਂ ਨਜ਼ਰ ਪੈਂਦੀ ਹੈ, ਉਹ ਲਕੀਰ ਹਥਿਆਰਬੰਦ ਘੋੜਸਵਾਰ ਖਾਲਸਾ ਪੰਥ ਹੈ, ਜੋ ਇਸ ਕਰੂਰਤਾ ਨੂੰ ਦੇਖਦਿਆਂ ਅੱਗੇ ਵਧ ਰਿਹਾ ਹੈ। ਖਾਲਸਾ ਪੰਥ ਘੋੜਿਆਂ ਨੂੰ ਅੱਡੀ ਲਾਏਗਾ, ਜ਼ਾਲਮ ਹਨੇਰੀ ਰੁਕ ਜਾਏਗੀ, ਖਿੜਿਆ ਸਵੇਰਾ ਚੜ੍ਹੇਗਾ, ਰੁਮਕਦੀਆਂ ਪੌਣਾਂ ਵਗਣਗੀਆਂ। ਗੁਰੂ ਖਾਲਸਾ ਪੰਥ, ਧੁਰ ਦਰਗਾਹ ਵਿਚ ਸੁਣੀ ਗਈ ਅਰਦਾਸ ਦਾ ਸਾਕਾਰ ਹੋਇਆ ਰੂਪ ਹੈ।

ਬਾਅਦ ਵਿਚ ਇਸ ਖਾਲਸਾ ਪੰਥ ਦੀ ਤਾਕਤ ਸਦਕਾ ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਖਾਲਸਾ ਪ੍ਰਗਟ ਹੋਈ, ਫਿਰ ਅੰਗਰੇਜ਼ੀ-ਕਾਲ ਦੌਰਾਨ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਇਹ ਸ਼੍ਰੋਮਣੀ ਅਕਾਲੀ-ਦਲ ਦੇ ਨਾਮ ਨਾਲ ਪ੍ਰਕਾਸ਼ਵਾਨ ਹੋਇਆ। ਕਰਤਾਰ ਸਿੰਘ ਝੱਬਰ ਨੂੰ ਖਬਰ ਮਿਲੀ ਕਿ ਲਹਿੰਦੇ ਪੰਜਾਬ ਦੇ ਕਿਸੇ ਪਿੰਡ ਵਿਚ ਇਕ ਘਰ ਸਿੱਖ ਦਾ ਸੀ, ਬਾਕੀ ਸਾਰੇ ਮੁਸਲਮਾਨ। ਸਿੱਖ ਦੇ ਘਰ ਮਹਿਮਾਨ ਆਏ, ਉਸ ਮੁਰਗਾ ਚਾੜ੍ਹ ਲਿਆ, ਮੁਸਲਮਾਨਾਂ ਇਕੱਠੇ ਹੋ ਕੇ ਘੇਰਾ ਪਾ ਲਿਆ, ਪਿੰਡ ਵਿਚ ਝਟਕਾ ਕਰਨ ਦੀ ਹਿੰਮਤ ਕਿਵੇਂ ਹੋਈ? ਪਤੀਲਾ ਮੁਧਾ ਮਾਰਿਆ, ਸਾਰਾ ਸਿੱਖ ਪਰਿਵਾਰ ਮਹਿਮਾਨਾਂ ਸਣੇ ਕੁੱਟਿਆ।

ਕਰਤਾਰ ਸਿੰਘ ਝੱਬਰ ਨੂੰ ਖਬਰ ਮਿਲੀ, ਉਸ ਨੇ ਅਖਬਾਰਾਂ ਵਿਚ ਬਿਆਨ ਦਿੱਤਾ, ਆਉਂਦੇ ਦੋ ਹਫਤਿਆਂ ਬਾਅਦ ਨਿਸ਼ਚਿਤ ਦਿਨ ਉਸੇ ਪਿੰਡ ਵਿਚ ਚਾਲੀ ਬੱਕਰੇ ਝਟਕਾਏ ਜਾਣਗੇ, ਛਕੇ ਜਾਣਗੇ, ਰੋਕਣ ਵਾਲੇ ਹਿੰਮਤ ਕਰਨ ਤੇ ਰੋਕਣ।

ਵਾਇਸਰਾਏ ਤੱਕ ਤਾਰਾਂ ਖੜਕੀਆਂ। ਡੀ. ਸੀ. ਨੇ ਝੱਬਰ ਨੂੰ ਕਿਹਾ, ਸਰਕਾਰ ਤੁਹਾਨੂੰ ਅਜਿਹਾ ਨਹੀਂ ਕਰਨ ਦੇਵੇਗੀ। ਝੱਬਰ ਦਾ ਜਵਾਬ ਸੀ, ਅਸੀਂ ਸਰਕਾਰ ਦੇ ਖੈਰ ਖਵਾਹ ਹਾਂ। ਸਰਕਾਰ ਨਾਲ ਕੋਈ ਟੱਕਰ ਨਹੀਂ। ਮੁਸਲਮਾਨ ਕੀ ਖਾਂਦੇ ਹਨ, ਕਿਵੇਂ ਬਣਾਉਂਦੇ ਹਨ, ਅਸੀਂ ਕਦੀ ਵਿਘਨ ਨਹੀਂ ਪਾਇਆ। ਮੁਸਲਮਾਨ, ਸਿੱਖ ਦੇ ਖਾਣ ਪੀਣ ਕਾਰਨ ਹਮਲਾਵਰ ਹੋਣਗੇ ਤੇ ਸਰਕਾਰ ਮੁਸਲਮਾਨਾਂ ਨੂੰ ਰੋਕਣ ਦੀ ਥਾਂ ਸਿੱਖਾਂ ਨੂੰ ਰੋਕੇਗੀ, ਫਿਰ ਖਾਲਸਾ ਪੰਥ ਦੀ ਟੱਕਰ ਸਰਕਾਰ ਨਾਲ ਵੀ ਹੋਵੇਗੀ ਜਿਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

ਫੌਜ ਨੇ ਪਿੰਡ ਘੇਰਦਿਆਂ ਮੁਸਲਮਾਨ ਵੱਸੋਂ ਨੂੰ ਚਿਤਾਵਨੀ ਦਿੱਤੀ, ਜਿਸ ਕਿਸੇ ਨੇ ਸਿੱਖਾਂ ਦੇ ਖਾਣ-ਪੀਣ ਵਿਚ ਵਿਘਨ ਪਾਉਣਾ ਚਾਹਿਆ, ਗੋਲੀ ਨਾਲ ਫੁੰਡਿਆ ਜਾਏਗਾ। ਪਿੰਡਾਂ ਦੇ ਪਿੰਡ ਆ ਉਤਰੇ, ਝਟਕੇ ਦੀਆਂ ਦੇਗਾਂ ਚੜ੍ਹੀਆਂ ਤੇ ਛਕੀਆਂ। ਸਭ ਮੁਸਲਮਾਨ ਸੁਸਰੀ ਵਾਂਗ ਸੌਂ ਗਏ।

ਇਹ ਇੰਨਾ ਕੁ ਭੂਤਕਾਲੀ ਪ੍ਰਸੰਗ ਇਸ ਲਈ ਦਿੱਤਾ ਤਾਂ ਕਿ ਪਾਠਕ ਜਾਣ ਸਕਣ, ਹੁਣ ਦਾ ਸ਼੍ਰੋਮਣੀ ਅਕਾਲੀ ਦਲ, ਵਰਤਮਾਨ ਖਾਲਸਾ ਪੰਥ ਹੈ, ਜੋ ਗਊ ਗਰੀਬ ਦਾ ਰੱਖਿਅਕ ਹੈ। ਖਾਲਸਾ ਪੰਥ ਦੀ ਰੂਹਾਨੀ ਤਾਕਤ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਹੈ।

ਗੁਰੂ ਗ੍ਰੰਥ ਸਾਹਿਬ ਦੀ, ਗੁਟਕਿਆਂ ਦੀ ਬੇਅਦਬੀ ਉਦੋਂ ਹੋਈ ਜਦੋਂ ਸਰਕਾਰ ਅਜੋਕੇ ਖਾਲਸਾ ਪੰਥ ਦੀ ਸੀ, ਯਾਨਿ ਅਕਾਲੀ ਦਲ (ਬਾਦਲ) ਦੀ। ਸੜਕੀ ਆਵਾਜਾਈ ਰੋਕੀ ਨਹੀਂ, ਪਟੜੀਆਂ ਕਿਨਾਰੇ ਧਰਨੇ ਦਿੱਤੇ, ਵਾਹਿਗੁਰੂ ਦਾ ਜਾਪ ਕੀਤਾ। ਲੰਗਰ ਵਰਤਾਏ, ਲੰਗਰ ਵਿਚ ਡਿਊਟੀ ਦਿੰਦੇ ਪੁਲਿਸ ਕਰਮੀ ਵੀ ਭੋਜਨ ਛਕਦੇ, ਜੁਆਨ ਆਦਰ ਨਾਲ ਲੰਗਰ ਵਰਤਾਉਂਦੇ ਵੀਡੀਓ ਵਿਚ ਦਿੱਸਦੇ ਹਨ।

ਕੋਈ ਪੁਲਿਸ ਅਫਸਰ ਅਚਾਨਕ ਗੋਲੀ ਦਾ ਹੁਕਮ ਦਿੰਦਾ ਹੈ, ਗੋਲੀ ਚਲਦੀ ਹੈ, ਦੋ ਜੁਆਨ ਥਾਏਂ ਢੇਰੀ, ਦਰਜਨਾਂ ਜ਼ਖਮੀ। ਪੰਜਾਬ ਪੁਲਿਸ, ਰਿਪੋਰਟ ਦਰਜ ਕਰਦਿਆਂ ਲਿਖਦੀ ਹੈ, ਅਣਪਛਾਤੇ ਵਿਅਕਤੀਆਂ ਵੱਲੋਂ ਚਲਾਈ ਗੋਲੀ ਨਾਲ ਕਤਲ ਅਤੇ ਜ਼ਖਮੀ...।

ਜੋ ਖਾਲਸਾ ਪੰਥ ਦਰ ਆਏ ਹਰੇਕ ਸਵਾਲੀ ਦਾ ਰੱਖਿਅਕ ਹੋਇਆ ਕਰਦਾ ਸੀ, ਉਹ ਅਕਾਲੀ ਦਲ ਦੇ ਨਾਮ ਨਾਲ ਰਾਜ ਕਰਨ ਲੱਗਾ ਤਾਂ ਰੱਖਿਅਕ ਦੀ ਥਾਂ ਸਿੱਖਾਂ ਦਾ ਭੱਖਿਅਕ ਹੋ ਗਿਆ।

ਵਧੇਰੇ ਕਰਕੇ ਮੇਰਾ ਜੀ ਨੀਲੇ ਰੰਗ ਦੀ ਦਸਤਾਰ ਸਜਾਉਣ ਨੂੰ ਕਰਿਆ ਕਰਦਾ ਹੈ। ਸਮੁੰਦਰ ਦਾ ਰੰਗ, ਅਸਮਾਨ ਦਾ ਰੰਗ, ਨੀਲੇ ਦੇ ਸਵਾਰ ਦਾ ਪਸੰਦੀਦਾ ਰੰਗ। ਅੱਜ ਕੱਲ੍ਹ ਮੇਰੀ ਸਰਦਾਰਨੀ ਨੀਲੇ ਰੰਗ ਦੀ ਦਸਤਾਰ ਨਹੀਂ ਬੰਨਣ ਦਿੰਦੀ, ਕਹਿੰਦੀ ਹੈ, ਤੁਹਾਡੇ ਨਾਲ ਕਿਹੜਾ ਅੰਗ-ਰੱਖਿਅਕ ਨੇ? ਨੀਲੀ ਪੱਗ ਵਾਲੇ ਨੂੰ ਗੁਸੈਲੇ ਪੇਂਡੂ ਘੇਰ ਘੇਰ ਕੁੱਟਦੇ ਨੇ।

ਮੈਂ ਸੋਚਦਾਂ, ਬਿਮਾਰ ਅਕਾਲੀ ਦਲ ਨੂੰ ਘੇਰ ਘੇਰ ਕੁੱਟਣ ਦੀ ਥਾਂ ਇਲਾਜ ਕਰਨਾ ਚਾਹੀਦਾ ਹੈ। ਇਸ ਦਾ ਇਲਾਜ ਹੋ ਸਕਦੈ।

# ਭਗੌੜੇ ਐਨ.ਆਰ.ਆਈ. ਲਾੜਿਆਂ ਨੂੰ ਘੇਰਾ, ਪਾਸਪੋਰਟ ਰੱਦ

**ਨਵੀਂ ਦਿੱਲੀ:** ਪੰਜਾਬ ਦੀਆਂ ਕੁੜੀਆਂ ਨਾਲ ਵਿਆਹ ਕਰ ਕੇ ਭਗੌੜੇ ਹੋਏ ਲਾੜਿਆਂ ਦੀ ਹੁਣ ਖੈਰ ਨਹੀਂ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਦੇ ਅਧੀਨ ਸਮੂਹ ਮਾਮਲਿਆਂ ਦੀ ਜਾਂਚ ਲਈ 'ਇੰਟਰਗ੍ਰੇਟਿਡ ਨੋਡਲ ਏਜੰਸੀ' ਬਣਾਉਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਕਾਰਵਾਈ ਕਰਦੇ ਹੋਏ 38 ਭਗੌੜੇ ਲਾੜਿਆਂ ਦੇ ਪਾਸਪੋਰਟ ਵੀ ਰੱਦ ਕਰ ਦਿੱਤੇ ਗਏ ਹਨ।

ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਦੀ ਉਪ-ਸਕੱਤਰ ਸਿਪਰਾ ਰਾਏ ਨੂੰ ਆਈ.ਐਨ.ਏ. ਦਾ ਮੁਖੀ ਥਾਪਿਆ ਗਿਆ ਹੈ।

ਦੱਸ ਦਈਏ ਕਿ 9 ਮਈ, 2018 ਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵੱਲੋਂ ਪ੍ਰੈੱਸ ਕਾਨਫਰੰਸ ਕਰਕੇ ਵਿਆਹ ਤੋਂ ਬਾਅਦ ਛੱਡੀਆਂ ਬੀਬੀਆਂ ਦੇ ਜੀਵਨ ਅਤੇ ਸੰਘਰਸ਼ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਮਸਲੇ 'ਤੇ ਸਹਿਯੋਗ ਲਈ ਐਨ.ਆਰ.ਆਈ. ਸੈੱਲ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਨਾਲ ਹੀ ਕੇਂਦਰੀ ਵਿਦੇਸ਼ ਮੰਤਰਾਲੇ, ਗ੍ਰਹਿ ਮੰਤਰਾਲੇ, ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ, ਪੰਜਾਬ ਸਰਕਾਰ ਸਣੇ ਕੌਮੀ ਮਹਿਲਾ ਕਮਿਸ਼ਨ ਨੂੰ ਪੱਤਰ ਲਿਖ ਕੇ ਇਸ ਮਾਮਲੇ 'ਚ ਸਖਤ ਕਾਨੂੰਨ ਬਣਾ ਕੇ ਭਗੌੜੇ ਲਾੜਿਆਂ ਨੂੰ ਭਾਰਤ ਵਾਪਸ ਲਿਆਉਣ ਦੀ ਵਕਾਲਤ ਕੀਤੀ ਗਈ ਸੀ।

ਵਿਦੇਸ਼ ਮੰਤਰਾਲੇ ਨੇ ਇਤਿਹਾਸਕ ਕਾਰਵਾਈ ਕਰਦੇ ਹੋਏ ਜਿਥੇ ਨੋਡਲ ਏਜੰਸੀ ਬਣਾ ਦਿੱਤੀ ਹੈ, ਉਥੇ ਹੀ ਨੋਡਲ ਏਜੰਸੀ ਨੂੰ ਭਗੌੜੇ ਲਾੜਿਆਂ ਖਿਲਾਫ ਲੁੱਕ ਆਊਟ ਸਰਕੂਲਰ ਜਾਰੀ ਕਰਨ ਦਾ ਪ੍ਰਭਾਵੀ ਅਧਿਕਾਰ ਵੀ ਦਿੱਤਾ ਹੈ। 38 ਭਗੌੜੇ ਲਾੜਿਆਂ ਦਾ ਪਾਸਪੋਰਟ ਰੱਦ ਵੀ ਹੋ ਗਿਆ ਹੈ, ਜਿਸ ਕਰ ਕੇ ਪੀੜਤ ਬੀਬੀਆਂ ਕਮੇਟੀ ਦਾ ਧੰਨਵਾਦ ਕਰਨ ਲਈ ਆਈਆਂ ਹਨ।

# ਫੈਕਟਰੀਆਂ ਕਰ ਰਹੀਆਂ ਨੇ ਸਤਲੁਜ ਦਰਿਆ ਦਾ ਪਾਣੀ ਪਲੀਤ

**ਨੰਗਲ:** ਪੰਜਵਾਂ ਰਾਸ਼ਟਰੀ ਕੁਦਰਤੀ ਜਲਗਾਹ ਸਤਲੁਜ ਦਰਿਆ ਹਿਮ ਸਿਖਰਾਂ ਤੋਂ ਕਾਫੀ ਲੰਮਾ ਸਫਰ ਤੈਅ ਕਰਕੇ ਨੰਗਲ ਪਹੁੰਚਦਾ ਹੈ। ਨੰਗਲ ਪਹੁੰਚਣ ਤੱਕ ਤਾਂ ਸਤਲੁਜ ਦਰਿਆ ਸਾਫ ਅਤੇ ਪ੍ਰਦੂਸ਼ਣ ਰਹਿਤ ਹੁੰਦਾ ਹੈ, ਪਰ ਨੰਗਲ ਪਹੁੰਚਣ 'ਤੇ ਪਿੰਡ ਬਰਮਲ੍ਹਾ ਤੋਂ ਹੀ ਇਹ ਪ੍ਰਦੂਸ਼ਿਤ ਹੋਣਾ ਸ਼ੁਰੂ ਹੋ ਜਾਂਦਾ ਹੈ।

ਬੀਤੇ ਕੁਝ ਸਾਲਾਂ ਤੋਂ ਨਾਲ ਲਗਦੇ ਹਿਮਾਚਲ ਪ੍ਰਦੇਸ਼ ਵਿਚਲੇ ਗਵਾਲਥਾਈ ਉਦਯੋਗਿਕ ਖੇਤਰ ਦੀਆਂ ਕੁਝ ਉਦਯੋਗਿਕ ਇਕਾਈਆਂ ਨੇ ਵੀ ਸਤਲੁਜ ਦਰਿਆ ਨੂੰ ਪ੍ਰਦੂਸ਼ਿਤ ਕਰਨ 'ਚ ਕੋਈ ਕਸਰ ਨਹੀਂ ਛੱਡੀ, ਬੇਸ਼ੱਕ ਇਨ੍ਹਾਂ ਵਿਚੋਂ ਕਈ ਅਦਾਰੇ ਹੁਣ ਬੰਦ ਵੀ ਹੋ ਚੁੱਕੇ ਹਨ। ਬਰਸਾਤਾਂ ਦੇ ਦਿਨਾਂ ਵਿਚ ਅਕਸਰ ਕੁਝ ਉਦਯੋਗਿਕ ਇਕਾਈਆਂ ਵੱਲੋਂ ਬਰਮਲ੍ਹਾ ਖੱਡ ਵਿਚ ਦੂਸ਼ਿਤ ਪਾਣੀ ਛੱਡਿਆ ਜਾ ਰਿਹਾ ਹੈ ਜੋ ਕਿ ਅੱਗੇ ਜਾ ਕੇ ਸਤਲੁਜ ਦਰਿਆ ਵਿਚ ਜਾ ਰਲਦਾ ਹੈ। ਬਰਮਲ੍ਹਾ ਖੱਡ ਵਿਚ ਦੂਸ਼ਿਤ ਪਾਣੀ ਛੱਡੇ ਜਾਣ ਕਾਰਨ ਨਾਲ ਲਗਦੇ ਪਿੰਡ ਵਾਸੀਆਂ ਨੂੰ ਵੀ ਪਰੇਸ਼ਾਨੀਆਂ ਵਿਚੋਂ ਲੰਘਣਾ ਪੈ ਰਿਹਾ ਹੈ। ਪਿੰਡ ਬਰਮਲਾਂ ਦੇ ਲੋਕ ਖੱਡ ਦੇ ਇਸ ਪਾਣੀ ਨੂੰ ਆਪਣੇ ਪਸ਼ੂਆਂ ਲਈ ਵੀ ਇਸਤੇਮਾਲ ਕਰਦੇ ਸਨ, ਪਰ ਦੂਸ਼ਿਤ ਪਾਣੀ ਕਾਰਨ ਇਹ ਸਮੱਸਿਆ ਹੋਰ ਗੰਭੀਰ ਹੁੰਦੀ ਜਾ ਰਹੀ ਹੈ।

ਦੂਸ਼ਿਤ ਪਾਣੀ ਕਾਰਨ ਪੰਜਵੀਂ ਕੁਦਰਤੀ ਜਲਗਾਹ ਸਤਲੁਜ ਦਰਿਆ ਦਾ ਨੁਕਸਾਨ ਹੋ ਰਿਹਾ ਹੈ। ਜੇਕਰ ਦਰਿਆ ਵਿਚ ਸੁੱਟੇ ਜਾ ਰਹੇ ਇਸ ਦੂਸ਼ਿਤ ਪਾਣੀ ਵੱਲ ਸਮਾਂ ਰਹਿੰਦੇ ਧਿਆਨ ਨਾ ਦਿੱਤਾ ਗਿਆ ਤਾਂ ਇਕ ਦਿਨ ਦਰਿਆ ਦੀ ਕੁਦਰਤੀ ਸੁੰਦਰਤਾ ਨਸ਼ਟ ਹੋ ਜਾਵੇਗੀ ਅਤੇ ਇਸ ਦੇ ਮਾੜੇ ਪ੍ਰਭਾਵ ਪਰਵਾਸੀ ਪੰਛੀਆਂ ਦੀ ਆਮਦ 'ਤੇ ਵੀ ਪੈਣਗੇ।

# ਭਾਰਤ ਅਤੇ ਪਾਕਿਸਤਾਨ ਬਿਜਲੀ ਪ੍ਰਾਜੈਕਟਾਂ ਦੇ ਨਿਰੀਖਣ ਲਈ ਸਹਿਮਤ

**ਲਾਹੌਰ:** ਸਿੰਧ ਜਲ ਸਮਝੌਤੇ ਤਹਿਤ ਚਿਨਾਬ ਦਰਿਆ 'ਤੇ ਲੱਗ ਰਹੇ ਪਣ ਬਿਜਲੀ ਪ੍ਰੋਜੈਕਟਾਂ ਸਬੰਧੀ ਚਿੰਤਾਵਾਂ ਦੇ ਹੱਲ ਲਈ ਭਾਰਤ ਤੇ ਪਾਕਿਸਤਾਨ ਨੇ ਦੋਵਾਂ ਮੁਲਕਾਂ ਦੇ ਜਲ ਕਮਿਸ਼ਨਰਾਂ ਦਾ ਸਬੰਧਤ ਪਣ-ਬਿਜਲੀ ਪ੍ਰੋਜੈਕਟਾਂ ਦਾ ਦੌਰਾ ਕਰਾਉਣ 'ਤੇ ਸਹਿਮਤੀ ਪ੍ਰਗਟਾਈ ਹੈ। ਇਨ੍ਹਾਂ ਦੌਰਿਆਂ ਦਾ ਮਕਸਦ ਜੰਮੂ ਕਸ਼ਮੀਰ ਦੇ ਪਾਕਲ ਡਲ ਅਤੇ ਹੇਠਲੀ ਕਲਨਾਈ ਸਮੇਤ ਵੱਖ-ਵੱਖ ਪਣ-ਬਿਜਲੀ ਪ੍ਰੋਜੈਕਟਾਂ ਦੇ ਮੁੱਦੇ ਸੁਲਝਾਉਣਾ ਹੈ।



ਪਾਕਿਸਤਾਨ 'ਚ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਸਿੰਧ ਜਲ ਸਮਝੌਤੇ ਉਤੇ ਹੋਈ ਦੋ ਰੋਜ਼ਾ ਦੁਵੱਲੀ ਗੱਲਬਾਤ ਬਾਰੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਸ ਗੱਲਬਾਤ ਦੌਰਾਨ ਸਿੰਧ ਜਲ ਸਮਝੌਤੇ ਤਹਿਤ ਵੱਖ-ਵੱਖ ਪਣ- ਬਿਜਲੀ ਪ੍ਰੋਜੈਕਟਾਂ ਦੇ ਮੁੱਦਿਆਂ ਉਤੇ ਵਿਚਾਰਾਂ ਕੀਤੀਆਂ ਗਈਆਂ, ਜਿਨ੍ਹਾਂ ਪਾਕਲ ਡਲ (ਇਕ ਹਜ਼ਾਰ ਮੈਗਾਵਾਟ) ਅਤੇ ਹੇਠਲੀ ਕਲਨਾਈ (48 ਮੈਗਾਵਾਟ) ਪਣ-ਬਿਜਲੀ ਪ੍ਰੋਜੈਕਟ ਸ਼ਾਮਲ ਹਨ।

ਭਾਰਤ ਸਰਕਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਨੇ ਇਸ ਗੱਲ ਉਤੇ ਸਹਿਮਤੀ ਜਤਾਈ ਕਿ ਇਸ ਸਮਝੌਤੇ ਤਹਿਤ ਦੋਵਾਂ ਮੁਲਕਾਂ ਦੇ ਕਮਿਸ਼ਨਰ ਸਬੰਧਤ ਥਾਵਾਂ ਦਾ ਦੌਰਾ ਕਰਨਗੇ। ਇਸ ਮੁੱਦੇ 'ਤੇ ਅਗਲੀ ਮੁਲਾਕਾਤ ਭਾਰਤ ਵਿਚ ਕਰਨ ਬਾਰੇ ਵੀ ਦੋਵਾਂ ਮੁਲਕਾਂ 'ਚ ਸਹਿਮਤੀ ਬਣੀ ਹੈ।

ਪਾਕਿਸਤਾਨ ਤੋਂ ਪ੍ਰਾਪਤ ਮੀਡੀਆ ਰਿਪੋਰਟਾਂ ਅਨੁਸਾਰ ਭਾਰਤ ਨੇ ਪਾਕਿਸਤਾਨ ਦੇ ਮਾਹਿਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਅਗਲੇ ਮਹੀਨੇ ਭਾਰਤ ਆ ਕੇ ਜੰਮੂ ਤੇ ਕਸ਼ਮੀਰ ਦੇ ਚਨਾਬ ਦਰਿਆ ਕਿਨਾਰੇ ਪਾਕਲ ਡਲ ਅਤੇ ਹੇਠਲੀ ਕਲਨਾਈ ਪਣ-ਬਿਜਲੀ ਪ੍ਰੋਜੈਕਟਾਂ ਦੀ ਉਸਾਰੀ ਦਾ ਜਾਇਜ਼ਾ ਲੈਣ। ਦੁਵੱਲੀ ਗੱਲਬਾਤ ਦੌਰਾਨ ਭਾਰਤ ਨੇ ਪਾਕਿਸਤਾਨ ਵੱਲੋਂ ਇਨ੍ਹਾਂ ਪ੍ਰੋਜੈਕਟਾਂ ਦੀ ਉਸਾਰੀ ਸਬੰਧੀ ਉਠਾਏ ਜਾ ਰਹੇ ਇਤਰਾਜ਼ਾਂ ਨੂੰ ਖਾਰਜ ਕਰ ਦਿੱਤਾ ਹੈ।

# ਪੰਜਾਬ ਦੇ ਥਾਣਿਆਂ 'ਚ ਬੰਦ 34,637 ਵਾਹਨ ਬਣ ਰਹੇ ਨੇ ਕਬਾੜ


**ਚੰਡੀਗੜ੍ਹ:** ਪੰਜਾਬ ਦੇ ਵੱਖ-ਵੱਖ ਥਾਣਿਆਂ 'ਚ ਰੱਖੇ 34,637 ਵਾਹਨ ਕਬਾੜ ਦਾ ਰੂਪ ਧਾਰ ਰਹੇ ਹਨ ਕਿਉਂਕਿ ਸਰਕਾਰ ਕੋਲ ਜ਼ਬਤ ਕੀਤੇ ਵਾਹਨਾਂ ਨੂੰ ਸਮੇਂ ਸਿਰ ਛੱਡਣ ਦੀ ਕੋਈ ਨੀਤੀ ਹੀ ਨਹੀਂ ਹੈ। ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੇ ਸਾਲ 2008 ਦੇ ਆਦੇਸ਼ਾਂ ਅਨੁਸਾਰ ਪੁਲਿਸ ਅਫਸਰਾਂ ਆਧਾਰਿਤ ਕਮੇਟੀ ਬਣਾਈ ਹੈ ਪਰ ਕੋਈ ਪੱਕੀ ਨੀਤੀ ਨਾ ਹੋਣ ਕਾਰਨ ਵਾਹਨ ਲੰਮਾ ਸਮਾਂ ਥਾਣਿਆਂ 'ਚ ਖੜ੍ਹੇ ਜੰਗਾਲ ਦੀ ਭੇਟ ਚੜ੍ਹ ਰਹੇ ਹਨ।

ਇਨ੍ਹਾਂ ਵਾਹਨਾਂ ਵਿਚੋਂ 25,268 ਦੋਪਹੀਆ, 513 ਤਿੰਨ ਪਹੀਆ ਅਤੇ 8,856 ਚਾਰ ਪਹੀਆ ਹਨ। ਇਸ ਵੇਲੇ ਪੰਜਾਬ ਦਾ ਕੋਈ ਵੀ ਅਜਿਹਾ ਥਾਣਾ ਨਹੀਂ ਜਿਥੇ ਸੈਂਕੜੇ ਵਾਹਨ ਖੜ੍ਹੇ ਨਾ ਹੋਣ। ਸਭ ਤੋਂ ਵੱਧ 4,746 ਵਾਹਨ ਕਮਿਸ਼ਨਰੇਟ ਲੁਧਿਆਣਾ ਅਧੀਨ ਥਾਣਿਆਂ ਵਿਚ ਹਨ। ਜ਼ਿਲ੍ਹਾ ਪਟਿਆਲਾ ਦੇ ਥਾਣਿਆਂ 'ਚ 2703, ਕਮਿਸ਼ਨਰੇਟ ਅੰਮ੍ਰਿਤਸਰ ਅਧੀਨ ਥਾਣਿਆਂ ਵਿਚ 2155 ਤੇ ਕਮਿਸ਼ਨਰੇਟ ਜਲੰਧਰ ਦੇ ਥਾਣਿਆਂ ਵਿਚ 1,978 ਮੋਟਰ ਗੱਡੀਆਂ ਖੜ੍ਹੀਆਂ ਹਨ। ਸਭ ਤੋਂ ਘੱਟ 399 ਗੱਡੀਆਂ ਏ.ਆਈ.ਜੀ./ਜੀ. ਆਰ. ਪੀ. ਪਟਿਆਲਾ 'ਚ ਖੜ੍ਹੀਆਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਵਿਧਾਇਕ ਨਵਤੇਜ ਸਿੰਘ ਚੀਮਾ ਦੇ ਇਕ ਸਵਾਲ ਦੇ ਜਵਾਬ ਵਿਚ ਮੰਨਿਆ ਕਿ ਭਾਵੇਂ ਥਾਣਿਆਂ ਵਿਚ ਕੇਸ ਪ੍ਰਾਪਰਟੀ ਵਜੋਂ ਬੰਦ ਵਾਹਨਾਂ ਨੂੰ ਸਮੇਂ ਸਿਰ ਰਿਲੀਜ਼ ਕਰਨ ਦੇ ਯਤਨ ਕੀਤੇ ਜਾਂਦੇ ਹਨ ਪਰ ਇਸ ਸਬੰਧੀ ਸਰਕਾਰ ਦੀ ਕੋਈ ਨਿਰਧਾਰਤ ਨੀਤੀ ਨਹੀਂ ਹੈ।

## ਪਾਕਿਸਤਾਨ ਨੇ ਅਫਗਾਨਿਸਤਾਨ ਵਿਚਲਾ ਦੂਤਘਰ ਕੀਤਾ ਬੰਦ

**ਇਸਲਾਮਾਬਾਦ:** ਪਾਕਿਸਤਾਨ ਨੇ ਅਫਗਾਨਿਸਤਾਨ ਦੇ ਜਲਾਲਾਬਾਦ 'ਚ ਸਥਿਤ ਆਪਣਾ ਦੂਤਘਰ ਬੰਦ ਕਰ ਦਿੱਤਾ ਹੈ। ਪਾਕਿਸਤਾਨ ਰੇਡੀਓ ਨੇ ਕਾਬੁਲ ਵਿਚ ਸਥਿਤ ਦੂਤਘਰ ਦੇ ਬੁਲਾਰੇ ਦੇ ਹਵਾਲੇ ਨਾਲ ਇਸ ਦੀ ਜਾਣਕਾਰੀ ਦਿੱਤੀ।

ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਨੇ ਸੁਰੱਖਿਆ ਕਾਰਨਾਂ ਅਤੇ ਆਪਣੇ ਰਾਜਨੀਤਕ ਪ੍ਰੋਗਰਾਮ ਦੇ ਮਾਮਲਿਆਂ ਵਿਚ ਨਾਗਰਹਾਰ ਸੂਬੇ ਦੇ ਗਵਰਨਰ ਹਿਆਤਉੱਲਾ ਹਿਆਤ ਦੀ ਨਾਜਾਇਜ਼ ਦਖਲ-ਅੰਦਾਜ਼ੀ ਕਾਰਨ ਇਹ ਕਦਮ ਚੁੱਕਿਆ ਹੈ। ਦੂਜੇ ਪਾਸੇ ਅਫਗਾਨਿਸਤਾਨ ਸਰਕਾਰ ਨੇ ਕਿਹਾ ਹੈ ਕਿ ਜਲਾਲਾਬਾਦ ਸਥਿਤ ਪਾਕਿਸਤਾਨ ਦੂਤਘਰ ਸੁਰੱਖਿਆ ਕਾਰਨਾਂ ਸਬੰਧੀ ਸੰਤੁਸ਼ਟ ਹੋਣ ਤੱਕ ਬੰਦ ਰਹੇਗਾ।



Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832



LX Group LLC
NOW HIRING!

Drivers Wanted
We are looking for professional CDL A drivers
Dedicated Routes.
Newer Model well maintained trucks and trailers.
Home time every weekend.
Pay up to 55C/M for solo and up to 65C/M for teams.
Contact: Raj
Cell: 317-374-0386
Requirements: At least 1 year of experience required and good at following instruction.
36-37



LOOKING FOR THE LOWEST FARES ?
BOOK INTERNATIONAL FLIGHTS, HOTELS, CARS
Price From NewYork To Delhi Starts from - $ 770
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

# ਪੰਜ ਲੱਖਾ ਅਵਾਰਡੀ ਗੁਰਦੇਵ ਸਿੰਘ ਗਿੱਲ

**ਖੇਡ ਤੇ ਖਿਡਾਰੀ**

ਫੁੱਟਬਾਲ ਦੀ ਖੇਡ ਵਿਚ ਹਾਲਾਂ ਤਕ ਪੰਜਾਬ ਦੇ ਤਿੰਨ ਖਿਡਾਰੀਆਂ, ਜਰਨੈਲ ਸਿੰਘ, ਇੰਦਰ ਸਿੰਘ ਤੇ ਗੁਰਦੇਵ ਸਿੰਘ ਨੂੰ ਹੀ ਅਰਜਨ ਅਵਾਰਡ ਮਿਲਿਆ ਹੈ। ਪੰਜਾਬ ਦੇ ਇਹ ਤਿੰਨੇ ਖਿਡਾਰੀ ਭਾਰਤੀ ਫੁੱਟਬਾਲ ਟੀਮਾਂ ਦੇ ਕਪਤਾਨ ਬਣੇ। ਜਰਨੈਲ ਸਿੰਘ ਨੇ ਤਾਂ ਏਸ਼ੀਅਨ ਆਲ ਸਟਾਰਜ਼ ਟੀਮ ਦੀ ਕਪਤਾਨੀ ਵੀ ਕੀਤੀ ਜਦ ਕਿ ਇੰਦਰ ਸਿੰਘ ਏਸ਼ੀਅਨ ਆਲ ਸਟਾਰਜ਼ ਟੀਮ ਦਾ ਮੈਂਬਰ ਬਣਿਆ। ਗੁਰਦੇਵ ਸਿੰਘ ਗਿੱਲ ਤੀਹ ਸਾਲ ਫੁੱਟਬਾਲ ਦਾ ਸਰਗਰਮ ਖਿਡਾਰੀ ਰਿਹਾ। ਵੀਹ

**ਪ੍ਰਿੰ. ਸਰਵਣ ਸਿੰਘ**

ਸਾਲ ਉਹ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਫੁੱਟਬਾਲ ਖੇਡਿਆ। ਉਹਦੀਆਂ ਧੁੰਮਾਂ ਖੈਰੜ-ਅੱਛਰਵਾਲ ਤੇ ਮਾਹਿਲਪੁਰ ਤੋਂ ਲੈ ਕੇ ਕਲਕੱਤੇ, ਢਾਕੇ, ਰੰਗੂਨ, ਕਾਬਲ, ਜਕਾਰਤਾ, ਤਹਿਰਾਨ, ਜ਼ਾਂਬੀਆ, ਸਿਓਲ ਤੇ ਬੈਂਕਾਕ ਤਕ ਪੈਂਦੀਆਂ ਰਹੀਆਂ। ਉਹ ਉਮਰ ਦੇ 69ਵੇਂ ਸਾਲ 'ਚ ਹੈ ਤੇ ਰਿਟਾਇਰ ਜੀਵਨ ਬਿਤਾ ਰਿਹੈ। ਕੁਝ ਸਾਲ ਪਹਿਲਾਂ ਉਸ ਦੀ ਜੀਵਨ ਸਾਥਣ ਗੁਰਦੇਵ ਕੌਰ ਗੁਜ਼ਰ ਗਈ ਸੀ। ਹੁਣ ਉਹ ਕੁਝ ਮਹੀਨੇ ਜਲੰਧਰ ਬਿਤਾਉਂਦੈ, ਕੁਝ ਸਮਾਂ ਆਪਣੇ ਵੱਡੇ ਪੁੱਤਰ ਪਾਸ ਕੈਨੇਡਾ ਵਿਚ ਵਿੰਡਸਰ ਤੇ ਕੁਝ ਸਮਾਂ ਛੋਟੇ ਪੁੱਤਰ ਪਾਸ ਵਿਨੀਪੈਗ। ਮਨੋਂ ਉਹ ਅਜੇ ਵੀ ਫੁੱਟਬਾਲ ਦੀ ਖੇਡ ਨਾਲ ਜੁੜਿਆ ਹੋਇਐ।

ਜਦੋਂ ਉਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਆਪਣੇ ਮਿੱਤਰਾਂ ਨੂੰ ਮਿਲਣ ਆਉਂਦੈ ਤਾਂ ਮੈਨੂੰ ਵੀ ਮਿਲ ਪੈਂਦੈ। ਸਵੇਰੇ ਸੈਰ ਕਰਦਿਆਂ ਮੈਂ ਜਿਸ ਗੁਰਦੁਆਰੇ ਅਖ਼ਬਾਰ ਚੁੱਕਣ ਜਾਂਦਾ ਹਾਂ, ਉਹ ਵੀ ਉਸੇ ਗੁਰਦੁਆਰੇ ਮੱਥਾ ਟੇਕਣ ਆ ਜਾਂਦੈ। ਫਿਰ ਸੈਰ ਕਰਦੇ ਅਸੀਂ ਫੁੱਟਬਾਲ ਦੀਆਂ ਗੱਲਾਂ ਤੋਰ ਲੈਂਦੇ ਹਾਂ। ਕਦੇ ਫੀਫਾ ਫੁੱਟਬਾਲ ਕੱਪ ਦੀਆਂ, ਕਦੇ ਏਸ਼ੀਆ ਦਾ ਜਰਨੈਲ ਕਹੇ ਜਾਂਦੇ ਜੈਲੇ ਪਨਾਮੀਏ ਦੀਆਂ, ਕਦੇ ਏਸ਼ੀਅਨ ਆਲ ਸਟਾਰਜ਼ ਦੀ ਟੀਮ ਦੇ ਇੰਦਰ ਸਿੰਘ ਦੀਆਂ ਤੇ ਕਦੇ ਭਾਰਤ ਦੀ ਫੁੱਟਬਾਲ ਦੇ ਨਿਘਾਰ ਦੀਆਂ। 1956-60 ਦੌਰਾਨ ਭਾਰਤ ਦੀ ਫੁੱਟਬਾਲ ਟੀਮ ਵਿਸ਼ਵ ਦੀਆਂ ਉਪਰਲੀਆਂ ਚਾਰ ਟੀਮਾਂ ਵਿਚ ਜਾ ਪਹੁੰਚੀ ਸੀ ਜੋ ਹੁਣ ਸੌ ਦੇਸ਼ਾਂ ਦੀਆਂ ਟੀਮਾਂ ਤੋਂ ਵੀ ਪਿੱਛੇ ਰਹਿ ਗਈ ਹੈ।

ਇਸ ਨੂੰ ਆਜ਼ਾਦ ਭਾਰਤ ਦੀ ਤਰੱਕੀ ਕਹੀਏ ਜਾਂ ਕੁਝ ਹੋਰ? ਫੁੱਟਬਾਲ ਵਰਗੀ ਸਸਤੀ ਖੇਡ ਜੋ ਗਰੀਬ ਮੁਲਕਾਂ ਦੇ ਸਭ ਤੋਂ ਵੱਧ ਅਨੁਕੂਲ ਹੈ, ਉਹਦੇ ਵਿਚ ਭਾਰਤ ਵਰਗਾ ਵਿਸ਼ਾਲ ਮੁਲਕ ਏਨਾ ਪਿੱਛੇ ਕਿਉਂ ਹੈ? ਫੁੱਟਬਾਲ ਖੇਡਣ ਲਈ 22 ਖਿਡਾਰੀਆਂ ਨੂੰ ਸਿਰਫ ਇੱਕ ਬਾਲ, ਸਾਧਾਰਨ ਖੇਡ ਮੈਦਾਨ ਤੇ ਦੋ ਪੋਲ ਚਾਹੀਦੇ ਹਨ। ਸੇਫ ਗਾਰਡ ਜਾਂ ਕੋਈ ਹੋਰ ਮਹਿੰਗਾ ਸਾਮਾਨ ਤਾਂ ਚਾਹੀਦਾ ਹੀ ਨਹੀਂ। ਫੁੱਟਬਾਲ ਦੇ ਮੁਕਾਬਲੇ ਕ੍ਰਿਕਟ ਕਿਤੇ ਮਹਿੰਗੀ ਖੇਡ ਹੈ। ਕੀ ਕਾਰਨ ਹਨ ਕਿ ਭਾਰਤ ਮਹਿੰਗੀ ਖੇਡ ਵਿਚ ਅੱਗੇ ਹੈ ਤੇ ਸਸਤੀ ਖੇਡ 'ਚ ਪਿੱਛੇ?

ਪਿਛਲੇ ਸਾਲ ਫੁੱਟਬਾਲ ਦਾ ਜੂਨੀਅਰ ਵਰਲਡ ਕੱਪ-2017 ਭਾਰਤ ਵਿਚ ਹੋਇਆ ਤਾਂ ਉਹਦੇ ਉਦਘਾਟਨ ਸਮੇਂ ਗੁਰਦੇਵ ਸਿੰਘ ਕੈਨੇਡਾ ਵਿਚ ਸੀ। ਉਸ ਸਮੇਂ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੱਥੋਂ ਆਪਣਾ ਪੰਜ ਲੱਖਾ ਸਨਮਾਨ ਪ੍ਰਾਪਤ ਨਾ ਕਰ ਸਕਿਆ। ਉਹੀ ਸਨਮਾਨ ਫਿਰ ਭਾਰਤ ਦੇ ਖੇਡ ਮੰਤਰੀ ਕਰਨਲ ਰਾਜਵਰਧਨ ਰਠੌੜ ਨੇ 12 ਦਸੰਬਰ 2017 ਨੂੰ ਦਿੱਲੀ ਵਿਚ ਗੁਰਦੇਵ ਸਿੰਘ ਨੂੰ ਭੇਟ ਕੀਤਾ। ਇਸ ਸਨਮਾਨ ਵਿਚ ਸ਼ਾਲ ਅਤੇ ਮੋਮੈਂਟੋ ਦੇ ਨਾਲ ਪੰਜ ਲੱਖ ਰੁਪਈਏ ਵੀ ਸਨ। ਇਉਂ ਗੁਰਦੇਵ ਸਿੰਘ ਪੰਜ ਲੱਖਾ ਅਵਾਰਡੀ ਬਣ ਗਿਆ ਹੈ। ਇਹ ਸਨਮਾਨ ਸਿਰਫ ਉਨ੍ਹਾਂ ਖਿਡਾਰੀਆਂ ਨੂੰ ਹੀ ਦਿੱਤਾ ਗਿਆ, ਜਿਨ੍ਹਾਂ ਨੇ ਏਸ਼ਿਆਈ ਖੇਡਾਂ ਵਿਚ ਭਾਰਤੀ ਫੁੱਟਬਾਲ ਟੀਮ ਦੀ ਕਪਤਾਨੀ ਕੀਤੀ ਸੀ। ਕਪਤਾਨੀ ਤਾਂ ਮਰਹੂਮ ਜਰਨੈਲ ਸਿੰਘ ਨੇ ਵੀ ਕੀਤੀ ਸੀ ਪਰ ਉਸ ਦਾ ਮਾਣ ਸਨਮਾਨ ਹਾਲੇ ਤਕ ਉਸ ਦੇ ਕਿਸੇ ਵਾਰਸ ਨੂੰ ਨਹੀਂ ਦਿੱਤਾ ਗਿਆ।

ਗੁਰਦੇਵ ਸਿੰਘ ਦਾ ਜਨਮ 20 ਅਪਰੈਲ 1950 ਨੂੰ ਮਾਹਿਲਪੁਰ ਇਲਾਕੇ ਦੇ ਪਿੰਡ ਖੈਰੜ-ਅੱਛਰਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕਿਸ਼ਨ ਸਿੰਘ ਗਿੱਲ ਦੇ ਘਰ ਮਾਤਾ ਚੰਨਣ ਕੌਰ ਦੀ ਕੁੱਖੋਂ ਹੋਇਆ ਸੀ। ਮਾਹਿਲਪੁਰ ਦਾ ਇਲਾਕਾ ਉਸੇ ਤਰ੍ਹਾਂ ਫੁੱਟਬਾਲ ਦਾ ਘਰ ਮੰਨਿਆ ਜਾਂਦੈ ਜਿਵੇਂ ਸੰਸਾਰਪੁਰ ਹਾਕੀ ਦਾ ਘਰ। ਗੁਰਦੇਵ ਸਿੰਘ ਹੋਰੀਂ ਪੰਜ ਭਰਾ ਸਨ ਜਿਨ੍ਹਾਂ 'ਚੋਂ ਤਿੰਨ ਚੋਟੀ ਦੇ ਫੁੱਟਬਾਲਰ ਬਣੇ। ਉਸ ਦਾ ਵੱਡਾ ਲੜਕਾ ਸੁਰਜੀਤ ਸਿੰਘ ਵੀ ਨੈਸ਼ਨਲ ਪੱਧਰ ਦਾ ਖਿਡਾਰੀ ਬਣਿਆ। ਉਹ ਫੁੱਟਬਾਲ ਦੇ ਸਿਰ 'ਤੇ ਪੰਜਾਬ ਪੁਲਿਸ ਦੀਆਂ ਚੰਗੀਆਂ ਪਦਵੀਆਂ ਉਤੇ ਰਹੇ। ਗੁਰਦੇਵ ਸਿੰਘ 1974 ਵਿਚ ਸਬ ਇੰਸਪੈਕਟਰ ਭਰਤੀ ਹੋਇਆ ਸੀ ਤੇ 2008 ਵਿਚ ਕਮਾਂਡੈਂਟ ਬਣ ਕੇ ਰਿਟਾਇਰ ਹੋਇਆ। ਉਸ ਦਾ ਇਕ ਭਰਾ ਅਜੇ ਵੀ ਡੀ. ਐਸ. ਪੀ. ਲੱਗਾ ਹੋਇਆ ਹੈ।

ਗੁਰਦੇਵ ਸਿੰਘ ਨੇ ਅੱਠਵੀਂ ਤਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਤੋਂ ਕਰ ਕੇ ਨੌਵੀਂ-ਦਸਵੀਂ ਬਿੰਜੋ ਦੇ ਸਕੂਲ ਤੋਂ ਕੀਤੀ। ਸਕੂਲਾਂ ਦੀਆਂ ਫੁੱਟਬਾਲ ਟੀਮਾਂ ਦਾ ਉਹ ਕਪਤਾਨ ਹੁੰਦਾ ਸੀ ਜੋ



ਪ੍ਰਿੰਸੀਪਲ ਸਰਵਣ ਸਿੰਘ ਤੇ ਗੁਰਦੇਵ ਸਿੰਘ ਗਿੱਲ

ਜ਼ਿਲ੍ਹੇ ਦੇ ਸਕੂਲੀ ਟੂਰਨਾਮੈਂਟ ਜਿੱਤਦੀਆਂ ਰਹੀਆਂ। ਖ਼ਾਲਸਾ ਕਾਲਜ, ਮਾਹਿਲਪੁਰ ਤੋਂ ਉਸ ਨੇ ਬੀ. ਏ. ਕੀਤੀ ਅਤੇ ਕਾਲਜ ਵੱਲੋਂ ਖੇਡਦਿਆਂ ਪੰਜਾਬ ਯੂਨੀਵਰਸਿਟੀ ਤੇ ਅੰਤਰ ਯੂਨੀਵਰਸਿਟੀ ਚੈਂਪੀਅਨਸ਼ਿਪਾਂ ਜਿੱਤੀਆਂ। ਉਥੇ ਵੀ ਉਹ ਕਾਲਜ ਤੇ ਯੂਨੀਵਰਸਿਟੀ ਦੀਆਂ ਟੀਮਾਂ ਦਾ ਕਪਤਾਨ ਬਣਿਆ। ਫਿਰ ਪੁਲਿਸ ਵਿਚ ਭਰਤੀ ਹੋ ਕੇ ਪੰਜਾਬ ਪੁਲਿਸ ਦੀਆਂ ਟੀਮਾਂ ਦੀ ਕਪਤਾਨੀ ਕਰਦਾ ਰਿਹਾ ਅਤੇ ਕੱਪ 'ਤੇ ਕੱਪ ਜਿੱਤਦਾ ਰਿਹਾ। ਉਹ ਜਲੰਧਰ ਦੇ ਲੀਡਰ ਕਲੱਬ ਤੋਂ ਖੇਡਣਾ ਸ਼ੁਰੂ ਕਰ ਕੇ ਕਲਕੱਤੇ ਦੇ ਈਸਟ ਬੰਗਾਲ ਕਲੱਬ ਵੱਲੋਂ ਵੀ ਖੇਡਿਆ। 1979 ਦਾ ਸੀਜ਼ਨ ਈਸਟ ਕਲੱਬ ਵੱਲੋਂ ਖੇਡਣ ਬਦਲੇ ਉਸ ਨੂੰ ਡੇਢ ਲੱਖ ਰੁਪਏ ਫੀਸ ਮਿਲੀ ਸੀ ਜਿਸ ਨਾਲ ਪਿੰਡ ਵਿਚ ਦਸ ਖੇਤ ਖਰੀਦੇ ਜਾ ਸਕਦੇ ਸਨ। ਉਸ ਸਾਲ ਉਹ ਸਭ ਤੋਂ ਮਹਿੰਗਾ ਖਿਡਾਰੀ ਸੀ। 1974 ਵਿਚ ਮੈਂ ਉਸ ਨੂੰ ਜਲੰਧਰ ਵਿਖੇ ਕੌਮੀ ਫੁੱਟਬਾਲ ਚੈਂਪੀਅਨਸ਼ਿਪ ਦਾ ਫਾਈਨਲ ਮੈਚ ਖੇਡਦਿਆਂ ਵੇਖਿਆ ਤਾਂ ਉਹਦੀ ਖੇਡ ਚਕਾਚੌਂਧ ਕਰਨ ਵਾਲੀ ਸੀ। ਫਾਈਨਲ ਮੈਚ ਵਿਚ ਪੰਜਾਬ ਦੀ ਟੀਮ ਪੱਛਮੀ ਬੰਗਾਲ ਦੀ ਟੀਮ ਨੂੰ 6-0 ਗੋਲਾਂ 'ਤੇ ਹਰਾ ਕੇ ਨੈਸ਼ਨਲ ਚੈਂਪੀਅਨ ਬਣੀ ਸੀ। ਐਨੀ ਤਕੜੀ ਸੀ ਉਦੋਂ ਪੰਜਾਬ ਦੀ ਫੁੱਟਬਾਲ ਟੀਮ!

1970 ਵਿਚ ਗੁਰਦੇਵ ਸਿੰਘ ਭਾਰਤੀ ਟੀਮ ਵੱਲੋਂ ਪਹਿਲੀ ਵਾਰ ਬੈਂਕਾਕ ਦਾ ਏਸ਼ੀਆ ਕੱਪ ਖੇਡਿਆ। 1971 ਵਿਚ ਜਕਾਰਤਾ, 1972 ਵਿਚ ਪ੍ਰੀ ਓਲੰਪਿਕ ਰੰਗੂਨ, 1974 ਵਿਚ ਏਸ਼ਿਆਈ ਖੇਡਾਂ ਤਹਿਰਾਨ, 1976 ਵਿਚ ਜ਼ਾਂਬੀਆ, 1977 ਵਿਚ ਪ੍ਰੈਜ਼ੀਡੈਂਟ ਕੱਪ ਸਿਓਲ ਤੇ ਅਫਗਾਨ ਕੱਪ ਕਾਬਲ ਅਤੇ 1978 ਵਿਚ ਭਾਰਤੀ ਟੀਮ ਦਾ ਕਪਤਾਨ ਬਣ ਕੇ 8ਵੀਆਂ ਏਸ਼ਿਆਈ ਖੇਡਾਂ ਬੈਂਕਾਕ ਵਿਚ ਖੇਡਿਆ। 1973 ਵਿਚ ਵਿਆਹ ਕਰਾਉਣ ਲਈ ਕੈਨੇਡਾ ਜਾਣ ਕਰਕੇ ਉਹ ਭਾਰਤੀ ਟੀਮ ਵਿਚ ਖੇਡ ਨਹੀਂ ਸੀ ਸਕਿਆ ਅਤੇ 1975 ਵਿਚ ਗੰਭੀਰ ਸੱਟ ਲੱਗਣ ਕਾਰਨ ਟਰਾਇਲ ਨਹੀਂ ਸੀ ਦੇ ਸਕਿਆ। 1978 ਵਿਚ ਉਸ ਨੂੰ ਦੇਸ਼ ਦੇ ਸਭ ਤੋਂ ਵੱਡੇ ਖੇਡ ਪੁਰਸਕਾਰ ਅਰਜਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਸ ਨੂੰ ਪੰਜਾਬ ਸਰਕਾਰ ਦਾ ਮਹਾਰਾਜਾ ਰਣਜੀਤ ਸਿੰਘ ਅਵਾਰਡ, ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਂ ਦਾ ਪੀਸ ਐਂਡ ਸਪੋਰਟਸ ਅਵਾਰਡ, ਰਾਸ਼ਟਰਪਤੀ ਦਾ ਸ਼ਲਾਘਾਯੋਗ ਸੇਵਾਵਾਂ ਲਈ ਪੁਲਿਸ ਮੈਡਲ, ਲਾਈਫ ਟਾਈਮ ਅਚੀਵਮੈਂਟ ਅਵਾਰਡ ਅਤੇ ਭਾਰਤ ਸਰਕਾਰ ਦਾ ਪੰਜ ਲੱਖਾ ਅਵਾਰਡ ਤੇ ਹੋਰ ਕਈ ਮਾਣ ਸਨਮਾਨ ਮਿਲ ਚੁੱਕੇ ਹਨ।

ਵਧੀਆ ਖਿਡਾਰੀ ਹੋਣ ਦੇ ਨਾਲ ਉਸ ਨੇ ਫੁੱਟਬਾਲ ਦਾ ਕੋਚ ਹੋਣ ਦੀਆਂ ਸੇਵਾਵਾਂ ਵੀ ਨਿਭਾਈਆਂ ਹਨ। 1985 ਵਿਚ ਉਸ ਨੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ, ਪਟਿਆਲਾ ਤੋਂ ਫੁੱਟਬਾਲ ਦੀ ਕੋਚਿੰਗ ਦਾ ਡਿਪਲੋਮਾ ਫਸਟ ਡਿਵੀਜ਼ਨ ਵਿਚ ਪਾਸ ਕੀਤਾ ਸੀ। ਫਿਰ ਉਹ ਪੰਜਾਬ ਪੁਲਿਸ ਦੀਆਂ ਟੀਮਾਂ ਦਾ ਕੋਚ ਰਿਹਾ। ਉਸ ਦੇ ਦੋ ਪੁੱਤਰ ਹਨ, ਜੋ ਕੈਨੇਡਾ ਦੇ ਪੱਕੇ ਵਸਨੀਕ ਹਨ। ਵੱਡਾ ਪੁੱਤਰ ਸੁਰਜੀਤ ਸਿੰਘ ਪਹਿਲਾਂ ਪੰਜਾਬ ਪੁਲਿਸ ਦਾ ਠਾਣੇਦਾਰ ਸੀ ਜੋ ਹੁਣ ਵਿੰਡਸਰ ਦਾ ਵਾਸੀ ਹੈ। ਉਸ ਦੀ ਪਤਨੀ ਫੋਰਡ ਵਿਚ ਇੰਜੀਨੀਅਰ ਹੈ। ਉਨ੍ਹਾਂ ਦੇ ਅੱਗੋਂ ਦੋ ਪੁੱਤਰ ਹਨ ਜਿਨ੍ਹਾਂ ਦੇ ਨਾਂ ਅੰਗਦ ਸਿੰਘ ਤੇ ਅਰਜਨ ਸਿੰਘ ਹਨ। ਗੁਰਦੇਵ ਸਿੰਘ ਦਾ ਛੋਟਾ ਲੜਕਾ ਅਜੀਤਪਾਲ ਸਿੰਘ ਵਿਨੀਪੈਗ, ਮਿਨੀਟੋਬਾ ਵਿਖੇ ਇੰਜੀਨੀਅਰ ਹੈ ਤੇ ਉਸ ਦੀ ਪਤਨੀ ਡਾਕਟਰ ਹੈ। ਉਨ੍ਹਾਂ ਦਾ ਪੁੱਤਰ ਕਿਸ਼ਨ ਸਿੰਘ ਗਿੱਲ ਹੈ ਜਿਸ ਦਾ ਨਾਂ ਦਾਦੇ ਦੇ ਨਾਂ ਉਤੇ ਰੱਖਿਆ ਗਿਆ।

ਗੁਰਦੇਵ ਸਿੰਘ ਗਿੱਲ ਆਪਣੀ ਨਿੱਜੀ ਪ੍ਰਾਪਤੀ 'ਤੇ ਤਾਂ ਕਾਫੀ ਹੱਦ ਤੱਕ ਸੰਤੁਸ਼ਟ ਹੈ ਪਰ ਭਾਰਤ ਦੀ ਫੁੱਟਬਾਲ ਵਿਚ ਪ੍ਰਾਪਤੀ ਉਤੇ ਡਾਢਾ ਅਸੰਤੁਸ਼ਟ ਹੈ। ਪੰਜਾਬ ਦੀ ਅਜੋਕੀ ਪੀੜ੍ਹੀ ਦੀ ਕਾਰਗੁਜ਼ਾਰੀ ਉਤੇ ਤਾਂ ਕੁਝ ਵਧੇਰੇ ਹੀ ਨਿਰਾਸ਼ ਹੈ। ਮੁੜ-ਮੁੜ ਇਹੋ ਸੋਚਦਾ ਹੈ, ਕੀ ਪੰਜਾਬ ਮੁੜ ਫੁੱਟਬਾਲ ਦਾ ਕੌਮੀ ਚੈਂਪੀਅਨ ਬਣੇਗਾ? ਕੀ ਭਾਰਤ ਮੁੜ ਏਸ਼ੀਆ ਦਾ ਗੋਲਡ ਮੈਡਲ ਜਿੱਤੇਗਾ? ਕੀ ਭਾਰਤ ਵੀ ਕਦੇ ਫੀਫਾ ਦਾ ਵਰਲਡ ਕੱਪ ਖੇਡੇਗਾ ਅਤੇ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਵੇਗਾ?

ਜਦ ਉਹ ਪੰਜਾਬ ਜਾਂਦਾ ਹੈ ਤਾਂ ਕਦੇ ਬੰਗੇ, ਕਦੇ ਗੜ੍ਹਸ਼ੰਕਰ, ਕਦੇ ਮਾਹਿਲਪੁਰ ਤੇ ਕਦੇ ਕਿਸੇ ਹੋਰ ਥਾਂ ਫੁੱਟਬਾਲ ਦੇ ਕੱਪਾਂ ਵਿਚ ਹਾਜ਼ਰੀ ਭਰਦਾ ਹੈ। ਮੰਨਣਹਾਣੇ ਦੀਆਂ ਕੁਸ਼ਤੀਆਂ ਨਾਲ ਤਾਂ ਉਹ ਚਿਰੋਕਣਾ ਜੁੜਿਆ ਹੋਇਐ। ਚੰਗਾ ਹੋਵੇ ਜੇ ਉਹ ਕੈਨੇਡਾ ਦੇ ਖੇਡ ਮੇਲਿਆਂ ਤੇ ਕੈਨੇਡਾ ਦੀ ਸਾਕਰ ਨਾਲ ਵੀ ਜੁੜ ਜਾਵੇ।

# ਸਰਬੱਤ ਦਾ ਭਲਾ

ਮੇਰੇ ਸਾਹਮਣੇ ਤਿੰਨ ਅਖ਼ਬਾਰਾਂ ਪਈਆਂ ਸਨ। ਤਿੰਨਾਂ 'ਚ ਇੱਕ ਖ਼ਬਰ ਪ੍ਰਮੁੱਖਤਾ ਨਾਲ ਛਾਪੀ ਗਈ ਸੀ। ਇਹ ਸੀ, ਕੇਰਲ ਵਿਚ 'ਖਾਲਸਾ ਏਡ ਇੰਟਰਨੈਸ਼ਨਲ' ਨਾਂ ਦੀ ਜਥੇਬੰਦੀ ਨੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਲਈ ਸਭ ਤੋਂ ਪਹਿਲਾਂ ਪਹੁੰਚ ਕੇ ਲੰਗਰ ਲਾਇਆ, ਜਦੋਂਕਿ ਦੇਸ਼ ਦੇ ਕੁਝ ਦਾਨਿਸ਼ਮੰਦ ਅਜੇ ਫੋਕੀ ਬਿਆਨਬਾਜ਼ੀ ਹੀ ਕਰ ਰਹੇ ਸਨ।

ਬਰਤਾਨੀਆ ਤੋਂ ਸ਼ੁਰੂ ਹੋਈ ਇਹ ਸਿੱਖ ਸਮਾਜ ਸੇਵੀ ਸੰਸਥਾ ਅੱਜ ਦੁਨੀਆਂ ਭਰ ਵਿਚ ਜਾਣੀ ਜਾਂਦੀ ਹੈ। ਗੱਲ ਡੇਢ ਕੁ ਸਾਲ ਪਹਿਲਾਂ ਦੀ

**ਬਬੀਤਾ ਨਾਭਾ**
ਫੋਨ: 91-94632-23164

ਹੈ ਜਦੋਂ ਮੈਂ ਐਨ. ਡੀ. ਟੀ. ਵੀ. ਦੇ ਪ੍ਰਾਈਮ ਟਾਈਮ ਪ੍ਰੋਗਰਾਮ ਵਿਚ ਦੋ ਸਿੱਖ ਨੌਜੁਆਨਾਂ ਨੂੰ ਗੱਲਾਂ ਕਰਦਿਆਂ ਸੁਣਿਆ, "ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਲਈ ਸੀਸ ਵਾਰਿਆ। ਭਾਈ ਘਨ੍ਹਈਆ ਜੀ ਨੇ ਯੁੱਧ ਵਿਚ ਦੁਸ਼ਮਣਾਂ ਨੂੰ ਵੀ ਪਾਣੀ ਪਿਆਇਆ। ਹੁਣ ਅਸੀਂ ਕਿਵੇਂ ਬੈਠੇ ਰਹਿ ਸਕਦੇ ਸੀ। ਜੇ ਅਸੀਂ ਲੋੜਵੰਦਾਂ ਦੀ ਮਦਦ ਨਾ ਕਰਦੇ ਤਾਂ ਸਾਡੇ ਗੁਰੂ ਸਾਹਿਬ ਸਾਨੂੰ ਕਿਵੇਂ ਮੁਆਫ ਕਰਦੇ।"

ਇਹ ਗੱਲਾਂ ਕਰ ਹੀ ਰਹੇ ਸਨ ਕਿ ਖਾਲਸਾ ਏਡ ਇੰਟਰਨੈਸ਼ਨਲ ਦੇ ਵਾਲੰਟੀਅਰਾਂ ਬਾਰੇ ਗੱਲ ਚੱਲ ਪਈ ਕਿ ਰੋਹਿੰਗੀਆ ਮੁਸਲਮਾਨਾਂ ਦੀ ਮਦਦ ਲਈ ਇਸ ਜਥੇਬੰਦੀ ਨੇ ਬੰਗਲਾਦੇਸ਼ ਵਿਚ ਜਾ ਕੇ ਲੰਗਰ ਲਾਇਆ। ਜਿੱਥੇ ਕਈ ਦਿਨਾਂ ਤੋਂ ਭੁੱਖੇ ਲੋਕ ਆ ਕੇ ਉਤਰ ਰਹੇ ਸਨ, ਉਥੇ ਲੰਗਰ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ ਦੇ ਦੱਸਣ ਮੁਤਾਬਕ ਸ਼ਰਨਾਰਥੀਆਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਕੁਝ ਲੋਕ ਕੈਂਪਾਂ ਵਿਚ ਰੁਕੇ ਹੋਏ ਸਨ। ਉਨ੍ਹਾਂ ਨੂੰ ਸਥਾਨਕ ਲੋਕ ਥੋੜ੍ਹਾ ਬਹੁਤ ਸੁੱਕਾ ਰਾਸ਼ਨ ਦੇ ਰਹੇ ਸਨ ਪ੍ਰੰਤੂ ਜਦੋਂ ਲੋਕਾਂ ਇਸ ਜਥੇਬੰਦੀ ਦੇ ਕਾਰਕੁਨਾਂ ਨੂੰ ਭੋਜਨ ਬਣਾ ਕੇ ਛਕਾਉਂਦਿਆਂ ਵੇਖਿਆ ਤਾਂ ਆਸਪਾਸ ਦੇ ਲੋਕ ਵੀ ਮਦਦ ਲਈ ਆ ਗਏ। ਕੁਝ ਲੋਕਾਂ ਨੇ ਤਾਂ ਕਈ ਕੁਇੰਟਲ ਚਾਵਲ, ਦਾਲਾਂ ਆਦਿ ਵੀ ਦਿੱਤੇ। ਸਥਾਨਕ ਲੋਕਾਂ ਵੱਲੋਂ ਦਿੱਤੇ ਗਏ ਸਹਿਯੋਗ ਨਾਲ ਇਨ੍ਹਾਂ ਦਾ ਹੌਸਲਾ ਹੋਰ ਵੀ ਵਧ ਗਿਆ ਪ੍ਰੰਤੂ ਉਨ੍ਹਾਂ ਨੂੰ ਕੁਝ ਲੋਕਾਂ ਦੀ ਆਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਲੋਕ ਅਤਿਵਾਦੀ



ਕੇਰਲਾ ਦੇ ਹੜ੍ਹ ਪੀੜਤ ਦੀ ਮਦਦ ਕਰ ਰਹੇ ਖਾਲਸਾ ਏਡ ਇੰਟਰਨੈਸ਼ਨਲ ਦੇ ਸੇਵਾਦਾਰ

ਹਨ, ਇਨ੍ਹਾਂ ਦੀ ਮਦਦ ਕਰਨ ਦੀ ਕੋਈ ਤੁਕ ਨਹੀਂ ਬਣਦੀ। ਅਸੀਂ ਉਨ੍ਹਾਂ ਨੂੰ ਸਮਝਾਇਆ ਕਿ ਭੁੱਖੇ ਲੋਕਾਂ ਨੂੰ ਲੰਗਰ ਛਕਾਉਣਾ ਸਾਡਾ ਧਰਮ ਵੀ ਹੈ ਤੇ ਫਰਜ਼ ਵੀ। ਬਾਕੀ ਤਾਂ ਸਰਕਾਰਾਂ ਨੇ ਵੇਖਣਾ, ਅਸੀਂ ਰਾਜਨੀਤਕ ਤੌਰ 'ਤੇ ਕੁਝ ਨਹੀਂ ਬੋਲਾਂਗੇ।

ਜਦੋਂ ਉਨ੍ਹਾਂ ਤੋਂ ਸੁਆਲ ਪੁੱਛੇ ਜਾ ਰਹੇ ਸਨ, ਮੇਰੀ ਜਿਗਿਆਸਾ ਉਨ੍ਹਾਂ ਪ੍ਰਤੀ ਹੋਰ ਵੀ ਵਧਦੀ ਗਈ। ਉਨ੍ਹਾਂ ਇੱਕ ਮਿਸਾਲ ਹੋਰ ਦਿੱਤੀ ਕਿ ਸਹਾਰਨਪੁਰ ਦੰਗਿਆਂ ਦੌਰਾਨ ਸੜੀਆਂ ਦੁਕਾਨਾਂ ਜਿਨ੍ਹਾਂ ਵਿਚੋਂ ਕਰੀਬ 70% ਹਿੰਦੂਆਂ ਦੀਆਂ ਸਨ। ਜਦੋਂ ਉਨ੍ਹਾਂ ਉਥੇ ਜਾ ਕੇ ਵੇਖਿਆ ਲੋਕਾਂ ਦੇ ਕਰੋੜਾਂ ਦੇ ਬਿਜਨਸ ਰਾਤੋਂ ਰਾਤ ਸੜ ਕੇ ਸੁਆਹ ਹੋ ਗਏ। ਰੁਪਏ-ਪੈਸੇ ਦੀ ਮਦਦ ਤਾਂ ਇਸ ਜਥੇਬੰਦੀ ਵੱਲੋਂ ਜ਼ਿਆਦਾ ਨਹੀਂ ਹੋ ਸਕਦੀ ਸੀ। ਸਭ ਤੋਂ ਪਹਿਲਾਂ ਇਨ੍ਹਾਂ ਨੇ ਹੱਥਾਂ ਵਿਚ ਝਾੜੂ ਫੜ ਕੇ ਉਨ੍ਹਾਂ ਦੀਆਂ ਦੁਕਾਨਾਂ ਦੀ ਸਫਾਈ ਕਰਨੀ ਸ਼ੁਰੂ ਕਰ ਦਿੱਤੀ। ਫਿਰ ਦੁਕਾਨਾਂ ਦੀਆਂ ਕੰਧਾਂ ਉਤੇ ਪੇਂਟ ਕੀਤਾ। ਇਸ ਦੇ ਨਾਲ ਦੁਕਾਨਦਾਰਾਂ ਵਿਚ ਵੀ ਖੜ੍ਹੇ ਹੋਣ ਦੀ ਹਿੰਮਤ ਆ ਗਈ। ਕੁਝ ਬੰਦਿਆਂ ਨੇ ਮਾਲੀ ਮਦਦ ਵੀ ਕੀਤੀ। ਦੁਕਾਨਦਾਰਾਂ ਨੇ ਇਨ੍ਹਾਂ ਨੂੰ ਕਿਹਾ, ਤੁਸੀਂ ਸਾਡੀਆਂ ਕੰਧਾਂ ਨਹੀਂ, ਸਾਡੇ ਦਿਲ ਪੇਂਟ ਕੀਤੇ ਹਨ।

ਮੈਨੂੰ ਵਾਲੰਟੀਅਰਾਂ ਦੀਆਂ ਗੱਲਾਂ ਸੁਣ ਕੇ 9ਵੀਂ ਕਲਾਸ ਵਿਚ ਪੜ੍ਹਾਈ ਗਈ ਕਵਿਤਾ 'ਹਮਦਰਦੀ' ਯਾਦ ਆ ਗਈ ਕਿ ਜੇ ਤੁਹਾਡੇ ਕੋਲ ਕੁਝ ਵੀ ਨਹੀਂ ਤਾਂ ਵੀ ਤੁਸੀਂ ਆਪਣੀ ਹਮਦਰਦੀ ਅਤੇ ਆਪਣੇ ਹੱਥਾਂ ਨਾਲ ਕੰਮ ਕਰ ਕੇ ਦੂਜਿਆਂ ਦੀ ਤਕਲੀਫ ਦੂਰ ਕਰ ਸਕਦੇ ਹੋ।

ਕੁਝ ਗੱਲਾਂ ਇਨ੍ਹਾਂ ਨੌਜੁਆਨਾਂ ਨੇ ਆਪਣੀ



ਸੀਰੀਆ ਦੇ ਮੁਸੀਬਤ ਮਾਰਿਆਂ ਦੀ ਮਦਦ 'ਤੇ ਬਹੁੜੇ ਖਾਲਸਾ ਏਡ ਦੇ ਸੇਵਾਦਾਰ

ਜਥੇਬੰਦੀ ਬਾਰੇ ਵੀ ਸਾਂਝੀਆਂ ਕੀਤੀਆਂ। ਇਨ੍ਹਾਂ ਮੁਤਾਬਕ ਜੋ ਵਾਲੰਟੀਅਰ ਇਨ੍ਹਾਂ ਦੀ ਜਥੇਬੰਦੀ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਜਾਂ ਤਾਂ ਬਿਜਨਸ ਹਨ ਜਾਂ ਨੌਕਰੀਆਂ ਵਾਲੇ ਹਨ। ਜਦ ਕਿਤੇ ਵੀ ਕੋਈ ਮੁਸੀਬਤ ਆਉਂਦੀ ਹੈ ਤਾਂ ਇਹ ਛੁੱਟੀ ਲੈ ਕੇ ਉਥੇ ਲੰਗਰ ਲਾਉਣ ਲਈ ਪਹੁੰਚ ਜਾਂਦੇ ਹਨ। ਦੇਸ਼-ਵਿਦੇਸ਼ ਦੇ ਦੂਰ ਦੁਰਾਡੇ ਹਿੱਸਿਆਂ ਵਿਚ ਇਹ ਲੰਗਰ ਲਾਉਣ ਜਾਂਦੇ ਹਨ।

ਇਸ ਜਥੇਬੰਦੀ ਦੇ ਹੈਡ ਰਵੀ ਸਿੰਘ ਨੇ ਆਪਣੇ ਫੇਸ ਬੁੱਕ ਪੇਜ 'ਤੇ ਪਾਇਆ ਹੈ ਕਿ ਜੇ ਇਸ ਤਰ੍ਹਾਂ ਦੇ ਕਿਸੇ ਮਿਸ਼ਨ ਵਿਚ ਮੇਰੀ ਜਾਨ ਵੀ ਚਲੀ ਜਾਵੇ ਤਾਂ ਕਿਸੇ ਧਰਮ ਵਿਸ਼ੇਸ਼ ਨੂੰ ਦੋਸ਼ ਨਾ ਦੇਣਾ। 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ' ਸਤਰਾਂ ਮੇਰੇ ਕੰਨਾਂ ਵਿਚ ਗੂੰਜਣ ਲੱਗੀਆਂ।

ਅੰਤ ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਕੋਲ ਮੀਡੀਆ ਵਿਚ ਜਾ ਕੇ ਬਹਿਸ ਮੁਬਾਹਿਸਿਆਂ ਵਿਚ ਹਿੱਸਾ ਲੈਣ ਦਾ ਸਮਾਂ ਨਹੀਂ। ਅਸੀਂ ਸਾਰੇ ਕੰਮਾਂ ਵਿਚ ਯਕੀਨ ਰੱਖਦੇ ਹਾਂ। ਉਨ੍ਹਾਂ ਦੇ ਚਿਹਰਿਆਂ 'ਤੇ ਝਲਕ ਰਹੀ ਸੰਤੁਸ਼ਟੀ ਉਨ੍ਹਾਂ ਦੀ ਕੰਮ ਪ੍ਰਤੀ ਗੰਭੀਰਤਾ ਦਰਸਾ ਰਹੀ ਸੀ। ਮੈਂ ਸਦਕੇ ਜਾਂਦੀ ਹਾਂ ਇਨ੍ਹਾਂ ਵੀਰਾਂ ਦੇ ਅਤੇ ਇਨ੍ਹਾਂ ਦੀ ਜਥੇਬੰਦੀ 'ਖਾਲਸਾ ਏਡ ਇੰਟਰਨੈਸ਼ਨਲ' ਦੇ। ਅਜਿਹੀਆਂ ਸੰਸਥਾਵਾਂ ਅਤੇ ਇਨਸਾਨੀ ਰੂਹਾਂ ਕਰ ਕੇ ਹੀ ਅਜੇ ਵੀ ਦੁਨੀਆਂ 'ਤੇ ਇਨਸਾਨੀਅਤ ਕਾਇਮ ਹੈ।

# ਸਿਆਸਤਦਾਨਾਂ 'ਤੇ ਟੇਕ ਛੱਡ ਕੇ ਆਓ ਨਵਾਂ ਪੰਜਾਬ ਸਿਰਜੀਏ

ਪੰਜਾਬ ਵਿਚ ਸਿਆਸਤਦਾਨ ਚਿਰਾਂ ਤੋਂ ਧਰਮ ਦੀ ਅਜਿਹੀ ਖੇਡ ਖੇਡ ਰਹੇ ਹਨ ਕਿ ਲੋਕਾਂ ਨੂੰ ਧਰਨਿਆਂ-ਮੁਜਾਹਰਿਆਂ ਦੇ ਅਜਿਹੇ ਰਾਹ ਤੋਰ ਲੈਂਦੇ ਹਨ ਕਿ ਉਹ ਧਰਮ ਦੇ ਠੇਕੇਦਾਰਾਂ ਤੇ ਸਿਆਸਤਦਾਨਾਂ ਦੀਆਂ ਲੂੰਬੜ ਚਾਲਾਂ ਵਿਚ ਫਸ ਕੇ ਭਰਾ-ਮਾਰੂ ਜੰਗ 'ਤੇ ਉਤਾਰੂ ਹੋ ਜਾਂਦੇ ਹਨ। ਵਿਧਾਨ ਸਭਾ ਦਾ ਮੌਨਸੂਨ ਸ਼ੈਸਨ ਬੇਅਦਬੀ ਦੀਆਂ ਘਟਨਾਵਾਂ ਦੀ ਬਲੀ ਚੜ੍ਹ ਗਿਆ। ਜੋ ਬੱਚੇ ਬਹਿਬਲ ਕਲਾਂ 'ਚ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਸਨ, ਉਨ੍ਹਾਂ ਦਾ ਤਾਂ ਕੋਈ ਜ਼ਿਕਰ ਹੀ ਨਹੀਂ ਚੱਲਿਆ।



**ਸੁਕੰਨਿਆ ਭਾਰਦਵਾਜ ਨਾਭਾ**
**ਫੋਨ: 815-307-3112**

ਬਰਗਾੜੀ 'ਚ ਧਰਨਾ ਲਾਈ ਬੈਠੀਆਂ ਸਿੱਖ ਜਥੇਬੰਦੀਆਂ ਦੀਆਂ ਮੰਗਾਂ 'ਤੇ ਵਿਚਾਰ ਕਰਨ ਦੀ ਥਾਂ ਸਭ ਧਿਰਾਂ ਧਰਨਾਕਾਰੀਆਂ ਨੂੰ ਕਾਂਗਰਸ, ਆਰ. ਆਰ. ਐਸ., ਆਈ. ਐਸ. ਆਈ. ਦੇ ਏਜੰਟ ਤੇ ਵਿਦੇਸ਼ਾਂ ਤੋਂ ਪੈਸਾ ਇਕੱਠਾ ਕਰਨ ਵਾਲੇ ਦੱਸ ਰਹੀਆਂ ਹਨ। ਹੁਣ ਸਭ ਪਾਰਟੀਆਂ ਇਕ ਦੂਜੇ ਦੇ ਪੁਤਲੇ ਸਾੜ ਕੇ ਪੰਜਾਬ ਵਿਚ ਮਸਾਂ ਆਈ ਸ਼ਾਂਤੀ ਨੂੰ ਲਾਂਬੂ ਲਾਉਣ ਦੇ ਮਨਸੂਬੇ ਘੜ ਰਹੀਆਂ ਹਨ ਤਾਂ ਜੋ ਲੋਕਾਂ ਦਾ ਧਿਆਨ ਲਾਂਭੇ ਕੀਤਾ ਜਾ ਸਕੇ।

ਅਮਰੀਕਾ ਵਿਚ ਕਿਤੇ ਕਿਤੇ ਕੰਧਾਂ 'ਤੇ ਲਿਖਿਆ ਮਿਲਦਾ ਹੈ, 'ਸਿਸਟਮ ਇਜ਼ ਸੋਲਿਊਸ਼ਨ' ਭਾਵ ਕਿਸੇ ਦੇਸ਼ ਦਾ ਸਿਸਟਮ ਹੀ ਇੱਕੋ ਇੱਕ ਹੱਲ ਹੈ, ਸਭ ਸਮੱਸਿਆਵਾਂ ਦਾ। ਇਸੇ ਇੱਕੋ ਇੱਕ ਨਾਅਰੇ 'ਤੇ ਇਹ ਦੇਸ਼ ਅਮਲੀ ਰੂਪ ਵਿਚ ਜੀਵਨ ਦੇ ਹਰ ਖੇਤਰ-ਸਿਆਸੀ, ਆਰਥਕ, ਸਮਾਜਕ, ਧਾਰਮਿਕ, ਕਾਨੂੰਨ, ਸਭਿਆਚਾਰ ਅਤੇ ਬਿਨਾ ਕਿਸੇ ਰੰਗ-ਭੇਦ ਤੇ ਪੱਖਪਾਤ ਦੇ ਪਹਿਰਾ ਦਿੰਦਾ ਦਿਖਾਈ ਦਿੰਦਾ ਹੈ।



*ਪਿੰਡ ਹਿਵੜੇ ਬਾਜ਼ਾਰ (ਮਹਾਂਰਾਸ਼ਟਰ) ਦਾ ਪੰਚਾਇਤ ਘਰ*

ਦੂਜੇ ਪਾਸੇ ਭਾਰਤ ਹੈ ਕਿ ਪੁਲ, ਕੰਧਾਂ ਨਾਅਰਿਆਂ ਅਤੇ ਬੈਨਰਾਂ ਨਾਲ ਭਰੇ ਪਏ ਹਨ ਪਰ ਅਮਲ ਕਿਸੇ 'ਤੇ ਨਹੀਂ। ਐਨ. ਡੀ. ਏ. ਸਰਕਾਰ ਦੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਵਫਾ ਨਾ ਹੋਏ। ਉਲਟਾ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਕਿਸਾਨ ਖੁਦਕਸ਼ੀਆਂ, ਜਾਤ-ਪਾਤ ਤੇ ਧਰਮ ਦੇ ਨਾਂ 'ਤੇ ਹਿੰਸਾ ਦੀਆਂ ਵਾਰਦਾਤਾਂ ਵਿਚ ਚੋਖਾ ਵਾਧਾ ਹੋਇਆ ਹੈ। ਸਰਹੱਦਾਂ 'ਤੇ ਫੌਜੀ ਜਵਾਨਾਂ ਦਾ ਘਾਣ ਅਤੇ ਪੰਜਾਬ 'ਚ ਨਸ਼ਿਆਂ ਦੀ ਵਬਾ ਤੇ ਹਥਿਆਰਾਂ ਦੀ ਖੁੱਲੀ ਆਮਦ। ਪਾਕਿਸਤਾਨ ਨਾਲ ਪੰਜਾਬ ਵਾਸੀਆਂ ਲਈ ਲੋੜੀਂਦੇ ਹਰ ਕਿਸਮ ਦੇ ਵਪਾਰ 'ਤੇ ਪਾਬੰਦੀ। ਮੀਡੀਆ ਦੀ ਸੰਘੀ ਨੱਪਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਤੇ ਉਨ੍ਹਾਂ ਦੇ ਕਤਲ। ਇਹ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੀਆਂ ਹਨ, ਆਮ ਲੋਕਾਂ ਦੀਆਂ ਨਹੀਂ। ਦੋਸਤਾਨਾ ਮੈਚ ਰਾਹੀਂ ਰਾਜ ਕਰਦੀਆਂ ਪਾਰਟੀਆਂ ਝੂਠੇ ਵਾਅਦੇ ਕਰਕੇ, ਸੱਤਾ ਸੁੱਖ ਭੋਗਣ ਤੇ ਆਪਣੀਆਂ ਤਿਜੌਰੀਆਂ ਭਰਨ ਨੂੰ ਤਰਜੀਹ ਦਿੰਦੀਆਂ ਹਨ।

ਪੰਜਾਬ ਨੂੰ ਮੁੜ ਵਿਕਾਸ ਦੀਆਂ ਲੀਹਾਂ 'ਤੇ ਪਾਉਣ ਲਈ ਕੀ ਕੀਤਾ ਜਾਵੇ? ਇਹ ਬੜਾ ਅਹਿਮ ਸੁਆਲ ਹੈ। ਕੁਝ ਮਿਸਾਲਾਂ ਪੇਸ਼ ਕਰਨ ਲੱਗੀ ਹਾਂ, ਹੋ ਸਕਦਾ ਹੈ ਕੋਈ ਰਸਤਾ ਮਿਲ ਜਾਵੇ ਸਾਡੇ ਉਜੜੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਦਾ।

ਰਾਜਸਥਾਨ ਦੇ ਅਰਾਵਲੀ ਪਰਬਤਮਾਲਾ 'ਚ ਸਥਿਤ ਇੱਕ ਪਿੰਡ ਪਿਪਲਿੰਤਰੀ ਦੇ ਵਸਨੀਕਾਂ ਨੇ ਸਰਪੰਚ ਸ਼ਿਆਮ ਸੁੰਦਰ ਪਪਰਾਲੀ ਦੀ ਅਗਵਾਈ ਹੇਠ ਇਕੱਠੇ ਹੋ ਕੇ ਉਹ ਕਰ ਵਿਖਾਇਆ, ਜੋ ਸਰਕਾਰਾਂ ਨਹੀਂ ਕਰ ਸਕਦੀਆਂ। ਅੱਜ ਇਹ ਪਿੰਡ ਦੇਸ਼ ਵਿਦੇਸ਼ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਹਰਿਆਲੀ ਤੇ ਬ੍ਰਿਛ ਬੂਟਿਆਂ ਨਾਲ ਭਰਪੂਰ ਇਸ ਪਿੰਡ ਨੇ ਭਰੂਣ ਹੱਤਿਆ ਨੂੰ ਠੱਲ ਪਾਉਣ ਤੇ ਧੀ ਨੂੰ ਸਨਮਾਨ ਦੇਣ ਲਈ ਗ੍ਰਾਮ ਸਭਾ ਰਾਹੀਂ ਇਕਮੁੱਠ ਹੋ ਕੇ ਸਭ ਤੋਂ ਪਹਿਲਾ ਕਦਮ ਇਹ ਚੁੱਕਿਆ ਕਿ ਬੇਟੀ ਦੇ ਪੈਦਾ ਹੋਣ 'ਤੇ ਮਾਪਿਆਂ ਵਲੋਂ 11 ਸੌ ਪੌਦਾ ਪਿੰਡ ਵਿਖੇ ਲਾਇਆ ਤੇ ਪਾਲਿਆ ਜਾਵੇਗਾ, ਤੇ ਤਿਆਰ ਹੋਣ 'ਤੇ ਇਹ ਪੰਚਾਇਤ ਦੀ ਪ੍ਰਾਪਰਟੀ ਹੋਵੇਗਾ। ਪਿੰਡ ਵਲੋਂ ਇਕੱਠੇ ਹੋ ਕੇ 21 ਹਜ਼ਾਰ ਰੁਪਏ ਸ਼ਗਨ ਤੇ ਪਰਿਵਾਰ ਵਲੋਂ 10 ਹਜ਼ਾਰ ਰੁਪਏ (ਕੁਲ 31 ਹਜ਼ਾਰ ਰੁਪਏ) ਦਾ ਬੈਂਕ ਖਾਤਾ ਇਸ ਨਵੀਂ ਜੰਮੀ ਬੱਚੀ ਦੇ ਨਾਂ ਖੁਲਾਇਆ ਜਾਂਦਾ ਹੈ। ਪੰਚਾਇਤ ਇਸ ਬਦਲੇ ਪਰਿਵਾਰ ਤੋਂ ਇੱਕ ਕਰਾਰਨਾਮਾ ਕਰਾ ਲੈਂਦੀ ਹੈ ਕਿ ਬੱਚੀ ਨੂੰ ਲੋੜੀਂਦੀ ਸਿੱਖਿਆ ਦਿੱਤੀ ਜਾਵੇਗੀ ਤੇ ਇਹ ਜਮਾਂ ਰਾਸ਼ੀ ਕੇਵਲ ਉਸ ਦੇ ਵਿਆਹ ਅਤੇ ਪੜ੍ਹਾਈ 'ਤੇ ਹੀ ਖਰਚ ਕੀਤੀ ਜਾਵੇਗੀ। ਇਸ ਪਿੰਡ ਤੋਂ ਸਫੈਦ ਸੰਗਮਰਮਰ ਨਿਕਲਦਾ ਹੈ, ਜੋ ਸਾਰਾ ਖਨਨ ਮਾਫੀਆ ਦੇ ਕੰਟਰੋਲ ਵਿਚ ਸੀ। ਪਰ ਜਦ ਤੋਂ ਪਿੰਡ ਵਾਸੀਆਂ ਨੇ ਏਕਾ ਕਰਕੇ ਖਨਨ ਮਾਫੀਆ ਨੂੰ ਨੱਥ ਪਾਈ ਹੈ ਤਾਂ ਪਿੰਡ ਨੂੰ ਆਮਦਨ ਵੀ ਹੋ ਗਈ ਹੈ। ਪਿੰਡ ਵਿਚ ਗਲੀਆਂ ਨਾਲੀਆਂ ਪੱਕੀਆਂ, ਸਵੱਛ ਪਾਣੀ ਦੀ ਸਹੂਲਤ, ਕੁੜੀਆਂ ਦਾ ਸੀਨੀਅਰ ਸੈਕੰਡਰੀ ਸਕੂਲ, ਹਸਪਤਾਲ, ਏ. ਸੀ. ਪੰਚਾਇਤ ਘਰ, ਪਟਵਾਰਖਾਨਾ ਸਮੇਤ ਸਾਰੇ ਲੋੜੀਂਦੇ ਅਦਾਰੇ ਪਿੰਡ ਵਿਚ ਹੀ ਹਨ। ਗੀਰ ਨਸਲ ਦੀਆਂ ਗਊਆਂ ਪਾਲ ਕੇ ਦੁੱਧ, ਮੱਖਣ, ਸਬਜੀਆਂ, ਫਲ ਦੂਜੇ ਪਿੰਡਾਂ ਨੂੰ ਸਪਲਾਈ ਕੀਤੇ ਜਾਂਦੇ ਹਨ। ਇਨ੍ਹਾਂ ਦੇ ਮਲਮੂਤਰ ਤੋਂ ਕੁਦਰਤੀ ਖਾਦ ਤੇ ਕੀੜੇਮਾਰ ਕੁਦਰਤੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਪਿੰਡ ਛੱਡ ਕੇ ਗਏ ਲੋਕ ਵਾਪਸ ਪਿੰਡ ਆ ਗਏ ਹਨ।

ਸਰਕਾਰੀ ਸਹੂਲਤਾਂ ਅਧਿਕਾਰੀ ਪਿੰਡ ਆ ਕੇ ਦਿੰਦੇ ਹਨ, ਲੋਕਾਂ ਨੂੰ ਕਿਧਰੇ ਜਾਣਾ ਨਹੀਂ ਪੈਂਦਾ। ਇਸ ਪਿੰਡ ਨੂੰ ਮਾਡਲ ਬਣਾ ਕੇ ਰਾਜਸਥਾਨ ਦੇ 157 ਪਿੰਡਾਂ ਵਿਚ ਕੰਮ ਚਲ ਰਿਹਾ ਹੈ। ਪਹਿਲਾਂ ਇਹ ਸਾਰਾ ਕੁਝ ਇੰਨਾ ਸੌਖਾ ਨਹੀਂ ਸੀ। ਪਿੰਡ ਵਿਚ ਧੜੇਬੰਦੀ, ਲੜਾਈਆਂ ਝਗੜੇ ਬਹੁਤ ਸਨ।



*ਪਿੰਡ ਹਿਵੜੇ ਬਾਜ਼ਾਰ ਨੂੰ ਮਿਲੇ ਇਨਾਮ ਸਨਮਾਨ*

ਪਰ ਜਿਉਂ ਜਿਉਂ ਪਿੰਡ ਵਿਚ ਕੰਮ ਹੋਣ ਲੱਗਾ ਤੇ ਪਿੰਡ ਸਾਂਝੇ ਫੈਸਲੇ ਗ੍ਰਾਮ ਸਭਾ ਰਾਹੀਂ ਸਰਬਸੰਮਤੀ ਨਾਲ ਹੋਣ ਲੱਗੇ ਤਾਂ ਵਿਕਾਸ ਨੇ ਰਫਤਾਰ ਫੜ੍ਹੀ। ਪਿੰਡ ਦੇ 2 ਸੌ ਦੇ ਕਰੀਬ ਝਗੜੇ ਤੇ ਥਾਣਿਆਂ ਤੇ ਕਚਹਿਰੀਆਂ ਵਿਚ ਚਲ ਰਹੇ ਕੇਸ ਸਮਾਪਤ ਹੋਏ। ਪਿੰਡ ਦੀਆਂ ਫਿਰਨੀਆਂ ਤੇ ਸ਼ਾਮਲਾਟ ਥਾਂ 'ਤੇ ਐਲੋਵੇਰਾ ਦੀ ਫਸਲ ਬੀਜੀ ਜਾਂਦੀ ਹੈ, ਜਿਸ ਤੋਂ ਅਨੇਕਾਂ ਚੀਜ਼ਾਂ ਬਣਾ ਕੇ ਪਿੰਡ ਦੀਆਂ ਔਰਤਾਂ ਆਪਣੇ ਘਰਾਂ ਦਾ ਚੁੱਲ੍ਹਾ ਚਲਾ ਰਹੀਆਂ ਹਨ। ਰੁੱਖਾਂ ਦੇ ਸਤਿਕਾਰ ਵਜੋਂ ਪਿੰਡ ਦੀਆਂ ਲੜਕੀਆਂ ਰੁੱਖਾਂ ਨੂੰ ਰੱਖੜੀ ਬੰਨਦੀਆਂ ਹਨ। ਪਹਾੜੀਆਂ ਖੰਦਕਾਂ ਸਣੇ ਸਾਰੀ ਧਰਤੀ ਨੂੰ ਕੁਦਰਤ ਮੁਤਾਬਕ ਹੀ ਸਾਂਭਿਆ ਜਾ ਰਿਹਾ ਹੈ।

ਬਿਲਕੁਲ ਇਹੋ ਹੀ ਕਹਾਣੀ ਹੈ, ਮਹਾਂਰਾਸ਼ਟਰ ਦੇ ਪਿੰਡ ਹਿਵੜਾ ਬਾਜ਼ਾਰ ਦੀ, ਜੋ ਪੂਨੇ ਤੋਂ ਕੋਈ 100 ਕਿਲੋਮੀਟਰ ਦੂਰ ਹੈ। ਉਨ੍ਹਾਂ ਵੀ ਆਪਣੇ ਸੀਮਤ ਸਾਧਨਾਂ ਨਾਲ ਅੱਜ ਏਨੀ ਤਰੱਕੀ ਕਰ ਲਈ ਕਿ ਸਰਕਾਰੀ ਪ੍ਰਸ਼ਾਸਨ ਆਲੇ-ਦੁਆਲੇ ਦੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਹਿਵੜਾ ਬਾਜ਼ਾਰ ਤੋਂ ਸਿਖਿਆ ਲੈਣ ਲਈ ਭੇਜਦਾ ਹੈ। ਭੂਗੋਲਿਕ ਤੌਰ 'ਤੇ ਇਹ ਪਿੰਡ ਸੋਕੇ ਦਾ ਸ਼ਿਕਾਰ ਸੀ। ਮੁਢਲੀਆਂ ਲੋੜਾਂ ਬਿਜਲੀ ਪਾਣੀ, ਸਿਖਿਆ, ਸਿਹਤ, ਖੇਤੀ ਪਾਣੀ ਨੂੰ ਤਰਸਦਾ ਸੀ। ਪਰ ਅਜ ਇਹ ਬਾਰਸ਼ਾ ਦੇ ਪਾਣੀ ਨੂੰ ਸਾਂਭਣ, ਗੰਦੇ ਪਾਣੀ ਨੂੰ ਸਾਫ ਕਰ ਕੇ ਖੇਤੀ ਅਤੇ ਹੋਰ ਕੰਮਾਂ ਲਈ ਵਰਤਣ ਦੇ ਸਮਰੱਥ ਹੈ। ਕੋਈ ਵੀ ਪਿੰਡ ਵਾਸੀ ਜਮੀਨ ਪੰਚਾਇਤ ਦੀ ਮਨਜੂਰੀ ਤੋਂ ਬਿਨਾ ਵੇਚ ਨਹੀਂ ਸਕਦਾ ਤੇ ਬਾਹਰਲੇ ਨੂੰ ਤਾਂ ਬਿਲਕੁਲ ਨਹੀਂ। ਪਿੰਡ ਦੇ ਸਾਰੇ ਫੈਸਲੇ ਗ੍ਰਾਮ ਸਭਾ ਰਾਹੀਂ ਹੁੰਦੇ ਹਨ। ਇਥੋਂ ਤਕ ਕਿ ਕਿਹੜੀ ਫਸਲ ਬੀਜਣੀ ਹੈ, ਕਿਹੜੀ ਨਹੀਂ, ਇਹ ਵੀ ਗ੍ਰਾਮ ਸਭਾ ਤੈਅ ਕਰਦੀ ਹੈ। ਦੁੱਧ, ਸਬਜੀਆਂ, ਹਰਾ ਚਾਰਾ ਤੇ ਫਸਲਾਂ ਵੇਚਣ ਦੇ ਪ੍ਰਬੰਧ ਪਿੰਡ ਵਾਸੀਆਂ ਵਲੋਂ ਕੀਤੇ ਜਾਂਦੇ ਹਨ। ਉਨ੍ਹਾਂ ਨੇ ਆਪਣੇ ਸਾਧਨਾਂ ਰਾਹੀਂ ਹੀ ਹਰ ਘਰ ਨੂੰ ਰੋਜ਼ਗਾਰ ਦਿੱਤਾ ਹੈ। ਮਹੀਨੇ ਵਿਚ ਇੱਕ ਵਾਰ ਗ੍ਰਾਮ ਸਭਾ ਦੀ ਬੈਠਕ ਹੁੰਦੀ ਹੈ, ਉਸ ਦਿਨ ਸਾਰਾ ਪਿੰਡ ਇੱਕ ਸਾਂਝੇ ਚੁੱਲ੍ਹੇ 'ਤੇ ਰੋਟੀ ਬਣਾ ਕੇ ਖਾਂਦਾ ਹੈ। ਜੋ ਪਿੰਡ ਕਦੇ ਰੋਟੀ ਨੂੰ ਤਰਸਦਾ ਤੇ ਧੜਿਆਂ ਵਿਚ ਵੰਡਿਆ ਹੋਇਆ ਸੀ, ਉਥੇ ਅੱਜ ਹਰ ਘਰ ਕੋਲ ਪੱਚੀ ਤੋਂ ਪੰਜਾਹ ਹਜ਼ਾਰ ਦੀ ਆਮਦਨ ਹੈ। ਇਥੇ ਵੀ ਸੈਲਾਨੀਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਸਰਕਾਰ ਵਲੋਂ ਐਲਾਨੀਆਂ ਸਹੂਲਤਾਂ ਦਾ ਵੀ ਵੱਧ ਤੋਂ ਵੱਧ ਫਾਇਦਾ ਉਠਾਉਂਦਾ ਹੈ ਪਿੰਡ।

ਇਸ ਨੂੰ ਵੀ ਪਿੰਡ ਦੇ ਹੀ ਇੱਕ ਅਗਾਂਹਵਧੂ, ਕ੍ਰਿਕਟ ਦੇ ਰਾਸ਼ਟਰੀ ਪੱਧਰ ਦੇ ਖਿਡਾਰੀ ਤੇ ਐਮ. ਕਾਮ ਪਾਸ ਨੌਜਵਾਨ ਪੋਪਟ ਰਾਓ ਪਵਾਰ ਨੇ ਵਿਕਾਸ ਦੀ ਲੀਹ ਪਾਇਆ ਹੈ। ਉਹਨੇ ਮੁੰਬਈ ਵਿਖੇ ਆਪਣੀ ਪਹਿਲੇ ਦਰਜੇ ਦੀ ਨੌਕਰੀ ਛੱਡ ਕੇ ਪਿੰਡ ਨੂੰ ਸੁਧਾਰਨ ਦਾ ਫੈਸਲਾ ਕੀਤਾ। ਉਸ ਦੀ ਲਗਨ ਮਿਹਨਤ ਨੂੰ ਦੇਖਦਿਆਂ ਪਿੰਡ ਵਾਸੀਆਂ ਨੇ ਸਰਬਸੰਮਤੀ ਨਾਲ ਸ੍ਰੀ ਪਵਾਰ ਨੂੰ ਸਰਪੰਚ ਚੁਣ ਲਿਆ। 1994 ਵਿਚ ਰਾਜ ਸਰਕਾਰ ਦੀ ਆਦਰਸ਼ ਗ੍ਰਾਮ ਯੋਜਨਾ ਨੇ ਪਿੰਡ ਨੂੰ ਖੰਭ ਲਾ ਦਿੱਤੇ ਤੇ ਇਹ ਕਈ ਰਾਸ਼ਟਰੀ, ਰਾਜ ਇਨਾਮ ਸਨਮਾਨ ਵੀ ਜਿੱਤ ਚੁਕਾ ਹੈ। ਪੰਚਾਇਤ ਨੇ ਪਿੰਡ ਵਿਚ ਇੱਕ ਵੀ ਮੱਛਰ ਲੱਭਣ ਵਾਲੇ ਨੂੰ 1 ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੋਇਆ ਹੈ, ਜੋ ਅੱਜ ਤਕ ਕੋਈ ਨਹੀਂ ਜਿੱਤ ਸਕਿਆ।

ਉਕਤ ਵੇਰਵੇ ਤਾਂ ਸਾਡੇ ਨਾਲੋਂ ਬਹੁਤ ਘੱਟ ਸਾਧਨ ਵਾਲੇ ਸੂਬਿਆਂ ਦੇ ਹਨ। ਪਰ ਸਾਡੇ ਪੰਜਾਬ ਵਿਚ ਵੀ ਕੁਝ ਅਜਿਹੇ ਪਿੰਡ ਹਨ ਜਿਨ੍ਹਾਂ ਨੂੰ ਪਿੰਡ ਦੇ ਅਗਾਹਵਧੂ ਲੋਕਾਂ-ਪੰਚਾਇਤਾਂ ਨੇ ਤੇ ਕਈ ਥਾਂ ਪਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਬਿਨਾ ਕਿਸੇ ਸਰਕਾਰੀ ਮਦਦ ਤੋਂ ਸ਼ਹਿਰਾਂ ਤੋਂ ਵੀ ਵਧੀਆ ਬਣਾਇਆ ਹੋਇਆ ਹੈ। ਜਿਵੇਂ ਪਿੰਡ ਚਕਰ ਦੇ ਵਾਸੀ ਸਵਰਗੀ ਅਜਮੇਰ ਸਿੰਘ ਸਿੱਧੂ ਕੈਨੇਡਾ ਨੇ ਉਦੋਂ ਪਿੰਡ ਨੂੰ ਸੁਧਾਰਨ ਦਾ ਬੀੜਾ ਚੁੱਕਿਆ ਜਦੋਂ ਪਿੰਡ ਵਿਚ ਡੇਢ ਦਰਜਨ ਦੇ ਕਰੀਬ ਕਤਲ ਹੋ ਚੁਕੇ ਸਨ। ਅੱਜ ਪਿੰਡ ਦੀਆਂ ਅੱਧੀ ਦਰਜਨ ਲੜਕੀਆਂ ਰਾਸ਼ਟਰੀ-ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਦੇ ਮੈਡਲ ਤੇ ਲੜਕੇ ਅਣਗਿਣਤ ਮੈਡਲ ਜਿੱਤ ਚੁਕੇ ਹਨ। ਵੱਡੇ ਵੱਡੇ ਗਰਾਊਂਡ, ਸਟੇਡੀਅਮ, ਬੀਬੀਆਂ ਲਈ ਵੱਖਰਾ ਪਾਰਕ, ਪਾਣੀ ਦੀ ਨਿਕਾਸੀ, ਗੰਦੇ ਪਾਣੀ ਨੂੰ ਖੇਤਾਂ ਲਈ ਵਰਤਣ ਲਈ ਰੀਸਾਇਕਲ ਪਲਾਂਟ, ਝੀਲਾਂ, ਦਰਖਤਾਂ ਤੇ ਪਿੰਡ ਵਿਚ 6 ਦੇ ਕਰੀਬ ਸੱਥਾਂ ਦੇ ਪ੍ਰਾਚੀਨ ਮਾਡਲ ਨੂੰ ਆਧੁਨਿਕਤਾ ਵਿਚ ਰੰਗ ਕੇ ਬਣਾਉਣਾ,



*ਅਜਮੇਰ ਸਿੰਘ ਸਿੱਧੂ*

ਇੰਟਰਨੈਟ-ਯੁਕਤ ਪੰਚਾਇਤ ਘਰ, ਆਧੁਨਿਕ ਬਸ ਸਟੈਂਡ ਪਹਿਲੀ ਨਜ਼ਰੇ ਅਮਰੀਕਾ-ਕੈਨੇਡਾ ਦੀ ਕਿਸੇ ਸਬ- ਡਵੀਜ਼ਨ ਦਾ ਭੁਲੇਖਾ ਪਾਉਂਦੇ ਹਨ। ਇਸ ਤੋਂ ਬਿਨਾ ਸੁਨਾਮ ਨਜ਼ਦੀਕ ਪਿੰਡ ਮਰਦਖੇੜਾ, ਫਰੀਦਕੋਟ ਜਿਲੇ ਦਾ ਪਿੰਡ ਬਾੜਾ ਭਾਈਕਾ, ਕਪੂਰਥਲਾ, ਹੁਸ਼ਿਆਰਪੁਰ, ਗੁਰਦਾਸਪੁਰ ਦੇ ਹੋਰ ਦਰਜਨ ਪਿੰਡ ਇਸ ਕਤਾਰ ਵਿਚ ਹਨ, ਜਿਨ੍ਹਾਂ ਸਰਕਾਰ 'ਤੇ ਟੇਕ ਨਾ ਰੱਖ ਕੇ ਆਪਣੇ ਪੱਧਰ ਉਤੇ ਪਿੰਡ ਦੀ ਨੁਹਾਰ ਬਦਲੀ ਹੈ।

ਮਾਂਵਾਂ ਦੇ ਪੁੱਤਾਂ ਨੂੰ ਮਰਵਾ ਕੇ ਇਹ ਬੇਈਮਾਨ ਸੱਤਾਧਾਰੀ ਟੋਲਾ ਆਪ ਰਾਜ ਭਾਗ ਮਾਣਦਾ ਰਿਹਾ ਤੇ ਅਸੀਂ ਇਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਬਿਖੜੇ ਰਾਹਾਂ ਦੇ ਮੁਸਾਫਰ ਬਣ ਗਏ। ਜੇ ਆਲੇ ਦੁਆਲੇ ਝਾਤੀ ਮਾਰੀਏ ਤਾਂ ਫਲਸਤੀਨੀ-ਇਜ਼ਰਾਇਲੀ 13ਵੀਂ ਸਦੀ ਤੋਂ ਲੜਦੇ ਆ ਰਹੇ ਹਨ। ਸੀਰੀਆ, ਯਮਨ, ਇਰਾਕ, ਇਰਾਨ ਵਿਚ ਠੰਢੀ-ਤੱਤੀ ਜੰਗ ਚਲਦੀ ਰਹਿੰਦੀ ਹੈ। ਸ਼ੀਆ-ਸੁੰਨੀ ਵਿਚ ਵੀ ਕਈ ਪੁਸ਼ਤਾਂ ਤੋਂ ਜੰਗ ਚਲ ਰਹੀ ਹੈ। ਇਥੇ ਧਰਮ ਨੇ ਕੀ ਭੂਮਿਕਾ ਨਿਭਾਈ ਹੈ? ਬਸ ਇਨ੍ਹਾਂ ਧਰਮ ਦੇ ਠੇਕੇਦਾਰਾਂ ਨੇ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਧਰਮ ਨੂੰ ਹਥਿਆਰ ਬਣਾ ਕੇ ਲੋਕਾਂ ਨੂੰ ਕਦੇ ਨਾ ਮੁੱਕਣ ਵਾਲੀ ਜੰਗ ਵਿਚ ਝੋਕ ਦਿੱਤਾ ਹੈ। ਨਤੀਜਾ ਜੀਰੋ। ਜੰਗ ਕਿਸੇ ਮਸਲੇ ਦਾ ਹੱਲ ਨਹੀਂ।

ਇਸ ਲੰਬੀ ਚੌੜੀ ਵਿਆਖਿਆ ਦਾ ਮਕਸਦ ਛੋਟੇ-ਵੱਡੇ ਚੰਦ ਕੁ ਦੇਸ਼ਾਂ ਤੇ ਹੁਣ ਪਿੰਡਾਂ ਦੀ ਮਿਸਾਲ ਦੇ ਕੇ ਇਹ ਦੱਸਣਾ ਹੈ ਕਿ ਬੁਨਿਆਦੀ ਕੁੱਲੀ, ਗੁੱਲੀ, ਜੁੱਲੀ ਨਾਲ ਜੁੜੇ ਮਸਲਿਆਂ ਨੂੰ ਹੱਲ ਕਰਨ ਲਈ ਮਾਲੀ ਸਾਧਨਾਂ ਦੀ ਥਾਂ ਇੱਛਾ ਸ਼ਕਤੀ ਦੀ ਵਧੇਰੇ ਲੋੜ ਹੈ। ਅਜਿਹਾ ਨਹੀਂ ਕਿ ਸਰਕਾਰਾਂ ਤੋਂ ਬਿਨਾ ਕੁਝ ਹੋ ਨਹੀਂ ਸਕਦਾ। ਜੇ ਅਸੀਂ ਸਾਰੇ ਪੰਜਾਬ ਨੂੰ ਹਰਿਆ ਭਰਿਆ ਦੇਖਣ ਦੇ ਚਾਹਵਾਨ ਆਪਣੀ ਹਉਮੈ ਨੂੰ ਤਿਆਗ ਕੇ, ਧਰਮਾਂ, ਵਰਗਾਂ, ਜਾਤ-ਪਾਤ, ਊਚ-ਨੀਚ ਦੀ ਘਟੀਆ ਰਾਜਨੀਤੀ ਤੋਂ ਉਪਰ ਉਠ ਕੇ ਕੋਈ ਉਸਾਰੂ ਕਦਮ ਚੁਕਾਂਗੇ, ਜਰੂਰ ਕਾਮਯਾਬ ਹੋਵਾਂਗੇ।



*ਪਿੰਡ ਚਕਰ ਵਿਚ ਖੇਡਾਂ ਦੀ ਪ੍ਰੈਕਟਿਸ ਕਰ ਰਹੇ ਬੱਚੇ*

ਅੱਜ ਧੂੜ ਭਰੇ ਪੰਜਾਬ ਵਿਚ ਰੁਖਾਂ ਦੀ ਘਾਟ ਅਤੇ ਵੱਧ ਰਹੇ ਪ੍ਰਦੂਸ਼ਣ ਕਾਰਨ ਲੋਕਾਂ ਨੂੰ ਸਾਹ ਲੈਣਾ ਔਖਾ ਹੋ ਰਿਹਾ ਹੈ। ਬਿਮਾਰੀਆਂ ਵਧ ਰਹੀਆਂ ਹਨ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਾਨੂੰ ਹੀ ਅੱਗੇ ਆਉਣਾ ਪਵੇਗਾ। ਸਾਡੀਆਂ ਸਰਕਾਰਾਂ ਨੂੰ ਜਿਮੀਂਦਾਰਾਂ ਨੂੰ ਜਮੀਨ ਦੇ ਅਨੁਪਾਤ ਮੁਤਾਬਕ ਜਾਂ ਇੱਕ ਏਕੜ ਮਗਰ ਭਾਵੇਂ 10 ਰੁੱਖ ਲਾਉਣੇ ਲਾਜ਼ਮੀ ਕੀਤੇ ਜਾਣ ਪਰ ਇੱਕ ਹੱਦ ਮਿੱਥੀ ਜਾਵੇ। ਉਸ ਨੂੰ ਪਾਲੇ ਵੀ ਜਿਮੀਂਦਾਰ ਤੇ ਮਾਲ ਮਹਿਕਮਾ ਇਸ ਦਾ ਪੂਰਾ ਰਿਕਾਰਡ ਰੱਖੇ। ਕਿਸਾਨਾਂ ਨੂੰ ਰੁੱਖ ਲਾਉਣ ਲਈ ਉਤਸ਼ਾਹਿਤ ਕਰਨ ਲਈ ਸਰਕਾਰ ਇਨ੍ਹਾਂ ਰੁੱਖਾਂ ਦੀ ਕੀਮਤ ਵੀ ਕਿਸਾਨ ਨੂੰ ਦੇ ਸਕਦੀ ਹੈ। ਵੱਧ ਰੁੱਖ ਲਾਉਣ ਵਾਲਿਆਂ ਲਈ ਇਨਾਮ ਸਨਮਾਨ ਦਾ ਪ੍ਰਬੰਧ ਕਰਕੇ ਵੀ ਪ੍ਰੇਰਣਾ ਦਿੱਤੀ ਜਾ ਸਕਦੀ ਹੈ। ਸਾਡੇ ਵਿਰਾਸਤੀ ਰੁੱਖ, ਵਣ, ਬੋਹੜ, ਪਿੱਪਲ, ਨਿੰਮ, ਕਿੱਕਰ, ਬੇਰੀਆਂ ਨੂੰ ਬਚਾਉਣ ਲਈ ਕਾਨੂੰਨ ਬਣਾਇਆ ਜਾਵੇ। ਹਰ ਸਾਲ ਪਿੰਡਾਂ ਦੀ ਪੰਚਾਇਤਾਂ ਨੂੰ ਪਿੰਡਾਂ ਦੇ ਪਹਿਆਂ, ਨਾਲਿਆਂ, ਫਿਰਨੀਆਂ ਤੇ ਰੁੱਖ ਲਾਉਣ ਦਾ ਕੋਟਾ ਦਿੱਤਾ ਜਾਵੇ। ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਦੇ ਸਟਾਫ ਨੂੰ ਵੀ ਇਸ ਮੁਹਿੰਮ ਵਿਚ ਸ਼ਾਮਲ ਕੀਤਾ ਜਾਵੇ। ਲੋੜਵੰਦ ਚਾਹਵਾਨਾਂ ਨੂੰ ਫਲਦਾਰ ਬੂਟੇ ਤੋਹਫੇ ਦੇ ਰੂਪ ਵਿਚ ਦੇਣ ਵਰਗੇ ਉਪਰਾਲੇ ਕੀਤੇ ਜਾਣ।

ਇਸੇ ਤਰ੍ਹਾਂ ਫਸਲੀ ਚੱਕਰ ਲਈ ਜਿਥੇ ਸਬਜੀਆਂ, ਦਾਲਾਂ, ਮੱਕੀ, ਮਿਰਚਾਂ ਦੀਆਂ ਫਸਲਾਂ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ, ਉਥੇ ਪੂਸਾ-44 ਤੇ ਪੀਲੀ ਪੂਸਾ ਆਦਿ ਨੂੰ ਬੰਦ ਕਰ ਕੇ ਬਾਸਮਤੀ 1121, 1509 ਲਾਈਆਂ ਜਾਣ, ਜੋ ਲੱਗਦੀਆਂ ਹੀ ਜੁਲਾਈ ਤੋਂ ਹਨ ਤੇ ਪੱਕਦੀਆਂ ਵੀ ਜਲਦੀ ਹਨ। ਝੋਨਾ ਕਦੋਂ ਲਾਉਣਾ, ਕਦੋਂ ਨਹੀਂ ਵਾਲਾ ਸ਼ੋਸ਼ਾ ਵੀ ਖਤਮ।

ਦੇਖਿਆ ਜਾਵੇ ਉਕਤ ਫਸਲਾਂ ਤੇ ਦਰੱਖਤ ਲਾਉਣ ਸਮੇਂ ਥੋੜੇ ਬਹੁਤ ਫੇਰਬਦਲ ਦੀ ਲੋੜ ਹੈ, ਵੱਡੇ ਖਰਚੇ ਦੀ ਲੋੜ ਨਹੀਂ। ਲੋੜ ਹੈ, ਕੇਵਲ ਇੱਛਾਸ਼ਕਤੀ ਦੀ ਤੇ ਲੋਕਾਂ ਦੀ ਪੀੜਾ ਨੂੰ ਸਮਝ ਕੇ ਪੰਜਾਬ ਨੂੰ ਰੇਗਿਸਤਾਨ ਹੋਣ ਤੋਂ ਬਚਾਉਣ ਦੀ।

ਪਰਵਾਸੀ ਵੀਰੋ! ਪਰਦੇਸਾਂ ਵਿਚ ਪੈਰ ਲਾਉਣੇ ਸੌਖੇ ਨਹੀਂ। ਸਕੇ ਸਬੰਧੀਆਂ ਤੋਂ ਦੂਰ ਦਿਨ ਰਾਤ ਇੱਕ ਕਰਕੇ ਕਮਾਈਆਂ ਕਰਦੇ ਹੋ ਤੇ ਪੰਜਾਬ ਦੇ ਇਨ੍ਹਾਂ ਸੱਤਾ ਦੇ ਲੋਭੀਆਂ ਉਤੇ ਹੜ੍ਹਾ ਦਿੰਦੇ ਹੋ। ਇਹ ਵਾਜਬ ਨਹੀਂ। ਵੀਰੋ, ਡਾਲਰ ਪੌਂਡ ਨਾ ਦਿਖਾਓ। ਉਹ ਤਾਂ ਪਹਿਲਾਂ ਹੀ ਤੁਹਾਡੀਆਂ ਜਾਇਦਾਦਾਂ, ਬੈਂਕ ਬੈਲੈਂਸ ਤੇ ਹੋਰ ਕੀਮਤੀ ਵਸਤਾਂ ਨੱਪੀ ਬੈਠੇ ਹਨ। ਏਅਰਪੋਰਟ ਤੋਂ ਹੀ ਤੁਹਾਡੀ ਲੁੱਟ ਸ਼ੁਰੂ ਹੋ ਜਾਂਦੀ ਹੈ। ਹਰ ਕੋਈ ਵਿਦੇਸ਼ਾਂ ਤੋਂ ਆਏ ਆਪਣੇ ਹੀ ਹਮਸਾਇਆਂ ਨੂੰ ਇੰਜ ਦੇਖਦਾ ਹੈ ਜਿਵੇਂ ਇਹ ਤੰਗਲੀ ਨਾਲ ਪੈਸੇ ਇਕੱਠੇ ਕਰਦੇ ਹੋਣ। ਹੁਣ ਤਾਂ ਹਾਲਾਤ ਇਹ ਹਨ ਕਿ ਜੇ ਕੋਈ ਧਰਨਾ ਮੁਜਾਹਰਾ ਹੋਵੇ, ਗੰਭੀਰ ਬਿਮਾਰੀ ਦਾ ਸ਼ਿਕਾਰ ਹੈ, ਕਿਸੇ ਬਜੁਰਗ ਮਾਪੇ ਨੂੰ ਬੱਚੇ ਨਾ ਸੰਭਾਲਣ, ਖਿਡਾਰੀਆਂ-ਪ੍ਰਤਿਭਾਸ਼ਾਲੀ ਬੱਚਿਆਂ ਦੀ ਪੜ੍ਹਾਈ ਜਾਂ ਹੋਰ ਛੋਟੇ ਮੋਟੇ ਕਾਰਨ ਹੋਣ-ਸਭ ਤੁਹਾਡੇ ਵੱਲ ਹੀ ਦੇਖਦੇ ਹਨ। ਬਹੁਤੀ ਵਾਰੀ ਇਹ ਸਹੀ ਵੀ ਹੋ ਸਕਦਾ ਹੈ ਕਿਉਂਕਿ ਉਥੇ ਦੀਆਂ ਸਰਕਾਰਾਂ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੀਆਂ। ਪਰ ਤੁਹਾਡੇ ਵਲੋਂ ਭੇਜਿਆ ਪੈਸਾ ਲੋੜਵੰਦਾਂ ਤਕ ਘੱਟ ਹੀ ਪਹੁੰਚਦਾ ਹੈ। ਇਹੋ ਹਾਲ ਉਥੋਂ ਦੀਆਂ ਅਖੌਤੀ ਸਮਾਜ ਸੇਵੀ ਜਥੇਬੰਦੀਆਂ ਦਾ ਹੈ। ਸੋ ਸੰਭਲੋ। ਆਪਾਂ ਇਹੋ ਜਿਹਾ ਪੰਜਾਬ ਸਿਰਜੀਏ, ਜਿਥੇ ਉਥੋਂ ਦੇ ਵਾਸੀਆਂ ਦੀਆਂ ਬੁਨਿਆਦੀ ਲੋੜਾਂ, ਉਨ੍ਹਾਂ ਦੀ ਸ਼ਮੂਲੀਅਤ ਨਾਲ ਉਥੋਂ ਹੀ ਪੂਰੀਆਂ ਹੋਣ। ਬਾਹਰਲਾ ਪੈਸਾ ਬਹੁਤਾ ਦੇਰ ਚਲ ਨਹੀਂ ਸਕਦਾ। ਪੰਜਾਬ ਵਿਚੋਂ ਹੀ ਰੋਜ਼ਗਾਰ ਦੇ ਸਾਧਨ ਮੁਹੱਈਆ ਕੀਤੇ ਜਾਣ। ਸ਼ੁਧ ਹਵਾ, ਪਾਣੀ, ਖੁਰਾਕ ਦਾ ਸਿਹਤਮੰਦ ਵਾਤਾਵਰਣ ਮਿਲੇ ਜਿਸ ਨਾਲ ਰੋਗਗ੍ਰਸਤ ਸਮਾਜ ਨੂੰ ਰੂਹ ਦੀ ਖੁਰਾਕ ਮਿਲ ਸਕੇ।

ਜਦੋਂ ਉਪਰੋਕਤ ਸਾਧਨ ਵਿਹੂਣੇ ਰਾਜ ਬਿਨਾ ਸਰਕਾਰੀ ਤੇ ਵਿਦੇਸ਼ੀ ਮਦਦ ਦੇ ਆਪਣੇ ਪਿੰਡਾਂ ਨੂੰ ਉਤੇ ਚੁੱਕ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ? ਆਪਣੀ ਜ਼ਿੰਮੇਵਾਰੀ ਦੂਜੇ ਤੇ ਸੁੱਟ ਕੇ ਸੁਰਖੁਰੂ ਨਾ ਹੋਈਏ ਸਗੋਂ ਆਓ ਆਪੋ ਆਪਣੇ ਹਿੱਸੇ ਦਾ ਪੰਜਾਬ ਸਿਰਜੀਏ।

# ਕਵੀ, ਕਵਿਤਾ ਤੇ ਬੰਦੀਖਾਨਾ

**ਉਘੇ ਲਿਖਾਰੀ ਸਵਰਾਜਬੀਰ ਨੇ ਹਾਲ ਹੀ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਜ਼ਿੰਮੇਵਾਰੀ ਸੰਭਾਲੀ ਹੈ। ਮੁਢਲੇ ਦੌਰ ਵਿਚ ਉਨ੍ਹਾਂ ਕਵਿਤਾ ਲਿਖੀ ਅਤੇ ਨਵੇਂ ਸ਼ਾਇਰਾਂ ਵਿਚ ਆਪਣਾ ਮੁਕਾਮ ਬਣਾਇਆ ਪਰ ਉਨ੍ਹਾਂ ਦੀ ਬਹੁਤੀ ਅਤੇ ਵਡੇਰੀ ਪਛਾਣ ਨਾਟਕਕਾਰ ਵਜੋਂ ਬਣੀ ਹੈ। ਇਨ੍ਹਾਂ ਨਾਟਕਾਂ ਵਿਚ ਉਨ੍ਹਾਂ ਦੇ ਪਾਤਰ ਸਥਾਪਤੀ, ਜ਼ੁਲਮ ਤੇ ਜਬਰ ਨੂੰ ਸਿੱਧੇ ਹੋ ਕੇ ਟੱਕਰਦੇ ਹਨ। 'ਕਵੀ, ਕਵਿਤਾ ਤੇ ਬੰਦੀਵਾਨ' ਲੇਖ ਵਿਚ ਉਨ੍ਹਾਂ ਨੇ ਉਨ੍ਹਾਂ ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਵਿਦਵਾਨਾਂ ਦੇ ਹਵਾਲੇ ਨਾਲ ਗੱਲ ਕੀਤੀ ਹੈ ਜਿਨ੍ਹਾਂ ਨੂੰ ਸਰਕਾਰ ਨੇ ਸਿਰਫ, ਵਿਰੋਧੀ ਵਿਚਾਰ ਰੱਖਣ ਕਾਰਨ ਜੇਲ੍ਹ ਅੰਦਰ ਡੱਕਣ ਦੀ ਸਾਜ਼ਿਸ਼ ਘੜੀ। -ਸੰਪਾਦਕ**

## ਕਲਾ ਪਰਿਕਰਮਾ



ਸਵਰਾਜਬੀਰ

ਲੇਖਕ, ਲਿਖਤ, ਸੋਚ ਤੇ ਜੇਲ੍ਹ ਦਾ ਜੋੜ ਪੁਰਾਤਨ ਸਮਿਆਂ ਤੋਂ ਚਲਿਆ ਆ ਰਿਹਾ ਹੈ। ਸੁਕਰਾਤ ਤੋਂ ਲੈ ਕੇ ਹੁਣ ਦੇ ਸਮਿਆਂ ਤਕ ਇਸ ਦੀਆਂ ਅਣਗਿਣਤ ਉਦਾਹਰਣਾਂ ਮਿਲਦੀਆਂ ਹਨ। ਸਮਾਜ ਵਿਚ ਪਨਪਦੀ ਅਸਹਿਮਤੀ ਦੀ ਸੋਚ ਲੇਖਕਾਂ ਤੇ ਚਿੰਤਕਾਂ ਦੀਆਂ ਲਿਖਤਾਂ ਵਿਚੋਂ ਉਜਾਗਰ ਹੁੰਦੀ ਹੈ। ਵੱਖ ਵੱਖ ਸਮਿਆਂ ਦੀਆਂ ਹਕੂਮਤਾਂ ਨੇ ਚਿੰਤਕਾਂ, ਕਵੀਆਂ ਤੇ ਲੇਖਕਾਂ ਨੂੰ ਕੈਦਖਾਨਿਆਂ ਵਿਚ ਡੱਕਿਆ। ਆਵਾਜ਼ 'ਤੇ ਪਹਿਰੇ ਲਗਾਏ। ਵੀਹਵੀਂ ਸਦੀ ਵਿਚ ਇਹ ਵਰਤਾਰਾ ਵੱਡੀ ਪੱਧਰ 'ਤੇ ਵਾਪਰਿਆ। ਮੈਕਸਿਮ ਗੋਰਕੀ, ਪਾਬਲੋ ਨੈਰੂਦਾ, ਨਾਜ਼ਿਮ ਹਿਕਮਤ, ਲੋਰਕਾ, ਓਸਿਪ ਮੈਂਡਲਸਟਾਮ ਅਤੇ ਹੋਰ ਅਨੇਕ ਕਵੀ ਤੇ ਲੇਖਕ ਬੰਦੀਖਾਨਿਆਂ ਵਿਚ ਡੱਕੇ ਗਏ। ਆਜ਼ਾਦੀ ਤੋਂ ਪਹਿਲਾਂ ਪੰਜਾਬ ਦੇ ਕਈ ਲੇਖਕਾਂ ਨੇ ਬਸਤੀਵਾਦੀ ਹਕੂਮਤ ਵਿਰੁਧ ਆਵਾਜ਼ ਉਠਾਈ ਤੇ ਜੇਲ੍ਹ ਕੱਟੀ। ਗ਼ਦਰੀ ਕਵੀ, ਗੁਰਮੁਖ ਸਿੰਘ ਮੁਸਾਫਿਰ, ਫੀਰੋਜ਼ਦੀਨ ਸ਼ਰਫ, ਨਾਨਕ ਸਿੰਘ ਤੇ ਹੋਰ ਲੇਖਕ ਤੇ ਕਵੀ ਗ੍ਰਿਫਤਾਰ ਕੀਤੇ ਗਏ। ਆਜ਼ਾਦੀ ਤੋਂ ਬਾਅਦ ਚੜ੍ਹਦੇ ਪੰਜਾਬ ਵਿਚ ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਪਾਸ਼, ਅਮਰਜੀਤ ਚੰਦਨ, ਹਰਭਜਨ ਹਲਵਾਰਵੀ, ਹਰਭਜਨ ਹੁੰਦਲ, ਗੁਰਸ਼ਰਨ ਸਿੰਘ, ਵਰਿਆਮ ਸੰਧੂ, ਦਰਸ਼ਨ ਖਟਕੜ ਅਤੇ ਹੋਰ ਲੇਖਕ ਤੇ ਕਵੀ ਨਜ਼ਰਬੰਦ ਕੀਤੇ ਗਏ। ਲਹਿੰਦੇ ਪੰਜਾਬ ਵਿਚ ਲੇਖਕਾਂ ਤੇ ਕਵੀਆਂ ਦੀਆਂ ਲਿਖਤਾਂ 'ਤੇ ਬੰਦਸ਼ਾਂ ਲਗਾਉਣ ਤੇ ਉਨ੍ਹਾਂ ਨੂੰ ਜੇਲ੍ਹ ਭੇਜਣ ਦਾ ਸਿਲਸਿਲਾ ਪਹਿਲੀ ਫੌਜੀ ਹਕੂਮਤ ਦੇ ਆਉਣ ਨਾਲ ਸ਼ੁਰੂ ਹੋਇਆ।


ਫੈਜ਼ ਅਹਿਮਦ ਫੈਜ਼, ਇਸਹਾਕ ਮੁਹੰਮਦ, ਉਸਤਾਦ ਦਾਮਨ, ਅਹਿਮਦ ਸਲੀਮ, ਅਹਿਮਦ ਫਰਾਜ਼, ਹਬੀਬ ਜਾਲਿਬ ਨੂੰ ਬੰਦੀਵਾਨ ਬਣਾਇਆ ਗਿਆ। ਜੇਲ੍ਹ ਕੱਟ ਰਹੇ ਪੰਜਾਬੀ ਕਵੀ ਪਾਸ਼ ਨੇ ਲਹਿੰਦੇ ਪੰਜਾਬ ਵਿਚ ਜੇਲ੍ਹ ਕੱਟ ਰਹੇ ਅਹਿਮਦ ਸਲੀਮ ਦੇ ਨਾਂ ਕਵਿਤਾ ਲਿਖੀ। ਪੰਜਾਬੀ ਸ਼ਾਇਰੀ ਵਿਚ ਇਹ ਰਵਾਇਤ ਪੁਰਾਣੀ ਹੈ ਤੇ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੁੰਦੀ ਹੈ ਜਿਨ੍ਹਾਂ ਨੇ ਰਾਗ ਧਨਾਸਰੀ ਵਿਚ ਆਪਣੇ ਆਪ ਨੂੰ ਸ਼ਾਇਰ ਕਿਹਾ ਹੈ (ਨਾਨਕ ਸਾਇਰ ਏਵ ਕਹਤੁ ਹੈ)।

ਹੁਣੇ ਹੁਣੇ ਤੇਲਗੂ ਕਵੀ ਵਰਵਰਾ ਰਾਓ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਵਰਵਰਾ ਰਾਓ ਕੌਣ ਹੈ? ਵਰਵਰਾ ਰਾਓ ਤੇਲਗੂ ਭਾਸ਼ਾ ਦਾ ਕਵੀ ਹੈ ਜੋ ਕਈ ਦਹਾਕਿਆਂ ਤੋਂ ਨਾਬਰੀ ਦਾ ਸੁਰ ਬਣ ਕੇ ਉਭਰਿਆ ਹੈ। 1973 ਵਿਚ ਉਸ ਨੂੰ ਸਿਕੰਦਰਾਬਾਦ ਸਾਜ਼ਿਸ਼ ਕੇਸ ਵਿਚ ਕੈਦ ਕੀਤਾ ਗਿਆ। ਉਸ ਦੇ ਨਾਲ ਹੋਰ ਤੇਲਗੂ ਕਵੀ ਤੇ ਲੇਖਕਾਂ ਨੂੰ ਵੀ ਜੇਲ੍ਹ ਵਿਚ ਸੁੱਟਿਆ ਗਿਆ ਪਰ ਕੇਸ ਸਾਬਤ ਨਾ ਹੋ ਸਕਿਆ। ਉਸ ਨੂੰ ਐਮਰਜੈਂਸੀ ਦੌਰਾਨ ਵੀ ਬੰਦੀਵਾਨ ਬਣਾਇਆ ਗਿਆ ਅਤੇ ਬਾਅਦ ਵਿਚ ਵੀ। ਆਪਣੇ ਸ਼ਬਦਾਂ ਦੀ ਸ਼ਕਤੀ ਨੂੰ ਉਹਨੇ ਇਸ ਤਰ੍ਹਾਂ ਪਛਾਣਿਆ ਤੇ ਬਿਆਨ ਕੀਤਾ, "ਸਾਨੂੰ ਆਪਣੀਆਂ ਹੋਂਦਾਂ ਵਿਚ ਦਰੜੇ ਹੋਏ ਸ਼ਬਦਾਂ ਨੂੰ ਜਗਾਉਣਾ ਚਾਹੀਦਾ ਹੈ/ ਜ਼ਰੂਰ ਜਗਾਉਣਾ ਚਾਹੀਦਾ ਹੈ/ ਦੇਣੀ ਚਾਹੀਦੀ ਹੈ ਉਨ੍ਹਾਂ ਨੂੰ ਰਵਾਨੀ/ ਤੇ ਵੇਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਖੰਭ ਉਗ ਆਉਣ।"

ਸਵਾਲ ਇਹ ਉਠਦਾ ਹੈ ਕਿ ਹਕੂਮਤ ਲੇਖਕਾਂ ਤੇ ਚਿੰਤਕਾਂ ਨੂੰ ਜੇਲ੍ਹ ਵਿਚ ਕਿਉਂ ਸੁੱਟਦੀ ਹੈ? ਸਪਸ਼ਟ ਜਵਾਬ ਇਹ ਹੈ ਕਿ ਬਹੁਤੀਆਂ ਹਕੂਮਤਾਂ ਅਸਹਿਮਤੀ ਨੂੰ ਬਰਦਾਸ਼ਤ ਨਹੀਂ ਕਰਦੀਆਂ। ਕਈ ਵਾਰ ਕਵੀਆਂ, ਲੇਖਕਾਂ ਤੇ ਚਿੰਤਕਾਂ ਨੂੰ ਸਿੱਧੇ ਤੌਰ 'ਤੇ ਉਨ੍ਹਾਂ ਦੀਆਂ ਲਿਖਤਾਂ ਕਰਕੇ ਬੰਦੀ ਬਣਾਇਆ ਗਿਆ ਤੇ ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਹਕੂਮਤ ਵਿਰੁਧ ਕਿਸੇ ਸਾਜ਼ਿਸ਼ ਵਿਚ ਸ਼ਾਮਲ ਹਨ। ਜਦੋਂ ਇਟਲੀ ਦੇ ਹੁਕਮਰਾਨ ਮੁਸੋਲਿਨੀ ਨੇ ਮਾਰਕਸਵਾਦੀ ਚਿੰਤਕ ਗ੍ਰਾਮਸੀ ਨੂੰ ਕੈਦ ਕਰਨ ਦਾ ਹੁਕਮ ਦਿੱਤਾ ਤਾਂ ਕਿਹਾ ਕਿ ਉਹ ਖਤਰਨਾਕ ਦਿਮਾਗ਼ ਦਾ ਮਾਲਕ ਹੈ ਤੇ ਹਕੂਮਤ ਦਾ ਫਰਜ਼ ਬਣਦਾ ਹੈ ਕਿ ਉਸ ਦੇ ਦਿਮਾਗ਼ ਨੂੰ ਕੰਮ ਕਰਨ ਤੋਂ ਰੋਕਿਆ ਜਾਵੇ। ਪਰ ਗ੍ਰਾਮਸੀ ਨੇ ਬੜਾ ਲੰਬਾ ਸਮਾਂ ਜੇਲ੍ਹ ਕੱਟੀ ਤੇ ਲਿਖਣਾ ਜਾਰੀ ਰੱਖਿਆ। ਉਸ ਦੀਆਂ ਜੇਲ੍ਹ ਵਿਚ ਲਿਖੀਆਂ ਲਿਖਤਾਂ ਜ਼ਦੀਦ ਖੱਬੇ ਪੱਖੀ ਸੋਚ ਦਾ ਆਧਾਰ ਬਣੀਆਂ। ਵੇਲੇ ਦੀ ਫਰਾਂਸੀਸੀ ਹਕੂਮਤ ਨੇ ਵਾਲਤੇਅਰ ਅਤੇ ਹੋਰ ਚਿੰਤਕਾਂ ਤੇ ਲੇਖਕਾਂ ਨੂੰ ਨਜ਼ਰਬੰਦ ਕੀਤਾ ਤੇ ਮੁਲਕ ਬਦਰ ਕੀਤਾ।




ਮੈਕਸਿਮ ਗੋਰਕੀ



ਓਸਿਪ ਮੈਂਡਲਸਟਾਮ




ਲੋਰਕਾ



ਨਾਨਕ ਸਿੰਘ



ਵਰਵਰਾ ਰਾਓ



ਪਾਸ਼

ਆਉ ਵੇਖੀਏ, ਜੇਲ੍ਹ ਵਿਚ ਰਹਿੰਦਿਆਂ ਕਵੀ ਕਿਸ ਤਰ੍ਹਾਂ ਦੀ ਕਵਿਤਾ ਲਿਖਦੇ ਹਨ। ਫੈਜ਼ ਅਹਿਮਦ ਫੈਜ਼ ਨੇ ਮਸ਼ਹੂਰ ਨਜ਼ਮ 'ਦਰਦ ਆਏਗਾ ਦਬੇ ਪਾਂਵ' ਜੇਲ੍ਹ ਦੌਰਾਨ ਲਿਖੀ। ਉਸ ਨਜ਼ਮ ਵਿਚ ਫੈਜ਼ ਅਹਿਮਦ ਫੈਜ਼ ਕਹਿੰਦਾ ਹੈ: "ਦਰਦ ਆਏਗਾ ਦਬੇ ਪਾਂਵ, ਲੀਏ ਸੁਰਖ ਚਿਰਾਗ਼/ ਵਹ ਜੋ ਏਕ ਦਰਦ ਧੜਕਤਾ ਹੈ ਕਹੀਂ ਦਿਲ ਸੇ ਪਰੇ... ਦਿਲ ਸੇ ਫਿਰ ਹੋਗੀ ਮਿਰੀ ਬਾਤ ਕੇ ਏ ਦਿਲ, ਏ ਦਿਲ/ ਯੇ ਜੋ ਮਹਿਬੂਬ ਬਨਾ ਹੈ ਤਿਰੀ ਤਨਹਾਈ ਕਾ/ ਯੇ ਤੋ ਮੈਹਮਾਂ ਹੈ ਘੜੀ-ਭਰ ਕਾ ਚਲਾ ਜਾਏਗਾ/ ਇਸਸੇ ਕਬ ਤੇਰੀ ਮੁਸੀਬਤ ਕਾ ਮਦਾਵਾ ਹੋਗਾ/ ਮੁਸ਼ਤਈ'ਲ ਹੋਕੇ ਅਭੀ ਉਠੇਂਗੇ ਬਾਕੀ ਸਾਏ/ ਰਾਤ ਭਰ ਜਿਨਸੇ ਤਿਰਾ ਖ਼ੂਨ-ਖਰਾਬਾ ਹੋਗਾ।"

ਅਮਰਜੀਤ ਚੰਦਨ ਨੇ ਇਕਾਂਤਵਾਸ ਜੇਲ੍ਹ ਕੱਟਦਿਆਂ ਲਿਖਿਆ: "ਨਾ ਤੱਕਾਂ ਮੈਂ ਚੜ੍ਹਦਾ ਸੂਰਜ/ ਨਾ ਤੱਕਾਂ ਮੈਂ ਲਹਿੰਦਾ/ ਹਰ ਸਾਹ/ ਉਹਦਾ ਨਿੱਘ ਮੈਂ ਪੀਵਾਂ/ ਇਸ ਠਰਦੀ ਨੁਕਰ ਵਿਚ ਬੈਠਾ/ ਹਰ ਕਣ ਮਖਮੂਰ ਉਹਦੇ ਸੰਗ/ ਓਦਰਾਇਆ ਓਦਰਾਇਆ/ ਇੱਕ ਦੂਜੇ ਨੂੰ ਤੱਕ ਨਾ ਸਕੀਏ/ ਇਹ ਸਾਡੀ ਮਜਬੂਰੀ...।" ਪਾਸ਼ ਨੇ ਜੇਲ੍ਹ ਵਿਚ ਰਹਿੰਦਿਆਂ ਲਿਖਿਆ: "ਤੁਸਾਂ ਮੈਨੂੰ ਦਿੱਤਾ ਹੈ ਸਿਰਫ ਇਕ ਕਮਰਾ/ ਸਥਿਰ ਤੇ ਬੰਦ/ ਮਿਣਨਾ ਤੇ ਮੈਂ ਹੈ/ ਕਿ ਇਸ ਵਿਚ ਕਿੰਨੇ ਕਦਮਾਂ ਨਾਲ ਮੀਲ ਬਣਦਾ ਹੈ/ ਕਿੰਨੇ ਚੱਲ ਕੇ ਕੰਧ, ਕੰਧ ਨਹੀਂ ਰਹਿੰਦੀ/ ਤੇ ਸਫਰ ਦੇ ਅਰਥ ਸ਼ੁਰੂ ਹੁੰਦੇ ਹਨ...।"

ਰੂਸੀ ਕਵੀ ਓਸਿਪ ਮੈਂਡਲਸਟਾਮ ਨੂੰ ਲੰਬੇ ਸਮੇਂ ਲਈ ਜੇਲ੍ਹ ਵਿਚ ਸੁੱਟਿਆ ਗਿਆ ਤੇ ਸਾਇਬੇਰੀਆ ਦੇ ਕੈਂਪਾਂ ਵਿਚ ਵੀ ਭੇਜਿਆ ਗਿਆ। ਉਸ ਨੇ ਲਿਖਿਆ: "ਸ਼ਾਇਦ ਤੇਰੀ ਗੱਲ ਮੇਰੇ ਹੋਠਾਂ ਤੋਂ ਪਹਿਲਾਂ ਪੈਦਾ ਹੋ ਗਈ ਸੀ... ਮੈਂ ਉਸ ਗਰੀਬੜੀ ਧਰਤੀ ਨੂੰ ਪਿਆਰ ਕਰਦਾ ਹਾਂ, ਕਿਉਂਕਿ ਮੈਂ ਹੋਰ ਕੋਈ ਧਰਤੀ ਵੇਖੀ ਹੀ ਨਹੀਂ।" ਉਹਨੇ ਇਹ ਵੀ ਲਿਖਿਆ: "ਲੋਕਾਂ ਨੂੰ ਕਵਿਤਾ ਚਾਹੀਦੀ ਹੈ, ਜੋ ਉਨ੍ਹਾਂ ਦਾ ਭੇਤ ਬਣੇ/ ਜਿਹੜੀ ਉਨ੍ਹਾਂ ਨੂੰ ਜਾਗਦਿਆਂ ਰੱਖੇ ਤੇ ਉਨ੍ਹਾਂ ਨੂੰ ਆਪਣੇ ਸਾਹਾਂ ਦੀਆਂ ਲਿਸ਼ਕਦੇ ਵਾਲਾਂ ਵਾਲੀਆਂ ਲਹਿਰਾਂ 'ਚ ਇਸ਼ਨਾਨ ਕਰਾਉਂਦੀ ਰਹੇ।"

ਆਪਣੀ ਇਕ ਕਵਿਤਾ ਵਿਚ ਫਲਸਤੀਨੀ ਕਵੀ ਮੁਹੰਮਦ ਦਰਵੇਸ਼ ਕੈਦਖਾਨੇ ਦੇ ਪਹਿਰੇਦਾਰ ਨਾਲ ਸਵਾਲ-ਜਵਾਬ ਕਰਦਾ ਹੈ। ਪਹਿਰੇਦਾਰ ਸਵਾਲ ਪੁੱਛਦਾ ਹੈ ਤੇ ਕਵੀ ਜਵਾਬ ਦਿੰਦਾ ਹੈ: "ਚੰਦ ਕਿਥੋਂ ਆਉਂਦਾ ਹੈ? ਬਗਦਾਦ ਦੀਆਂ ਰਾਤਾਂ 'ਚੋਂ... ਸੰਗੀਤ? ਮੇਰੇ ਦਿਲ ਦੀ ਧੜਕਣ 'ਚੋਂ... ਇਹ ਆਜ਼ਾਦੀ? ਉਨ੍ਹਾਂ ਜੰਜ਼ੀਰਾਂ 'ਚੋਂ ਜਿਨ੍ਹਾਂ ਨਾਲ ਕੱਲ੍ਹ ਰਾਤੀਂ ਤੂੰ ਮੈਨੂੰ ਬੰਨ੍ਹਿਆ ਸੀ।"

ਕਵੀ, ਲੇਖਕ ਤੇ ਚਿੰਤਕ ਆਪਣੇ ਵੇਲੇ ਦੀਆਂ ਹਕੂਮਤਾਂ ਨਾਲ ਅਸਹਿਮਤ ਕਿਉਂ ਹੁੰਦੇ ਹਨ? ਉਹ ਸਥਾਪਤੀ ਦੀ ਧਿਰ ਬਣ ਕੇ ਕਿਉਂ ਨਹੀਂ ਰਹਿ ਸਕਦੇ? ਵੈਸੇ ਤਾਂ ਦਰਬਾਰੀ ਕਵੀਆਂ ਦੀ ਰਵਾਇਤ ਰਹੀ ਹੈ ਤੇ ਸ਼ਾਇਰ ਬਾਦਸ਼ਾਹਾਂ ਤੇ ਜਗੀਰਦਾਰਾਂ ਦੀ ਸ਼ਾਨ ਵਿਚ ਕਸੀਦੇ ਲਿਖਦੇ ਰਹੇ ਹਨ। ਪਰ ਸਮਾਜ ਵਿਚ ਹੁੰਦੀ ਬੇਇਨਸਾਫੀ ਵਿਰੁਧ ਆਵਾਜ਼ ਉਠਾਉਣ ਵਾਲੇ ਸ਼ਾਇਰ, ਲਿਖਾਰੀ ਤੇ ਦਾਨਿਸ਼ਵਰ ਨਾਬਰੀ ਦੀ ਆਵਾਜ਼ ਬਣ ਕੇ ਉਭਰਦੇ ਰਹੇ ਹਨ। ਜਾਣੇ ਪਛਾਣੇ ਲੇਖਕ ਤੇ ਚਿੰਤਕ ਹੀ ਨਹੀਂ, ਲੋਕ ਖੁਦ ਆਪਣੇ ਨਾਇਕਾਂ ਨੂੰ ਚੇਤੇ ਰੱਖਣ ਤੇ ਲੜਨ ਲਈ ਲੋਕ-ਬੋਲ ਸਿਰਜਦੇ ਹਨ। ਦੁੱਲਾ ਭੱਟੀ ਦਾ ਪੁਰਾਤਨ ਕਿੱਸਾ ਕ੍ਰਿਸ਼ਨ ਸਿੰਘ ਨੇ ਬਹੁਤ ਬਾਅਦ ਵਿਚ ਲਿਖਿਆ ਪਰ ਸ਼ਾਹ ਮੁਹੰਮਦ ਦੀ ਗਵਾਹੀ ਅਨੁਸਾਰ ਪੰਜਾਬੀ ਚਿਰਾਂ ਤੋਂ ਦੁੱਲਾ ਭੱਟੀ ਤੇ ਜੈਮਲ ਫੱਤੇ ਦੀਆਂ ਵਾਰਾਂ ਗਾਉਂਦੇ ਆਏ ਹਨ।

ਪੰਜਾਬੀ ਸ਼ਾਇਰੀ ਵਿਚ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਨੇ ਆਪਣੇ ਸਥਾਪਤੀ ਵਿਰੋਧੀ ਕਲਾਮ ਵਿਚ ਮਨਸੂਰ ਨੂੰ ਨਾਇਕ ਬਣਾਇਆ, ਕਿਸੇ ਬਾਦਸ਼ਾਹ ਜਾਂ ਧਾੜਵੀ ਨੂੰ ਨਹੀਂ। ਬੁੱਲ੍ਹੇ ਸ਼ਾਹ ਨੇ ਗੁਰੂ ਤੇਗ ਬਹਾਦਰ ਜੀ ਨੂੰ ਗਾਜ਼ੀ ਕਿਹਾ ਤੇ ਸਰਮਦ ਦੀ ਹਾਮੀ ਭਰੀ। ਉਹਨੇ ਆਪਣੇ ਆਪ ਨੂੰ ਇਹ ਕਹਿ ਕੇ ਵੰਗਾਰਿਆ: "ਲਾਹ ਪਗੜੀ ਭੋਇੰ ਮਾਰ"। ਬੁੱਲ੍ਹੇ ਸ਼ਾਹ ਨੇ ਸਾਨੂੰ ਇਹ ਵੀ ਦੱਸਿਆ ਕਿ ਇਸ਼ਕ ਅਤੇ ਸ਼ਰਾ ਦੀ ਬਾਜ਼ੀ ਹਰ ਵਕਤ ਲੱਗੀ ਰਹਿੰਦੀ ਹੈ। ਇਹ ਬਾਜ਼ੀ ਲੱਗੀ ਰਹਿਣੀ ਹੈ। ਚਿੰਤਕਾਂ, ਸ਼ਾਇਰਾਂ ਤੇ ਦਾਨਿਸ਼ਵਰਾਂ ਨੇ ਬੁੱਲ੍ਹੇ ਸ਼ਾਹ ਦੇ ਬੋਲਾਂ ਅਨੁਸਾਰ 'ਉਲਟੀ ਦਸਤਕ' ਲਗਾਉਂਦੇ ਰਹਿਣਾ ਹੈ ਤੇ ਏਸ ਵਰਤਾਰੇ ਕਰਕੇ ਹਕੂਮਤ ਨਾਲ ਉਨ੍ਹਾਂ ਦਾ ਤਣਾਓ ਭਰਿਆ ਰਿਸ਼ਤਾ ਬਣਿਆ ਰਹਿਣਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਸਤੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-342



**ਸੌਣ ਮਹੀਨੇ ਕੜਾਹੀ ਚਾੜ੍ਹੀ, ਸਲੂਣੇ-ਮਿੱਠੇ ਲਾਹੀ ਜਾਵੇ।**
**ਪਤੌੜ, ਮੱਠੀਆਂ ਅਤੇ ਗੁਲਗਲੇ ਛਾਬੇ ਵਿਚ ਟਿਕਾਈ ਜਾਵੇ।**
**ਕੁੱਲ ਟੱਬਰ ਦਾ ਮਨ ਖੁਸ਼ ਕਰ ਕੇ, ਬੇਬੇ ਖੁਸ਼ੀ ਮਨਾਈ ਜਾਵੇ।**

## ਕੈਪਸ਼ਨ ਮੁਕਾਬਲਾ-340



ਭੈਣਾਂ-ਧੀਆਂ ਇਕੱਠੀਆਂ ਹੋਵਣ
ਚਿੜੀਆਂ ਵਾਂਗਰਾਂ ਚਹਿਕਦੀਆਂ।
ਬਾਬੁਲ ਘਰ ਵਿਚ ਹਾਸੇ ਵੰਡਣ
ਸਹੁਰੇ ਘਰ ਜਾ ਕੇ ਮਹਿਕਦੀਆਂ।
ਸ਼ਾਲਾ! ਸਦਾ ਇਹ ਸੁਖੀ ਵੱਸਣ
ਵਿਹੜੇ ਇਨ੍ਹਾਂ ਦੇ ਹਰੇ ਰਹਿਣ।
ਸਦਾ ਠੰਡੀਆਂ 'ਵਾਵਾਂ ਆਵਣ
ਨਾਲ ਦਾਤਾਂ ਦੇ ਘਰ ਭਰੇ ਰਹਿਣ।

***-ਸੇਵਾ ਸਿੰਘ ਨੂਰਪੁਰੀ***

---

ਵਿਛੜੀਆਂ ਚਿਰ ਤੋਂ ਮਿਲੀਆਂ ਧਾਅ ਕੇ
ਬਚਪਨ ਦਾ ਮੋਹ ਚੇਤੇ ਆਇਆ।
ਨਾਲ ਖੁਸ਼ੀ ਮੁੱਖ ਰੌਸ਼ਨ ਹੋਏ
ਆਲਾ ਦੁਆਲਾ ਵੀ ਰੁਸ਼ਨਾਇਆ।

***-ਜਗਮੀਤ ਸਿੰਘ ਪੰਧੇਰ***

---

ਭਾਬੀ ਮੈਨੂੰ ਅੰਤਾਂ ਦੀ ਪਿਆਰੀ
ਹੱਥੀਂ ਕਰਦੀ ਛਾਂਵਾਂ।
ਹਾਸੇ ਸਾਡੇ ਡੁੱਲ੍ਹ-ਡੁੱਲ੍ਹ ਪੈਂਦੇ
ਜਦ ਪੇਕੇ ਮੈਂ ਜਾਵਾਂ।
ਲੱਦ ਕੇ ਖੁਸ਼ੀਆਂ ਨਾਲ ਤੋਰਦੀ
ਜਿਵੇਂ ਤੋਰਦੀਆਂ ਮਾਂਵਾਂ।

***-ਦਵਿੰਦਰ ਕੌਰ***

---

ਵੱਡੀ ਤੇ ਛੋਟੀ ਭੈਣਾਂ ਮਿਲੀਆਂ
ਜਿਉਂ ਮੌਸਮ 'ਚ ਕਲੀਆਂ ਖਿਲੀਆਂ।
ਵੱਡੀ ਗ੍ਰਹਿਸਥੀ ਦੇ ਵਿਚ ਖੁੱਭੀ
ਮੰਦ ਮੰਦ ਮੁਸਕਾਵੇ।
ਛੋਟੀ ਹਾਲੇ ਸੱਜ ਵਿਆਹੀ
ਹਾਸਾ ਵੱਸ ਨਾ ਆਵੇ।

***-ਮਲਕੀਅਤ ਸਿੰਘ ਧਾਲੀਵਾਲ***

---

ਹਾਸੇ ਨਾ ਹੱਟੀਆਂ ਤੋਂ ਮਿਲਦੇ
ਨਾ ਖੁਸ਼ੀਆਂ ਕਿਤੋਂ ਮਿਲਣ ਉਧਾਰ।
ਚਿਰਾਂ ਬਾਅਦ ਅੱਜ ਮਿਲੀਆਂ ਭੈਣਾਂ
ਡੁੱਲ੍ਹ-ਡੁੱਲ੍ਹ ਪੈਂਦਾ ਦਿਸੇ ਪਿਆਰ।
ਹੋਏ ਨਾਦਾਰਦ ਝਗੜੇ-ਝੇੜੇ
ਜਾਪੇ ਮਿਲ ਗਿਆ ਕੁੱਲ ਸੰਸਾਰ।

***-ਸੁਖਦੇਵ ਸ਼ਰਮਾ ਧੂਰੀ***

---

ਮਿਲੀਆਂ ਜਦ ਦੋਵੇਂ ਭੈਣਾਂ
ਫੁੱਲ ਖਿੜ ਗਏ ਬਾਗ ਦੇ ਅੰਦਰ।
ਖੋਲ੍ਹੀਆਂ ਜਦ ਗੰਢਾਂ ਪੀੜਾਂ ਦੀਆਂ
ਹੋ ਗਏ ਮਨ ਹੌਲੇ।
ਕਹਿੰਦੇ ਇਸ ਨੂੰ ਖੂਨ ਦਾ ਰਿਸ਼ਤਾ
ਰੰਗ ਸੂਹਾ ਕਦੇ ਨਾ ਹੁੰਦਾ ਚਿੱਟਾ।

***-ਦਰਸ਼ਨਪਾਲ ਦੋਸਾਂਝ***

---

ਲੱਗਦੈ ਖੁਸ਼ੀ ਦੇ ਸੌਦਾਗਰ ਆਏ
ਖੁਸ਼ੀਆਂ ਵੰਡਣ ਬਿਨਾ ਤੋਲ ਦੇ।
ਹਾਸੇ ਫੁੱਟ ਫੁੱਟ ਨਿਕਲਣ
ਜਦੋਂ ਭੈਣਾਂ ਕਰਨ ਸਾਂਝੇ
ਭੇਤ ਦਿਲਾਂ ਦੇ ਖੋਲ੍ਹ ਕੇ।

***-ਅਮਰਜੀਤ ਸਿੰਘ ਤੂਰ***

---

ਜਹਾਨ ਸਾਰਾ ਲੱਗੇ ਚੰਗਾ
ਜਦੋਂ ਧੀਆਂ ਹੱਸਣ ਹਸਾਣ।
ਸਾਲ ਛਿਮਾਹੀ ਇਕੱਠੀਆਂ ਹੋ
ਖੁਸ਼ੀ 'ਚ ਫੂਲੀਆਂ ਨਾ ਸਮਾਉਣ।
ਲੈ ਚੰਗੀ ਸਿੱਖਿਆ ਤੇ ਸੰਸਕਾਰ
ਕੁੜੀਆਂ ਚਿੜੀਆਂ ਪਿਛੋਕਿਆਂ ਦਾ
ਨਾਮ ਰੌਸ਼ਨ ਕਰਦੀਆਂ
ਜਿਥੇ ਵਿਆਹ ਕੇ ਜਾਣ।

***-ਜਗਜੀਤ ਕੌਰ ਤੂਰ ਚੰਡੀਗੜ੍ਹ***

---

ਭੈਣੇ ਚਿਰ ਹੋਇਆ ਵਿਛੜਿਆਂ ਨੂੰ
ਆ ਗਲਵੱਕੜੀ ਪਾਈਏ।
ਵੱਡੀ ਕਹਿੰਦੀ, ਨੀ ਨਿੱਕੀਏ
ਆ ਦੁੱਖ-ਸੁੱਖ ਵੰਡਾਈਏ।

***-ਗੋਰਾ ਪ੍ਰਜਾਪਤ, ਨਿਊ ਯਾਰਕ***

# ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਨੂੰ ਹਰਿਆ-ਭਰਿਆ ਬਣਾਉਣ ਦੀ ਯੋਜਨਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਨੂੰ ਹਰਿਆ-ਭਰਿਆ ਬਣਾਉਣ ਤੇ ਪ੍ਰਦੂਸ਼ਣ ਤੋਂ ਬਚਾਉਣ ਲਈ ਹੁਣ ਇਥੇ 'ਵਰਟੀਕਲ



ਗਾਰਡਨ' ਸਥਾਪਤ ਕਰਨ ਦੀ ਯੋਜਨਾ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਮੈਨ ਐਸ.ਐਸ. ਮਰਵਾਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਏ ਸਨ। ਇਸ ਦੌਰਾਨ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਪ੍ਰਦੂਸ਼ਣ ਤੋਂ ਬਚਾਅ ਲਈ ਕੁਝ ਸੁਝਾਅ ਦਿੱਤੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ 'ਵਰਟੀਕਲ ਗਾਰਡਨ' ਉਸਾਰਿਆ ਜਾਵੇ, ਜੋ ਕਿ ਪ੍ਰਦੂਸ਼ਣ ਦੀ ਰੋਕਥਾਮ ਵਿਚ ਮਦਦ ਕਰੇਗਾ।

ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਇਸ ਇਲਾਕੇ ਨੂੰ ਵਧੇਰੇ ਹਰਿਆ ਭਰਿਆ ਬਣਾਉਣ ਲਈ ਯਤਨਸ਼ੀਲ ਹੈ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਵਿਸ਼ੇਸ਼ ਪਾਰਕ ਵੀ ਸਥਾਪਤ ਕੀਤਾ ਜਾ ਰਿਹਾ ਹੈ। 'ਵਰਟੀਕਲ ਗਾਰਡਨ' ਦੇ ਸੁਝਾਅ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਆਖਿਆ ਕਿ ਇਸ ਸੁਝਾਅ ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਰੱਖਿਆ ਜਾਵੇਗਾ ਤੇ ਪ੍ਰਵਾਨਗੀ ਲੈਣ ਪਿੱਛੋਂ ਇਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਪ੍ਰਵਾਨਗੀ ਮਿਲਣ ਪਿੱਛੋਂ ਮਾਹਿਰਾਂ ਦੀ ਰਾਏ ਵੀ ਲਈ ਜਾਵੇਗੀ।

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੀਫ ਇੰਜੀਨੀਅਰ ਜੀ.ਐਸ. ਮਜੀਠੀਆ ਨੇ ਆਖਿਆ ਕਿ ਜੇ ਸ਼੍ਰੋਮਣੀ ਕਮੇਟੀ ਇਸ ਯੋਜਨਾ ਨੂੰ ਮਨਜ਼ੂਰੀ ਦਿੰਦੀ ਹੈ ਤਾਂ ਬੋਰਡ ਵੱਲੋਂ ਇਸ ਮਾਮਲੇ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਵਿਭਾਗ ਦੇ ਮਾਹਿਰਾਂ ਦੀ ਮਦਦ ਲਈ ਜਾਵੇਗੀ। ਸ਼੍ਰੋਮਣੀ ਕਮੇਟੀ ਨੂੰ ਵਰਟੀਕਲ ਗਾਰਡਨ ਦੀ ਸਥਾਪਨਾ ਲਈ ਇਮਾਰਤਾਂ ਦੀ ਸ਼ਨਾਖਤ ਲਈ ਆਖਿਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਹਰੀ ਪੱਟੀ ਉਸਾਰਨ ਲਈ ਲਗਭਗ 3 ਕਰੋੜ ਰੁਪਏ ਦੀ ਲਾਗਤ ਨਾਲ ਵਿਸ਼ੇਸ਼ ਬਾਗ ਸਥਾਪਤ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੇ ਸਾਹਮਣੇ ਸਥਾਪਤ ਦੋ ਬਾਗਾਂ ਨੂੰ ਇਸ ਉਦੇਸ਼ ਲਈ ਵਰਤਿਆ ਜਾਵੇਗਾ। ਲਗਭਗ 2 ਏਕੜ ਜ਼ਮੀਨ ਉਤੇ ਇਹ ਬਾਗ ਸਥਾਪਤ ਹੋਣਗੇ। ਡਾ. ਰੂਪ ਸਿੰਘ ਨੇ ਦੱਸਿਆ ਕਿ ਇਸ ਦੀ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ, ਜਿਨ੍ਹਾਂ ਵੱਲੋਂ ਅਹਿਮਦਾਬਾਦ ਦੀ ਇਕ ਕੰਪਨੀ ਦੇ ਮਾਹਿਰਾਂ ਦੀ ਮਦਦ ਲਈ ਜਾ ਰਹੀ ਹੈ। ਇਸ ਵਿਸ਼ੇਸ਼ ਬਾਗ ਵਿਚ ਲਗਭਗ 600 ਕਿਸਮ ਦੇ ਬੂਟੇ ਹੋਣਗੇ, ਜਿਨ੍ਹਾਂ ਵਿਚ ਹਰ ਰੁੱਤ ਦੇ ਫੁੱਲ ਵੀ ਸ਼ਾਮਲ ਹੋਣਗੇ। ਇਥੇ ਫੁਹਾਰੇ ਵੀ ਸਥਾਪਤ ਹੋਣਗੇ। ਇਹ ਬਾਗ ਗੁਰੂ ਘਰ ਦੀ ਸੁੰਦਰਤਾ, ਸਜਾਵਟ, ਸੁਗੰਧੀ ਅਤੇ ਸਵੱਛਤਾ ਵਿਚ ਵਾਧਾ ਕਰੇਗਾ।

ਇਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਹਰੀ ਪੱਟੀ ਦੀ ਘਾਟ ਹੈ ਜਦੋਂਕਿ ਇਸ ਦੇ ਆਲੇ ਦੁਆਲੇ ਗਲਿਆਰਾ ਬਣਾਇਆ ਗਿਆ ਹੈ, ਜਿਸ ਵਿਚ ਹਰੀ ਪੱਟੀ ਉਸਾਰੀ ਗਈ ਹੈ। ਵਰਟੀਕਲ ਗਾਰਡਨ ਯੋਜਨਾ ਹੇਠ ਮਿਸਾਲ ਵਜੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀਆਂ ਕੁਝ ਇਮਾਰਤਾਂ ਉਤੇ ਵੀ ਇਸ ਯੋਜਨਾ ਨੂੰ ਲਾਗੂ ਕੀਤਾ ਜਾ ਸਕਦਾ ਹੈ।

# ਪੰਜਾਬ 'ਚ ਪੋਸਤ ਦੀ ਖੇਤੀ ਲਈ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਵਿਚ ਪੋਸਤ ਦੀ ਖੇਤੀ ਦੇ ਹੱਕ ਵਿਚ ਲਾਮਬੰਦੀ ਸ਼ੁਰੂ ਹੋ ਗਈ ਹੈ। ਪੰਜਾਬ ਦੇ ਕਈ ਜ਼ਿਲ੍ਹਿਆਂ 'ਚੋਂ ਕਿਸਾਨਾਂ ਨੇ ਸੂਬੇ ਵਿਚ ਅਫੀਮ ਦੀ ਖੇਤੀ ਨੂੰ ਕਾਨੂੰਨੀ ਮਾਨਤਾ ਦੇਣ ਲਈ ਨਾਰਕੋਟਿਕ ਡਰੱਗਜ਼ ਐਂਡ ਸਾਇਕੋਟ੍ਰੋਫਿਕ ਸਬਸਟਾਨਸਸ ਬਿੱਲ 'ਚ ਸੋਧ ਦੀ ਮੰਗ ਕਰਦਿਆਂ ਰੈਲੀ ਕੱਢੀ। ਦੋ ਸਾਲ ਪਹਿਲਾਂ ਸਦਨ 'ਚ ਇਸ ਮੁੱਦੇ ਉਤੇ ਬਿੱਲ ਪੇਸ਼ ਕਰਨ ਵਾਲੇ ਡਾ. ਧਰਮਵੀਰ ਗਾਂਧੀ ਨੇ ਇਸ ਰੈਲੀ ਦੀ ਅਗਵਾਈ ਕੀਤੀ। ਰੈਲੀ 'ਚ ਕਿਰਤੀ ਕਿਸਾਨ ਯੂਨੀਅਨ, ਬੀ.ਕੇ.ਯੂ. ਲੱਖੋਵਾਲ, ਤੇ ਬੀ.ਕੇ.ਯੂ. ਮਾਨ ਦੇ ਲਗਭਗ 3000 ਕਿਸਾਨਾਂ ਨੇ ਹਿੱਸਾ ਲਿਆ।

ਡਾ. ਗਾਂਧੀ ਨੇ ਦਾਅਵਾ ਕੀਤਾ ਕਿ ਸੂਬੇ 'ਚ ਨੌਜਵਾਨ ਸਿੰਥੈਟਿਕ ਨਸ਼ਾ ਲੈਂਦੇ ਹਨ ਜੋ ਜਾਨਲੇਵਾ ਹੈ। ਉਨ੍ਹਾਂ ਕਿਹਾ ਕਿ ਅਫੀਮ ਦੀ ਖੇਤੀ 'ਤੇ ਵਿਕਰੀ ਨੂੰ ਕਾਨੂੰਨੀ ਮਾਨਤਾ ਮਿਲਣ ਨਾਲ ਨਾ ਸਿਰਫ ਉਨ੍ਹਾਂ ਦੀਆਂ ਜਾਨਾਂ ਬਚਣਗੀਆਂ ਸਗੋਂ ਅਪਰਾਧਕ ਗਤੀਵਿਧੀਆਂ 'ਚ ਵੀ ਕਮੀ ਹੋਵੇਗੀ। ਉਨ੍ਹਾਂ ਕਿਹਾ ਕਿ ਸਾਲ 1957 ਤੱਕ ਕਾਨੂੰਨੀ ਤੌਰ ਉਤੇ ਅਫੀਮ ਦੀ ਖੇਤੀ ਹੁੰਦੀ ਸੀ। ਲੋਕ ਡੋਡੇ ਤੇ ਅਫੀਮ ਦਾ ਸੇਵਨ ਵੀ ਕਰਦੇ ਸਨ ਪਰ ਕਦੇ ਕੋਈ ਮੌਤ ਦੀ ਖਬਰ ਨਹੀਂ ਸੁਣੀ ਸੀ। ਜਦੋਂ ਤੋਂ ਇਨ੍ਹਾਂ ਰਵਾਇਤੀ ਨਸ਼ਿਆਂ ਉਤੇ ਪਾਬੰਦੀ ਲਾਈ ਗਈ ਤੇ ਨੌਜਵਾਨ ਸਿੰਥੈਟਿਕ ਨਸ਼ਿਆਂ ਦੇ ਆਦੀ ਹੋ ਗਏ ਜੋ ਕਈ ਜਾਨਾਂ ਦਾ ਖੌਅ ਬਣਿਆ।

ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਉਹ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲੇ ਸਨ। ਉਨ੍ਹਾਂ ਭਰੋਸਾ ਜਤਾਇਆ ਸੀ ਕਿ ਉਹ ਇਸ ਸੁਝਾਅ ਉਤੇ ਗੌਰ ਕਰਨਗੇ। ਮਤੇ 'ਚ ਐਨ.ਡੀ.ਪੀ.ਐਸ. ਐਕਟ 'ਚ ਸੋਧ ਕਰਨਾ, ਅਫੀਮ ਦੀ ਖੇਤੀ ਤੇ ਵਿਕਰੀ ਨੂੰ ਕਾਨੂੰਨੀ ਮਾਨਤਾ, ਨਸ਼ੇ ਦੇ ਆਦੀਆਂ ਦਾ ਮਰੀਜ਼ਾਂ ਦੇ ਤੌਰ ਉਤੇ ਇਲਾਜ, ਨਸ਼ੇ ਦੇ ਵਪਾਰ 'ਚ ਲੱਗੇ ਸਿਆਸਤਦਾਨਾਂ, ਪੁਲਿਸ ਵਾਲਿਆਂ ਤੇ ਨਸ਼ਾ ਤਸਕਰਾਂ ਦੀ ਮਿਲੀਭੁਗਤ ਦੀ ਜਾਂਚ ਕਿਸੇ ਆਜ਼ਾਦ ਏਜੰਸੀ ਤੋਂ ਕਰਵਾਉਣ ਦੀ ਮੰਗ ਸ਼ਾਮਲ ਹਨ।

# ਪੰਜਾਬ 'ਚ ਨਸ਼ੇ ਦੀ ਤੋਟ ਕਾਰਨ ਮੌਤਾਂ ਦੇ ਦਿਲ ਕੰਬਾਊ ਅੰਕੜੇ

**ਚੰਡੀਗੜ੍ਹ:** ਪੰਜਾਬ ਵਿਚ ਨੌਜਵਾਨ ਆਏ ਦਿਨ ਨਸ਼ਿਆਂ ਦੀ ਬਲੀ ਚੜ੍ਹ ਰਹੇ ਹਨ। ਅੰਕੜਿਆਂ ਮੁਤਾਬਕ ਪੰਜਾਬ ਵਿਚ 9 ਲੱਖ ਲੋਕ ਨਸ਼ਾ ਕਰਕੇ ਹਨ। ਇਨ੍ਹਾਂ ਵਿਚੋਂ 3.5 ਲੱਖ ਲੋਕ ਅਡਿਕਟਿਡ ਹਨ। ਸੂਬੇ ਅੰਦਰ ਨਸ਼ਿਆਂ ਤੇ ਇਨ੍ਹਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਨਾਲ ਹਰ ਮਹੀਨੇ 112 ਜਣਿਆਂ ਦੀ ਮੌਤ ਹੋ ਰਹੀ ਹੈ।

'ਦੈਨਿਕ ਭਾਸਕਰ' ਨੇ ਦੋ ਰਿਸਰਚ ਰਿਪੋਰਟਾਂ, 1000 ਪੀੜਤਾਂ ਪਰਿਵਾਰ, ਨਸ਼ਾ ਮੁਕਤੀ ਕੇਂਦਰ, ਓਟ ਸੈਂਟਰ ਤੇ ਮਨੋਵਿਗਿਆਨੀਆਂ ਨਾਲ ਗੱਲ ਕਰਕੇ ਪਤਾ ਲਾਇਆ ਕਿ ਨਸ਼ੇ ਦੀ ਵਜ੍ਹਾ ਕਾਰਨ ਕਈ ਘਰ ਉੱਜੜ ਗਏ ਹਨ। ਇਕ ਹੀ ਸਰਿੰਜ ਨਾਲ ਨਸ਼ਾ ਲੈਣ ਕਰਕੇ ਏਡਜ਼ ਤੇ ਹੈਪੇਟਾਈਟਸ-3 ਵਰਗੀਆਂ ਬਿਮਾਰੀਆਂ ਫੈਲ ਰਹੀਆਂ ਹਨ। ਐਨ.ਸੀ.ਬੀ. ਦੀ ਰਿਪੋਰਟ ਮੁਤਾਬਕ ਪਿਛਲੇ 10 ਸਾਲਾਂ ਦੌਰਾਨ (2007-17) ਭਾਰਤ ਵਿਚ 25 ਹਜ਼ਾਰ ਲੋਕਾਂ ਨੇ ਨਸ਼ੇ ਦੀ ਥੁੜ ਕਾਰਨ ਖੁਦਕੁਸ਼ੀ ਕਰ ਲਈ ਤੇ ਇਨ੍ਹਾਂ ਵਿਚੋਂ 74 ਫੀਸਦੀ ਮਾਮਲੇ ਪੰਜਾਬ ਦੇ ਹਨ। ਕਦੀ ਭਾਰਤੀ ਫੌਜ ਨੂੰ ਸਭ ਤੋਂ ਜ਼ਿਆਦਾ ਜਵਾਨ ਦੇਣ ਵਾਲਾ ਪੰਜਾਬ ਅੱਜ 6ਵੇਂ ਥਾਂ ਆ ਗਿਆ ਹੈ, ਕਿਉਂਕਿ ਇਥੋਂ ਦੇ ਨੌਜਵਾਨ ਸਰੀਰਕ ਯੋਗਤਾ ਵਿਚੋਂ ਫੇਲ੍ਹ ਹੋ ਰਹੇ ਹਨ।

ਨਸ਼ੇ ਕਰਨ ਵਾਲੇ ਬੰਦੇ ਦਾ ਸਰੀਰ ਤੇ ਦਿਮਾਗ ਉਸ ਉਤੇ ਨਿਰਭਰ ਹੋ ਜਾਂਦੇ ਹਨ। ਨਸ਼ੇ ਤੋਂ ਬਿਨਾਂ ਉਸ ਨੂੰ ਕੁਝ ਚੰਗਾ ਨਹੀਂ ਲੱਗਦਾ। ਨਸ਼ਾ ਨਾ ਮਿਲਣ ਕਾਰਨ ਸਰੀਰ ਵਿਚ ਦਰਦ, ਬੇਚੈਨੀ ਤੇ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਲਿਵਰ, ਗੁਰਦਿਆਂ ਤੇ ਦਿਲ ਉਤੇ ਇਸ ਦਾ ਬੁਰਾ ਅਸਰ ਪੈਂਦਾ ਹੈ। ਇਕ ਵਾਰ ਆਦਤ ਪੈ ਜਾਏ ਤਾਂ ਬਿਨਾਂ ਨਸ਼ਾ ਰਿਹਾ ਨਹੀਂ ਜਾਂਦਾ ਤੇ ਹੌਲੀ-ਹੌਲੀ ਬੰਦਾ ਮੌਤ ਵੱਲ ਧੱਕਿਆ ਜਾਂਦਾ ਹੈ।

## ਪੁਲਿਸ ਤੱਕ ਨਹੀਂ ਪੁੱਜਦੇ ਨਸ਼ੇ ਨਾਲ ਮੌਤ ਦੇ ਕੇਸ

ਨਸ਼ੇ ਨਾਲ ਖੁਦਕੁਸ਼ੀ ਦੀ ਗੱਲ ਕੀਤੀ ਜਾਵੇ ਤਾਂ 2012 ਵਿਚ 4 ਹਜ਼ਾਰ ਤੋਂ ਜ਼ਿਆਦਾ ਮਾਮਲੇ ਦਰਜ ਕੀਤੇ ਗਏ ਸਨ। 2013 ਵਿਚ ਇਨ੍ਹਾਂ ਦੀ ਗਿਣਤੀ 4500 ਹੋ ਗਈ ਸੀ। ਅੰਕੜਿਆਂ ਮੁਤਾਬਕ 2007 ਤੋਂ ਲੈ ਕੇ 2017 ਤੱਕ ਨਸ਼ਿਆਂ ਨਾਲ ਸਬੰਧਤ 25 ਹਜ਼ਾਰ ਤੋਂ ਜ਼ਿਆਦਾ



ਖੁਦਕੁਸ਼ੀਆਂ ਹੋਈਆਂ। ਨਸ਼ੇ ਦੀ ਆਦਤ ਜਾਂ ਸ਼ਰਾਬ ਦੀ ਵਜ੍ਹਾ ਨਾਲ ਜੋ ਖੁਦਕੁਸ਼ੀਆਂ ਥਾਣਿਆਂ 'ਚ ਦਰਜ ਹੁੰਦੀਆਂ ਹਨ, ਐਨ.ਸੀ.ਬੀ. ਉਨ੍ਹਾਂ ਦੇ ਆਧਾਰ ਉਤੇ ਹੀ ਅੰਕੜੇ ਤਿਆਰ ਕਰਦਾ ਹੈ, ਪਰ ਭਾਸਕਰ ਆਡਿਟ ਵਿਚ ਇਹ ਪਤਾ ਲੱਗਾ ਕਿ ਪੇਂਡੂ ਖੇਤਰਾਂ ਵਿਚ ਅਜਿਹੇ ਮਾਮਲੇ ਦਰਜ ਹੀ ਨਹੀਂ ਕਰਾਏ ਜਾਂਦੇ। ਨਸ਼ੇ ਕਾਰਨ ਹੋਣ ਵਾਲੀਆਂ ਮੌਤਾਂ ਦੇ 70 ਫੀਸਦੀ ਤੋਂ ਵੱਧ ਮਾਮਲੇ ਪੁਲਿਸ ਕੋਲ ਪੁੱਜਦੇ ਹੀ ਨਹੀਂ ਹਨ।

# ਇਜ਼ਰਾਈਲ ਦੇ ਖੇਤੀ ਵਿਗਿਆਨੀਆਂ ਨੇ ਪੰਜਾਬੀ ਕਿਸਾਨਾਂ ਲਈ ਜਗਾਈ ਨਵੀਂ ਆਸ

**ਸੰਗਰੂਰ:** ਅੰਨ੍ਹੇਵਾਹ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਾਰਨ ਦਿਨੋਂ ਦਿਨ ਵਧ ਰਹੀ ਖੇਤੀ ਲਾਗਤ ਦੇ ਬੋਝ ਹੇਠ ਦੱਬੇ ਪੰਜਾਬ ਦੇ ਕਿਸਾਨ ਲਈ ਉਮੀਦਾਂ ਦੇ ਨਵੇਂ ਰਾਹ ਖੋਲ੍ਹਦਿਆਂ ਇਜ਼ਰਾਈਲ ਦੇ ਖੇਤੀ ਵਿਗਿਆਨੀਆਂ ਨੇ ਪਿੰਡ ਹੈਦਰਨਗਰ ਵਿਚ ਸਿਰਫ 10 ਕਿੱਲੋ ਯੂਰੀਆ ਖਾਦ ਨਾਲ ਉਗਾਈ ਬਾਸਮਤੀ ਝੋਨੇ ਦੀ ਫਸਲ ਦਾ ਨੇੜਲੇ ਖੇਤ ਵਿਚ ਡੇਢ ਕੁਇੰਟਲ ਯੂਰੀਏ ਨਾਲ ਉਗਾਈ ਫਸਲ ਨਾਲ ਮੁਕਾਬਲਾ ਕਰ ਕੇ ਸਾਬਤ ਕਰ ਦਿੱਤਾ ਕਿ ਪੰਜਾਬ ਦੀ ਧਰਤੀ ਅਤੇ ਪੌਣ ਪਾਣੀ ਹਾਲੇ ਵੀ ਮਾਮੂਲੀ ਲਾਗਤ ਨਾਲ ਵਧੇਰੇ ਉਤਪਾਦਨ ਕਰਨ ਦੇ ਸਮਰੱਥ ਹੈ।

ਇਸ ਸਬੰਧੀ ਮੁੱਖ ਖੇਤੀ ਅਫਸਰ ਸੰਗਰੂਰ ਡਾ. ਬਲਦੇਵ ਸਿੰਘ ਅਤੇ ਡਾ. ਹਰੀਪਾਲ ਸਿੰਘ ਕਸਬਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਜ਼ਰਾਈਲ ਨਾਲ ਖੇਤੀਬਾੜੀ ਅੰਦਰ ਨਵੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰ ਕੇ ਵਧੇਰੇ ਖੇਤੀ ਉਤਪਾਦਨ ਵਧਾਉਣ ਲਈ ਸਮਝੌਤੇ ਤਹਿਤ ਸ਼ੁਰੂ ਕੀਤੇ ਸਮਾਰਟ ਫਾਰਮਿੰਗ ਸਲਿਊਸ਼ਨ ਅਧੀਨ ਇਜ਼ਰਾਈਲ ਦੇ ਖੇਤੀ ਵਿਗਿਆਨੀ ਡਾ. ਆਮਿਰ ਅਤੇ ਡਾ. ਐਰਿਕ ਮਾਲਟਾਨ ਵੱਲੋਂ ਸਥਾਨਕ ਖੇਤੀ ਅਧਿਕਾਰੀਆਂ ਨੂੰ ਨਾਲ ਲੈ ਕੇ ਪਿੰਡ ਹੈਦਰਨਗਰ ਵਿਚ ਕਿਸਾਨ ਹਰਵਿੰਦਰ ਸਿੰਘ ਗਰੇਵਾਲ ਦੇ ਖੇਤ ਵਿਚ ਇਕ ਏਕੜ ਪਲਾਟ 'ਚ ਬਾਸਮਤੀ ਝੋਨੇ ਦੀ ਫਸਲ ਬਿਜਾਈ ਗਈ।

ਡਾ. ਬਲਦੇਵ ਸਿੰਘ ਮੁਤਾਬਕ ਇਜ਼ਰਾਈਲੀ ਵਿਗਿਆਨੀਆਂ ਵੱਲੋਂ ਬਿਜਾਏ ਝੋਨੇ ਦੀ ਫਸਲ ਵਿਚ ਸਿਰਫ 10 ਕਿੱਲੋ 280 ਗਰਾਮ ਯੂਰੀਆ ਅਤੇ ਛੇ ਕਿੱਲੋ ਗਰਾਮ ਡੀ.ਏ.ਪੀ. ਖਾਦ ਪਾਈ ਗਈ ਜਦਕਿ ਰਵਾਇਤੀ ਢੰਗ ਨਾਲ ਬੀਜੇ ਝੋਨੇ ਵਿਚ ਕਿਸਾਨ ਨੇ ਡੇਢ ਕੁਇੰਟਲ ਯੂਰੀਆ ਖਾਦ ਪਾਈ।

ਹੁਣ ਦੋ ਮਹੀਨਿਆਂ ਬਾਅਦ ਜਦੋਂ ਦੋਵੇਂ ਖੇਤਾਂ ਦੀ ਖੜ੍ਹੀ ਫਸਲ ਦਾ ਮੁਕਾਬਲਾ ਕੀਤਾ ਗਿਆ ਤਾਂ ਇਜ਼ਰਾਈਲੀ ਵਿਗਿਆਨੀਆਂ ਦੀ ਨਜ਼ਰਸਾਨੀ ਹੇਠ ਮਾਮੂਲੀ ਖਾਦ ਨਾਲ ਉਗਾਈ ਫਸਲ ਡੇਢ ਕੁਇੰਟਲ ਯੂਰੀਏ ਵਾਲੀ ਫਸਲ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪੀ.ਏ.ਯੂ. ਦੇ ਖੇਤੀ ਵਿਗਿਆਨੀਆਂ ਅਤੇ ਖੇਤੀਬਾੜੀ ਵਿਭਾਗ ਦੇ ਸਥਾਨਕ ਅਧਿਕਾਰੀਆਂ ਦੀ ਸਲਾਹ ਅਤੇ ਸਿਫਾਰਸ਼ ਨਾਲ ਹੀ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਨ।

# ਸ਼੍ਰੋਮਣੀ ਕਮੇਟੀ ਦੇ ਫਾਰਗ ਮੁਲਾਜ਼ਮਾਂ ਨੇ ਫੜਿਆ ਸੰਘਰਸ਼ ਦਾ ਰਾਹ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁਝ ਸਮਾਂ ਪਹਿਲਾਂ ਫਾਰਗ ਕੀਤੇ 523 ਮੁਲਾਜ਼ਮਾਂ ਨੇ ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਬਾਹਰ ਰੋਸ ਵਿਖਾਵਾ ਕੀਤਾ ਅਤੇ ਨੌਕਰੀ ਉਤੇ ਮੁੜ ਰੱਖਣ ਦੀ ਮੰਗ ਨੂੰ ਲੈ ਕੇ ਇਕ ਮੰਗ ਪੱਤਰ ਵੀ ਸੌਂਪਿਆ ਹੈ। ਵਿਖਾਵਾਕਾਰੀਆਂ ਨੇ ਆਖਿਆ ਕਿ ਫਾਰਗ ਕੀਤੇ 523 ਮੁਲਾਜ਼ਮਾਂ ਦੀ ਸੇਵਾ ਬਹਾਲ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਮੰਗ ਪੱਤਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਮੁਤਾਬਕ ਦਸ ਹਜ਼ਾਰ ਤੋਂ ਘੱਟ ਤਨਖਾਹ ਵਾਲੇ ਮੁਲਾਜ਼ਮਾਂ ਦੀ ਸ਼੍ਰੇਣੀ ਵਿਚ ਭਰਤੀ ਕੀਤਾ ਗਿਆ ਸੀ, ਜਿਨ੍ਹਾਂ ਨੂੰ 31 ਮਾਰਚ ਨੂੰ ਬਿਨਾ ਕਿਸੇ ਕਾਰਨ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ।



ਉਨ੍ਹਾਂ ਦਾਅਵਾ ਕੀਤਾ ਕਿ ਇਹ ਮੁਲਾਜ਼ਮ ਨਿਯਮਾਂ ਮੁਤਾਬਕ ਭਰਤੀ ਕੀਤੇ ਗਏ ਸਨ ਅਤੇ ਇਨ੍ਹਾਂ ਦੀਆਂ ਸੇਵਾਵਾਂ ਨੂੰ ਮੁੜ ਬਹਾਲ ਕੀਤਾ ਜਾਵੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਪ੍ਰਸ਼ਾਸਨ ਨੂੰ ਭਰੋਸਾ ਦਿੱਤਾ ਕਿ ਇਸ ਮਾਮਲੇ ਵਿਚ ਜਿਨ੍ਹਾਂ ਵਿਅਕਤੀਆਂ ਨੇ ਅਦਾਲਤ ਵਿਚ ਕੇਸ ਦਾਇਰ ਕੀਤੇ ਹਨ, ਉਹ ਆਪਣੇ ਕੇਸ ਵੀ ਵਾਪਸ ਲੈ ਲੈਣਗੇ। ਇਸ ਮੌਕੇ ਲਗਭਗ 3 ਘੰਟੇ ਤੋਂ ਵੱਧ ਸਮਾਂ ਧਰਨਾ ਦਿੱਤਾ ਗਿਆ। ਦੱਸਣਯੋਗ ਹੈ ਕਿ ਇਹ ਮੁਲਾਜ਼ਮ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਵੇਲੇ ਭਰਤੀ ਕੀਤੇ ਗਏ ਸਨ ਅਤੇ ਨਵੇਂ ਨਿਜ਼ਾਮ ਦੇ ਆਉਣ ਮਗਰੋਂ ਇਨ੍ਹਾਂ ਨੂੰ ਫਾਰਗ ਕਰ ਦਿੱਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਆਪਣੀ ਮੰਗ ਸਬੰਧੀ ਤਖਤੀਆਂ ਵੀ ਚੁੱਕੀਆਂ ਹੋਈਆਂ ਸਨ।

# ਕੈਪਟਨ ਨੇ 31 ਹਜ਼ਾਰ ਕਰੋੜ ਦੇ ਨਿਬੇੜੇ ਲਈ ਜੇਤਲੀ ਕੋਲ ਕੀਤੀ ਪਹੁੰਚ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਣਕ ਤੇ ਝੋਨੇ ਦੀ ਖਰੀਦ ਸਬੰਧੀ ਅਨਾਜ ਖਾਤੇ ਦੇ 31,000 ਕਰੋੜ ਰੁਪਏ ਦੇ ਤੁਰਤ ਨਿਬੇੜੇ ਲਈ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੋਂ ਨਿੱਜੀ ਦਖਲ ਦੀ ਮੰਗ ਕੀਤੀ ਹੈ।

ਸ੍ਰੀ ਜੇਤਲੀ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਮੀਟਿੰਗ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ 31,000 ਕਰੋੜ ਰੁਪਏ ਦੀ ਰਾਸ਼ੀ ਵਿਚ 12,000 ਕਰੋੜ ਰੁਪਏ ਮੂਲ ਰਾਸ਼ੀ ਹੈ ਜਦਕਿ ਇਸ ਉਤੇ 19,000 ਕਰੋੜ ਰੁਪਏ ਵਿਆਜ ਦੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਵਿੱਤੀ ਬੋਝ ਦਾ ਸਾਹਮਣਾ ਕਰ ਰਹੇ ਪੰਜਾਬ 'ਤੇ ਇਹ ਇਕ ਹੋਰ ਬੋਝ ਹੈ। ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਉਹ ਇਸ ਮੁੱਦੇ ਨੂੰ ਵਾਰ-ਵਾਰ ਉਠਾਉਂਦੇ ਰਹੇ ਹਨ ਅਤੇ ਹੁਣ ਇਹ ਮੁੱਦਾ ਕੇਂਦਰੀ ਵਿੱਤ ਮੰਤਰੀ ਦੇ ਫੈਸਲੇ ਲਈ ਅੜਿਆ ਪਿਆ ਹੈ। ਉਨ੍ਹਾਂ ਦੱਸਿਆ ਕਿ ਸੂਬਾ ਪਹਿਲਾਂ ਹੀ 3240 ਕਰੋੜ ਰੁਪਏ ਦੇ ਸਾਲਾਨਾ ਵਿਆਜ ਭੁਗਤਾਨ ਦੀ ਦੇਣਦਾਰੀ ਦਾ ਸਾਹਮਣਾ ਕਰ ਰਿਹਾ ਹੈ ਅਤੇ 20 ਸਾਲ ਦੇ ਭੁਗਤਾਨ ਸਮੇਂ ਦੌਰਾਨ ਇਹ ਰਾਸ਼ੀ 65,000 ਕਰੋੜ ਰੁਪਏ ਤੱਕ ਪਹੁੰਚ ਜਾਵੇਗੀ ਜੋ ਸੂਬੇ ਲਈ ਪੂਰੀ ਤਰ੍ਹਾਂ ਗੈਰ ਤਰਕਸੰਗਤ ਹੈ।

ਅਰੁਣ ਜੇਤਲੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਮਾਮਲੇ ਦਾ ਪੂਰੀ ਤਰ੍ਹਾਂ ਜਾਇਜ਼ਾ ਲੈਣਗੇ ਤੇ ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇ ਦੇ ਅਧਿਕਾਰੀਆਂ ਦੀ ਉਚ ਪੱਧਰੀ ਟੀਮ ਵਿਚਾਰ ਵਟਾਂਦਰੇ ਲਈ ਭੇਜਣ।

## ਚੀਫ ਖਾਲਸਾ ਦੀਵਾਨ ਦੀ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਮੁਲਤਵੀ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਵੱਲੋਂ ਨਵੰਬਰ 2018 ਵਿਚ ਕਰਵਾਈ ਜਾਣ ਵਾਲੀ 67ਵੀਂ ਸਿੱਖ ਵਿੱਦਿਅਕ ਕਾਨਫਰੰਸ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਹੈ।

ਇਸ ਗੱਲ ਦਾ ਫੈਸਲਾ ਦੀਵਾਨ ਦੇ ਪ੍ਰਧਾਨ ਡਾ. ਸੰਤੋਖ ਸਿੰਘ ਦੀ ਪ੍ਰਧਾਨਗੀ 'ਚ ਇਥੇ ਦੀਵਾਨ ਦੇ ਅਹੁਦੇਦਾਰਾਂ ਤੇ ਐਜੂਕੇਸ਼ਨ ਕਮੇਟੀ ਦੀ ਹੋਈ ਵਿਸ਼ੇਸ਼ ਇਕੱਤਰਤਾ 'ਚ ਲਿਆ ਗਿਆ। ਇਸ ਦੇ ਨਾਲ ਹੀ ਦੀਵਾਨ ਦੀ ਐਜੂਕੇਸ਼ਨ ਕਮੇਟੀ ਦੀ ਹੋਣ ਵਾਲੀ ਚੋਣ ਜੋ ਕਿ ਵਿੱਦਿਅਕ ਕਾਨਫਰੰਸ ਤੋਂ ਪਹਿਲਾਂ ਹੋਣੀ ਹੁੰਦੀ ਹੈ, ਨੂੰ ਵੀ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਨਫਰੰਸ ਉਤੇ ਚੋਣ ਮੁਲਤਵੀ ਕਰਨ ਦਾ ਫੈਸਲਾ ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ।

# ਬੇਅਦਬੀ 'ਤੇ ਬਹਿਸ: ਤਰਕ-ਵਿਤਰਕ ਅਤੇ ਨਤੀਜੇ

ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ 28 ਅਗਸਤ 2018 ਦਾ ਦਿਨ ਬੜਾ ਅਹਿਮ ਸੀ। ਦਰਸ਼ਕ ਗੈਲਰੀਆਂ ਖਚਾ-ਖਚ ਭਰੀਆਂ ਹੋਈਆਂ ਸਨ। ਲੋਕਾਂ ਦੀ ਦਿਲਚਸਪੀ ਦਾ ਹਾਲ ਇਹ ਸੀ ਕਿ ਇਨ੍ਹਾਂ ਗੈਲਰੀਆਂ ਵਿਚ ਜੋ ਸ਼ਖ਼ਸ ਇਕ ਵਾਰ ਬੈਠ ਗਿਆ, ਉਹ ਸਦਨ ਦੇ ਅਨਮਿਥੇ ਸਮੇਂ ਲਈ ਉਠਾਏ ਜਾਣ ਤੱਕ ਆਪਣੀ ਸੀਟ 'ਤੇ ਡਟਿਆ ਰਿਹਾ। ਸਭ ਦੀ ਦਿਲਚਸਪੀ ਦਾ ਮਰਕਜ਼ ਇਕ ਹੀ ਸੀ: ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ 'ਤੇ ਹੋਣ

ਬੀਰ ਦਵਿੰਦਰ ਸਿੰਘ
ਫੋਨ: 91-98140-33362

ਵਾਲੀ ਬਹਿਸ ਦਾ ਤਰਕ-ਵਿਤਰਕ ਕੀ ਰਹੇਗਾ ਅਤੇ ਇਸ ਬਹਿਸ ਦਾ ਫੈਸਲਾਕੁਨ ਸਿੱਟਾ ਕੀ ਹੋਵੇਗਾ। ਸੱਤ ਘੰਟੇ ਲੰਮੀ ਬਹਿਸ ਨੂੰ ਸਮੇਟਣ ਵੇਲੇ ਸਦਨ ਦੇ ਨੇਤਾ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਦਨ ਵਿਚ ਕੀ ਐਲਾਨ ਕਰਨਗੇ। ਇਹ ਐਲਾਨ ਹੀ ਦੇਸ਼-ਵਿਦੇਸ਼ ਵਿਚ ਵੱਸਦੇ ਸਮੁੱਚੇ ਸਿੱਖ ਜਗਤ ਦੀ ਉਤਸੁਕਤਾ ਦਾ ਕੇਂਦਰ ਬਿੰਦੂ ਸੀ।

ਲੋਕ ਮਨਾਂ ਅੰਦਰ ਦੂਜੀ ਗੰਭੀਰ ਉਤਸੁਕਤਾ ਇਹ ਵੀ ਸੀ ਕਿ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਜਵਾਹਰਸਿੰਘਵਾਲਾ ਦੇ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਚੋਰੀ ਅਤੇ ਬਰਗਾੜੀ ਪਿੰਡ ਦੀਆਂ ਗਲੀਆਂ ਵਿਚ ਖਿਲਰੇ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਚ ਰੋਸ ਪ੍ਰਗਟ ਕਰ ਰਹੀ ਸਿੱਖ ਸੰਗਤ ਉਤੇ ਪੁਲਿਸ ਦਾ ਲਾਠੀਚਾਰਜ ਅਤੇ ਬਿਨਾਂ ਭੜਕਾਹਟ, ਸੰਗਤ 'ਤੇ ਗੋਲੀ ਚਲਾ ਕੇ ਦੋ ਨੌਜਵਾਨਾਂ ਨੂੰ ਮਾਰ-ਮੁਕਾਉਣ ਦੇ ਸਮੁੱਚੇ ਮਾਮਲੇ ਉਤੇ ਸਦਨ ਵਿਚ ਨੁਮਾਇੰਦਾ ਸਿਆਸੀ ਪਾਰਟੀਆਂ ਦਾ ਤਰਕ ਕੀ ਹੋਵੇਗਾ; ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਜੋ ਉਸ ਵੇਲੇ ਗ੍ਰਹਿ ਮੰਤਰੀ ਸਨ ਅਤੇ ਸਾਰੀਆਂ ਘਟਨਾਵਾਂ ਦੀਆਂ ਸੂਖਮ ਤੰਦਾਂ ਤੋਂ ਭਲੀ ਭਾਂਤ ਜਾਣੂ ਸਨ। ਉਹ ਆਪਣੀ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੀ ਭੂਮਿਕਾ ਦਾ ਬਚਾਓ ਕਿਸ ਤਰਕ ਤੇ ਦਲੀਲ ਨਾਲ ਕਰਦੇ ਹਨ, ਲੋਕਾਂ ਦੀ ਰੁਚੀ ਇਸ ਗੱਲ 'ਤੇ ਵੀ ਕੇਂਦਰਿਤ ਸੀ।

ਸਦਨ ਵਿਚ ਪੇਸ਼ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਬਹਿਸ ਦਾ ਪਹਿਲਾ ਗੇੜ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਉਦੋਂ ਹੀ ਹਾਰ ਗਿਆ ਜਦੋਂ ਬਹਿਸ ਵਿਚ ਹਿੱਸਾ ਲੈਣ ਤੋਂ ਲਾਂਭੇ ਹੋ ਗਏ। ਬਹਾਨਾ ਇਹ ਬਣਾ ਲਿਆ ਕਿ ਅਕਾਲੀ ਦਲ ਦੇ ਮੈਂਬਰਾਂ ਲਈ ਬੋਲਣ ਦਾ ਸਮਾਂ ਘੱਟ ਰੱਖਿਆ ਗਿਆ ਸੀ; ਹਾਲਾਂਕਿ ਸਦਨ ਦੇ ਸਪੀਕਰ ਵਾਰ ਵਾਰ ਇਹ ਕਹਿੰਦੇ ਸੁਣਾਈ ਦੇ ਰਹੇ ਸਨ ਕਿ 'ਅਕਾਲੀ ਦਲ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਸਮੇਂ ਦੀ ਵੰਡ ਕਰਦਿਆਂ ਭਾਵੇਂ ਤੁਹਾਡੇ ਕੇਵਲ 14 ਮਿੰਟ ਹੀ ਬਣਦੇ ਹਨ, ਪਰ ਮੈਂ ਤੁਹਾਨੂੰ ਗੱਲ ਕਹਿਣ ਲਈ ਖੁੱਲ੍ਹਾ ਸਮਾਂ ਦੇਵਾਂਗਾ, ਸਦਨ ਦੀ ਬੈਠਕ ਭਾਵੇਂ ਸਾਰੀ ਰਾਤ ਚੱਲਦੀ ਰਹੇ'; ਪਰ ਸਪੀਕਰ ਦੇ ਇਸ ਭਰੋਸੇ ਨੂੰ ਦਰਕਿਨਾਰ ਕਰਦਿਆਂ ਉਹ ਪਹਿਲਾਂ ਮਿਥੀ ਕਾਰਜਨੀਤੀ ਅਨੁਸਾਰ ਸਦਨ ਤੋਂ ਬਾਹਰ ਚਲੇ ਗਏ ਅਤੇ ਸਦਨ ਤੋਂ ਬਾਹਰ ਆਪਣਾ ਵੱਖਰਾ ਰੋਸ ਪ੍ਰਗਟਾਵਾ ਕਰਨ ਨੂੰ ਤਰਜੀਹ ਦਿੱਤੀ।

ਸਦਨ ਵਿਚ ਹੋਈ ਬਹਿਸ ਦਾ ਨਿਵੇਕਲਾ ਪਹਿਲੂ ਇਹ ਵੀ ਸੀ ਕਿ ਸਪੀਕਰ ਨੇ ਸਾਰੇ ਮੈਂਬਰਾਂ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਸਮਾਂ ਦਿੱਤਾ। ਸਾਰੇ ਦੇ ਸਾਰੇ ਬਿਰਤਾਂਤ ਅਤੇ ਕਥਾਤਮਿਕ ਕਿੱਸਿਆਂ ਵਿਚ ਬਾਦਲ ਸਰਕਾਰ ਦੀਆਂ ਅਣਗਹਿਲੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤਾਂ ਦੇ ਜਥੇਦਾਰ ਤੇ ਉਨ੍ਹਾਂ ਦੀ ਨਕਾਰਾਤਮਿਕ ਭੂਮਿਕਾ, ਡੇਰਾ ਸਿਰਸਾ ਦੇ ਮੁਖੀ ਨਾਲ ਬਾਦਲ ਪਰਿਵਾਰ ਦੀ ਅੱਖ-ਮਚੋਲੀ, ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਤੇ ਸਿੱਖਾਂ ਦੀਆਂ ਸਰਵਉਚ ਧਾਰਮਿਕ ਸੰਸਥਾਵਾਂ 'ਚ ਆਈ ਗਿਰਾਵਟ, ਇਸ ਸਮੁੱਚੇ ਨਿਘਾਰ ਵਿਚ ਬਾਦਲ ਪਰਿਵਾਰ ਦੀ ਭੂਮਿਕਾ ਤੇ ਬਾਦਲਾਂ ਦੇ ਰਾਜ ਸਮੇਂ ਦਾ ਪੁਲਿਸ ਪ੍ਰਸ਼ਾਸਨ, ਇਹ ਸਾਰੇ ਮਸਲੇ ਬਹਿਸ ਦਾ ਕੇਂਦਰੀ ਬਿੰਦੂ ਬਣੇ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੈਂਬਰਾਂ ਦੀ ਗੈਰ ਹਾਜ਼ਰੀ ਕਾਰਨ ਸਾਰੀ ਬਹਿਸ ਇਕਪਾਸੜ ਰਹੀ। ਸਾਰੀ ਬਹਿਸ ਦੌਰਾਨ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੇਵਾ ਮੁਕਤ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਡੇਰਾ ਸਿਰਸਾ ਦੇ ਮੁਖੀ ਅਤੇ ਡੇਰਾ ਪ੍ਰੇਮੀ ਬਹਿਸ ਦੇ ਹਮਲਿਆਂ ਦਾ ਮਰਕਜ਼ ਬਣੇ ਰਹੇ।

ਇਹ ਪਹਿਲੀ ਵਾਰੀ ਦੇਖਣ ਵਿਚ ਆਇਆ ਹੈ ਕਿ ਕਾਂਗਰਸ ਪਾਰਟੀ ਵੱਲੋਂ ਜੋ ਮੰਤਰੀ ਅਤੇ ਵਿਧਾਨਕਾਰ ਇਸ ਬਹਿਸ ਵਿਚ ਹਿੱਸਾ ਲੈਣ ਲਈ ਚੁਣੇ ਗਏ, ਉਨ੍ਹਾਂ ਨੇ ਜਿੱਥੇ ਤਰਕ ਤੇ ਦਲੀਲ ਨਾਲ ਗੱਲ ਕੀਤੀ, ਨਾਲ ਹੀ ਢੁਕਵੇਂ ਇਤਿਹਾਸਕ ਹਵਾਲੇ ਤੇ ਧਾਰਮਿਕ ਪ੍ਰਸੰਗ ਵੀ ਭਾਵਪੂਰਤ ਢੰਗ ਨਾਲ ਪੇਸ਼ ਕੀਤੇ। ਬਹਿਸ ਦਾ ਆਰੰਭ ਪੱਟੀ ਤੋਂ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਸੂਖਮ ਲਹਿਜ਼ੇ ਨਾਲ ਸ਼ੁਰੂ ਕੀਤਾ ਅਤੇ ਹੌਲੀ ਹੌਲੀ ਦਲੀਲਾਂ ਤੇ ਇਤਿਹਾਸਕ ਹਵਾਲਿਆਂ ਨਾਲ ਪ੍ਰਭਾਵਸ਼ਾਲੀ ਸਿਖਰ ਤੱਕ ਲੈ ਗਏ ਜਿਸ ਨਾਲ ਸਦਨ ਵਿਚ ਕਮਿਸ਼ਨ ਦੀ ਰਿਪੋਰਟ 'ਤੇ ਹੋਣ ਵਾਲੀ ਬਹਿਸ ਵਿਚ ਬਾਦਲ ਪਰਿਵਾਰ ਦੀ ਸਿਆਸਤ ਦੀ ਤਿੱਖੀ ਆਲੋਚਨਾ ਦਾ ਮਾਹੌਲ ਸਿਰਜਿਆ ਗਿਆ। ਬੱਸ ਉਸ ਤੋਂ ਪਿੱਛੋਂ ਜਿੰਨੇ ਵੀ ਸਦਨ ਦੇ ਮੈਂਬਰ ਜਾਂ ਵਜ਼ੀਰ ਬੋਲੇ, ਉਹ ਸਭ ਇਸੇ ਧੁਨ 'ਤੇ ਪਹਿਰਾ ਦਿੰਦੇ ਗਏ। ਸੁਖਜਿੰਦਰ ਸਿੰਘ ਰੰਧਾਵਾ, ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ ਤੇ ਮਨਪ੍ਰੀਤ ਸਿੰਘ ਬਾਦਲ, ਇਨ੍ਹਾਂ ਸਾਰੇ ਵਜ਼ੀਰਾਂ ਨੇ ਮੌਜੂਦਾ ਹਾਲਾਤ ਦੇ ਕੁੱਝ ਬੜੇ ਹੀ ਮਹੱਤਵਪੂਰਨ ਤੇ ਅਤੀਤਦਰਸ਼ੀ ਪਹਿਲੂ ਉਘਾੜ ਕੇ ਪੇਸ਼ ਕੀਤੇ ਪਰ ਸਭ ਤੋਂ ਵੱਧ ਉਦਰੇਵਿਆਂ ਭਰਪੂਰ ਤੇ ਸੰਜੀਦਾ ਕਥਾਸਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੀਆਂ ਦਲੀਲਾਂ ਵਿਚ ਸੀ।

ਉਂਜ, ਸਰਕਾਰੀ ਅਤੇ ਵਿਰੋਧੀ ਧਿਰ ਦੇ ਹਰ ਬੁਲਾਰੇ ਦੇ ਮਨ ਦੀ ਵੇਦਨਾ ਵਿਚ ਇਹ ਸ਼ਿਕਵਾ ਤੇ ਸਵਾਲ ਜ਼ਰੂਰ ਸੀ ਕਿ ਕੈਪਟਨ ਅਮਰਿੰਦਰ ਸਿੰਘ ਨੇ ਇਸ ਰਿਪੋਰਟ ਨੂੰ ਮੰਤਰੀ ਮੰਡਲ ਦੀ ਮੀਟਿੰਗ ਵਿਚ ਵਿਚਾਰੇ ਜਾਣ ਤੋਂ ਬਿਨਾਂ ਹੀ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਭਾਰਤ ਸਰਕਾਰ ਦੀ ਪੜਤਾਲੀਆ ਏਜੰਸੀ ਸੀਬੀਆਈ ਦੇ ਹਵਾਲੇ ਕਰਨ ਦਾ ਆਪਹੁਦਰਾ ਐਲਾਨ ਪੱਤਰਕਾਰ ਸੰਮੇਲਨ ਵਿਚ ਆਖਿਰ ਕਿਸ ਵਜ੍ਹਾ ਕਾਰਨ ਕਰ ਦਿੱਤਾ ਸੀ। ਸਵਾਲ ਹੈ ਕਿ ਇਹ ਫੈਸਲਾ ਉਨ੍ਹਾਂ ਆਪਣੇ ਮੰਤਰੀ ਮੰਡਲ ਨੂੰ ਹਨੇਰੇ ਵਿਚ ਰੱਖ ਕੇ ਕਿਉਂ ਤੇ ਕਿਵੇਂ ਕੀਤਾ? ਕਮਿਸ਼ਨ ਦੀ ਪਹਿਲੀ ਰਿਪੋਰਟ ਤਕਰੀਬਨ 30 ਦਿਨ ਕਿਥੇ ਕਿਥੇ ਘੁੰਮਦੀ ਰਹੀ? ਸਰਗੋਸ਼ੀਆਂ ਤਾਂ ਇਹ ਵੀ ਹਨ ਕਿ ਇਹ ਰਿਪੋਰਟ ਵਿਸ਼ੇਸ਼ ਦੂਤ ਰਾਹੀਂ ਬਾਦਲ ਪਰਿਵਾਰ ਨੂੰ ਵੀ ਭੇਜੀ ਗਈ ਸੀ ਅਤੇ ਉਨ੍ਹਾਂ ਨਾਲ ਖੁਫੀਆ ਵਿਚਾਰ-ਚਰਚਾ ਮਗਰੋਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਜਾਂਚ ਸੀ.ਬੀ.ਆਈ. ਦੇ ਹਵਾਲੇ ਕੀਤੀ ਸੀ। ਇਸ ਸਮੁੱਚੇ ਮਾਮਲੇ ਵਿਚ ਬਹਿਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਕਿਤੇ ਨਾ ਕਿਤੇ ਅਲੱਗ-ਥਲੱਗ ਤੇ ਇਕੱਲੇ ਖੜ੍ਹੇ ਨਜ਼ਰ ਆ ਰਹੇ ਸਨ। ਸ਼ਾਇਦ ਇਸੇ ਲਈ ਸਾਰੇ ਸਹਿਯੋਗੀ ਮੰਤਰੀਆਂ ਨੇ ਯਕਜ਼ੁਬਾਨ ਹੋ ਕੇ ਇਹ ਮੰਗ ਵਾਰ ਵਾਰ ਬੜੇ ਜ਼ੋਰ ਨਾਲ ਉਠਾਈ ਕਿ ਸੀਬੀਆਈ ਹਵਾਲੇ ਕੀਤੀ ਜਾਂਚ ਵਾਪਸ ਲਈ ਜਾਵੇ ਅਤੇ ਪੰਜਾਬ ਸਰਕਾਰ ਦੀ ਦੇਖ-ਰੇਖ ਵਿਚ ਪੰਜਾਬ ਪੁਲਿਸ ਦੀ ਹੀ ਵਿਸ਼ੇਸ਼ ਜਾਂਚ ਟੀਮ ਮਿਥੇ ਸਮੇਂ ਅੰਦਰ ਇਸ ਦੀ ਬਣਦੀ ਤਫਤੀਸ਼ ਕਰੇ। ਮੁੱਖ ਵਿਰੋਧੀ ਧਿਰ ਵਜੋਂ ਵਿਚਰ ਰਹੀ ਆਮ ਆਦਮੀ ਪਾਰਟੀ ਅਤੇ ਉਨ੍ਹਾਂ ਦੇ ਨਾਰਾਜ਼ ਧੜੇ ਨੇ ਵੀ ਇਹ ਮੰਗ ਸਦਨ ਵਿਚ ਪੂਰੇ ਜ਼ੋਰ ਨਾਲ ਉਠਾਈ। ਇਹ ਮੰਗ ਹਰ ਪਾਸਿਓਂ ਇੰਨਾ ਜ਼ੋਰ ਫੜ ਗਈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਪ੍ਰਚੰਡ ਲੋਕ ਆਵਾਜ਼ ਦਾ ਸਨਮਾਨ ਕਰਦੇ ਹੋਏ ਉਤਕ ਆਪਣਾ ਫੈਸਲਾ ਬਦਲਣਾ ਪਿਆ। ਸਿੱਟੇ ਵਜੋਂ ਸਦਨ ਵਿਚ ਸਰਬਸੰਮਤੀ ਨਾਲ ਤਜਵੀਜ਼ ਪਾਸ ਕਰ ਦਿੱਤੀ ਗਈ ਕਿ ਜਾਂਚ ਤੁਰੰਤ ਸੀ.ਬੀ.ਆਈ. ਤੋਂ ਵਾਪਸ ਮੰਗਵਾ ਲਈ ਜਾਵੇ।



**ਸਦਨ ਵਿਚ ਹੋਈ ਬਹਿਸ ਦਾ ਨਿਵੇਕਲਾ ਪਹਿਲੂ ਇਹ ਵੀ ਸੀ ਕਿ ਸਪੀਕਰ ਨੇ ਸਾਰੇ ਮੈਂਬਰਾਂ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਸਮਾਂ ਦਿੱਤਾ। ਸਾਰੇ ਦੇ ਸਾਰੇ ਬਿਰਤਾਂਤ ਅਤੇ ਕਥਾਤਮਿਕ ਕਿੱਸਿਆਂ ਵਿਚ ਬਾਦਲ ਸਰਕਾਰ ਦੀਆਂ ਅਣਗਹਿਲੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤਾਂ ਦੇ ਜਥੇਦਾਰ ਤੇ ਉਨ੍ਹਾਂ ਦੀ ਨਕਾਰਾਤਮਿਕ ਭੂਮਿਕਾ, ਡੇਰਾ ਸਿਰਸਾ ਦੇ ਮੁਖੀ ਨਾਲ ਬਾਦਲ ਪਰਿਵਾਰ ਦੀ ਅੱਖ-ਮਚੋਲੀ, ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਤੇ ਸਿੱਖਾਂ ਦੀਆਂ ਸਰਵਉਚ ਧਾਰਮਿਕ ਸੰਸਥਾਵਾਂ 'ਚ ਆਈ ਗਿਰਾਵਟ, ਇਸ ਸਮੁੱਚੇ ਨਿਘਾਰ ਵਿਚ ਬਾਦਲ ਪਰਿਵਾਰ ਦੀ ਭੂਮਿਕਾ ਤੇ ਬਾਦਲਾਂ ਦੇ ਰਾਜ ਸਮੇਂ ਦਾ ਪੁਲਿਸ ਪ੍ਰਸ਼ਾਸਨ, ਇਹ ਸਾਰੇ ਮਸਲੇ ਬਹਿਸ ਦਾ ਕੇਂਦਰੀ ਬਿੰਦੂ ਬਣੇ।**

ਕਾਂਗਰਸ ਵਿਧਾਨ ਦਲ ਦੇ ਸਿੱਧੇ ਦਬਾਓ ਕਾਰਨ ਸਦਨ ਵਿਚ ਕੀਤੇ ਫੈਸਲਿਆਂ ਦੀ ਭਾਵੇਂ ਚਾਰੇ ਪਾਸਿਓਂ ਤਾਰੀਫ਼ ਹੋ ਰਹੀ ਹੈ, ਜਿਸ ਨਾਲ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਕਟਿਹਰੇ ਵਿਚ ਖੜ੍ਹਾ ਕਰਨ ਤੇ ਸਖਤ ਸਜ਼ਾਵਾਂ ਦਿਵਾਉਣ ਦੀ ਆਸ ਬੱਝ ਗਈ ਹੈ ਪਰ ਇਹ ਕੰਮ ਇੰਨਾ ਆਸਾਨ ਵੀ ਨਹੀਂ ਹੈ। ਇਸ ਸਮੁੱਚੇ ਮਾਮਲੇ ਦੀਆਂ ਹਾਲੇ ਵੀ ਅਣਗਿਣਤ ਪਰਤਾਂ ਹਨ ਜਿਨ੍ਹਾਂ 'ਤੇ ਆਉਣ ਵਾਲੇ ਦਿਨਾਂ ਵਿਚ ਖੂਬ ਸਿਆਸਤ ਹੋਵੇਗੀ। ਇਸ ਸਾਰੇ ਮਾਮਲੇ ਨੂੰ ਸੀ.ਬੀ.ਆਈ. ਦੇ ਠੰਢੇ ਬਸਤਿਆਂ ਵਿਚੋਂ ਬਾਹਰ ਕੱਢ ਲੈਣਾ ਵੀ ਇੰਨਾ ਆਸਾਨ ਕਾਰਜ ਨਹੀਂ। ਜਿਨ੍ਹਾਂ ਸਾਜ਼ਿਸ਼ੀ ਦਿਮਾਗਾਂ ਦੀ ਮਿਲੀਭੁਗਤ ਨਾਲ ਇਹ ਮਾਮਲੇ ਸੀ.ਬੀ.ਆਈ. ਦੇ ਠੰਢੇ ਬਸਤਿਆਂ ਵਿਚ ਪਾਏ ਗਏ ਹਨ, ਉਹ ਅੱਜ ਵੀ ਸਰਗਰਮ ਹਨ। ਇਸ ਲਈ ਤੌਖ਼ਲਾ ਹੈ ਕਿ

ਐਨ ਮੁਮਕਿਨ ਨਹੀਂ ਹਾਲਾਤ
ਕੀ ਗੁੱਥੀ ਸੁਲਝੇ
ਅਹਿਲ-ਏ-ਦਾਨਿਸ਼ ਨੇ
ਖ਼ੂਬ ਸੋਚ ਕੇ ਉਲਝਾਇਆ ਹੈ।

# ਬਾਦਲ ਦੀ ਤਲਖੀ ਬਨਾਮ ਡਰਾਵੇ ਦੀ ਸਿਆਸਤ

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅੱਜ ਕੱਲ੍ਹ ਬੜੀ ਤਲਖੀ ਵਿਚ ਹਨ। ਅਜਿਹਾ ਹੋਣਾ ਹੀ ਸੀ, ਕਿਉਂਕਿ ਸਮੁੱਚਾ ਸੂਬਾ ਇਸ ਗਲੋਂ ਪ੍ਰੇਸ਼ਾਨ ਹੈ ਕਿ ਬੇਹੱਦ ਗੰਭੀਰ ਮਸਲੇ ਬਾਰੇ ਕੋਈ ਪੁਣ-ਛਾਣ ਨਾ ਕਰਕੇ ਕਿਸ ਤਰ੍ਹਾਂ ਸਮੂਹਿਕ ਸੋਚ ਨੂੰ ਅਗਵਾ ਕੀਤਾ ਗਿਆ। ਉਨ੍ਹਾਂ ਦੀ ਸਰਕਾਰ ਨੇ ਤਕਰੀਬਨ ਦੋ ਸਾਲਾਂ ਤੱਕ ਕਿਸੇ ਨੂੰ ਇਤਬਾਰ ਵਾਲੀ ਕੋਈ ਅਜਿਹੀ ਸਫਾਈ ਤੱਕ

ਕੁਲਜੀਤ ਬੈਂਸ

ਨਹੀਂ ਦਿੱਤੀ ਕਿ ਬੇਅਦਬੀ ਮਾਮਲਿਆਂ ਦਾ ਬਣਿਆ ਕੀ ਸੀ ਤੇ ਜਿਸ ਦਾ ਨਤੀਜਾ ਬਹਿਬਲ ਕਲਾਂ ਵਿਚ ਦੋ ਨੌਜਵਾਨਾਂ ਦੀ ਮੌਤ ਦੇ ਰੂਪ ਵਿਚ ਨਿੱਕਲਿਆ ਸੀ। ਤੇ ਹੁਣ ਹਾਲ ਇਹ ਹੈ ਕਿ ਉਨ੍ਹਾਂ ਦੀ ਆਪਣੀ ਪਾਰਟੀ ਇਸ ਮਸਲੇ ਬਾਰੇ ਆਪਣਾ ਪੱਖ ਜਚਵੇਂ ਰੂਪ ਵਿਚ ਰੱਖਣ ਵਿਚ ਨਾਕਾਮ ਹੀ ਰਹੀ ਹੈ।

ਸ. ਬਾਦਲ ਦਾ ਦਾਅਵਾ ਹੈ ਕਿ ਉਨ੍ਹਾਂ ਗੋਲੀ ਦਾ ਹੁਕਮ ਨਹੀਂ ਸੀ ਦਿੱਤਾ। ਉਹ ਸ਼ਾਇਦ ਮਹਿਸੂਸ ਕਰਦੇ ਹਨ ਕਿ ਹੁਣ ਉਨ੍ਹਾਂ ਦੀ ਉਨ੍ਹਾਂ ਲੋਕਾਂ ਨੇ ਹੀ ਹੇਠੀ ਕਰਵਾਈ ਹੈ ਜਿਨ੍ਹਾਂ ਉਤੇ ਭਰੋਸਾ ਕੀਤਾ ਸੀ; ਜਿਹੜੇ ਉਨ੍ਹਾਂ ਦੇ ਮੁੱਖ ਮੰਤਰੀ ਹੁੰਦਿਆਂ ਉਦੋਂ ਪ੍ਰਸ਼ਾਸਨ ਤੇ ਪੁਲਿਸ ਨੂੰ ਚਲਾ ਰਹੇ ਸਨ; ਜਿਹੜੇ ਅਸਿੱਧੇ ਢੰਗ ਨਾਲ ਕੰਟਰੋਲ ਕੀਤੀਆਂ ਧਾਰਮਿਕ ਸੰਸਥਾਵਾਂ ਚਲਾ ਰਹੇ ਸਨ ਅਤੇ ਜਿਹੜੇ ਉਨ੍ਹਾਂ ਦੀ ਸਿਆਸੀ ਵਿਰਾਸਤ ਨੂੰ ਅੱਜ ਅਗਾਂਹ ਤੋਰ ਰਹੇ ਹਨ।

ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਬਹਿਬਲ ਕਲਾਂ ਵਿਚ ਉਸ ਰਾਤ ਹਾਲਾਤ ਕੰਟਰੋਲ ਹੇਠ ਰੱਖਣ ਲਈ ਆਪਣੇ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਉਤੇ ਯਕੀਨ ਕੀਤਾ ਜਾ ਸਕਦਾ ਹੈ ਪਰ ਉਹ ਰਾਤ ਤਾਂ ਉਨ੍ਹਾਂ ਦੀ ਅਗਵਾਈ ਹੇਠ ਚੱਲ ਰਹੇ ਪ੍ਰਸ਼ਾਸਨ ਦੀ ਪਿਛਲੇ ਦੋ ਮਹੀਨਿਆਂ ਦੀ ਨਾਲਾਇਕੀ ਦਾ ਸਿਖਰ ਸੀ। ਇਹ ਉਸ ਪੁਲਿਸ ਦੀ ਨਾਲਾਇਕੀ ਵੀ ਸੀ ਜਿਸ ਬਾਰੇ ਕਿਹਾ ਜਾ ਰਿਹਾ ਸੀ ਕਿ ਇਸ ਦੀ ਕਮਾਨ ਬੜੇ ਕਾਬਲ ਅਫ਼ਸਰਾਂ ਦੇ ਹੱਥਾਂ ਵਿਚ ਹੈ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਅਫ਼ਸਰਾਂ 'ਤੇ ਲੋਕ ਉਸ ਵੇਲੇ ਵੀ ਯਕੀਨ ਨਹੀਂ ਸਨ ਕਰ ਰਹੇ।

ਵਿਧਾਨ ਸਭਾ ਵਿਚ ਸੀਨੀਅਰ ਬਾਦਲ ਦੇ ਹੱਕ ਵਿਚ ਬੋਲਣ ਤੋਂ ਅਸਫ਼ਲ ਰਹੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਹੁਣ ਇਹ ਕਹਿਣਾ ਹੈ ਕਿ "ਝੂਠੀ" ਰਿਪੋਰਟ (ਜਸਟਿਸ ਰਣਜੀਤ ਸਿੰਘ ਕਮਿਸ਼ਨ) ਬਾਰੇ ਬਹਿਸ ਸੁਣਨ ਦਾ ਕੋਈ ਮਤਲਬ ਨਹੀਂ ਸੀ। ਇਹ ਬਿਆਨ ਇਹ ਸੰਕੇਤ ਦਿੰਦਾ ਹੈ ਕਿ ਸਪੀਕਰ ਵੱਲੋਂ ਪੂਰਾ ਸਮਾਂ ਨਾ ਦੇਣ ਬਾਰੇ ਉਨ੍ਹਾਂ ਵੱਲੋਂ ਪਹਿਲਾਂ ਲਾਇਆ ਬਹਾਨਾ ਮੁੱਦਾ ਹੀ ਨਹੀਂ ਸੀ; ਹੁਣ ਉਨ੍ਹਾਂ ਇਹ ਵੀ ਮੰਨ ਲਿਆ ਹੈ ਕਿ ਵਾਕਆਊਟ ਪਹਿਲਾਂ ਹੀ ਤੈਅ ਸੀ। ਇਸ ਲਈ, ਪਾਰਟੀ ਸਰਪ੍ਰਸਤ ਨੂੰ ਤਿਲਮਿਲਾਉਣ ਦਾ ਸੱਚੀਂ ਹੀ ਹੱਕ ਹੈ।

ਹੁਣ ਤਾਂ ਪਾਰਟੀ ਦੇ ਟਕਸਾਲੀ ਆਗੂ ਵੀ ਵਿਧਾਨ ਸਭਾ ਵਿਚ ਵਾਕਆਊਟ ਕਰਨ ਦੇ ਫ਼ੈਸਲੇ ਖਿਲਾਫ਼ ਬੋਲਣ ਲੱਗੇ ਹਨ। ਇੰਨੇ ਸਾਲ ਦੇ ਅਹਿਸਾਨਾਂ ਹੇਠ ਦੱਬੇ ਆਗੂਆਂ ਨੂੰ ਹੁਣ ਜੇ ਬੋਲਣ ਦਾ ਹੌਸਲਾ ਪਿਆ ਹੈ, ਤਾਂ ਲੀਡਰਸ਼ਿਪ ਲਈ ਇਹ ਸੰਕੇਤ ਹੋਣਾ ਚਾਹੀਦਾ ਹੈ: ਖੁਦ ਉਨ੍ਹਾਂ ਦੇ ਆਪਣਿਆਂ ਨੂੰ ਅਵਾਮ ਵਿਚ ਪਾਰਟੀ ਨੂੰ ਲੱਗੇ ਖੋਰੇ ਬਾਰੇ ਇਲਮ ਹੋ ਚੁੱਕਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਵੀ ਕੁਝ ਤੱਥ ਕਬੂਲਣ ਬਾਰੇ ਬਿਆਨ ਦਿੱਤਾ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਡੇਰਾ ਮੁਖੀ ਨੂੰ ਮੁਆਫ਼ੀ ਵਾਲੇ ਮਾਮਲੇ ਵਿਚ ਸਿਆਸੀ ਲੀਡਰਸ਼ਿਪ ਨੇ ਉਨ੍ਹਾਂ ਨਾਲ ਕੋਈ ਸਲਾਹ ਨਹੀਂ ਕੀਤੀ। ਉਨ੍ਹਾਂ ਦੀ ਸਲਾਹ ਲਈ ਗਈ ਜਾਂ ਨਹੀਂ, ਪਰ ਇਹ ਬਿਆਨ ਇਹ ਇਲਜ਼ਾਮ ਸਾਬਤ ਕਰਦਾ ਹੈ ਕਿ ਫ਼ੈਸਲਾ ਅਕਾਲ ਤਖ਼ਤ ਦਾ ਨਹੀਂ, ਸਗੋਂ ਸਿਆਸੀ ਸੀ। ਸ੍ਰੀ ਬਾਦਲ ਕਾਂਗਰਸ ਸਰਕਾਰ ਨਾਲੋਂ ਆਪਣੀ ਪਾਰਟੀ ਦੇ ਵਫ਼ਾਦਾਰ ਸਾਥੀਆਂ ਤੋਂ ਵੱਧ ਖਫ਼ਾ ਹੋਣਗੇ। ਕਾਂਗਰਸ ਸਰਕਾਰ ਨੇ ਤਾਂ ਅਜੇ ਤੱਕ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਹੈ।

ਪਿਛਲੇ ਹਫ਼ਤੇ ਦੇ ਵਿਧਾਨ ਸਭਾ ਸੈਸ਼ਨ ਦਾ ਸਭ ਤੋਂ ਦਿਲਚਸਪ ਪੱਖ ਇਹ ਸੀ ਕਿ ਇਸ ਨੇ ਸਾਰੀਆਂ ਪਾਰਟੀ ਨੂੰ ਖੂਬ ਝਟਕਾ ਦਿੱਤਾ ਅਤੇ ਸਭ ਬਚਾਓ ਦੇ ਬਹਾਨੇ ਲੱਭ ਰਹੀਆਂ ਸਨ। ਬਹੁਤੇ ਕਾਂਗਰਸ ਆਗੂ ਤਾਂ ਮੁੱਖ ਮੰਤਰੀ ਤੋਂ ਇਸ ਗੱਲੋਂ ਨਿਰਾਸ਼ ਸਨ ਕਿ ਉਨ੍ਹਾਂ ਸੀਬੀਆਈ ਤੋਂ ਜਾਂਚ ਵਾਪਸ ਲੈਣ ਦਾ ਬੜਾ ਬੇਅਸਰ ਜਿਹਾ ਐਲਾਨ ਕਰ ਦਿੱਤਾ। ਜਿਨ੍ਹਾਂ ਖਿਲਾਫ਼ ਕਾਰਵਾਈ ਹੋਣੀ ਬਣਦੀ ਸੀ, ਉਨ੍ਹਾਂ ਦਾ ਨਾਂ ਤੱਕ ਨਹੀਂ ਲਿਆ ਗਿਆ। ਪੂਰੀ ਦਿਨ ਦੀ ਬਹਿਸ ਦੌਰਾਨ ਉਤਸ਼ਾਹ ਵਿਚ ਆਏ ਕਾਂਗਰਸ ਵਿਧਾਇਕ ਚਾਹੁੰਦੇ ਸਨ ਕਿ ਕਿਸੇ ਸਖਤ ਕਾਰਵਾਈ ਦਾ ਐਲਾਨ ਹੋਵੇ। ਅਜਿਹਾ ਕੁਝ ਨਹੀਂ ਵਾਪਰਿਆ।

ਐਚ.ਐਸ. ਫੂਲਕਾ ਨੂੰ ਛੱਡ ਕੇ ਆਮ ਆਦਮੀ ਪਾਰਟੀ (ਆਪ) ਦੇ ਕਿਸੇ ਵੀ ਲੀਡਰ ਨੇ ਬਹਿਬਲ ਕਲਾਂ ਮਸਲੇ 'ਤੇ ਭੱਲ ਨਹੀਂ ਕਮਾਈ ਹੈ। ਇਸ ਦਾ ਨਤੀਜਾ ਹੁਣ ਇਹ ਹੈ ਕਿ ਇਹ ਸਾਰੇ ਹੁਣ ਸੜਕਾਂ ਉਤੇ ਉਤਰ ਕੇ ਇਮਦਾਦ ਭਾਲ ਰਹੇ ਹਨ। ਲੋਕ ਮਨਾਂ ਅੰਦਰ ਥਾਂ ਬਣਾਉਣ ਵਿਚ ਨਾਕਾਮ ਰਹਿਣ ਵਾਲੀਆਂ ਪਾਰਟੀ ਨੂੰ ਫਿਰ ਇਉਂ ਹੀ ਕਰਨਾ ਪੈਂਦਾ ਹੈ ਅਤੇ ਇਹੀ ਉਹ ਵਕਤ ਹੁੰਦਾ ਹੈ ਜਦੋਂ ਉਹ "ਅੱਗ ਨਾਲ ਖੇਡਣਾ" ਆਰੰਭ ਕਰਦੇ ਹਨ।

ਪ੍ਰਕਾਸ਼ ਸਿੰਘ ਬਾਦਲ ਨੇ ਵੀ ਅੱਗ ਦੀ ਇਸ ਖੇਡ ਬਾਰੇ ਖਬਰਦਾਰ ਕੀਤਾ ਹੈ, ਹਾਲਾਂਕਿ ਸੁਖਬੀਰ ਸਿੰਘ ਬਾਦਲ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ। ਪੁਤਲੇ ਫੂਕਣ ਵਾਲੀ ਮੁਹਿੰਮ ਚੱਲ ਰਹੀ ਹੈ; ਰੈਲੀਆਂ ਉਲੀਕੀਆਂ ਜਾ ਰਹੀਆਂ ਹਨ। ਤਕਰੀਰਾਂ ਵਿਚ ਨਵੇਂ ਮਸਲੇ ਛੋਹੇ ਜਾਣਗੇ ਜਾਂ ਪੁਰਾਣੇ, ਇਹ ਅਸਲੀ ਹੋਣਗੇ ਜਾਂ ਮਿਥ ਕੇ ਸੋਚੇ ਹੋਏ, ਇਹ ਧਰਮ ਨੂੰ ਠੇਸ ਪਹੁੰਚਾਉਣ ਵਾਲੀਆਂ ਹੀ ਹੋ ਸਕਦੀਆਂ ਹਨ। 'ਆਪ' ਲੀਡਰ ਅਜਿਹਾ ਪਹਿਲਾਂ ਹੀ ਕਰ ਰਹੇ ਹਨ।

ਕੋਈ ਮਸਲਾ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਸੜਕਾਂ ਇਸ ਨੂੰ ਨਜਿੱਠਣ ਦਾ ਮੰਚ ਨਹੀਂ ਹਨ। ਜੇ ਸੜਕਾਂ 'ਤੇ ਆਉਣਾ ਅਤੇ ਸਿੱਧਾ ਹਮਲਾ ਹੀ ਇਕੋ-ਇਕ ਹੱਲ ਹੈ, ਤਾਂ ਸੂਬਾ ਯਕਲਖ਼ਤ ਅੱਗ ਦੀ ਲਪੇਟ ਵਿਚ ਆ ਜਾਵੇਗਾ। ਤੇ ਮੁਲਕ ਤੋਂ ਬਾਹਰ ਬਥੇਰੀਆਂ ਲੁਕਵੀਆਂ "ਤਾਕਤਾਂ" ਹਨ ਜਿਹੜੀਆਂ ਅਜਿਹੇ ਹਾਲਾਤ ਨੂੰ ਵਰਤਣ ਲਈ ਘਾਤ ਲਾਈ ਬੈਠੀਆਂ ਹਨ। ਇਸ ਲਈ ਹੁਣ ਸਾਰਾ ਦਾਰੋਮਦਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਹੈ ਕਿ ਉਹ ਪੂਰੇ ਇਤਬਾਰ ਵਾਲਾ ਪਾਰਦਰਸ਼ੀ ਅਤੇ ਤੁਰੰਤ ਕਾਨੂੰਨੀ ਅਮਲ ਸ਼ੁਰੂ ਕਰਨ।

**ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦਾਅਵਾ ਹੈ ਕਿ ਉਨ੍ਹਾਂ ਗੋਲੀ ਦਾ ਹੁਕਮ ਨਹੀਂ ਸੀ ਦਿੱਤਾ। ਉਹ ਸ਼ਾਇਦ ਮਹਿਸੂਸ ਕਰਦੇ ਹਨ ਕਿ ਹੁਣ ਉਨ੍ਹਾਂ ਦੀ ਉਨ੍ਹਾਂ ਲੋਕਾਂ ਨੇ ਹੀ ਹੇਠੀ ਕਰਵਾਈ ਹੈ ਜਿਨ੍ਹਾਂ ਉਤੇ ਭਰੋਸਾ ਕੀਤਾ ਸੀ; ਜਿਹੜੇ ਉਨ੍ਹਾਂ ਦੇ ਮੁੱਖ ਮੰਤਰੀ ਹੁੰਦਿਆਂ ਉਦੋਂ ਪ੍ਰਸ਼ਾਸਨ ਤੇ ਪੁਲਿਸ ਨੂੰ ਚਲਾ ਰਹੇ ਸਨ; ਜਿਹੜੇ ਅਸਿੱਧੇ ਢੰਗ ਨਾਲ ਕੰਟਰੋਲ ਕੀਤੀਆਂ ਧਾਰਮਿਕ ਸੰਸਥਾਵਾਂ ਚਲਾ ਰਹੇ ਸਨ ਅਤੇ ਜਿਹੜੇ ਉਨ੍ਹਾਂ ਦੀ ਸਿਆਸੀ ਵਿਰਾਸਤ ਨੂੰ ਅੱਜ ਅਗਾਂਹ ਤੋਰ ਰਹੇ ਹਨ।**



# ਧਰਤੀ ਉਤੇ ਵਧਦੇ ਤਾਪਮਾਨ ਨਾਲ ਕਿਵੇਂ ਨਜਿੱਠਿਆ ਜਾਵੇ?

ਧਰਤੀ ਉਤੇ ਪਿਛਲੇ ਚਾਰ ਸਾਲ (2014 ਤੋਂ 2017 ਤੱਕ) ਤਾਪਮਾਨ ਦੇ ਰਿਕਾਰਡ ਅਨੁਸਾਰ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ ਹਨ ਅਤੇ ਹਾਲ ਹੀ ਵਿਚ ਵਿਗਿਆਨੀ ਫਲੋਰਿਨ ਸੀਵੈਲੱਕ ਅਤੇ ਸਾਬਰੋਨ ਡਰੀਜ਼ਫਾਉਨ ਨੇ 'ਨੇਚਰ ਕਮਿਉਨੀਕੇਸ਼ਨ' ਨਾਮੀ ਖੋਜ ਰਸਾਲੇ ਦੇ 15 ਅਗਸਤ 2018 ਦੇ ਅੰਕ ਵਿਚ ਛਪੀ ਆਪਣੀ ਇੱਕ ਖੋਜ ਵਿਚ ਖੁਲਾਸਾ ਕੀਤਾ ਹੈ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਧਰਤੀ ਦਾ ਤਾਪਮਾਨ ਬਹੁਤ ਵਧ ਸਕਦਾ ਹੈ। ਇਸ ਖੋਜ ਵਿਚ ਇਹ ਵੀ ਕਿਹਾ ਗਿਆ ਹੈ ਕਿ ਆਉਣ ਵਾਲੇ ਸਾਲਾਂ ਵਿਚ ਤਾਪਮਾਨ ਵਿਚ ਇੰਨਾ ਵਾਧਾ ਵੀ ਹੋ ਸਕਦਾ ਹੈ ਕਿ ਸਾਲ 2016, ਜੋ ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ, ਦਾ ਰਿਕਾਰਡ ਵੀ ਟੁੱਟ ਜਾਵੇ, ਜੋ ਚਿੰਤਾ ਦਾ ਵਿਸ਼ਾ ਹੈ।

ਇਨ੍ਹਾਂ ਵਿਗਿਆਨੀਆਂ ਦੀ ਇਸ ਖੋਜ ਦੇ ਤੱਥਾਂ

**ਡਾ. ਗੁਰਿੰਦਰ ਕੌਰ***
**ਫੋਨ: 424-362-8759**

ਤੋਂ ਇਨਕਾਰੀ ਵੀ ਨਹੀਂ ਹੋਇਆ ਜਾ ਸਕਦਾ ਕਿਉਂਕਿ ਇਸ ਸਦੀ ਦੇ ਹੁਣ ਤੱਕ ਦੇ 18 ਸਾਲਾਂ ਵਿਚੋਂ 17 ਸਾਲਾਂ ਵਿਚ ਧਰਤੀ ਦਾ ਤਾਪਮਾਨ ਔਸਤ ਤਾਪਮਾਨ ਤੋਂ ਵੱਧ ਹੀ ਰਿਹਾ ਹੈ। ਇਸ ਤੋਂ ਇਲਾਵਾ ਜੇ ਅਸੀਂ ਧਰਤੀ ਦੇ ਤਾਪਮਾਨ ਦੇ ਇਤਿਹਾਸਕ ਪਿਛੋਕੜ ਉਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਨਅਤੀ ਇਨਕਲਾਬ ਤੋਂ ਬਾਅਦ ਤਾਪਮਾਨ ਹੌਲੀ ਹੌਲੀ ਵਧ ਰਿਹਾ ਹੈ। ਵਿਗਿਆਨੀਆਂ ਅਨੁਸਾਰ 20ਵੀਂ ਸਦੀ ਦੇ ਸ਼ੁਰੂ ਵਿਚ ਧਰਤੀ ਦਾ ਔਸਤ ਤਾਪਮਾਨ 13.9 ਡਿਗਰੀ ਸੈਲਸੀਅਸ ਸੀ। ਸਾਲ 2016 ਵਿਚ ਧਰਤੀ ਦਾ ਔਸਤ ਤਾਪਮਾਨ 14.84 ਡਿਗਰੀ ਆਂਕਿਆ ਗਿਆ ਜੋ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਹੈ ਅਤੇ ਔਸਤ ਤਾਪਮਾਨ ਤੋਂ 0.94 ਡਿਗਰੀ ਸੈਲਸੀਅਸ ਵਧ ਸੀ ਜਦਕਿ ਸਾਲ 2015 ਤੇ 2017 ਵਿਚ ਇਹ ਵਾਧਾ ਕ੍ਰਮਵਾਰ 0.90 ਡਿਗਰੀ ਸੈਲਸੀਅਸ ਅਤੇ 0.84 ਡਿਗਰੀ ਸੈਲਸੀਅਸ ਸੀ।

ਨਾਸਾ ਅਤੇ ਨੋਆ ਏਜੰਸੀਆਂ ਅਨੁਸਾਰ ਸਾਲ 2018 ਦੇ ਵੀ ਪਹਿਲੇ ਚਾਰ ਸਾਲਾਂ ਵਾਂਗ ਗਰਮ ਰਹਿਣ ਦੇ ਆਸਾਰ ਹਨ। ਨਾਸਾ ਏਜੰਸੀ ਦੇ ਰਿਕਾਰਡ ਅਨੁਸਾਰ ਇਸ ਸਾਲ ਮਾਰਚ ਤੋਂ ਮਈ ਤੱਕ ਦੇ ਅਰਸੇ ਦੌਰਾਨ 1951-1980 ਤੱਕ ਦੇ ਇਸੇ ਅਰਸੇ ਦੇ ਔਸਤ ਤਾਪਮਾਨ ਤੋਂ 0.87 ਡਿਗਰੀ ਸੈਲਸੀਅਸ ਵਧ ਤਾਪਮਾਨ ਆਂਕਿਆ ਗਿਆ ਹੈ। ਨੋਆ ਏਜੰਸੀ ਦੇ ਅੰਕੜਿਆਂ ਅਨੁਸਾਰ 2018 ਦੇ ਜਨਵਰੀ ਤੋਂ ਜੁਲਾਈ ਤੱਕ ਦੇ ਸੱਤ ਮਹੀਨਿਆਂ ਵਿਚੋਂ ਫਰਵਰੀ ਮਹੀਨੇ ਨੂੰ ਛੱਡ ਕੇ ਬਾਕੀ ਮਹੀਨਿਆਂ 'ਚ ਧਰਤੀ ਦਾ ਔਸਤ ਤਾਪਮਾਨ 0.71 ਡਿਗਰੀ ਸੈਲਸੀਅਸ (ਜਨਵਰੀ) ਤੋਂ ਲੈ ਕੇ 0.83 ਡਿਗਰੀ ਸੈਲਸੀਅਸ (ਮਾਰਚ ਅਤੇ ਅਪਰੈਲ) ਤੱਕ ਵੱਧ ਰਿਕਾਰਡ ਕੀਤਾ ਗਿਆ ਹੈ।


ਇਸ ਸਾਲ ਜੇ ਵੱਖ-ਵੱਖ ਮਹਾਂਦੀਪਾਂ ਦੇ ਤਾਪਮਾਨ ਦੇ ਅੰਕੜਿਆਂ ਉਤੇ ਇੱਕ ਸਰਸਰੀ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਤਾਪਮਾਨ ਵਿਚ ਵਾਧਾ ਸਾਰੇ ਥਾਂਈਂ ਨਜ਼ਰ ਆਇਆ ਹੈ। ਅਮਰੀਕਾ ਵਿਚ ਜੁਲਾਈ ਦੇ ਮਹੀਨੇ ਦੌਰਾਨ ਤਾਪਮਾਨ ਨੇ ਪਿਛਲੇ 124 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਤਾਪਮਾਨ ਵਿਚ ਜ਼ਿਆਦਾ ਵਾਧੇ ਕਾਰਨ ਜੁਲਾਈ ਦੇ ਮਹੀਨੇ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਹੀਟ ਐਮਰਜੈਂਸੀ ਐਲਾਨ ਕਰ ਦਿੱਤੀ ਗਈ ਸੀ। ਲਾਸ ਏਂਜਲਸ ਸ਼ਹਿਰ ਵਿਚ 6 ਜੁਲਾਈ ਨੂੰ 111 ਡਿਗਰੀ ਫਾਰਨਹਾਈਟ ਤਾਪਮਾਨ ਰਿਕਾਰਡ ਕੀਤਾ ਗਿਆ ਜੋ ਲਾਸ ਏਂਜਲਸ ਦੇ ਔਸਤ ਤਾਪਮਾਨ ਤੋਂ 25 ਡਿਗਰੀ ਫਾਰਨਹਾਈਟ ਵੱਧ ਸੀ ਅਤੇ ਡੈਥ ਵੈਲੀ ਵਿਚ ਤਾਂ 31 ਜੁਲਾਈ ਨੂੰ 127 ਡਿਗਰੀ ਫਾਰਨਹਾਈਟ ਤਾਪਮਾਨ ਰਿਕਾਰਡ ਕੀਤਾ ਗਿਆ। ਨੋਆ ਏਜੰਸੀ ਅਨੁਸਾਰ ਕੈਲੀਫੋਰਨੀਆ ਦੇ ਜੰਗਲਾਂ ਵਿਚ ਭਿਆਨਕ ਅੱਗ ਲੱਗਣ ਦਾ ਮੁੱਖ ਕਾਰਨ ਅਮਰੀਕਾ ਦੇ ਤਾਪਮਾਨ ਵਿਚ ਬੇਸ਼ੁਮਾਰ ਵਾਧਾ ਹੀ ਹੈ। ਕੈਨੇਡਾ ਦੇ ਕਿਊਬਿਕ ਰਾਜ ਦੇ ਮਾਂਟਰੀਅਲ ਵਿਚ ਜੁਲਾਈ ਦੇ ਪਹਿਲੇ ਹਫਤੇ ਵਿਚ ਹੁਣ ਤੱਕ ਦਾ ਸਭ ਤੋਂ ਤਾਪਮਾਨ ਰਿਕਾਰਡ ਕੀਤਾ ਗਿਆ। ਜ਼ਿਆਦਾ ਗਰਮੀ ਕਾਰਨ ਇਸ ਰਾਜ ਵਿਚ ਤਾਂ 70 ਲੋਕਾਂ ਦੀ ਮੌਤ ਹੋ ਗਈ।

ਯੂਰਪ ਮਹਾਂਦੀਪ ਦੇ ਵੀ ਇੰਗਲੈਂਡ, ਫਰਾਂਸ, ਜਰਮਨੀ, ਬੈਲਜ਼ੀਅਮ, ਸਵੀਡਨ, ਫਿਨਲੈਂਡ, ਨਾਰਵੇ, ਆਇਰਲੈਂਡ, ਸਕਾਟਲੈਂਡ, ਇਟਲੀ, ਸਪੇਨ, ਪੁਰਤਗਾਲ ਆਦਿ ਦੇਸ਼ ਇਸ ਸਾਲ ਜੂਨ ਅਤੇ ਜੁਲਾਈ ਵਿਚ ਤਾਪਮਾਨ ਦੀ ਲਪੇਟ ਵਿਚ ਆਏ ਹੋਏ ਸਨ। ਇਨ੍ਹਾਂ ਦੇਸ਼ਾਂ ਦੇ ਕਈ ਸ਼ਹਿਰਾਂ ਵਿਚ ਤਾਪਮਾਨ ਔਸਤ ਤਾਪਮਾਨ ਤੋਂ 3 ਡਿਗਰੀ ਤੋਂ 6 ਡਿਗਰੀ ਸੈਲਸੀਅਸ ਵੱਧ ਰਿਕਾਰਡ ਕੀਤਾ ਗਿਆ। ਤਾਪਮਾਨ ਦੇ ਇਸ ਵਾਧੇ ਕਾਰਨ ਯੂਰਪ ਮਹਾਂਦੀਪ ਵਿਚ ਵੀ ਕਈ ਥਾਂਵਾਂ ਉਤੇ ਜੰਗਲਾਂ ਨੂੰ ਅੱਗ ਲੱਗੀ ਹੋਈ ਹੈ। ਗਰੀਸ ਵਿਚ ਜੰਗਲਾਂ ਵਿਚ ਇੰਨੀ ਜ਼ਿਆਦਾ ਅੱਗ ਲੱਗੀ ਹੋਈ ਹੈ ਕਿ ਉਸ ਦੀ ਲਪੇਟ ਵਿਚ ਆਉਣ ਕਾਰਨ 90 ਵਿਅਕਤੀਆਂ ਦੀ ਮੌਤ ਹੋ ਗਈ। ਇੱਥੇ ਇਹ ਦੱਸਣਾ ਵੀ ਬਣਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਗਰਮੀ ਕਾਰਨ ਮੌਤਾਂ ਦੀ ਗਿਣਤੀ ਵਧ ਸਕਦੀ ਹੈ।

ਮੋਰਾ ਨਾਂ ਦੇ ਵਿਗਿਆਨੀ ਦੀ ਅਗਵਾਈ ਹੇਠ ਕੰਮ ਕਰ ਰਹੀ ਅੰਤਰਰਾਸ਼ਟਰੀ ਖੋਜਾਰਥੀਆਂ ਦੀ ਇੱਕ ਟੀਮ ਅਨੁਸਾਰ ਜੇ ਤਾਪਮਾਨ ਆਉਣ ਵਾਲੇ ਸਮੇਂ ਵਿਚ ਹੁਣ ਵਾਲੀ ਦਰ ਨਾਲ ਵਧਦਾ ਰਿਹਾ ਤਾਂ ਸਦੀ ਦੇ ਅਖੀਰ ਤੱਕ ਦੁਨੀਆਂ ਦੀ 74 ਫੀਸਦੀ ਆਬਾਦੀ ਹਰ ਸਾਲ ਘੱਟੋ-ਘੱਟ 20 ਦਿਨ ਭਿਆਨਕ ਗਰਮੀ ਦੀ ਮਾਰ ਝੱਲੇਗੀ ਜੋ ਹੁਣ ਸਿਰਫ 30 ਫੀਸਦੀ ਆਬਾਦੀ ਹੀ ਝੱਲਦੀ ਹੈ। 31 ਜੁਲਾਈ 2018 ਨੂੰ ਰਿਲੀਜ਼ ਹੋਈ ਇੱਕ ਹੋਰ ਖੋਜ ਨੇ ਖੁਲਾਸਾ ਕੀਤਾ ਹੈ ਕਿ ਤਾਪਮਾਨ ਦੇ ਵਾਧੇ ਨਾਲ ਠੰਡੇ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਵਿਚ ਗਰਮੀ ਨਾਲ ਹੋਣ ਵਾਲੀਆਂ ਮੌਤਾਂ 'ਚ ਸਾਲ 2080 ਤੱਕ 2000 ਫੀਸਦੀ ਤੱਕ ਵਾਧਾ ਹੋ ਸਕਦਾ ਹੈ।

ਏਸ਼ੀਆ ਮਹਾਂਦੀਪ ਦੇ ਵੀ ਕਈ ਦੇਸ਼ ਤਾਪਮਾਨ ਦੇ ਵਾਧੇ ਦਾ ਸੰਕਟ ਝੱਲ ਰਹੇ ਹਨ। ਏਸ਼ੀਆ ਦੇ ਇੱਕ ਵਿਕਸਿਤ ਦੇਸ਼ ਜਾਪਾਨ ਨੂੰ ਤਾਂ ਤਾਪਮਾਨ ਦੇ ਵਾਧੇ ਨੇ ਇਸ ਕਦਰ ਝੁਲਸ ਦਿੱਤਾ ਹੈ ਕਿ ਲਗਭਗ 80 ਵਿਅਕਤੀਆਂ ਦੀ ਤਾਂ ਮੌਤ ਹੀ ਹੋ ਗਈ, ਜਦਕਿ ਹਜ਼ਾਰਾਂ ਵਿਅਕਤੀਆਂ ਨੂੰ ਬਚਾਅ ਲਈ ਹਸਪਤਾਲ ਲਿਜਾਣਾ ਪਿਆ। ਚੀਨ ਦੇ ਮੀਡੀਆ ਅਨੁਸਾਰ ਜੁਲਾਈ ਮਹੀਨੇ ਵਿਚ ਚੀਨ ਦੇ 22 ਰਾਜਾਂ ਵਿਚ ਔਸਤ ਤੋਂ ਵੱਧ ਤਾਪਮਾਨ






ਰਿਕਾਰਡ ਕੀਤਾ ਗਿਆ। ਇਸ ਤੋਂ ਇਲਾਵਾ ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਤਾਂ ਮਈ ਮਹੀਨੇ ਦੌਰਾਨ ਹੀ ਗਰਮੀ ਕਾਰਨ 65 ਲੋਕਾਂ ਦੀ ਮੌਤ ਹੋ ਗਈ ਸੀ। ਭਾਰਤ ਦੇ ਵੀ ਪੰਜਾਬ ਤੋਂ ਲੈ ਕੇ ਮਹਾਰਾਸ਼ਟਰ ਤੱਕ ਦੇ ਸਾਰੇ ਉਤਰ ਪੱਛਮੀ ਅਤੇ ਪੱਛਮੀ ਰਾਜ ਤਾਪਮਾਨ ਦੇ ਵਾਧੇ ਦੀ ਲਪੇਟ ਵਿਚ ਆਏ ਰਹੇ ਹਨ। ਇਨ੍ਹਾਂ ਰਾਜਾਂ ਵਿਚ ਮਈ ਮਹੀਨੇ ਕਈ ਥਾਂਈਂ ਤਾਪਮਾਨ 1.6 ਡਿਗਰੀ ਤੋਂ ਲੈ ਕੇ 3 ਡਿਗਰੀ ਸੈਲਸੀਅਸ ਤੱਕ ਔਸਤ ਤੋਂ ਵੱਧ ਰਿਕਾਰਡ ਕੀਤਾ ਗਿਆ।

ਮੱਧ-ਪੂਰਬੀ ਏਸ਼ੀਆ ਦੇ ਕੋਰੀਆ ਅਤੇ ਓਮਾਨ ਦੇਸ਼ਾਂ ਵਿਚ ਤਾਂ 28 ਜੂਨ ਰਾਤ ਦਾ ਤਾਪਮਾਨ ਵੀ 109 ਡਿਗਰੀ ਫਾਰਨਹਾਈਟ ਰਿਕਾਰਡ ਕੀਤਾ ਗਿਆ। ਅਫਰੀਕਾ ਮਹਾਂਦੀਪ ਦੇ ਅਲਜੀਰੀਆ ਵਿਚ 5 ਜੁਲਾਈ ਨੂੰ ਇਸ ਸਾਲ ਦਾ ਸਭ ਤੋਂ ਵੱਧ ਤਾਪਮਾਨ 51.3 ਡਿਗਰੀ ਰਿਕਾਰਡ ਕੀਤਾ ਗਿਆ।

ਇਸ ਤਰ੍ਹਾਂ ਉਪਰਲੇ ਵੇਰਵਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਦੁਨੀਆਂ ਦੇ ਸਾਰੇ ਦੇਸ਼ ਇਸ ਸਾਲ ਵਧ ਰਹੇ ਤਾਪਮਾਨ ਦੀ ਮਾਰ ਝੱਲ ਰਹੇ ਹਨ। ਸਾਲ 2014 ਵਿਚ ਸਯੁੰਕਤ ਰਾਸ਼ਟਰ ਸੰਘ ਦੀ ਮੌਸਮੀ ਤਬਦੀਲੀਆਂ ਬਾਰੇ ਰਿਪੋਰਟ ਨੇ ਪਹਿਲੀ ਵਾਰ ਖੁਲਾਸਾ ਕੀਤਾ ਸੀ ਕਿ ਤਾਪਮਾਨ ਦੇ ਵਾਧੇ ਕਾਰਨ ਧਰਤੀ ਉਤੇ ਕੁਦਰਤੀ ਆਫਤਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਨੁਕਸਾਨ ਕਰਨ ਦੀ ਤੀਬਰਤਾ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਸੀ ਕਿ ਹੁਣ ਦੁਨੀਆਂ ਦਾ ਕੋਈ ਵੀ ਦੇਸ਼ ਕੁਦਰਤੀ ਆਫਤਾਂ ਦੀ ਮਾਰ ਤੋਂ ਬਚ ਨਹੀਂ ਸਕੇਗਾ। ਮੌਸਮੀ ਤਬਦੀਲੀਆਂ ਹੌਲੀ ਹੌਲੀ ਦੁਨੀਆਂ ਦੇ ਸਾਰੇ ਖਿੱਤਿਆਂ ਨੂੰ ਆਪਣੀ ਲਪੇਟ ਵਿਚ ਲੈ ਰਹੀਆਂ ਹਨ। ਹੁਣ ਛੋਟੇ-ਛੋਟੇ ਟਾਪੂਆਂ ਤੋਂ ਲੈ ਕੇ ਵੱਡੇ ਮਹਾਦੀਪਾਂ ਤੱਕ ਅਤੇ ਅਮੀਰ ਤੇ ਗਰੀਬ ਦੇਸ਼ਾਂ ਉਤੇ ਇਨ੍ਹਾਂ ਦੀ ਮਾਰ ਪੈ ਰਹੀ ਹੈ। ਮੌਸਮੀ ਤਬਦੀਲੀਆਂ ਦੀ ਇਸ ਰਿਪੋਰਟ ਨੂੰ ਸਾਰੇ ਦੇਸ਼ਾਂ ਨੇ ਬਹੁਤ ਗੰਭੀਰਤਾ ਨਾਲ ਲਿਆ ਅਤੇ ਦੁਨੀਆਂ ਉਤੇ ਤਾਪਮਾਨ ਦੇ ਵਾਧੇ ਦੇ ਬੁਰੇ ਪ੍ਰਭਾਵਾਂ ਨੂੰ ਧਿਆਨ ਵਿਚ ਰੱਖਦਿਆਂ ਸਾਲ 2015 ਵਿਚ ਪੈਰਿਸ ਮੌਸਮ ਸਮਝੌਤੇ ਉਤੇ 196 ਦੇਸ਼ਾਂ ਨੇ ਦਸਤਖਤ ਕੀਤੇ ਸਨ ਜਿਸ ਵਿਚ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਸਨਅਤੀ ਇਨਕਲਾਬ ਦੇ ਔਸਤ ਤਾਪਮਾਨ ਤੋਂ 2 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਲਈ ਗਰੀਨ ਹਾਊਸ ਗੈਸਾਂ ਦਾ ਨਿਕਾਸ ਘੱਟ ਕਰਨ ਦੀ ਰੂਪ-ਰੇਖਾ ਉਲੀਕੀ ਗਈ ਸੀ। ਵਿਗਿਆਨੀਆਂ ਦੇ ਅਨੁਮਾਨ ਅਨੁਸਾਰ ਜੇ ਸਾਰੇ ਦੇਸ਼ ਰਲਮਿਲ ਕੇ ਪੂਰੀ ਸੰਜੀਦਗੀ ਨਾਲ ਪੈਰਿਸ ਮੌਸਮ ਸਮਝੌਤੇ ਉਤੇ ਅਮਲ ਕਰ ਵੀ ਲੈਂਦੇ ਹਨ ਤਾਂ ਵੀ ਇਸ ਸਦੀ ਦੇ ਅੰਤ ਤੱਕ ਧਰਤੀ ਦਾ ਔਸਤ ਤਾਪਮਾਨ 3.5 ਡਿਗਰੀ ਸੈਲਸੀਅਸ ਵਧ ਜਾਵੇਗਾ।

ਇਸ ਤੋਂ ਇਲਾਵਾ ਇੱਥੇ ਇਹ ਵੀ ਸੋਚਣਾ ਬਣਦਾ ਹੈ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਸਿਰਫ ਇੱਕ ਡਿਗਰੀ ਵਾਧੇ ਨਾਲ ਹੀ ਕੁਦਰਤੀ ਆਫਤਾਂ ਵਿਚ ਇੰਨਾ ਜ਼ਿਆਦਾ ਵਾਧਾ ਹੋ ਗਿਆ ਕਿ ਹੁਣ ਉਨ੍ਹਾਂ ਸਾਹਮਣੇ ਅਮਰੀਕਾ ਅਤੇ ਜਾਪਾਨ ਵਰਗੇ ਵਿਕਸਿਤ ਦੇਸ਼ ਵੀ ਬੇਵੱਸ ਹੋ ਗਏ ਹਨ, ਪਰ ਜੇ ਇਹ ਵਾਧਾ 2 ਡਿਗਰੀ ਸੈਲਸੀਅਸ ਹੋ ਗਿਆ ਤਾਂ ਕੀ ਹੋਵੇਗਾ, ਉਸ ਦਾ ਅਨੁਮਾਨ ਲਾਉਣਾ ਹੀ ਔਖਾ ਹੈ ਕਿਉਂਕਿ ਪਹਿਲਾਂ ਵਿਕਸਿਤ ਦੇਸ਼ਾਂ ਦੇ ਹੁਕਮਰਾਨ ਸੋਚਦੇ ਸਨ ਕਿ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫਤਾਂ ਦੀ ਮਾਰ ਵਿਕਸਿਤ ਹੋ ਰਹੇ ਅਤੇ ਘੱਟ ਵਿਕਸਿਤ ਦੇਸਾਂ ਉਤੇ ਹੀ ਪਵੇਗੀ ਅਤੇ ਵਿਕਸਿਤ ਦੇਸ਼ ਬਚ ਜਾਣਗੇ ਕਿਉਂਕਿ ਉਹ ਕੁਦਰਤੀ ਆਫਤਾਂ ਨਾਲ ਸਿੱਝਣ ਦੇ ਸਮਰੱਥ ਹਨ, ਪਰ ਅਮਰੀਕਾ ਵਿਚ ਸਾਲ 2017 ਵਿਚ ਉਪਰੋਥਲੀ ਆਏ ਹਾਰਵੇ, ਮਾਰੀਆ ਅਤੇ ਇਰਮਾ ਵਰਗੇ ਭਿਆਨਕ ਚੱਕਰਵਾਤੀ ਤੁਫਾਨਾਂ; ਕੈਨੇਡਾ ਤੇ ਜਾਪਾਨ ਵਿਚ ਇਸ ਸਾਲ ਜ਼ਿਆਦਾ ਤਾਪਮਾਨ ਨਾਲ ਹੋਈਆਂ ਮੌਤਾਂ ਅਤੇ ਸਾਲ 2011 ਵਿਚ ਜਾਪਾਨ ਵਿਚ ਆਈ ਸੁਨਾਮੀ ਨੇ ਵਿਕਸਿਤ ਦੇਸ਼ਾਂ ਦਾ ਇਹ ਭੁਲੇਖਾ ਵੀ ਕੱਢ ਦਿੱਤਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਹੁਣ ਸਾਡੇ ਸੋਚਣ ਦਾ ਸਮਾਂ ਨਹੀਂ ਬਚਿਆ ਸਗੋਂ ਸਾਨੂੰ ਸਮਾਂ ਜਾਇਆ ਨਾ ਕਰਦਿਆਂ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਰੋਕਣਾ ਚਾਹੀਦਾ ਹੈ।

ਤਾਪਮਾਨ ਵਧਣ ਨਾਲ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਹੁਣ ਮਨੁੱਖਤਾ ਦੀ ਹੋਂਦ ਲਈ ਇੱਕ ਵੱਡੇ ਖਤਰੇ ਦਾ ਰੂਪ ਧਾਰਨ ਕਰ ਚੁਕੀਆਂ ਹਨ, ਜਿਨ੍ਹਾਂ ਨੂੰ ਰੋਕਣ ਲਈ ਦੁਨੀਆਂ ਦੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਰਲਮਿਲ ਕੇ ਕੰਮ ਕਰਨ ਦੀ ਲੋੜ ਹੈ। ਜੇ ਹੁਣ ਤੋਂ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਉਪਰਾਲੇ ਨਾ ਕੀਤੇ ਗਏ ਤਾਂ ਸਾਨੂੰ ਸਾਡੀ ਇਸ ਅਣਗਹਿਲੀ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਕੁਦਰਤ ਨਾਲ ਜਿੰਨੀ ਵੱਧ ਛੇੜਛਾੜ ਹੋਵੇਗੀ, ਓਨਾ ਹੀ ਮਨੁੱਖ ਵੱਧ ਖਤਰਿਆਂ ਦੇ ਸਨਮੁੱਖ ਹੋਵੇਗਾ। ਵਾਤਾਵਰਣ ਨੂੰ ਸਾਂਭਣ ਲਈ ਸਾਰੇ ਦੇਸ਼ਾਂ ਨੂੰ ਸੁਚੇਤ ਹੋਣਾ ਪਵੇਗਾ ਤਾਂ ਕਿ ਆਉਣ ਵਾਲੇ ਸਮੇਂ ਦੌਰਾਨ ਮੌਸਮੀ ਆਫਤਾਂ ਨੂੰ ਘੱਟ ਕੀਤਾ ਜਾ ਸਕੇ।

****ਪ੍ਰੋਫੈਸਰ, ਜਿਓਗ੍ਰਾਫੀ ਵਿਭਾਗ***
***ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਦੇਸੀ ਚਾਹ-ਗਰਮ ਜਲ

ਜੇ ਨਸ਼ੇ ਕਰਨੇ ਛੱਡ ਦਿੱਤੇ ਹਨ ਅਤੇ ਚਾਹ (ਟੀ) ਪੀਣੀ ਵੀ ਛੱਡ ਦਿੱਤੀ ਹੈ ਤਾਂ ਤੁਸੀਂ ਦੇਸੀ ਚਾਹ ਬਣਾ ਕੇ ਵਰਤ ਸਕਦੇ ਹੋ। ਇਸ ਨੂੰ ਚਾਹ ਤਾਂ ਕਹਿ ਦਿੰਦੇ ਹਨ, ਪਰ ਇਹ ਚਾਹ ਨਹੀਂ ਹੈ, ਸਿਰਫ ਕਾਲੀ (ਟੀ) ਦਾ ਬਦਲ ਹੈ। ਸਿੰਘ ਇਸ ਨੂੰ ਗਰਮ ਜਲ ਕਹਿੰਦੇ ਹਨ।

**ਦੇਸੀ ਚਾਹ ਪੱਤੀ ਦੀ ਸਮੱਗਰੀ ਇਸ ਤਰ੍ਹਾਂ ਹੈ:** ਮੁਲੱਠੀ 50 ਗ੍ਰਾਮ, ਦਾਲ ਚੀਨੀ 50 ਗ੍ਰਾਮ, ਸੌਂਫ 50 ਗ੍ਰਾਮ, ਬ੍ਰਹਮੀ ਬੂਟੀ 50 ਗ੍ਰਾਮ, ਤੁਲਸੀ 50 ਗ੍ਰਾਮ, ਤੇਜ ਪੱਤਰ 5 ਗ੍ਰਾਮ।

**ਨਿਰਮਲ ਸਿੰਘ ਕਾਹਲੋਂ**
**ਫੋਨ: 91-94781-33517**

ਇਸ ਵਿਚ ਕਾਲੀ ਮਿਰਚ 5 ਗ੍ਰਾਮ, ਲੌਂਗ 5 ਗ੍ਰਾਮ ਅਤੇ ਇਲਾਇਚੀ 5 ਗ੍ਰਾਮ ਵੀ ਪਾ ਸਕਦੇ ਹੋ।

ਸਾਰੀ ਸਮੱਗਰੀ ਨੂੰ ਧੁੱਪ ਲਵਾ ਕੇ, ਦਰੜ ਕੇ ਆਪਸ ਵਿਚ ਮਿਲਾ ਕੇ ਡੱਬੇ ਵਿਚ ਪਾ ਲਵੋ। ਦੇਸੀ ਚਾਹ ਪੱਤੀ ਤਿਆਰ ਹੈ। ਲੋੜ ਅਨੁਸਾਰ ਕੋਈ ਵਸਤੂ ਘੱਟ-ਵੱਧ ਵੀ ਕਰ ਸਕਦੇ ਹੋ। ਕੋਈ ਵਸਤੂ ਨਾ ਮਿਲੇ ਤਾਂ ਵੀ ਕੋਈ ਹਰਜ ਨਹੀਂ।

ਇਸ ਵਿਚੋਂ ਇੱਕ ਚਮਚ ਇੱਕ ਗਲਾਸ ਪਾਣੀ ਵਿਚ ਉਬਾਲਾ ਦੇ ਕੇ, ਪੁਣ ਕੇ ਮਿੱਠਾ ਅਤੇ ਦੁੱਧ ਪਾ ਕੇ ਜਾਂ ਥੋੜ੍ਹਾ ਨਿੰਬੂ ਨਿਚੋੜ ਕੇ ਪੀ ਸਕਦੇ ਹੋ। ਚਾਹ ਵਿਚ ਦੁੱਧ ਪਾਉਣ ਦਾ ਕੋਈ ਫਾਇਦਾ ਨਹੀਂ। ਦੁੱਧ ਤਾਂ ਚਾਹ ਦਾ ਸਵਾਦ ਵੀ ਨਹੀਂ ਬਦਲ ਸਕਦਾ, ਸਿਰਫ ਰੰਗ ਹੀ ਬਦਲਦਾ ਹੈ। ਨਿੰਬੂ ਨਿਚੋੜਨ ਨਾਲ ਚਾਹ ਦਾ ਸਵਾਦ ਵੀ ਬਦਲ ਜਾਂਦਾ ਹੈ ਅਤੇ ਗੁਣਵਤਾ ਵਿਚ ਵੀ ਵਾਧਾ ਹੋ ਜਾਂਦਾ ਹੈ। ਲਗਾਤਾਰ



ਨਿੰਬੂ ਦਾ ਰਸ ਦੇਸੀ ਚਾਹ ਵਿਚ ਪਾ ਕੇ ਪੀਣ ਨਾਲ ਬੁਢਾਪੇ ਵਿਚ, ਨਸ਼ੇ ਜਾਂ ਚਾਹ (ਟੀ) ਪੀਣ ਦੇ ਕਾਰਨ ਖੂਨ ਦੀਆਂ ਸਖਤ ਹੋਈਆਂ ਨਾੜਾਂ ਸਮਾਂ ਪਾ ਕੇ ਮੁੜ ਲਚਕਦਾਰ ਹੋ ਜਾਂਦੀਆਂ ਹਨ, ਖੂਨ ਦਾ ਸੰਚਾਰ ਠੀਕ ਹੋ ਜਾਂਦਾ ਹੈ ਅਤੇ ਦਿਲ ਦੇ ਭਿਆਨਕ ਰੋਗਾਂ ਦਾ ਖਤਰਾ ਵੀ ਟਲ ਜਾਂਦਾ ਹੈ। ਸਵਾਸ ਰੋਗਾਂ ਤੋਂ ਪੀੜਤ ਵਿਅਕਤੀ ਦੇਸੀ ਚਾਹ ਵਿਚ ਨਿੰਬੂ ਦਾ ਰਸ ਨਾ ਪਾਉਣ। ਨਿੰਬੂ ਦੇ ਸਿੱਕੜਾਂ ਦਾ ਅਚਾਰ ਅਤੇ ਦੰਦ ਮੰਜਨ ਬਣਾ ਸਕਦੇ ਹੋ।

ਦੇਸੀ ਚਾਹ ਪੱਤੀ 'ਚ ਵਰਤੀਆਂ ਜੜ੍ਹੀ ਬੂਟੀਆਂ ਵੀ ਗੁਣਕਾਰੀ ਹਨ। ਵੇਰਵਾ ਇਸ ਤਰ੍ਹਾਂ ਹੈ:

**ਮੁਲੱਠੀ:** ਸਵਾਸ ਰੋਗੀਆਂ ਲਈ ਗੁਣਕਾਰੀ ਹੈ ਅਤੇ ਅਰੋਗ ਵਿਅਕਤੀਆਂ ਨੂੰ ਸਵਾਸ ਰੋਗਾਂ ਤੋਂ ਬਚਾਉਂਦੀ ਹੈ।

**ਦਾਲ ਚੀਨੀ:** ਦਿਲ ਦੇ ਰੋਗੀਆਂ ਲਈ ਲਾਭਦਾਇਕ ਹੈ। ਦਿਲ ਦੇ ਰੋਗੀ ਹਰ ਰੋਜ ਦਾਲ ਚੀਨੀ ਦਾ ਪਾਊਡਰ ਇੱਕ ਚਮਚ ਦੇਸੀ ਚਾਹ ਨਾਲ ਖਾ ਸਕਦੇ ਹਨ।

**ਸੌਂਫ:** ਨੀਂਦ ਵਧਾਉਂਦੀ ਹੈ ਅਤੇ ਮਾਨਸਿਕ ਤਣਾਓ ਘੱਟ ਕਰਦੀ ਹੈ। ਹਰ ਰੋਜ 2-3 ਵਾਰੀ ਸੌਂਫ ਦੀ ਚਾਹ ਬਣਾ ਕੇ ਪੀਣ ਨਾਲ 3 ਮਹੀਨਿਆਂ ਬਾਅਦ ਖੁੱਲ੍ਹ ਕੇ ਨੀਂਦ ਆਏਗੀ ਅਤੇ ਮਾਨਸਿਕ ਤਣਾਓ ਵੀ ਘਟੇਗਾ। ਸਾਰੀ ਉਮਰ ਸੌਂਫ ਦੀ ਚਾਹ ਪੀ ਸਕਦੇ ਹੋ। ਬੜੀ ਸਸਤੀ ਹੈ ਅਤੇ ਸਰੀਰ ਲਈ ਲਾਭਕਾਰੀ ਵੀ ਹੈ।

**ਬ੍ਰਹਮੀ ਬੂਟੀ:** ਯਾਦ ਸਕਤੀ ਵਿਚ ਵਾਧਾ ਕਰਦੀ ਹੈ।

ਤੁਲਸੀ: ਕਿਸੇ ਵੀ ਕਿਸਮ ਦਾ ਬੁਖਾਰ ਨਹੀਂ ਹੋਣ ਦਿੰਦੀ। ਗਰਮੀ ਦੀ ਰੁੱਤੇ ਹਰ ਰੋਜ ਤੁਲਸੀ ਦੇ 10-12 ਹਰੇ ਪੱਤੇ ਖਾਣ ਨਾਲ ਕਿਸੇ ਕਿਸਮ ਦਾ (ਮਲੇਰੀਆ ਅਤੇ ਡੇਂਗੂ) ਬੁਖਾਰ ਨਹੀਂ ਹੁੰਦਾ।

**ਤੇਜ ਪੱਤਰ:** ਸੂਗਰ ਦੇ ਰੋਗੀਆਂ ਲਈ ਗੁਣਕਾਰੀ ਹਨ ਅਤੇ ਸਾਹ ਰੋਗਾਂ ਤੋਂ ਬਚਾਉਂਦੇ ਹਨ।

ਇਸ ਚਾਹ ਦੀ ਸਮੱਗਰੀ ਇਸ ਤਰ੍ਹਾਂ ਹੈ: ਅਦਰਕ ਕੱਦੂ ਕੱਛ ਕੀਤਾ ਇਕ ਚਮਚ, ਲਸਣ ਕੱਦੂ ਕੱਛ ਕੀਤਾ ਇਕ ਚਮਚ। ਇਸ ਨੂੰ 250 ਮਿਲੀਲਿਟਰ ਪਾਣੀ ਵਿਚ ਉਬਾਲ ਕੇ ਪੁਣ ਕੇ ਮਿੱਠਾ ਪਾ ਕੇ ਪੀ ਸਕਦੇ ਹੋ। ਇਸ ਵਿਚ ਤੁਲਸੀ ਦੇ ਹਰੇ ਪੱਤੇ ਅਤੇ 1-2 ਲੌਂਗ ਅਤੇ 1-2 ਕਾਲੀਆਂ ਮਿਰਚਾਂ ਵੀ ਦਰੜ ਕੇ ਪਾ ਸਕਦੇ ਹੋ।

ਇਹ ਚਾਹ ਸਾਹ ਰੋਗੀਆਂ ਲਈ ਬੜੀ ਗੁਣਕਾਰੀ ਹੈ। ਇਸ ਵਿਚ ਕਿਸੇ ਕਿਸਮ ਦਾ ਕੋਈ ਵੀ ਜ਼ਹਿਰੀਲਾ ਤੱਤ ਜਾਂ ਨਸ਼ੇ ਵਾਲੀ ਸਮੱਗਰੀ ਨਹੀਂ ਹੈ। ਇਹ ਹੈ ਵੀ ਬੜੀ ਸਸਤੀ ਅਤੇ ਇਸ ਵਿਚ ਮਿਲਾਵਟ ਵੀ ਕੋਈ ਨਹੀਂ ਹੈ। ਇਹ ਸਰੀਰ ਲਈ ਬੜੀ ਹੀ ਲਾਭਕਾਰੀ ਹੈ ਅਤੇ ਕਈ ਲਾਇਲਾਜ ਰੋਗਾਂ ਤੋਂ ਬਚਾਉਂਦੀ ਹੈ। ਇਸ ਦੇ ਲਾਭ ਅਨੇਕ ਹਨ ਅਤੇ ਨੁਕਸਾਨ ਕੋਈ ਵੀ ਨਹੀਂ। ਬੜੀ ਮਹਿੰਗੀ ਅਤੇ ਸਰੀਰ ਲਈ ਹਾਨੀਕਾਰਕ ਚਾਹ (ਟੀ) ਪੀਣੀ ਛੱਡ ਕੇ ਕਿਉਂ ਨਾ ਬੜੀ ਸਸਤੀ ਅਤੇ ਸਰੀਰ ਲਈ ਲਾਭਦਾਇਕ ਦੇਸੀ ਚਾਹ ਪੀਤੀ ਜਾਏ?

ਇਸ ਚਾਹ ਦੇ ਗੁਣ ਅਨੇਕ ਹਨ-ਦਿਲ, ਦਿਮਾਗ ਅਤੇ ਮਿਹਦੇ ਨੂੰ ਤਾਕਤ ਦਿੰਦੀ ਹੈ। ਦਿਲ ਖੁਸ਼ ਰਖਦੀ ਹੈ ਅਤੇ ਮਾਨਸਿਕ ਤਣਾਓ ਤੋਂ ਬਚਾਉਂਦੀ ਹੈ। ਚਾਹ ਵੀ ਹੈ ਅਤੇ ਦਵਾਈ ਵੀ। ਰੋਗੀ ਪੀਵੇਗਾ ਰੋਗ ਕੱਟੇਗੀ ਅਤੇ ਅਰੋਗ ਪੀਵੇਗਾ ਰੋਗਾਂ ਤੋਂ ਬਚੇਗਾ। ਬੱਚਾ, ਬੁੱਢਾ, ਇਸਤਰੀ, ਪੁਰਸ਼ ਹਰ ਉਮਰ ਦਾ ਵਿਅਕਤੀ ਪੀ ਸਕਦਾ ਹੈ। ਭਾਵੇਂ ਇਸ ਦਾ ਕੋਈ ਨੁਕਸਾਨ ਨਹੀਂ, ਫਿਰ ਵੀ ਡਾਕਟਰ ਦੀ ਸਲਾਹ ਲੈ ਸਕਦੇ ਹੋ।

# ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਖੁੱਲ੍ਹੀ ਚਿੱਠੀ

**ਪੰਥਕ ਮਾਮਲੇ**

ਸਿੰਘ ਸਾਹਿਬ ਜਥੇਦਾਰ ਗੁਰਬਚਨ ਸਿੰਘ ਜੀ,
ਅਕਾਲ ਤਖਤ ਸਾਹਿਬ,
ਸ੍ਰੀ ਅੰਮ੍ਰਿਤਸਰ।
ਵਿਸ਼ਾ- ਖੁਲ੍ਹੀ ਚਿੱਠੀ
ਜਥੇਦਾਰ ਸਾਹਿਬ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ।

ਇਸ ਖੁਲ੍ਹੀ-ਚਿੱਠੀ ਦੁਆਰਾ ਕੀਤੀ ਜਾ ਰਹੀ ਕੋਸ਼ਿਸ਼ ਨਾ ਮੇਰੀ ਪਹਿਲੀ ਅਤੇ ਨਾ ਹੀ ਆਖਰੀ ਹੈ ਕਿਉਂਕਿ ਮੇਰੀ ਅਕਾਲ ਤਖਤ ਸਾਹਿਬ ਪ੍ਰਤੀ ਆਸਥਾ ਮੈਨੂੰ ਸੰਸਥਾ ਨਾਲ ਸੰਸਥਾ-ਮੁਖੀ ਦੁਆਰਾ ਜੁੜੇ ਰਹਿਣ ਲਈ ਉਤਸ਼ਾਹਤ ਕਰਦੀ ਰਹਿੰਦੀ ਹੈ। ਇਸ ਵੇਲੇ ਮੇਰੇ ਸਾਹਮਣੇ ਪੰਜਾਬ ਸਰਕਾਰ ਦੇ ਇਕ ਮਨਿਸਟਰ ਸ. ਸੁਖਜਿੰਦਰ ਸਿੰਘ ਰੰਧਾਵਾ ਨੂੰ ਬਾਣੀ ਠੀਕ ਨਾ ਬੋਲਣ ਬਾਰੇ ਸਪਸ਼ਟੀਕਰਣ ਨਾਲ ਜੁੜੀ ਹੋਈ ਮੀਡੀਆ ਦੀ ਖਬਰ ਹੈ। ਮੈਨੂੰ ਪਤਾ ਹੈ ਕਿ ਅਜਿਹਾ ਸਿਆਸੀ ਹਵਾਲੇ ਨਾਲ ਵਾਪਰਿਆ ਸੀ ਕਿਉਂਕਿ 'ਹਉ ਪਾਪੀ ਤੂੰ ਬਖਸ਼ਣਹਾਰੁ...' ਵਿਚ 'ਤੂੰ' ਦੀ ਥਾਂ ਇਕ ਸਿਆਸਤਦਾਨ ਦਾ ਨਾਂ ਵਰਤਿਆ ਗਿਆ ਸੀ। ਮੀਡੀਆ ਮੁਤਾਬਿਕ ਮਨਿਸਟਰ ਨੇ 'ਮੈਂ ਪਾਪੀ ਬਾਦਲ ਤੂੰ ਬਖਸ਼ਣਹਾਰ' ਭਾਈ ਗੁਰਮੁਖ ਸਿੰਘ (ਵਰਤਮਾਨ ਹੈਡ ਗ੍ਰੰਥੀ ਅਕਾਲ ਤਖਤ ਸਾਹਿਬ) ਦੇ ਹਵਾਲੇ ਨਾਲ ਬੋਲਿਆ ਸੀ ਅਤੇ ਇਸ ਦਾ ਸਬੰਧ ਉਨ੍ਹਾਂ ਤੁਕਾਂ ਨਾਲ ਉਸ ਤਰ੍ਹਾਂ ਨਹੀਂ ਜੁੜਦਾ ਜਿਵੇਂ ਜੋੜ ਦਿੱਤਾ ਗਿਆ ਹੈ। ਤੁਕ ਇਸ ਪ੍ਰਕਾਰ ਹੈ:

ਆਸਾ ਮਹਲਾ ੧॥
ਆਪਿ ਕਰੇ ਸਚੁ ਅਲਖ ਅਪਾਰੁ॥
ਹਉ ਪਾਪੀ ਤੂੰ ਬਖਸ਼ਣਹਾਰੁ॥੧॥
(ਪੰਨਾ ੩੫੬)

ਮੈਂ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਹਵਾਲੇ ਦੀ ਅਹਿਮੀਅਤ ਪ੍ਰਸੰਗ ਨਾਲ ਜੁੜੀ ਹੋਈ ਹੁੰਦੀ ਹੈ। ਬੋਲੇ ਹੋਏ ਦਾ ਪ੍ਰਸੰਗ ਜੇ ਸਿਆਸੀ ਹੋਵੇਗਾ ਤਾਂ ਉਸ ਨੂੰ ਧਾਰਮਿਕ ਬਣਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਸ਼ੰਕਿਆਂ ਦੇ ਘੇਰੇ ਵਿਚੋਂ ਨਹੀਂ ਨਿਕਲ ਸਕਾਂਗੇ। ਇਹੋ ਜਿਹੀ ਸਥਿਤੀ ਨੂੰ ਇਕ ਮਜ਼ਾਹੀਆ ਕਵੀ ਨੇ ਧਾਰਮਿਕਤਾ ਨੂੰ ਠੇਸ ਪਹੁੰਚਣ ਦੇ ਹਵਾਲੇ ਨਾਲ ਇੰਜ ਕਹਿਣ ਦੀ ਕੋਸ਼ਿਸ਼ ਕੀਤੀ ਹੋਈ ਹੈ:

ਕਿਸੇ ਬੱਧੀ ਦਾਹੜੀ ਤਾਂ ਮਜ਼ਹਬ ਨੂੰ ਖਤਰਾ।
ਕਿਸੇ ਬੱਧੀ ਸਾਹੜੀ ਤਾਂ ਮਜ਼ਹਬ ਨੂੰ ਖਤਰਾ।
ਮਜ਼ਹਬ ਨ ਹੋਇਆ ਹੋਈ ਮੋਮਬੱਤੀ।
ਪਿਘਲ ਗਈ ਫੌਰਨ ਲੱਗੀ ਧੁੱਪ ਤੱਤੀ।

ਸੰਸਥਾਵਾਂ ਜੇ ਸਿਆਸੀ ਤਿਲਕਣਬਾਜ਼ੀਆਂ ਨਾਲ ਤਿਲਕਣ ਵਾਲੇ ਰਾਹ ਪੈ ਜਾਣਗੀਆਂ ਤਾਂ ਬੇਲੋੜੇ ਨੁਕਸਾਨ ਝੱਲਣ ਵਾਸਤੇ ਤਿਆਰ ਰਹਿਣਾ ਪਵੇਗਾ। ਮਜੀਠੀਆ ਸਾਹਿਬ ਨੂੰ ਸੱਦ ਕੇ ਜੋ ਹੋਇਆ ਸੀ, ਉਹੀ ਮਨਿਸਟਰ ਸਾਹਿਬ ਨੂੰ ਸੱਦ ਕੇ ਹੋ ਵੀ ਜਾਵੇ ਤਾਂ ਇਸ ਨਾਲ ਪੰਥਕਤਾ ਦਾ ਕੀ ਸੰਵਰਿਆ ਸੀ ਜਾਂ ਸੰਵਰੇਗਾ, ਕਦੇ ਤਾਂ ਸੋਚ ਹੀ ਲੈਣਾ ਚਾਹੀਦਾ ਹੈ। ਸਿੱਖ ਸੰਸਥਾਵਾਂ, ਤੋੜਨ ਵਾਸਤੇ ਨਹੀਂ, ਜੋੜਨ ਵਾਸਤੇ ਚਿਤਵੀਆਂ ਗਈਆਂ ਸਨ। ਲੋੜ ਇਹ ਸੋਚਣ ਦੀ ਹੈ ਕਿ ਟੁੱਟਣ ਵੱਲ ਭੱਜੇ ਜਾਂਦਿਆਂ ਨੂੰ ਕਿਵੇਂ ਜੋੜ ਕੇ ਰੱਖਣਾ ਹੈ?

ਜਿਹੋ ਜਿਹੀ ਗਲਤੀ ਵਾਸਤੇ ਮਨਿਸਟਰ ਨੂੰ ਸੱਦਿਆ ਜਾ ਰਿਹਾ ਹੈ, ਇਹੋ ਜਿਹੀਆਂ ਗਲਤੀਆਂ ਸਿਆਸਤਦਾਨ ਸਿਆਸੀ ਲੋਰ ਵਿਚ ਆਮ ਹੀ ਕਰਦੇ ਰਹਿੰਦੇ ਹਨ ਅਤੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਜਾਗਿਆਂ ਨੂੰ ਜਗਾਉਣ ਵਾਂਗ ਹੋਵੇਗੀ। ਇਹ ਮਾਮਲਾ ਬਾਣੀ ਦੀ ਭਾਸ਼ਾ ਨੂੰ ਗਲਤ ਪ੍ਰਸੰਗ ਵਿਚ ਵਰਤੇ ਜਾਣ ਦਾ ਹੈ ਅਤੇ ਅਜਿਹਾ ਉਨ੍ਹਾਂ ਵੱਲੋਂ ਵੀ ਆਮ ਹੋ ਰਿਹਾ ਹੈ, ਜਿਨ੍ਹਾਂ ਨੂੰ ਸਿੱਖਾਂ ਦੇ ਸਿਆਣਿਆਂ ਵਿਚੋਂ ਗਿਣਿਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ "ਜੇ ਜੀਵੈ ਪਤਿ ਲਥੀ ਜਾਇ..." ਨੂੰ ਲੈ ਕੇ ਪ੍ਰਸੰਗ ਵਿਗਾੜ ਲਗਾਤਾਰ ਹੋ ਰਿਹਾ ਹੈ। ਇਸ ਸ਼ਬਦ ਦਾ ਬਾਣੀ ਪ੍ਰਸੰਗ ਅਧਿਆਤਮਕ ਹੈ, ਪਰ ਇਸ ਦਾ ਪ੍ਰਾਪਤ ਪ੍ਰਸੰਗ ਕਦੇ ਕਦੇ ਸਮਾਜਿਕ ਅਤੇ ਬਹੁਤੀ ਵਾਰ ਰਾਜਨੀਤਕ ਹੁੰਦਾ ਹੈ। ਇਸ ਤਰ੍ਹਾਂ ਦੀਆਂ ਉਦਾਹਰਣਾਂ ਆਮ ਮਿਲ ਜਾਂਦੀਆਂ ਹਨ। ਬਾਣੀ ਦੀ ਮਰਯਾਦਾ ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਸਥਾਪਤ ਹੈ, ਉਸ ਤਰ੍ਹਾਂ ਦੀ ਮਰਯਾਦਾ ਬਾਣੀ ਨੂੰ ਆਮ ਬੋਲ ਚਾਲ ਵਿਚ ਵਰਤੇ ਜਾਣ ਬਾਰੇ ਸਥਾਪਤ ਨਹੀਂ ਹੈ। ਮਰਯਾਦਾ ਬਾਰੇ ਜਾਣਕਾਰੀ ਵੈਸੇ ਹੀ ਆਮ ਸਿੱਖਾਂ ਵਿਚ ਬਹੁਤ ਘੱਟ ਹੈ। ਖਾਸ ਸਿੱਖਾਂ ਨੂੰ ਵੀ ਓਦੋਂ ਹੀ ਮਰਯਾਦਾ ਦਾ ਪਤਾ ਲੱਗਦਾ ਹੈ, ਜਦੋਂ ਉਨ੍ਹਾਂ ਨੂੰ ਤਲਬ ਕਰ ਲਿਆ ਜਾਂਦਾ ਹੈ। ਇਸ ਹਾਲਤ ਵਿਚ ਸੱਦਣ ਤੇ ਛੇਕਣ ਨਾਲ ਬਹੁਤੇ ਸਿਹਤਮੰਦ ਨਤੀਜੇ ਸਾਹਮਣੇ ਨਹੀਂ ਆ ਸਕੇ। ਤਾਂ ਤੇ ਫੈਸਲਿਆਂ ਵਿਚ ਪਦਵੀ ਦਾ ਅਧਿਕਾਰ ਵਰਤਣ ਦੀ ਥਾਂ, ਜੇ ਪਦਵੀ ਦੀ ਨੈਤਿਕਤਾ ਵਰਤੀ ਜਾਵੇ ਤਾਂ ਨਤੀਜੇ ਸਿਹਤਮੰਦ ਨਿਕਲ ਸਕਦੇ ਹਨ।

ਜਿਹੋ ਜਿਹੇ ਹਾਲਾਤ ਵਿਚੋਂ ਸਿੱਖ ਭਾਈਚਾਰਾ ਲੰਘ ਰਿਹਾ ਹੈ, ਉਸ ਵਿਚ ਸਿਆਸਤਦਾਨਾਂ ਦੀਆਂ ਕੀਤੀਆਂ ਦੇ ਨਤੀਜੇ ਆਮ ਬੰਦੇ ਨੂੰ ਭੁਗਤਣੇ ਪੈ ਰਹੇ ਹਨ। ਅਮਰੀਕਾ ਵਿਚ ਜੋ ਦਿੱਲੀ ਕਮੇਟੀ ਦੇ ਪ੍ਰਧਾਨ ਨਾਲ ਵਾਪਰਿਆ, ਪੰਜਾਬ ਵਿਧਾਨ ਸਭਾ ਵਿਚ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਰੇ ਪਾਸ ਹੋਇਆ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਾਰੇ ਜੋ ਭਾਈ ਗੁਰਮੁਖ ਸਿੰਘ ਦੇ ਹਵਾਲੇ ਨਾਲ ਕਿਹਾ ਗਿਆ, ਉਹ ਅਕਾਲੀ ਦਲ ਦੀ ਸਿਆਸਤ ਨਾਲ ਪੈਦਾ ਹੋਏ ਹਾਲਾਤ ਕਰਕੇ ਹੋਇਆ ਹੈ। ਸੰਸਥਾ ਮੁਖੀਆਂ ਨਾਲ ਸੰਸਥਾਵਾਂ ਦਾ ਜੋ ਨੁਕਸਾਨ ਹੋਇਆ ਹੈ, ਉਸ ਬਾਰੇ ਨਿੱਠ ਕੇ ਸੋਚੇ ਜਾਣ ਦੀ ਲੋੜ ਹੈ। ਅਜਿਹਾ, ਕਿਸੇ ਵੀ ਤਰ੍ਹਾਂ ਦੀ ਸਿਆਸਤ ਤੋਂ ਬਚ ਕੇ ਹੀ ਕੀਤਾ ਜਾਣਾ ਚਾਹੀਦਾ ਹੈ। ਸੰਸਥਾਵਾਂ, ਕੌਮ ਦੀਆਂ ਹਨ ਅਤੇ ਇਨ੍ਹਾਂ ਨੂੰ ਧੜਿਆਂ ਦੀ ਸਿਆਸਤ ਵਾਸਤੇ ਵਰਤੇ ਜਾਣ ਤੋਂ ਬਚਾ ਕੇ ਰੱਖੇ ਜਾਣ ਦੀ ਜੁੰਮੇਵਾਰੀ ਸੰਸਥਾ ਮੁਖੀਆਂ ਨੂੰ ਹੀ ਨਿਭਾਉਣੀ ਪੈਣੀ ਹੈ। ਕਾਫੀ ਸਮੇਂ ਤੋਂ ਸਿੱਖ ਸੰਸਥਾਵਾਂ ਧਿਰ ਹੋ ਜਾਣ ਦੀਆਂ ਸਿਆਸੀ ਮਜਬੂਰੀਆਂ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਵਿਚੋਂ ਨਿਕਲਣ ਲਈ ਨਹੀਂ ਸੋਚਾਂਗੇ ਤਾਂ ਸਿਧਾਂਤ ਤੇ ਪਰੰਪਰਾ ਵਿਚਾਲੇ, ਬਾਣੀ ਤੇ ਰਹਿਤ ਮਰਯਾਦਾ ਵਿਚਕਾਰ ਅਤੇ ਬਾਣੀ ਤੇ ਇਤਿਹਾਸ ਵਿਚਕਾਰ ਤਣਾਓ ਪੈਦਾ ਕਰਨ ਵਿਚ ਭਾਈਵਾਲ ਹੁੰਦੇ ਜਾਵਾਂਗੇ।

ਕੋਸ਼ਿਸ਼ ਇਹ ਕਹਿਣ ਦੀ ਕੀਤੀ ਜਾ ਰਹੀ ਹੈ ਕਿ ਜਦੋਂ ਸੰਸਥਾਵਾਂ ਵੱਲੋਂ ਫੈਸਲਾ ਲੈਣ ਲੱਗਿਆਂ ਮੁਸ਼ਕਿਲ ਪੇਸ਼ ਆਉਂਦੀ ਰਹੀ ਹੈ ਤਾਂ ਰਾਗਮਾਲਾ ਵਾਸਤੇ ਲਏ ਹੋਏ ਫੈਸਲੇ ਵਾਂਗ ਫੈਸਲੇ ਖੁਲ੍ਹੇ ਵੀ ਛੱਡੇ ਜਾਂਦੇ ਰਹੇ ਹਨ। ਬਾਣੀ ਦੇ ਉਚਾਰਨ ਨੂੰ ਲੈ ਕੇ ਬਹੁਤ ਸਾਰੇ ਕਾਰਨਾਂ ਕਰਕੇ ਇਕਸਾਰਤਾ ਦੀ ਮੁਸ਼ਕਿਲ ਨਾਲ ਲਗਾਤਾਰ ਨਿਭਿਆ ਜਾ ਰਿਹਾ ਹੈ। ਅਹੁਦਿਆਂ ਨੂੰ ਸਿੱਖ ਸੁਰ ਵਿਚ ਸਰਬ ਕਲਾ ਸੰਪੰਨ ਪ੍ਰਵਾਨ ਨਹੀਂ ਕੀਤਾ ਗਿਆ ਅਤੇ ਕਰਨਾ ਵੀ ਨਹੀਂ ਚਾਹੀਦਾ। ਏਸੇ ਕਰਕੇ ਜਥੇਦਾਰੀ ਦੇ ਅਹੁਦੇ ਨੂੰ ਨੈਤਿਕ ਘੇਰੇ ਵਿਚ ਚਿਤਵਿਆ ਗਿਆ ਹੈ। ਸਿਆਸਤਦਾਨਾਂ ਨੂੰ ਅਕਾਲ ਤਖਤ 'ਤੇ ਸੱਦਣ ਦੇ ਭੈਅ ਦੀ ਥਾਂ ਬਿਨਾ ਸੱਦਿਆਂ ਤਾੜਨਾ ਕਰਨ ਦਾ ਨਿਰਮਲ ਭਉ ਵਧੇਰੇ ਲਾਹੇਵੰਦਾ ਹੋ ਸਕਦਾ ਹੈ। ਇਸ ਬਾਰੇ ਵਿਉਂਤਬੰਦੀ ਸਿੱਖ ਸੁਜੱਗਤਾ ਨੂੰ ਨਾਲ ਲੈ ਕੇ ਕੀਤੀ ਜਾ ਸਕਦੀ ਹੈ। ਇਹ ਇਸ ਆਧਾਰ 'ਤੇ ਕਿਹਾ ਜਾ ਰਿਹਾ ਹੈ ਕਿ ਇਸ ਤਰ੍ਹਾਂ 1925 ਦੇ ਐਕਟ, ਭਾਰਤ ਦੇ ਵਿਧਾਨ ਅਤੇ ਸਿੱਖ ਚਿੰਤਨ ਨੂੰ ਇਕੱਠਿਆਂ ਤੋਰ ਸਕਣ ਦੀ ਕੰਮ ਚਲਾਊ ਵਿਧੀਆਂ ਲੱਭੀਆਂ ਜਾ ਸਕਦੀਆਂ ਹਨ। ਜੋ ਕੁਝ ਪੰਥਕ ਸੁਰ ਵਿਚ ਸੰਭਵ ਨਾ ਲੱਗਦਾ ਹੋਵੇ, ਉਸ ਨੂੰ ਸਿੱਖ ਸੁਰ ਵਿਚ ਕਰ ਸਕਣ ਦੀਆਂ ਸੰਭਾਵਨਾਵਾਂ ਤਲਾਸ਼ ਲੈਣੀਆਂ ਚਾਹੀਦੀਆਂ ਹਨ।

ਸਿੱਖਾਂ ਦੀਆਂ ਸੁੱਚੀਆਂ ਰੀਝਾਂ ਸਿਆਸੀਆਂ ਵੱਲੋਂ ਪੈਦਾ ਕੀਤੀਆਂ ਘੁੰਮਣਘੇਰੀਆਂ ਵਿਚ ਫਸੀਆਂ ਹੋਈਆਂ ਹਨ। ਇਸ ਵਿਚੋਂ ਨਿਕਲਣ ਲਈ ਸਿੱਖ ਸੰਸਥਾਵਾਂ ਨੂੰ ਸਿਆਸਤ ਤੋਂ ਬਚ ਕੇ ਚੱਲਣ ਦਾ ਰਾਹ ਕੱਢ ਲੈਣਾ ਚਾਹੀਦਾ ਹੈ। ਅਜਿਹਾ ਅਕਾਦਮਿਕ ਸੁਰ ਵਿਚ ਹੀ ਸੰਭਵ ਹੋ ਸਕਦਾ ਹੈ। ਇਹ ਕੰਮ ਭਾਈ ਗੁਰਦਾਸ ਜੀ ਤੋਂ ਲੈ ਕੇ ਭਾਈ ਵੀਰ ਸਿੰਘ ਤੱਕ ਹੁੰਦਾ ਰਿਹਾ ਹੈ। ਹਾਲਾਤ ਸਾਰਿਆਂ ਵਾਸਤੇ ਹੀ ਬਦਲ ਗਏ ਹਨ ਅਤੇ ਬਦਲੇ ਹੋਏ ਨਾਲ ਕਦਮ ਮਿਲਾ ਕੇ ਚੱਲਣ ਲਈ ਹਾਲਾਤ ਮੁਤਾਬਿਕ ਵਿਧੀਆਂ ਬਣਾਉਣੀਆਂ ਪੈਣੀਆਂ ਹਨ। ਨਹੀਂ ਸਮਝਾਂਗੇ ਤਾਂ ਸਿੱਖ ਸੰਸਥਾਵਾਂ ਸਿਆਸੀ ਅਖਾੜੇ ਬਣ ਜਾਣ ਵਾਲੇ ਰਾਹ ਪੈ ਸਕਦੀਆਂ ਹਨ। ਇਸ ਬਾਰੇ ਏਜੰਡਾ ਬਣਾਏ ਜਾਣ ਦੀ ਕੋਸ਼ਿਸ਼ ਅਕਾਲ ਤਖਤ ਸਾਹਿਬ ਰਾਹੀਂ ਹੋਣੀ ਚਾਹੀਦੀ ਹੈ। ਇਸ ਪਾਸੇ ਤੁਰਨ ਵਾਸਤੇ ਸੰਸਥਾ ਮੁਖੀਆਂ ਨੂੰ ਸਿੱਖ ਸਿਆਸਤ ਦੇ ਮੋਹਰੇ ਲੱਗ ਸਕਣ ਦੇ ਪ੍ਰਭਾਵ ਤੋਂ ਤਾਂ ਬਚਣਾ ਹੀ ਪਵੇਗਾ।

ਇਸ ਆਧਾਰ 'ਤੇ ਮੇਰੀ ਸੋਚੀ ਸਮਝੀ ਰਾਏ ਹੈ ਕਿ ਪੰਜ ਸਿੰਘ ਸਾਹਿਬਾਨ ਦੀ ਆ ਰਹੀ ਮੀਟਿੰਗ ਵਿਚ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਿਆਸਤ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਮਸਲਿਆਂ ਨੂੰ ਅਕਾਲ ਤਖਤ ਸਾਹਿਬ ਤੋਂ ਨਹੀਂ ਵਿਚਾਰਿਆ ਜਾਏਗਾ। ਪੰਜਾਬ ਤੋਂ ਬਾਹਰਲੇ ਤਖਤ ਸਾਹਿਬ ਬਿਨਾ ਫੈਸਲਾ ਲਿਆਂ, ਇਹੋ ਕਰ ਰਹੇ ਹਨ। ਇਹੀ ਪੰਜਾਬ ਵਿਚ ਕਿਉਂ ਨਹੀਂ ਹੋ ਸਕਦਾ? ਕਿਸੇ ਵੀ ਟੀਚੇ ਤੱਕ ਪਹੁੰਚਣ ਲਈ ਪਹਿਲਾ ਪੈਰ ਤਾਂ ਪੁੱਟਣਾ ਹੀ ਪਵੇਗਾ। ਕਹੀ ਹੋਈ ਕਿਸੇ ਗੱਲ ਦਾ ਵਿਸਥਾਰ ਜਾਂ ਪ੍ਰਸੰਗ ਲੋੜੀਂਦਾ ਹੋਵੇ ਤਾਂ ਹਾਜ਼ਰ ਹੋ ਕੇ ਬਿਆਨ ਕਰਨ ਦੀ ਪੇਸ਼ਕਸ਼ ਕਰਦਾ ਹਾਂ। ਅੱਗੋਂ ਜੋ ਗੁਰੂ ਜੀ ਨੂੰ ਭਾਵੇ।

ਸਤਿਕਾਰ ਸਹਿਤ,
ਗੁਰੂ ਪੰਥ ਦਾ ਦਾਸ,

*-ਬਲਕਾਰ ਸਿੰਘ ਪ੍ਰੋਫੈਸਰ*
*34 ਅਰਬਨ ਐਸਟੇਟ, ਫੇਜ਼ 1,*
*ਪਟਿਆਲਾ।*
*ਫੋਨ: 91-93163-01328*

# ਅਧਿਆਪਕ ਦਿਵਸ ਮੌਕੇ ਮਿਲਦਾ ਸਨਮਾਨ ਬਣਿਆ ਅਪਮਾਨ

**ਅਧਿਆਪਕ ਦਿਵਸ 'ਤੇ ਵਿਸ਼ੇਸ਼**

ਮਹਾਨ ਸਿਖਿਆ ਸ਼ਾਸਤਰੀ ਸਰਵਪਲੀ ਡਾ. ਰਾਧਾ ਕ੍ਰਿਸ਼ਨਨ ਜਦੋਂ ਦੂਸਰੇ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਦੇ ਵਿਦਿਆਰਥੀਆਂ ਅਤੇ ਸਾਥੀ ਅਧਿਆਪਕਾਂ ਨੇ ਉਨ੍ਹਾਂ ਦੇ ਜਨਮ ਦਿਨ 'ਤੇ ਜਸ਼ਨ ਮਨਾਉਣ ਦਾ ਤਰਲਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਭਾਰਤ ਸਿੱਖਿਆ ਦੇ ਖੇਤਰ 'ਚ ਬਹੁਤ ਪਿਛੜਿਆ ਹੋਇਆ ਹੈ। ਇਸ ਲਈ ਰਾਸ਼ਟਰ ਦੇ ਨਵ-ਨਿਰਮਾਣ ਲਈ ਜਰੂਰੀ ਹੈ ਕਿ ਕੌਮ ਦੇ ਉਸਰੱਈਏ ਅਧਿਆਪਕਾਂ ਦਾ ਸਨਮਾਨ ਹੋਵੇ। ਜੋ ਅਧਿਆਪਕ ਆਪਣੀ ਮਿਹਨਤ ਸਦਕਾ ਵਿਦਿਆਰਥੀਆਂ ਅਤੇ ਸਮਾਜਕ ਸੇਵਾਵਾਂ ਬਦਲੇ ਆਦਰਸ਼ ਸਥਾਪਤ ਕਰਦੇ ਹਨ, ਉਨ੍ਹਾਂ ਦੇ ਸਨਮਾਨ ਲਈ ਮੇਰਾ ਜਨਮ ਦਿਨ ਸਮਰਪਿਤ ਕੀਤਾ ਜਾਵੇ।

**ਰੌਸ਼ਨ ਖੈੜਾ***
**ਫੋਨ: 91-98766-33216**

ਡਾ. ਰਾਧਾ ਕ੍ਰਿਸ਼ਨਨ ਦਾ ਜਨਮ 5 ਸਤੰਬਰ 1888 ਨੂੰ ਹੋਇਆ ਸੀ ਅਤੇ ਪਹਿਲੀ ਵਾਰ 5 ਸਤੰਬਰ 1962 ਦਾ ਮੁਬਾਰਕ ਦਿਹਾੜਾ ਦੇਸ਼ ਦੇ ਅਧਿਆਪਕਾਂ ਦੇ ਨਾਮ ਹੋ ਗਿਆ। ਉਸ ਪਿਛੋਂ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਦਾ ਨਾਂ ਦਿੱਤਾ ਗਿਆ। ਸਰਵੋਤਮ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਹਰ ਰਾਜ ਦੇ ਗਵਰਨਰ ਹਾਊਸ 'ਚ ਅਧਿਆਪਕ ਦਿਵਸ ਮੌਕੇ ਰਾਜ ਪੱਧਰੀ ਸਮਾਗਮ 'ਚ ਰਾਜ ਪੁਰਸਕਾਰ ਦੇਣਾ ਸ਼ੁਰੂ ਹੋ ਗਿਆ ਜਦਕਿ ਹੋਰ ਸਰਵਉਚ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਰਾਸ਼ਟਰਪਤੀ ਭਵਨ 'ਚ ਦੇਸ਼ ਦੇ ਰਾਸ਼ਟਰਪਤੀ ਦੇ ਕਰ ਕਮਲਾਂ ਰਾਹੀਂ ਕੌਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਣ ਲੱਗ ਪਿਆ। ਬੇਸ਼ਕ ਪੂਰੇ ਵਿਸ਼ਵ 'ਚ 5 ਅਕਤੂਬਰ ਨੂੰ ਹੀ ਵਿਸ਼ਵ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ ਪਰ ਆਦਰਸ਼ ਅਧਿਆਪਕ ਡਾ. ਰਾਧਾ ਕ੍ਰਿਸ਼ਨਨ, ਜੋ ਅਧਿਆਪਨ ਦੇ ਖੇਤਰ 'ਚੋਂ ਨਿਕਲ ਕੇ ਰਾਸ਼ਟਰਪਤੀ ਬਣੇ ਪਰ ਉਹ ਦੇਸ਼ 'ਚ ਸਾਖਰਤਾ ਅਤੇ ਸਿੱਖਿਆ ਦੇ ਮਿਸ਼ਨ ਨੂੰ ਹੀ ਸਮਰਪਿਤ ਰਹੇ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੱਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਜਗਿਆਸੂ ਬਣਾ ਕੇ ਖੁਦ ਦੀ ਤਾਕਤ ਪਛਾਣਨ ਵਾਲਾ ਨਹੀਂ ਬਣਾ ਦਿੰਦਾ, ਉਦੋਂ ਤੱਕ ਉਸ ਨੂੰ ਅਧਿਆਪਕ ਕਹਾਉਣ ਦਾ ਹੱਕ ਹੀ ਨਹੀਂ।


ਸੱਚੀਆਂ ਸਾਖੀਆਂ ਹਨ ਕਿ ਰੂਸ ਦੇ ਰਾਸ਼ਟਰਪਤੀ ਮਿਖਾਇਲ ਗੋਰਬਾਚੌਵ ਸੇਵਾ ਮੁਕਤੀ ਪਿਛੋਂ ਕਿਸੇ ਸਕੂਲ 'ਚ ਅਧਿਆਪਕ ਦੀ ਨੌਕਰੀ ਕਰਨ ਲਈ ਬਿਨੈ-ਪੱਤਰ ਦਿੰਦੇ ਹਨ। ਉਨ੍ਹਾਂ ਦੇ ਬਿਨੈ-ਪਤੱਰ ਨੂੰ ਦੇਖ ਕੇ ਸਕੂਲ ਪ੍ਰਬੰਧਕ ਨੇ ਹੈਰਾਨੀ ਨਾਲ ਮਿਖਾਇਲ ਗੋਰਬਾਚੌਵ ਨੂੰ ਪੁੱਛ ਹੀ ਲਿਆ ਕਿ ਸਰ ਤੁਸੀਂ ਰਾਸ਼ਟਰਪਤੀ ਤੋਂ ਅਧਿਆਪਕ? ਤਾਂ ਉਨ੍ਹਾਂ ਬਹੁਤ ਹੀ ਹਲੀਮੀ ਨਾਲ ਜਵਾਬ ਦਿੱਤਾ ਕਿ ਮੈਂ ਰਾਸ਼ਟਰਪਤੀ ਦੇ ਅਹੁਦੇ ਉਤੇ ਬੈਠ ਕੇ ਹੀ ਅਹਿਸਾਸ ਕੀਤਾ ਹੈ, ਇਸ ਦੇਸ਼ ਜਾਂ ਸਮਾਜ ਨੂੰ ਰਾਸ਼ਟਰਪਤੀ ਦੀ ਨਹੀਂ ਬਲਕਿ ਇੱਕ ਚੰਗੇ ਅਧਿਆਪਕ ਦੀ ਹੀ ਲੋੜ ਹੈ।


*ਡਾ. ਰਾਧਾ ਕ੍ਰਿਸ਼ਨਨ*

ਇਸੇ ਤਰ੍ਹਾਂ ਹੀ ਜਦੋਂ ਅਸੀਂ ਆਪਣੇ ਦੇਸ਼ ਦੇ ਮਹਾਨ ਮਿਜ਼ਾਇਲ ਵਿਗਿਆਨੀ ਡਾ. ਅਬਦੁਲ ਕਲਾਮ ਨੂੰ ਯਾਦ ਕਰਦੇ ਹਾਂ ਤਾਂ ਉਹ ਵੀ ਇਕ ਅਧਿਆਪਕ ਵਾਂਗ ਇੱਕ ਯੂਨੀਵਰਸਿਟੀ 'ਚ ਵਿਦਿਆਰਥੀਆਂ ਨੂੰ ਜੀਵਨ ਦੀਆਂ ਕਦਰਾਂ ਕੀਮਤਾਂ ਦਾ ਸਬਕ ਦਿੰਦੇ ਹੀ ਮੰਚ ਉਤੇ ਢੇਰੀ ਹੋ ਗਏ ਸਨ। ਡਾ. ਕਲਾਮ ਵੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਉਪਰੰਤ ਆਪਣੇ ਉਸ ਬਜ਼ੁਰਗ ਅਧਿਆਪਕ ਦੇ ਘਰ ਹੀ ਨਤਮਸਤਕ ਕਰਨ ਗਏ ਸਨ, ਜਿਨ੍ਹਾਂ ਨੇ ਗਰੀਬ ਅਤੇ ਹੋਣਹਾਰ ਬਾਲ ਅਬਦੁਲ ਕਲਾਮ ਨੂੰ ਪਛਾਣਦਿਆਂ ਉਸ ਦੇ ਮੱਥੇ ਵਿਚ ਜ਼ਿੰਦਗੀ ਦੇ ਸੁਪਨੇ ਬੀਜੇ ਸਨ। ਇਸ ਦੇਸ਼ ਦੇ ਮਹਾਨ ਵਿਗਿਆਨੀ, ਅਧਿਆਪਕ ਅਤੇ ਇਨਸਾਨ ਹਮੇਸ਼ਾਂ ਵਿਦਿਆਰਥੀਆਂ ਦੇ ਮੱਥਿਆਂ 'ਚ ਨਵੇਂ ਵਿਚਾਰ ਤੇ ਸੁਪਨੇ ਬੀਜਣ ਲਈ ਦੇਸ਼ ਦੇ ਅਧਿਆਪਕਾਂ ਨੂੰ ਅਪੀਲਾਂ ਕਰਕੇ ਮੌਜੂਦਾ ਰਾਜਨੀਤਕ ਸਿਸਟਮ ਨੂੰ ਵੀ ਅਧਿਆਪਕ ਦੇ ਮਹਾਨ ਰੁਤਬੇ ਨੂੰ ਸਮਝਣ ਲਈ ਝੰਜੋੜਦੇ ਰਹੇ।

ਪਰ ਅੱਜ ਦੇ ਸਿਆਸਤਦਾਨਾਂ ਨੇ ਤਾਂ ਆਪਣੇ ਸਨਮਾਨਿਤ ਅਧਿਆਪਕਾਂ ਨੂੰ ਅਪਮਾਨਿਤ ਕਰਨ ਦਾ ਹੀ ਜਿਵੇਂ ਬੀੜਾ ਚੁੱਕ ਲਿਆ ਹੈ। ਲੋਕਤੰਤਰੀ ਸਿਸਟਮ 'ਚ ਚੁਣੀਆਂ ਸਰਕਾਰਾਂ ਲੋਕ ਅਧਿਆਪਕਾਂ ਨੂੰ ਠਿੱਬੀ ਲਾ ਕੇ ਵੀ ਆਪਣੇ ਹੱਕ 'ਚ ਹਵਾ ਚਲਾਉਣੀ ਸਿੱਖ ਗਏ ਹਨ। ਸਰਸਵਤੀ ਮਾਂ ਨੂੰ ਵਿੱਦਿਆ ਦੀ ਦੇਵੀ ਮੰਨਿਆ ਜਾਂਦਾ ਸੀ, ਸਰਵਪਲੀ ਡਾ. ਰਾਧਾ ਕ੍ਰਿਸ਼ਨਨ ਜਾਂ ਡਾ. ਕਲਾਮ ਦੇ ਆਦਰਸ਼ਾਂ ਨੂੰ ਤਿਲਾਂਜਲੀ ਦੇ ਕੇ ਸਿਆਸਤ ਨੇ ਸਿੱਖਿਆ ਨੂੰ ਵਾਧੂ ਬੋਝ ਮੰਨ ਕੇ ਬਾਜ਼ਾਰ 'ਚ ਲਛਮੀ ਦੇ ਹੱਥੀਂ ਵਿਕਣ ਵਾਲੀ ਵਸਤੂ ਬਣਾ ਦਿੱਤਾ ਹੈ। ਸਿਆਸਤਦਾਨਾਂ ਦੀ ਸਰਪ੍ਰਸਤੀ ਅਤੇ ਮਾਲਕੀ ਹੇਠ ਸਿੱਖਿਆ ਦੀ ਮਾਂ ਸਰਸਵਤੀ ਦੇ ਮੰਦਿਰ ਢਾਹ ਕੇ ਪੰਜ ਤਾਰਾ ਸਿੱਖਿਆ ਉਦਯੋਗ ਸਥਾਪਤ ਕਰਕੇ ਲੁੱਟ ਮਚਾ ਰੱਖੀ ਹੈ। ਜਿਥੇ ਫਰਜ਼ਾਂ ਦੀ ਕੁਰਬਾਨੀ ਦੇ ਕੇ ਨਿਸ਼ਕਾਮ ਸੇਵਾ ਨਾਲ ਨਿਮਰਤਾ ਦੇ ਫੁੱਲ ਖਿੜਾ ਕੇ ਗੁਣਾਤਮਕ ਮਹਿਕਾਂ ਦਾ ਸਿਰਨਾਵਾਂ ਬਣਨਾ ਸੀ, ਉਥੇ ਤਖਤਾਂ ਦੀ ਹਉਮੈ ਨੇ ਕਦਰਾਂ ਕੀਮਤਾਂ ਰੋਲ ਕੇ ਰੱਖ ਦਿੱਤੀਆਂ। ਅੱਜ ਆਜ਼ਾਦ ਭਾਰਤ 'ਚ ਹੱਕ ਮੰਗਦੇ ਅਧਿਆਪਕਾਂ ਨੂੰ ਬੰਧੂਆ ਮਜ਼ਦੂਰਾਂ ਵਾਗ ਗੁਲਾਮ ਬਣਾ ਕੇ ਜ਼ਲੀਲ ਕੀਤਾ ਜਾ ਰਿਹਾ ਹੈ, ਬੇਸਲੀਕਾ ਹੋਏ ਮੰਤਰੀਆਂ ਅਤੇ ਉਚ ਅਧਿਕਾਰੀਆਂ ਦੀ ਜੁਗਲਬੰਦੀ ਅਧਿਆਪਕ ਵਿਰੋਧੀ ਬਿਆਨਾਂ ਨਾਲ ਰਜਵਾੜਾਸ਼ਾਹੀ ਨਾਲ ਵਫਾ ਕਮਾ ਰਹੀ ਹੈ।

ਅਧਿਆਪਕਾਂ ਦੇ ਸਨਮਾਨ 'ਚ ਮਿਲਣ ਵਾਲੇ ਰਾਜ ਅਤੇ ਰਾਸ਼ਟਰੀ ਪੱਧਰ ਦੇ ਸਨਮਾਨਾਂ ਨੂੰ ਵੀ ਸਰਕਾਰਾਂ ਅੱਜ ਸਿੱਖਿਆ ਵਿਭਾਗ ਨੂੰ ਖਤਮ ਕਰਨ ਦੇ ਮਨਸੂਬੇ 'ਚ ਵੱਡਾ ਅੜਿਕਾ ਮੰਨ ਰਹੀਆਂ ਹਨ। ਪਿਛਲੇ ਵਰ੍ਹੇ ਰਾਸ਼ਟਰਪਤੀ ਕੋਲੋਂ ਰਾਸ਼ਟਰੀ ਐਵਾਰਡ ਹਾਸਲ ਕਰਨ ਵਾਲੇ 8 ਅਧਿਆਪਕ ਦਿੱਲੀਓਂ ਆ ਕੇ ਜਦੋਂ ਪੰਜਾਬ ਦੇ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੂੰ ਮਿਲੇ ਤਾਂ ਉਨ੍ਹਾਂ ਸਮੇਂ ਦੀ ਘਾਟ ਦੇ ਹੁੰਦਿਆਂ ਵੀ ਵਧਾਈ ਦੇ ਕੇ ਮੂੰਹ ਮਿੱਠਾ ਕਰਵਾਇਆ ਪਰ ਜਦੋਂ ਸਾਰੇ ਅਧਿਆਪਕ ਆਪਣੇ ਚਾਅ ਲੈ ਕੇ ਸਿੱਖਿਆ ਸਕੱਤਰ ਦੇ ਦਫਤਰ ਫੁੱਲਾਂ ਦਾ ਗੁਲਦਸਤਾ ਲੈ ਕੇ ਪਹੁੰਚੇ ਤਾਂ ਸਿੱਖਿਆ ਸਕੱਤਰ ਦਾ ਨਾ ਮਿਲਣ ਵਾਲਾ ਬੇਰੁਖਾ ਜਿਹਾ ਜਵਾਬ ਸੁਣ ਕੇ ਖਿੜਿਆ ਫੁੱਲਾਂ ਦਾ ਗੁਲਦਸਤਾ ਹੱਥਾਂ 'ਚ ਫੜ੍ਹਿਆ ਹੀ ਮੁਰਝਾ ਗਿਆ ਅਤੇ ਸਾਰੇ ਰਾਸ਼ਟਰ ਐਵਾਰਡੀ ਅਧਿਆਪਕ ਖੁਦਦਾਰੀ ਨੂੰ ਡਿਗਣੋਂ ਬਚਾਉਂਦੇ ਗੁਲਦਸਤਾ ਸਿੱਖਿਆ ਸਕੱਤਰ ਦੇ ਦਫਤਰ ਦੇ ਬਾਹਰ ਪਏ ਕੂੜਾਦਾਨ 'ਚ ਸੁੱਟ ਕੇ ਭਵਿੱਖ 'ਚ ਕਦੇ ਵੀ ਨਾ ਮਿਲਣ ਦਾ ਸੰਕਲਪ ਕਰ ਕੇ ਆਪਣੇ ਫੁੱਲਾਂ ਵਰਗੇ ਵਿਦਿਆਰਥੀਆਂ ਦੇ ਮੱਥੇ ਚੁੰਮਣ ਲਈ ਵਾਪਿਸ ਪਰਤ ਗਏ।


*ਡਾ. ਅਬਦੁਲ ਕਲਾਮ*

ਦਰਅਸਲ ਪਹਿਲਾਂ ਰਾਜ ਪੁਰਸਕਾਰ ਗਵਰਨਰ ਹਾਊਸ 'ਚ ਮਾਣ ਨਾਲ ਮਿਲਦੇ ਸਨ ਪਰ ਜਦੋਂ ਦਾ ਇਹ ਸਨਮਾਨ ਸਿਆਸਤਦਾਨਾਂ ਦੇ ਨਾਪਾਕ ਹੱਥਾਂ 'ਚ ਆਇਆ ਹੈ, ਉਦੋਂ ਦਾ ਹੀ ਪੁਰਸਕਾਰ ਸੜਕਾਂ ਉਤੇ ਆ ਗਿਆ ਹੈ। ਐਵਾਰਡ ਹਾਸਲ ਕਰਨ ਲਈ ਸਿਆਸੀ ਦਖਲਅੰਦਾਜ਼ੀ ਕਾਰਨ ਜੁਗਾੜਬੰਦੀ ਇਸ ਕਦਰ ਵਧ ਗਈ ਹੈ ਕਿ ਐਵਾਰਡ ਸੇਲ ਕਾਊਂਟਰ ਖੁੱਲ੍ਹ ਗਏ ਹਨ। ਸਨਮਾਨ ਹਾਸਲ ਕਰਨਯੋਗ ਅਧਿਆਪਕ ਤਾਂ ਇਸ ਦੌੜ 'ਚ ਸ਼ਾਮਿਲ ਨਾ ਹੋਣ ਦੇ ਬਾਵਜੂਦ ਸਿਆਸੀ ਅਧਿਆਪਕਾਂ ਨੂੰ ਮਿਲਦੇ ਸਨਮਾਨ ਕਾਰਨ ਵਧੇਰੇ ਅਪਮਾਨਿਤ ਮਹਿਸੂਸ ਕਰ ਰਿਹਾ ਹੈ ਪਰ ਜਿਹੜੇ ਯੋਗ ਅਧਿਆਪਕਾਂ ਨੇ ਆਪਣੀਆਂ ਵੱਡਮੁਲੀਆਂ ਸੇਵਾਵਾਂ ਸਦਕਾ ਐਵਾਰਡ ਹਾਸਿਲ ਕੀਤੇ ਹਨ, ਉਹ ਇਨ੍ਹਾਂ ਕਾਲੀਆਂ ਭੇਡਾਂ ਕਾਰਨ ਅਪਮਾਨਿਤ ਮਹਿਸੂਸ ਕਰਦੇ ਹਨ।

ਇਸ ਸਾਲ ਤਾਂ ਸਟੇਟ ਐਵਾਰਡ ਦੇਣ ਲਈ ਵਿਭਾਗ ਨੇ ਪਾਰਦਰਸ਼ਤਾ ਨੂੰ ਹੋਰ ਸ਼ੱਕੀ ਬਣਾ ਦਿੱਤਾ ਹੈ। ਅਧਿਕਾਰੀਆਂ ਨੇ ਕਿਸੇ ਵੀ ਅਧਿਆਪਕ ਦੇ ਹੱਕ 'ਚ ਹੱਥ ਲਿਖਤ ਲਿਖੇ ਢਾਈ ਸੋ ਸ਼ਬਦ ਹੀ ਮੈਰਿਟ ਦਾ ਮੁੱਖ ਹਿੱਸਾ ਬਣਾ ਕੇ ਬਣਾਏ ਬੋਰਡ ਸਾਹਮਣੇ ਪੇਸ਼ ਹੋ ਕੇ ਜ਼ਲੀਲ ਹੋਣਾ ਜ਼ਰੂਰੀ ਕਰ ਦਿੱਤਾ ਜਦਕਿ ਸਕੂਲ 'ਚ ਕੀਤੇ ਕਾਰਜ਼ਾਂ ਨੂੰ ਨਜ਼ਰਅੰਦਾਜ਼ ਕਰਨ ਨਾਲ ਮਨੋਬਲ ਜ਼ਰੂਰ ਡਿੱਗਿਆ ਹੈ।

ਦੂਜਾ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਪਿਛਲੇ ਸਾਲ ਸਨਮਾਨਿਤ ਅਧਿਆਪਕਾਂ ਨੂੰ ਮਿਲਣ ਵਾਲੀ ਰਕਮ ਵਿਚ ਜੋ ਕਟੌਤੀ ਕੀਤੀ ਗਈ ਸੀ, ਉਹ ਭਵਿੱਖ 'ਚ ਵੀ ਜਾਰੀ ਰਹੇਗੀ। ਕਾਸ਼! ਸਾਡੇ ਸਿਆਸਤਦਾਨ ਅਤੇ ਅਧਿਕਾਰੀ ਇਸ ਮੁਕੱਦਰ ਦਿਹਾੜੇ ਮੌਕੇ ਡਾ. ਅਬਦੁਲ ਕਲਾਮ ਵਾਂਗੂ ਆਪਣੇ ਗੁਰੂ ਰੂਪੀ ਅਧਿਆਪਕਾਂ ਦੀ ਅਕੀਦਤ 'ਚ ਇੱਕ ਦਿਨ ਕੱਢ ਕੇ ਉਨ੍ਹਾਂ ਕੋਲੋਂ ਦੁਬਾਰਾ ਮੱਤ ਹਾਸਿਲ ਕਰਕੇ ਸਵੈ-ਪੜਚੋਲ ਕਰਨ ਕਿ ਉਹ ਅਧਿਆਪਕ ਵਰਗ ਦੇ ਸਤਿਕਾਰ 'ਚ ਕਿਵੇਂ, ਕਿੱਦਾ ਅਤੇ ਕਦੋਂ ਥਿੜਕ ਜਾਂਦੇ ਹਨ।

---

***ਪ੍ਰਧਾਨ, ਪੰਜਾਬ ਸਟੇਟ ਨੈਸ਼ਨਲ ਐਵਾਰਡੀ ਟੀਚਰਜ਼ ਐਸੋਸੀਏਸ਼ਨ।**

# ਮਨ ਹਰਾਮੀ ਹੁੱਜਤਾਂ ਢੇਰ

***ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਨੇ 'ਮਨ ਹਰਾਮੀ ਹੁੱਜਤਾਂ ਢੇਰ' ਨਾਮੀਂ ਲੇਖ ਵਿਚ ਮਨੁੱਖੀ ਫਿਤਰਤ ਦੇ ਕੁਝ ਪੱਖ ਇਸ ਢੰਗ ਨਾਲ ਛੋਹੇ ਹਨ ਕਿ ਗੱਲਾਂ ਵਿਚੋਂ ਨਿਕਲਦੀ ਹਰ ਗੱਲ ਸੁਘੜ ਸੁਨੇਹਾ ਹੋ ਨਿਬੜਦੀ ਹੈ। ਇਸ ਤਰ੍ਹਾਂ ਦੀ ਵਾਰਤਕ ਅੱਜ ਕੱਲ੍ਹ ਘੱਟ ਹੀ ਨਜ਼ਰੀਂ ਪੈਂਦੀ ਹੈ। ਸਾਦਗੀ ਅਤੇ ਸਰਲਤਾ ਦੀ ਚਾਸ਼ਣੀ ਵਿਚ ਲਪੇਟੀ ਇਸ ਵਾਰਤਕ ਦਾ ਅਸਰ ਦੂਣ-ਸਵਾਇਆ ਹੋ ਜਾਂਦਾ ਹੈ। ਸਭ ਤੋਂ ਵੱਡੀ ਗੱਲ, ਇਸ ਅੰਦਰ ਜ਼ਿੰਦਗੀ ਦੀਆਂ ਸੱਚਾਈਆਂ ਖੂਬ ਝਾਤੀਆਂ ਮਾਰਦੀਆਂ ਹਨ। -ਸੰਪਾਦਕ***

ਅੱਜ ਨਵੀਂ ਪਨੀਰੀ ਬਹੁਤ ਉਚੇ ਦਿਮਾਗੀ ਪੱਧਰ ਦੀ ਮਾਲਕ ਹੈ ਪਰ ਕਈ ਵਾਰ ਦਾਨਿਸ਼ਵਰੀ ਦੇ ਖੇਤਰ ਵਿਚ ਡਿੱਕੋ-ਡੋਲੇ ਖਾਂਦੀ ਨਜ਼ਰ ਆਉਂਦੀ ਹੈ। ਮਨ ਦੀ ਸ਼ਾਂਤੀ ਬਹੁਤ ਘੱਟ ਹੈ। ਕਿਸੇ ਵੀ ਦੁਨੀਆਂਦਾਰੀ ਦੇ ਨੁਕਤੇ 'ਤੇ ਗੱਲ ਕਰੀਏ ਤਾਂ ਬਹਿਸ ਵਿਚ ਸਿਆਣਿਆਂ ਨੂੰ ਵੀ ਪਿੱਛੇ ਛੱਡ ਜਾਂਦੀ ਹੈ। ਬਹੁਤ ਵਾਰ ਬਹਿਸ ਕੁਝ ਜਿੱਤਣ ਵਾਲੀ ਵਸਤੂ ਨਹੀਂ ਹੁੰਦੀ ਅਤੇ ਮਨ ਹਰਾਮੀ ਹੁੱਜਤਾਂ ਢੇਰ ਦੀ ਜਿਉਂਦੀ ਜਾਗਦੀ ਮਿਸਾਲ ਜ਼ਰੂਰ ਬਣ ਜਾਂਦੀ ਹੈ।

ਜੀਵਨ ਦੇ ਹਰ ਪਹਿਲੂ ਵਿਚ ਆਦਮੀ ਦੀ ਇਸ ਫਿਤਰਤ ਦੇ ਪਸਾਰੇ ਉਤੇ ਪੰਛੀ ਝਾਤ ਮਾਰਨਾ ਇਸ ਨਿਮਾਣੇ ਜਿਹੇ ਲੇਖ ਦਾ ਮਨੋਰਥ ਹੈ। ਸਕੂਲ 'ਚ ਪੜ੍ਹਦਿਆਂ ਮੇਰੇ ਕੁਝ ਸਾਥੀਆਂ ਦਾ ਪੜ੍ਹਾਈ ਵਲ ਰੱਤੀ ਭਰ ਵੀ ਰੁਝਾਨ ਨਹੀਂ ਸੀ। ਉਨ੍ਹਾਂ ਦੇ ਬਹਾਨੇ ਜਾਂ ਕਹੋ, ਮਨ ਹਰਾਮੀ ਹੋਣ ਵਿਚ ਕਮਾਲ ਦੀਆਂ ਗੱਲਾਂ ਸਨ; ਕਿਸੇ ਨੇ ਕਹਿਣਾ ਮੈਂ



**ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ**
ਫੋਨ: 925-683-1982

ਪੈਦਲ ਨਹੀਂ ਜਾ ਸਕਦਾ; ਦੂਜੇ ਨੇ ਕਹਿਣਾ ਮੇਰੇ ਕੱਪੜੇ ਸੋਹਣੇ ਨਹੀਂ, ਮੈਂ ਨਹੀਂ ਪੜ੍ਹਨਾ। ਇਕ ਹੋਰ ਕਹਿੰਦਾ, ਮੈਨੂੰ ਸਿਰ ਦੇ ਕੇਸ ਤੰਗ ਕਰਦੇ ਹਨ। ਕਿਸੇ ਨੇ ਕਿਹਾ, ਮੈਨੂੰ ਮੁੰਡੇ ਤੰਗ ਕਰਦੇ ਹਨ। ਮਾਸਟਰ ਉਨ੍ਹਾਂ ਨੂੰ ਕੁਝ ਨਹੀਂ ਕਹਿੰਦਾ ਸੀ ਕਿਉਂਕਿ ਉਹ ਅਮੀਰਾਂ ਦੇ ਮੁੰਡੇ ਸਨ।

ਪਿੰਡਾਂ 'ਚ ਤਾਂ ਮਿਡਲ ਤੇ ਹਾਈ ਸਕੂਲ ਘੱਟ ਹੀ ਸਨ। ਕਸਬਿਆਂ ਜਾਂ ਸ਼ਹਿਰਾਂ ਦੇ ਸਕੂਲ ਜਾਣ ਲਈ ਖੇਤਾਂ ਵਿਚਲੇ ਰਸਤੇ ਹੀ ਹੁੰਦੇ ਸਨ। ਕਈ ਮੁੰਡੇ ਮਾਂ ਦੀ ਬਣਾਈ ਚੂਰੀ ਰਸਤੇ ਵਿਚ ਖਾ ਲੈਂਦੇ ਅਤੇ ਦੋ ਚਾਰ ਘੰਟੇ ਖੇਤਾਂ ਵਿਚ ਗੁਜ਼ਾਰ ਦੁਪਹਿਰ ਪਿਛੋਂ ਘਰ ਜਾ ਕੇ ਕਹਿ ਦਿੰਦੇ, ਅੱਜ ਤਾਂ ਸਕੂਲ ਵਿਚ ਛੁੱਟੀ ਸੀ। ਇਮਤਿਹਾਨਾਂ ਵਿਚ ਪਾਸ ਹੋਣਾ ਇਨ੍ਹਾਂ ਦੇ ਵਸ ਦਾ ਰੋਗ ਨਹੀਂ ਸੀ। ਕੋਈ 5ਵੀਂ, ਕੋਈ 7ਵੀਂ ਤੋਂ ਪਿੱਛੋਂ ਘਰ ਬੈਠ ਜਾਂਦੇ। ਇਮਤਿਹਾਨ ਵੇਲੇ ਇਕ ਨਜ਼ਦੀਕੀ ਕਾਕੇ ਦੀ ਗੱਲ ਬਹੁਤ ਦਿਲਚਸਪ ਹੈ। ਉਸ ਦੀ ਮਾਂ ਕਹਿਣ ਲੱਗੀ, ਪੁੱਤਰ ਜਲਦੀ ਨਾ ਸੌਂ, ਕੱਲ੍ਹ ਤੇਰਾ ਇਮਤਿਹਾਨ ਹੈ। ਜੇ ਨੀਂਦ ਆਉਂਦੀ ਹੈ ਤਾਂ ਮੈਂ ਚਾਹ ਬਣਾ ਦਿੰਦੀ ਹਾਂ। ਉਹ ਕਹਿਣ ਲੱਗਾ, ਨਾ ਬੇਬੇ, ਮੈਂ ਤਾਂ ਇਕ ਵਾਰ ਚਾਹ ਪੀਤੀ ਕਿ ਮੇਰੇ ਗਲ ਵਿਚ ਫਸ ਗਈ, ਬੜੀ ਮੁਸ਼ਕਿਲ ਨਾਲ ਪਾਣੀ ਦੀ ਘੁੱਟ ਨਾਲ ਲੰਘਾਈ। ਨਾਲੇ ਚਾਹ ਨਾਲ ਮੈਨੂੰ ਕਮਜ਼ੋਰੀ ਹੋ ਜਾਂਦੀ ਹੈ।

ਕਾਲਜ ਦੇ ਦਿਨਾਂ ਦੀਆਂ ਗੱਲਾਂ ਕਰੀਏ ਤਾਂ ਮਿਹਨਤ ਨਾ ਕਰਨ ਦੇ ਬਹਾਨੇ ਬਹੁਤ ਚੁਸਤੀ ਅਤੇ ਚਾਲਾਕੀ ਵਾਲੇ ਹੁੰਦੇ ਹਨ। ਦਸਵੀਂ ਦਾ ਸਿਲੇਬਸ ਬਹੁਤ ਵਿਸ਼ਾਲ ਨਹੀਂ ਹੁੰਦਾ। ਇਸ ਕਰਕੇ ਬਹੁਤ ਬੱਚੇ ਤੇਜ਼ ਬੁੱਧੀ ਅਧੀਨ ਥੋੜ੍ਹੀ ਮਿਹਨਤ ਨਾਲ ਹੀ ਬਹੁਤ ਚੰਗੇ ਨੰਬਰਾਂ ਵਿਚ ਪਾਸ ਹੋ ਜਾਂਦੇ ਹਨ। ਮਾਪਿਆਂ ਨੂੰ ਗਲਤਫਹਿਮੀ ਹੋ ਜਾਂਦੀ ਹੈ ਕਿ ਇਹ ਕਾਕੇ ਡਾਕਟਰ ਜਾਂ ਇੰਜੀਨੀਅਰ ਬਣ ਜਾਣਗੇ ਪਰ ਇਹ ਨਖੱਟੂ ਮਿਹਨਤ ਤੋਂ ਕੋਹਾਂ ਦੂਰ ਹੁੰਦੇ ਹਨ।

ਇਨ੍ਹਾਂ ਦੀਆਂ ਹੁੱਜਤਾਂ ਕਮਾਲ ਕਰਦੀਆਂ ਹਨ। ਇਕ ਕਹਿਣ ਲੱਗਾ, ਡਾਕਟਰ ਚਾਹੇ ਕਿਸੇ ਵੀ ਪਦਵੀ 'ਤੇ ਪਹੁੰਚ ਜਾਵੇ, ਡਾਕਟਰ ਹੀ ਕਹਾਉਂਦਾ ਹੈ। ਜਿੰਨੇ ਵੱਡੇ ਹਸਪਤਾਲ ਹਨ, ਉਨ੍ਹਾਂ ਦੇ ਮਾਲਕ ਡਾਕਟਰ ਨਹੀਂ, ਡਾਕਟਰਾਂ ਨੂੰ ਨੌਕਰੀ ਦਿੰਦੇ ਹਨ। ਮੈਂ ਤਾਂ ਆਪਣਾ ਹਸਪਤਾਲ ਖੋਲ੍ਹਾਂਗਾ। ਇਕ ਗੱਲ ਹੋਰ, ਵਜ਼ੀਰ ਅਤੇ ਵੱਡੇ ਅਫਸਰ ਜਦੋਂ ਮਰਜ਼ੀ ਡਾਕਟਰ ਨੂੰ ਬਗੈਰ ਫੀਸ ਦਿੱਤਿਆਂ ਘਰ ਬੁਲਾ ਲੈਂਦੇ ਹਨ। ਮੈਂ ਨਹੀਂ ਬਣਨਾ ਡਾਕਟਰ। ਨਾ ਦਿਨ ਵਿਚ ਆਰਾਮ, ਨਾ ਰਾਤ ਨੂੰ ਟੇਕ। ਇਸ ਕੋਲੋਂ ਤਾਂ ਮਿਲਟਰੀ ਚੰਗੀ, ਅੱਜ ਕੈਪਟਨ, ਕੱਲ੍ਹ ਮੇਜਰ। ਕਈ ਤਾਂ ਜਰਨੈਲੀ ਤਕ ਪਹੁੰਚ ਜਾਂਦੇ ਹਨ।

ਇਕ ਲੜਕਾ ਮੇਰਾ ਬਹੁਤ ਅਜ਼ੀਜ਼ ਸੀ, ਮੈਨੂੰ ਕਹਿਣ ਲੱਗਾ, "ਸਰ! ਮੈਂ ਕਿਹੜੀ ਇੰਜੀਨੀਅਰਿੰਗ ਲਵਾਂ?" ਮੈਂ ਕਿਹਾ, "ਮਕੈਨੀਕਲ ਦਾ ਸਕੋਪ ਹੈ ਪਰ ਥੋੜ੍ਹੀ ਮਿਹਨਤ ਕਰਨੀ ਪਵੇਗੀ।" ਮਿਹਨਤ ਕਰਨਾ ਉਸ ਦਾ ਸ਼ੌਕ ਨਹੀਂ ਸੀ। ਕਹਿਣ ਲੱਗਾ, "ਮਕੈਨੀਕਲ ਕੋਰਸ ਪਿੱਛੋਂ ਮਸ਼ੀਨਾਂ ਨਾਲ ਵਾਹ ਪੈਣਾ ਹੈ। ਇਨ੍ਹਾਂ ਦੀ ਆਵਾਜ਼ਾਂ ਵਿਚ ਮੇਰਾ ਮਿਊਜ਼ਿਕ ਦਾ ਸ਼ੌਕ ਖਤਮ ਹੋ ਜਾਵੇਗਾ।" ਕੇਵਲ ਦੋ ਨਹੀਂ, ਬਹੁਤ ਸਾਰੀਆਂ ਹੋਰ ਮਿਸਾਲਾਂ ਆਲਸੀ ਮੁੰਡਿਆਂ ਦੀਆਂ ਹਰਾਮਪੁਣੇ ਦੀਆਂ ਹੁੱਜਤਾਂ ਹਨ।

ਚਲੋ, ਇਹ ਬਹਾਨੇ ਨਿਆਣੀ ਉਮਰ ਅਤੇ ਅੱਲੜ ਅਵਸਥਾ ਜਾਂ ਚੜ੍ਹਦੀ ਜੁਆਨੀ ਦੇ ਕਾਰੇ ਹਨ ਪਰ ਅਫਸੋਸ ਤਾਂ ਇਸ ਗੱਲ ਦਾ ਹੈ ਕਿ ਵੱਡੀ ਉਮਰ ਅਤੇ ਜ਼ਿੰਮੇਵਾਰੀ ਦੀ ਸਥਿਤੀ ਵਿਚ ਵੀ ਇਹ ਅਲਾਮਤਾਂ ਪਿੱਛਾ ਨਹੀਂ ਛਡਦੀਆਂ।

ਕਾਲਜਾਂ ਵਿਚ ਅਧਿਆਪਕ ਅਤੇ ਪ੍ਰਿੰਸੀਪਲ ਦੀ ਪਦਵੀ 'ਤੇ ਕੰਮ ਕਰਦਿਆਂ ਇਕ ਗੱਲ ਪੱਥਰ 'ਤੇ ਲਕੀਰ ਵਾਂਗ ਪੱਕੀ ਸੀ ਕਿ ਕਾਲਜ ਦਾ ਕੋਈ ਵਾਧੂ (ਪਰ ਜ਼ਰੂਰੀ) ਕੰਮ ਉਸ ਬੰਦੇ ਨੂੰ ਦਿਉ ਜੋ ਬੇਸ਼ਕ ਪਹਿਲਾਂ ਹੀ ਮਸਰੂਫ ਹੋਵੇ ਪਰ ਕੰਮਚੋਰ ਅਤੇ ਵਿਹਲੜ ਨਾ ਹੋਵੇ। ਵਿਹਲੜ ਕੋਲ ਵਿਹਲ ਵਿਚੋਂ ਹੀ ਵਿਹਲ ਨਹੀਂ ਹੁੰਦੀ।

ਉਸ ਨਖੱਟੂ ਅਤੇ ਚੁਸਤ ਆਦਮੀ ਕੋਲ ਸੌ ਬਹਾਨੇ ਹੋਣਗੇ। ਇਕ ਪ੍ਰੋਫੈਸਰ ਨੂੰ ਇਕ ਸਹਾਇਕ ਦੇ ਕੇ ਕਾਲਜ ਦੀ ਪ੍ਰਾਪਰਟੀ ਜਾਂ ਇਮਤਿਹਾਨਾਂ ਦਾ ਇੰਚਾਰਜ ਬਣਨ ਲਈ ਕਿਹਾ। ਉਸ ਦਾ ਜਵਾਬ ਸੀ, "ਨਾ ਜੀ, ਮੈਨੂੰ ਤਾਂ ਮੇਰੇ ਕਮੀਜ਼ਾਂ, ਪੈਂਟਾਂ ਦਾ ਵੀ ਪਤਾ ਨਹੀਂ ਰਹਿੰਦਾ। ਮੇਰੇ ਕੋਲੋਂ ਇਹ ਨਹੀਂ ਹੋਣਾ।" ਦੂਜਾ ਕਹਿਣ ਲੱਗਾ, "ਅਸੀਂ ਸਾਹਿਤ ਦੇ ਬੰਦੇ, ਇਹ ਤਾਂ ਕਲਰਕਾਂ ਵਾਲਾ ਕੰਮ ਹੈ।" ਜਦੋਂ ਇਨ੍ਹਾਂ ਬੰਦਿਆਂ ਨੂੰ ਨੇੜਿਉਂ ਤੱਕਿਆ ਤਾਂ ਆਪਣੇ ਘਰ ਦੇ ਕੰਮਾਂ ਵਿਚ ਪੂਰੇ ਹਿਸਾਬੀ ਕਿਤਾਬੀ ਸਨ, ਪਰ ਬਗੈਰ ਉਜ਼ਰਤ ਵਾਧੂ ਜ਼ਿੰਮੇਵਾਰੀ ਲਈ ਇਹ ਮਨ ਹਰਾਮੀ ਹੁੱਜਤਾਂ ਢੇਰ ਦੇ ਪ੍ਰਤੀਨਿਧ ਸਨ।

ਮੇਰਾ ਇਕ ਨਜ਼ਦੀਕੀ ਦੋਸਤ ਸਵੇਰ ਦੀ ਸੈਰ ਨਾਸ਼ਤਾ ਕਰਨ ਤੋਂ ਬਾਅਦ ਹੀ ਜਾਂਦਾ ਹੈ। ਬਹੁਤ ਮਿੱਤਰ ਕਹਿੰਦੇ ਹਨ ਕਿ ਸੈਰ ਜਲਦੀ ਉਠ ਕੇ ਸਵੇਰੇ ਸਵੇਰੇ ਕਰਨੀ ਚਾਹੀਦੀ ਹੈ। ਇਸ ਨਾਲ ਸਰੀਰ ਦਾ ਮੈਟਾਬਲਿਜ਼ਮ ਠੀਕ ਰਹਿੰਦਾ ਹੈ। ਉਸ ਦੋਸਤ ਦੇ ਬਹਾਨੇ ਸੁਣੋ! "ਸੈਰ ਕਰਨੀ ਕੋਈ ਬੰਧਨ ਨਹੀਂ, ਮਨ ਦੀ ਖੁਸ਼ੀ ਲਈ ਹੈ, ਜਿਸ ਵੇਲੇ ਠੀਕ ਲੱਗੇ ਕਰੋ। ਮੂੰਹ ਹਨੇਰੇ ਕੋਈ ਸੱਪ ਸਲੂਤੀ ਰਸਤੇ ਵਿਚ ਮਿਲ ਜਾਵੇ ਤਾਂ ਕੀ ਕਰੋਗੇ? ਅੱਜ ਕੱਲ੍ਹ ਤਾਂ ਆਵਾਰਾ ਕੁੱਤੇ ਵੀ ਬਹੁਤ ਹਨ, ਜੇ ਵੱਢ ਲਿਆ! ਖਬਰੇ ਉਹ ਹਲਕਿਆ ਹੀ ਨਿਕਲੇ, ਮੁਸੀਬਤ ਖੜ੍ਹੀ ਹੋ ਜਾਊ। ਸਵੇਰੇ ਸਵੇਰੇ ਸੜਕਾਂ ਖਾਲੀ ਹੋਣ ਕਰਕੇ ਗੱਡੀਆਂ ਬੜੀ ਤੇਜ਼ ਚਲਦੀਆਂ ਹਨ, ਜੇ ਕੋਈ ਐਕਸੀਡੈਂਟ ਹੋ ਗਿਆ ਤਾਂ ਘਰਵਾਲਿਆਂ ਲਈ ਮੁਸੀਬਤ ਖੜ੍ਹੀ ਹੋ ਜਾਊ। ਲੇਟ ਜਾਣ ਦੇ ਫਾਇਦੇ ਹੀ ਫਾਇਦੇ। ਕਿਤਨੇ ਬੰਦੇ ਅਤੇ ਔਰਤਾਂ ਤੁਹਾਨੂੰ ਮਿਲਣਗੇ ਕਿ ਸਭ ਨੂੰ ਹੈਲੋ ਹੈਲੋ ਕਰੋ। ਉਹ ਵੀ ਖੁਸ਼ ਤੇ ਤੁਸੀਂ ਵੀ ਖੁਸ਼।"

ਇਹ ਸਭ ਦਲੀਲਾਂ ਜਲਦੀ ਨਾ ਉਠ ਸਕਣ ਦੇ ਬਹਾਨੇ ਹਨ। ਮਨ ਸੁਸਤ ਹੈ, ਹਰਾਮੀ ਹੈ ਤੇ ਹੁੱਜਤਾਂ ਢੇਰ ਹਨ। ਦਰਅਸਲ ਕੁਦਰਤ ਵੱਲੋਂ ਹਰ ਕੰਮ ਜਾਂ ਘਟਨਾ ਦੇ ਕਈ ਪਹਿਲੂ ਹੁੰਦੇ ਹਨ। ਅੱਜ ਦਾ ਚੁਸਤ, ਚਲਾਕ ਅਤੇ ਖਚਰਾ ਆਦਮੀ ਚਤੁਰਾਈ ਨਾਲ ਆਪਣੇ ਮਤਲਬ ਦੇ ਪੱਖ ਵਿਚ ਚੁਣ ਚੁਣ ਕੇ ਦਲੀਲਾਂ ਪੇਸ਼ ਕਰਨ ਵਿਚ ਮਾਹਰ ਹੈ। ਕੋਰੇ ਝੂਠ ਨੂੰ ਸੱਚ ਵਾਂਗ ਪੇਸ਼ ਕਰ ਦਿੰਦਾ ਹੈ।

ਸ਼ੂਗਰ ਵਾਲੇ, ਮੋਟੇ ਅਤੇ ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਡਾਕਟਰ ਭਾਰ ਘਟਾਉਣ ਲਈ ਜ਼ਰੂਰ ਕਹਿੰਦੇ ਹਨ। ਬਹੁਤ ਵਾਰ ਦੇਖਿਆ ਗਿਆ ਹੈ ਕਿ ਇਹ ਮਰੀਜ਼ ਖਾਣ 'ਤੇ ਕੰਟਰੋਲ ਨਹੀਂ ਕਰ ਸਕਦੇ। ਜੇ ਇਨ੍ਹਾਂ ਦੇ ਬਹਾਨੇ ਸੁਣੋ ਤਾਂ ਹਾਸਾ ਆ ਜਾਂਦਾ ਹੈ। ਕੋਈ ਕਹਿੰਦਾ ਹੈ, ਬਹੁਤ ਪਾਰਟੀਆਂ ਵਿਚ ਜਾਣਾ ਪੈਂਦਾ ਹੈ। ਹੋਸਟ ਮੱਲੋ-ਮਲੀ ਪਲੇਟ ਭਰ ਦਿੰਦੇ ਹਨ, ਕੀ ਕਰੀਏ? ਅਗਲੇ ਦੀ ਗੱਲ ਸੁਣੋ! ਸਾਡੇ ਘਰ ਫਰੂਟ ਬਹੁਤ ਆਉਂਦਾ ਹੈ, ਬੱਚੇ ਖਾਂਦੇ ਨਹੀਂ ਤੇ ਮੈਥੋਂ ਖਰਾਬ ਹੁੰਦਾ ਦੇਖਿਆ ਨਹੀਂ ਜਾਂਦਾ। ਇਕ ਹੋਰ ਕਹਿਣ ਲੱਗਾ, 'ਡਾਕਟਰ ਸਾਹਿਬ, ਜੇ ਥੋੜ੍ਹਾ ਖਾਵਾਂ ਤਾਂ ਅਗਲੇ ਦਿਨ ਤੁਰਿਆ ਨਹੀਂ ਜਾਂਦਾ।' ਇਹ ਸਭ ਜੀਭ ਦੇ ਸੁਆਦ ਦੇ ਕਾਰੇ ਹਨ ਪਰ ਹਰਾਮੀ ਮਨ ਮੰਨਣ ਲਈ ਤਿਆਰ ਨਹੀਂ।

ਸੈਰ ਕਰਨ ਵੇਲੇ ਮੇਰੀ ਬਹੁਤ ਬੰਦਿਆਂ ਨਾਲ ਮੁਲਾਕਾਤ ਹੁੰਦੀ ਹੈ। ਕਰੀਬ ਸਾਰੇ ਹੀ ਗੱਲਾਂ ਦੇ ਗਲਾਕੜ ਹੁੰਦੇ ਹਨ। ਜੇ ਕੋਈ ਆਪਣੀ ਗੱਲ ਲੰਮੀ ਕਰ ਲਵੇ ਤਾਂ ਦੂਜਾ ਵਿਚੋਂ ਹੀ ਬੋਲ ਪੈਂਦਾ ਹੈ। ਜੇ ਉਸ ਨੂੰ ਕਹੋ, ਭਾਈ ਪਹਿਲੇ ਨੂੰ ਪੂਰੀ ਗੱਲ ਤਾਂ ਕਰਨ ਦਿਉ ਤਾਂ ਦੂਸਰਾ ਕਹਿੰਦਾ ਹੈ, ਇਸ ਦੀ ਗੱਲ ਖਤਮ ਹੋਣ ਤੱਕ ਮੈਂ ਆਪਣੀ ਗੱਲ ਭੁੱਲ ਜਾਵਾਂਗਾ। ਲੰਮੀ ਗੱਲ ਕਰਨ ਵਾਲੇ ਆਪਣੇ ਸੁਭਾਅ ਦੀਆਂ ਸਿਫਤਾਂ ਦੇ ਢੇਰ ਲਾ ਦਿੰਦੇ ਹਨ। ਉਹ ਕਹਿਣਗੇ, ਕਿਉਂਕਿ ਬਜੁਰਗਾਂ ਨੂੰ ਉਚਾ ਸੁਣਦਾ ਹੈ ਅਤੇ ਉਨ੍ਹਾਂ ਨੂੰ ਗੱਲ ਦੇਰ ਨਾਲ ਸਮਝ ਆਉਂਦੀ ਹੈ, ਕੁਝ ਲਫਜ਼ਾਂ ਵਿਚ ਗੱਲ ਮੁਕਾਉਣ ਵਾਲੇ ਸੁਣਨ ਵਾਲਿਆਂ ਨੂੰ ਕਈ ਭੁਲੇਖਿਆਂ ਵਿਚ ਪਾ ਦਿੰਦੇ ਹਨ। ਲੰਮੀ ਗੱਲ ਸਭ ਕੁਝ ਸਾਫ ਕਰ ਦਿੰਦੀ ਹੈ। ਇਹੋ ਜਿਹੀਆਂ ਦਲੀਲਾਂ ਉਨ੍ਹਾਂ ਦੀ ਆਦਤ ਦੀ ਮਜਬੂਰੀ ਹੈ। ਅਸਲ 'ਚ ਆਪਣੀ ਆਦਤ ਨੂੰ ਅਰਥ ਭਰਪੂਰ ਦਰਸਾਉਣ ਲਈ ਇਹ ਦਾਨਿਸ਼ਵਰੀ ਹਰਾਮੀਪੁਣਾ ਹੈ ਅਤੇ ਦਲੀਲਾਂ ਦਿਲਚਸਪ ਹੁੱਜਤਾਂ ਹਨ।

***ਕਈ ਆਦਮੀ ਰੱਜੇ ਪੁੱਜੇ ਹੋਣ ਦੇ ਬਾਵਜੂਦ ਬਹੁਤ ਕੰਜੂਸ ਹੁੰਦੇ ਹਨ। ਜੇ ਉਨ੍ਹਾਂ ਤੋਂ ਕਿਸੇ ਭਲੇ ਕੰਮ ਲਈ ਕੁਝ ਮੰਗੋ, ਉਹ ਕਹਿਣਗੇ, ਮੈਂ ਬਹੁਤ ਵਾਰ ਅਜਿਹੀਆਂ ਸੰਸਥਾਵਾਂ ਨੂੰ ਮਾਇਆ ਦਿੱਤੀ ਹੈ, ਇਹ ਸਭ ਫਰਾਡ ਹੈ। ਜੇ ਕੋਈ ਅੰਗਹੀਣ ਜਾਂ ਨਿਗ੍ਹਾ ਤੋਂ ਲਾਚਾਰ ਇਨ੍ਹਾਂ ਤੋਂ ਕੁਝ ਮੰਗੇ, ਕਹਿਣਗੇ, ਤੂੰ ਖੇਖਣ ਕਰਦੈਂ, ਪੈਸੇ ਤੈਨੂੰ ਕਿਵੇਂ ਨਜ਼ਰ ਆ ਜਾਂਦੇ ਹਨ। ਅਸਲ ਵਿਚ ਪੈਸੇ ਨਾਲ ਪਿਆਰ ਇਨ੍ਹਾਂ ਦੇ ਮਨ ਵਿਚੋਂ ਦਯਾ ਜਿਹੀ ਚੀਜ਼ ਖਤਮ ਕਰ ਦਿੰਦਾ ਹੈ। 'ਧੌਲ ਧਰਮ ਦਯਾ ਕਾ ਪੂਤ' ਅਨੁਸਾਰ ਦਯਾ ਵਿਚੋਂ ਹੀ ਜੀਵਨ ਦੀ ਖੂਬਸੂਰਤੀ ਜਨਮ ਲੈਂਦੀ ਹੈ। ਇਸ ਦੀ ਗੈਰ ਹਾਜ਼ਰੀ ਵਿਚ ਆਦਮੀ ਹਰਾਮੀਪੁਣੇ 'ਤੇ ਉਤਰ ਆਉਂਦਾ ਹੈ ਅਤੇ ਹੁੱਜਤਾਂ ਦਾ ਕਿਆ ਕਹਿਣਾ!***

ਕਈ ਆਦਮੀ ਰੱਜੇ ਪੁੱਜੇ ਹੋਣ ਦੇ ਬਾਵਜੂਦ ਬਹੁਤ ਕੰਜੂਸ ਹੁੰਦੇ ਹਨ। ਜੇ ਉਨ੍ਹਾਂ ਤੋਂ ਕਿਸੇ ਭਲੇ ਕੰਮ ਲਈ ਕੁਝ ਮੰਗੋ, ਉਹ ਕਹਿਣਗੇ, ਮੈਂ ਬਹੁਤ ਵਾਰ ਅਜਿਹੀਆਂ ਸੰਸਥਾਵਾਂ ਨੂੰ ਮਾਇਆ ਦਿੱਤੀ ਹੈ, ਇਹ ਸਭ ਫਰਾਡ ਹੈ। ਜੇ ਕੋਈ ਅੰਗਹੀਣ ਜਾਂ ਨਿਗ੍ਹਾ ਤੋਂ ਲਾਚਾਰ ਇਨ੍ਹਾਂ ਤੋਂ ਕੁਝ ਮੰਗੇ, ਕਹਿਣਗੇ, ਤੂੰ ਖੇਖਣ ਕਰਦੈਂ, ਪੈਸੇ ਤੈਨੂੰ ਕਿਵੇਂ ਨਜ਼ਰ ਆ ਜਾਂਦੇ ਹਨ। ਅਸਲ ਵਿਚ ਪੈਸੇ ਨਾਲ ਪਿਆਰ ਇਨ੍ਹਾਂ ਦੇ ਮਨ ਵਿਚੋਂ ਦਯਾ ਜਿਹੀ ਚੀਜ਼ ਖਤਮ ਕਰ ਦਿੰਦਾ ਹੈ। 'ਧੌਲ ਧਰਮ ਦਯਾ ਕਾ ਪੂਤ' ਅਨੁਸਾਰ ਦਯਾ ਵਿਚੋਂ ਹੀ ਜੀਵਨ ਦੀ ਖੂਬਸੂਰਤੀ ਜਨਮ ਲੈਂਦੀ ਹੈ। ਇਸ ਦੀ ਗੈਰ ਹਾਜ਼ਰੀ 'ਚ ਬੰਦਾ ਹਰਾਮੀਪੁਣੇ 'ਤੇ ਉਤਰ ਆਉਂਦਾ ਹੈ ਤੇ ਹੁੱਜਤਾਂ ਦਾ ਕਿਆ ਕਹਿਣਾ!

ਮਾਇਆਧਾਰੀ ਦੁਨੀਆਂ ਵਿਚ ਆਦਮੀ ਸਿੱਧਾ ਸਾਦਾ ਨਹੀਂ ਰਿਹਾ। ਫਿਰ ਵੀ ਸੰਸਕਾਰਾਂ ਜਾਂ ਆਪਣੀ ਬੁੱਧੀ ਅਨੁਸਾਰ ਕੋਈ ਆਸਤਕ ਅਤੇ ਕੋਈ ਨਾਸਤਕ ਬਣ ਜਾਂਦਾ ਹੈ। ਸ਼ਾਇਦ ਪ੍ਰੋਫੈਸਰ ਮੋਹਨ ਸਿੰਘ ਠੀਕ ਹੀ ਕਹਿੰਦੇ ਹਨ ਕਿ 'ਲਾਈ ਲੱਗ ਮੋਮਨ ਕੋਲੋਂ ਖੋਜੀ ਕਾਫਰ ਚੰਗਾ' ਪਰ ਦੁੱਖ ਇਸ ਗੱਲ ਦਾ ਹੁੰਦਾ ਹੈ, ਲੋਕ ਜਦੋਂ ਮਨ ਅੰਦਰ ਮਾਇਆ ਦੀ ਮੈਲੀ ਚਾਦਰ ਹੇਠ ਲੂੰਬੜ ਚਾਲਾਂ ਖੇਡਦੇ ਹਨ। ਦੇਖਣ ਵਿਚ ਇਹ ਬੜੇ ਭਲੇ ਮਾਣਸ ਹੁੰਦੇ ਹਨ। ਕਈ ਰਹੁ ਰੀਤਾਂ ਦੀ ਚੁਸਤ, ਚਲਾਕ ਅਤੇ ਖਚਰੇ ਅੰਦਾਜ਼ ਨਾਲ ਖਿੱਲੀ ਉਡਾਉਂਦੇ ਹਨ।

ਮੇਰੇ ਇਕ ਸਤਿਕਾਰਯੋਗ ਪ੍ਰੋਫੈਸਰ, ਗੁਰੂ ਅਰਜਨ ਦੇਵ ਜੀ ਦੇ ਸ਼ਬਦ 'ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥' ਨੂੰ ਦੁਨੀਆਂ ਦੀਆਂ ਵੈਰਾਗ ਵਿਚ ਲਿਖੀਆਂ ਲਾਈਨਾਂ ਵਿਚੋਂ ਉਤਮ ਲਿਖਤ ਸਮਝਦੇ ਸਨ ਪਰ ਨਾਲ ਨਾਲ ਇਹ ਵੀ ਕਹਿ ਦਿੰਦੇ ਕਿ ਕੁਝ ਗੁਰੂ ਸਾਹਿਬਾਨ ਜਿਨ੍ਹਾਂ ਨੇ ਬਾਣੀ ਰਚੀ, ਉਹ ਤਾਂ ਬਹੁਤ ਸੂਝਵਾਨ ਸਨ, ਬਾਕੀ ਤਾਂ ਬਸ...।

ਇਕ ਹੋਰ ਅਜ਼ੀਜ਼ ਚੰਗੀ ਆਮਦਨ ਦੇ ਨਸ਼ੇ ਵਿਚ ਕਹਿਣ ਲੱਗਾ, ਗੁਰੂ ਗੋਬਿੰਦ ਸਿੰਘ ਦੇ ਕਾਰਨਾਮੇ ਤਾਂ ਦੁਨੀਆਂ ਸਦਾ ਲਈ ਯਾਦ ਰੱਖੇਗੀ, ਜੇ ਕਦੇ ਸਿਰ ਦੇ ਕੇਸਾਂ ਅਤੇ ਦਾੜ੍ਹੀ ਦੇ ਵਾਲਾਂ ਦਾ ਸਾਈਜ਼ ਵੀ ਦੱਸ ਜਾਂਦੇ ਕਿ ਕਿੰਨੇ ਇੰਚ ਰੱਖਣੇ ਹਨ ਤਾਂ ਬਹੁਤ ਚੰਗਾ ਹੁੰਦਾ। ਗ੍ਰੰਥ ਸਾਹਿਬ ਦਾ ਸਤਿਕਾਰ ਕਰਦਿਆਂ ਜੇ ਸੋਹਣੇ ਰੁਮਾਲਿਆਂ ਵਿਚ ਉਸ ਨੂੰ ਲਪੇਟਦੇ ਹਨ ਤਾਂ ਰੋਜ਼ ਇਸ਼ਨਾਨ ਵੀ ਕਰਾ ਦੇਣਾ ਚਾਹੀਦਾ ਹੈ।

ਅੱਜ ਕੱਲ੍ਹ ਗੁਰਦੁਆਰਿਆਂ ਵਿਚ ਅਨੰਦ ਕਾਰਜ ਕਰਾਉਣ ਦਾ ਰਿਵਾਜ਼ ਕਾਫੀ ਪ੍ਰਚਲਿਤ ਹੈ। ਸਾਰੇ ਤਾਂ ਨਹੀਂ, ਪਰ ਕਾਫੀ ਲੋਕਾਂ ਦਾ ਸਿੱਖ ਸਿਧਾਂਤ ਅਨੁਸਾਰ ਸ਼ਾਦੀ ਦੀ ਮਹੱਤਤਾ ਨਾਲ ਕੋਈ ਲਾਗਾ ਦੇਗਾ ਨਹੀਂ। ਕੇਵਲ ਵਿਆਹ ਦੇ ਸਰਟੀਫਿਕੇਟ ਅਤੇ ਘੱਟ ਖਰਚੇ ਨਾਲ ਮਤਲਬ ਹੈ। ਵੱਡੇ ਹਾਲਾਂ ਦੀ ਬੁਕਿੰਗ ਬਹੁਤ ਮਹਿੰਗੀ ਹੈ। ਹੈਰਾਨੀ ਇਸ ਗੱਲ ਨੂੰ ਦੇਖ ਕੇ ਹੁੰਦੀ ਹੈ, ਜਦੋਂ ਸਮਾਗਮ ਖਤਮ ਹੋਣ ਪਿਛੋਂ ਕੁਝ ਮਾਇਆ ਸੰਸਥਾ ਦੇ ਬਿਜਲੀ ਪਾਣੀ ਅਤੇ ਹੋਰ ਖਰਚਿਆਂ ਲਈ ਦੇਣ ਤੋਂ ਵੀ ਇਹ ਸੱਜਣ ਕੰਨੀ ਕਤਰਾਉਂਦੇ ਹਨ। ਕਈ ਤਾਂ ਪ੍ਰਬੰਧਕਾਂ ਨਾਲ ਬਹਿਸ ਕਰਨ ਲੱਗ ਪੈਂਦੇ ਹਨ। ਕੀ ਇਹ ਸਾਰੀਆਂ ਗੱਲਾਂ ਮਨ ਦੇ ਹਰਾਮੀਪੁਣੇ ਦੀ ਝਲਕ ਨਹੀਂ? ਝਗੜਾ ਕਰਨਾ, ਬਹਿਸ ਕਰਨਾ ਕੋਝੀ ਹੁੱਜਤ ਨਹੀਂ?

ਕਹਿਣ ਨੂੰ ਤਾਂ ਬਹੁਤ ਕੁਝ ਹੈ, ਫਿਰ ਵੀ ਲੇਖ ਦੀ ਸੰਖੇਪਤਾ ਦਾ ਧਿਆਨ ਰੱਖਦਿਆਂ ਸਿਆਸਤਦਾਨਾਂ ਬਾਬਤ ਲਿਖਣ ਲਈ ਤਾਂ ਦਿਲ ਕਰ ਹੀ ਆਇਆ ਹੈ। ਵੈਸੇ ਤਾਂ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਅਤੇ ਹੋਰ ਹਕੀਕਤ ਬਿਆਨ ਕਰਨ ਵਾਲਿਆਂ ਦੀ ਬੇਇੱਜਤੀ ਦੇਖ ਕੇ ਮਨ ਕੁਝ ਵੀ ਲਿਖਣ ਤੋਂ ਝਿਜਕ ਰਿਹਾ ਹੈ ਅਤੇ ਮੱਲੋ-ਮੱਲੀ ਬਚਪਨ ਵਿਚ ਸੁਣਿਆ ਨੰਦ ਲਾਲ ਨੂਰਪੁਰੀ ਦਾ ਗੀਤ ਚੇਤੇ ਆ ਜਾਂਦਾ ਹੈ:

ਏਥੋਂ ਉਡ ਜਾ ਭੋਲਿਆ ਪੰਛੀਆ
ਆਪਣੀ ਜਾਨ ਬਚਾ।
... ... ...
ਏਥੇ ਡਾਕੇ ਪੈਣ ਦੁਪਹਿਰ ਨੂੰ
ਵੈਰੀ, ਤੇਰਾ ਆਲ੍ਹਣਾ ਦੇਣਗੇ ਢਾਅ।

ਉਸ ਸੱਚੇ ਸੁੱਚੇ ਬੰਦੇ ਨੂੰ ਇਹ ਗੀਤ ਲਿਖਣ ਕਰ ਕੇ ਨੌਕਰੀ ਤੋਂ ਹੱਥ ਧੋਣਾ ਪਿਆ ਸੀ। ਫਿਰ ਵੀ ਪਾਠਕਾਂ ਦੀ ਆਗਿਆ ਲੈ ਕੇ ਕੁਝ ਸਤਰਾਂ ਲਿਖ ਰਿਹਾ ਹਾਂ।


ਬੱਚਾ ਪੈਦਾ ਹੁੰਦਾ ਹੈ। ਉਹ ਭੋਲਾ ਭੰਡਾਰਾ ਅਤੇ ਮਾਸੂਮ ਹੁੰਦਾ ਹੈ। ਜਿਉਂ ਜਿਉਂ ਸਮਾਂ ਬੀਤਦਾ ਹੈ, ਉਸ ਦੇ ਮਨ ਉਤੇ ਸੰਸਕਾਰਾਂ, ਆਪਣੇ ਆਲੇ-ਦੁਆਲੇ, ਮਾਪਿਆਂ ਦੇ ਵਰਤਾਰੇ ਅਤੇ ਅਧਿਆਪਕਾਂ ਦੀ ਪਾਣ ਚੜ੍ਹਦੀ ਰਹਿੰਦੀ ਹੈ। ਸਿਆਣੇ ਬੱਚੇ ਇਸ ਵਿਚੋਂ ਚੰਗੇ ਪ੍ਰਭਾਵ ਗ੍ਰਹਿਣ ਕਰ ਲੈਂਦੇ ਹਨ। ਚੁਸਤ, ਚਲਾਕ, ਖਚਰੇ ਪਰ ਨਖੱਟੂ ਬੱਚੇ ਬੁਰੇ ਪ੍ਰਭਾਵ ਆਪਣੇ ਪੱਲੇ ਬੰਨ੍ਹ ਲੈਂਦੇ ਹਨ। ਇਨ੍ਹਾਂ ਵਿਚੋਂ ਕਈ ਸਿੱਧੇ ਅਤੇ ਅਸਿੱਧੇ ਢੰਗ ਨਾਲ ਸਿਆਸਤ ਵਿਚ ਕੁੱਦ ਪੈਂਦੇ ਹਨ। ਕਈ ਵਿਦਿਆਰਥੀ ਲੀਡਰ ਬਣ ਕੇ, ਕਈ ਪਿੰਡ ਦੇ ਸਰਪੰਚ ਬਣ ਕੇ, ਸਿਫਾਰਸ਼ ਨਾਲ ਨੌਕਰੀ ਲੈ ਕੇ ਅਤੇ ਲੋਕਾਂ ਨਾਲ ਰਸੂਖ ਬਣਾ ਕੇ, ਜਲਦੀ ਸੇਵਾ ਮੁਕਤ ਹੋ ਕੇ ਸਿਆਸਤ ਦੀ ਪੌੜੀ ਚੜ੍ਹਦੇ ਹਨ। ਕਈ ਚਤੁਰਾਈਆਂ 'ਚੋਂ ਇਕ ਅਹਿਮ ਚਤੁਰਾਈ, ਇਕਰਾਰ ਕਰ ਕੇ ਮੁਕਰਨਾ, ਇਨ੍ਹਾਂ ਦਾ ਖੱਬੇ ਹੱਥ ਦਾ ਖੇਲ ਹੈ। ਨਾ-ਕਾਮਯਾਬੀ ਦਾ ਠੁੱਲਾ ਮੁਖਾਲਫ ਪਾਰਟੀ ਦੇ ਸਿਰ ਸੁੱਟਣਾ ਇਨ੍ਹਾਂ ਦਾ ਮਨਭਾਉਂਦਾ ਸ਼ੁਗਲ ਹੈ।

ਭਾਰਤ ਵਿਚ ਵੀ ਬੇਸ਼ਕ ਸਾਰੇ ਸੂਬਿਆਂ ਦਾ ਹਾਲ ਤਰਸਯੋਗ ਹੈ ਪਰ ਪੰਜਾਬ ਦੀ ਗੱਲ ਕਰੀਏ ਤਾਂ ਕੌਣ ਨਹੀਂ ਜਾਣਦਾ ਕਿ ਪਾਕਿਸਤਾਨ ਨਾਲ ਲਗਦੀ ਕਿੰਨੀ ਲੰਮੀ ਹੱਦ ਹੈ। ਇਸ ਉਤੇ ਰਹਿਣ ਵਾਲੇ ਲੋਕ ਸਦਾ ਲਈ ਰਫਿਊਜ਼ੀ ਹਨ। ਜਦੋਂ ਕਦੇ ਵੀ ਦੋਹਾਂ ਦੇਸ਼ਾਂ ਦੇ ਸਬੰਧਾਂ ਵਿਚ ਮਾਮੂਲੀ ਜਿਹਾ ਤਣਾਅ ਨਜ਼ਰ ਆਉਂਦਾ ਹੈ, ਲੜਾਈ ਦੇ ਬੱਦਲ ਇਨ੍ਹਾਂ ਦੇ ਉਜਾੜੇ ਦਾ ਸੱਦਾ ਦੇ ਦਿੰਦੇ ਹਨ। ਕਿਸ ਨੂੰ ਪਤਾ ਨਹੀਂ ਕਿ ਪੰਜਾਬ ਦੀ ਕਿਸਾਨੀ ਦਮ ਤੋੜ ਰਹੀ ਹੈ? ਦੂਜੇ ਦੇਸ਼ਾਂ ਵਿਚ ਪਰਵਾਸ ਕਰਨ ਦੀ ਚਾਹਤ ਅਧੀਨ ਸਮੁੰਦਰਾਂ 'ਚ ਡੁੱਬਣਾ, ਜੇਲ੍ਹਾਂ ਵਿਚ ਬੰਦ ਹੋਣਾ, ਜਮੀਨ ਵੇਚ ਕੇ ਜਾਣਾ ਅਤੇ ਕਈ ਵਾਰ ਖੁਦਕੁਸ਼ੀਆਂ ਕਰ ਲੈਣਾ ਕੋਈ ਮਨ ਪ੍ਰਚਾਵਾ ਤਾਂ ਨਹੀਂ। ਇਹ ਤਾਂ ਦੁਖਦਾਇਕ ਮਜਬੂਰੀ ਹੈ। ਪੰਜਾਬ ਦਾ ਦੋ ਲੱਖ ਕਰੋੜ ਤੋਂ ਵੱਧ ਕਰਜ਼ੇ ਹੇਠ ਆਉਣਾ ਕਿਸੇ ਐਸ਼ਪ੍ਰਸਤੀ ਕਾਰਨ ਤਾਂ ਨਹੀਂ ਹੈ। ਇਸ ਅਤਿ ਸੋਹਣੇ, ਰੰਗਲੇ ਅਤੇ ਮਨਮੋਹਣੇ ਪੰਜਾਬ ਦੇ ਦਰਦ ਨੂੰ ਬਿਆਨ ਕਰਨ ਲਈ ਮੇਰੀ ਕਲਮ ਵਿਚ ਤਾਕਤ ਨਹੀਂ। ਸਿਆਸਤਦਾਨਾਂ ਦੇ ਹਰਾਮਪੁਣੇ ਬਾਬਤ ਕੀ ਕਹੀਏ?

ਆਜ਼ਾਦੀ ਪਿੱਛੋਂ ਕਿੰਨੇ ਪ੍ਰਧਾਨ ਮੰਤਰੀ ਬਣੇ। ਬਹੁਤ ਵਾਰ ਦੋ ਵੱਡੀਆਂ ਪਾਰਟੀਆਂ ਦੇ ਬਣੇ ਪਰ ਥੋੜ੍ਹੇ ਥੋੜ੍ਹੇ ਸਮੇਂ ਲਈ ਤਾਂ ਆਪਣੇ ਆਪ ਨੂੰ ਮਹਾ ਇਮਾਨਦਾਰ ਸੰਸਥਾਵਾਂ ਦੇ ਮਾਲਕ ਕਹਾਉਣ ਵਾਲੇ ਵੀ ਬਣੇ। ਫਿਰ ਵੀ ਪੰਜਾਬ ਦੀ ਬਾਂਹ ਕਿਸੇ ਨੇ ਨਾ ਫੜ੍ਹੀ। ਕਰਾਰ ਕਰ ਕੇ ਵੀ ਕਿਸੇ ਨੇ ਪੰਜਾਬ ਦਾ ਕਰਜ਼ਾ ਮੁਆਫ ਨਹੀਂ ਕੀਤਾ। ਕੀ ਪੰਜਾਬ ਸਪੈਸ਼ਲ ਸਟੇਟਸ ਦਾ ਹੱਕਦਾਰ ਨਹੀਂ? ਲੜਾਈ ਵਿਚ ਢਾਲ ਦਾ ਕੰਮ ਕਰਨ ਵਾਲਾ, ਅੰਨ ਨਾਲ ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਸੂਬਾ ਅਜਿਹੇ ਸਲੂਕ ਦਾ ਹੱਕਦਾਰ ਹੈ? ਪਰ ਇਸ ਨਵੀਂ ਨਰੋਈ ਕਹਾਉਣ ਵਾਲੀ ਦੁਨੀਆਂ ਵਿਚ ਹੁੱਜਤਾਂ ਭਰਿਆ ਹਰਾਮੀਪੁਣਾ ਜਾਇਜ਼ ਸਮਝਿਆ ਜਾਂਦਾ ਹੈ।

ਚੜ੍ਹਦੀ ਕਲਾ ਵਿਚ ਰਹਿਣਾ, ਜੀਵਨ ਦੇ ਉਜਲੇ ਭਵਿੱਖ ਦੀ ਆਸ ਰੱਖਣਾ ਸਿੱਖੀ ਸਿਧਾਂਤ ਹੈ। ਇਹ ਮੇਰੇ ਲਈ ਆਦੇਸ਼ ਹੈ ਅਤੇ ਮਾਨਵਤਾ ਲਈ ਸੰਦੇਸ਼ ਹੈ। ਇਸ ਖੂਬਸੂਰਤ ਧਾਰਨਾ ਦੇ ਬਾਵਜੂਦ ਬਹੁਤੇ ਬੰਦਿਆਂ ਦਾ ਹੁੱਜਤਾਂ ਭਰਿਆ ਹਰਾਮੀਪੁਣਾ ਮਨ ਨੂੰ ਬੇਚੈਨ ਕਰ ਦਿੰਦਾ ਹੈ ਅਤੇ ਮਨ ਢਹਿੰਦੀ ਕਲਾ ਵਿਚ ਚਲਿਆ ਜਾਂਦਾ ਹੈ ਅਤੇ ਆਸ ਧੁੰਦਲੀ ਹੋ ਜਾਂਦੀ ਹੈ।

## ਭੁੱਲ ਦੀ ਸੋਧ



ਬਾਬਾ ਬਰਕਤ

ਪੰਜਾਬ ਟਾਈਮਜ਼ ਦੇ 18 ਅਗਸਤ 2018 ਦੇ ਅੰਕ ਵਿਚ 'ਬਰਕਤ, ਬਰਕਤ ਸਿੰਘ ਉਰਫ ਬਾਬਾ ਬਰਕਤ' ਸਿਰਲੇਖ ਹੇਠ ਛਪੇ ਜਸਵੰਤ ਸਿੰਘ ਸੰਧੂ ਘਰਿੰਡਾ ਦੇ ਲੇਖ ਨਾਲ ਬਾਬਾ ਬਰਕਤ ਦੀ ਫੋਟੋ ਗਲਤੀ ਨਾਲ ਛਪਣੋਂ ਰਹਿ ਗਈ ਸੀ। ਬਾਬਾ ਬਰਕਤ ਦੀ ਫੋਟੋ ਛਾਪ ਰਹੇ ਹਾਂ। ਭੁੱਲ ਲਈ ਪਾਠਕਾਂ ਤੋਂ ਖਿਮਾ ਚਾਹੁੰਦੇ ਹਾਂ। *-ਸੰਪਾਦਕ*

**ਗਦਰ ਦੀਆਂ ਗੱਲਾਂ**

# ਨਵਾਂ ਸਨਿਆਸ, ਦੁਨੀਆਂ ਕਿਸ ਦੀ ਉਡੀਕ 'ਚ ਹੈ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਗਦਰ ਲਹਿਰ ਦੇ ਸਰਕਰਦਾ ਆਗੂ ਲਾਲਾ ਹਰਦਿਆਲ ਦੀਆਂ ਰਚਨਾਵਾਂ ਦੀ ਲੜੀ ਤਹਿਤ ਇਸ ਵਾਰ ਅਸੀਂ ਉਸ ਵਕਤ ਉਠ ਰਹੀ ਨਵੀਂ ਸਿਆਸਤ ਬਾਰੇ ਉਨ੍ਹਾਂ ਦੀ ਲਿਖਤ ਛਾਪ ਰਹੇ ਹਾਂ। ਇਹ ਲੇਖ 2 ਅਗਸਤ 1916 ਦਾ ਲਿਖਿਆ ਹੋਇਆ ਹੈ। ਆਉਂਦੇ ਅੰਕਾਂ ਵਿਚ ਵੀ ਅਸੀਂ ਗਦਰ ਨਾਲ ਜੁੜੀਆਂ ਅਜਿਹੀਆਂ ਅਹਿਮ ਲਿਖਤਾਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਦੇ ਰਹਾਂਗੇ। -ਸੰਪਾਦਕ*

ਇਹ ਸਮਾਂ ਬੇਚੈਨੀ ਅਤੇ ਤਬਦੀਲੀ ਦਾ ਹੈ, ਦੁਨੀਆਂ ਦੇ ਸਭ ਮੁਲਕਾਂ ਅਤੇ ਕੌਮਾਂ ਵਿਚ ਪੁਰਾਣਾ ਇੰਤਜ਼ਾਮ ਪਲਟ ਰਿਹਾ ਹੈ, ਪਰ ਨਵਾਂ ਹਾਲੇ ਪੈਦਾ ਨਹੀਂ ਹੋਇਆ ਹੈ। ਮਾਤਾ ਦੇ ਪੇਟ ਰੂਪੀ ਮਕਾਨ ਵਿਚ ਆਦਰਸ਼ ਰੂਪੀ ਬੱਚਾ ਪੈਦਾ ਹੋਣ ਵਾਲਾ ਹੈ। ਪਰ ਉਨਤੀ ਦੇ ਬੱਚੇ ਜੋ ਮਨੁਸ਼ ਜਾਤੀ ਦੇ ਵਾਸਤੇ ਸੁਧਾਰਕ ਬਣ ਕੇ ਆਵੇਗਾ, (ਨੇ) ਹਾਲੇ ਦੁਨੀਆਂ ਦੀ ਰੋਸ਼ਨੀ ਨਹੀਂ ਦੇਖੀ ਹੈ। ਅਸੀਂ ਸਾਰੇ ਕਿਸੀ ਬੜੀ ਇਖਲਾਕੀ ਸ਼ਕਤੀ ਦੀ ਉਡੀਕ ਵਿਚ ਬੈਠੇ ਹਾਂ ਕਿ ਜੋ ਸਭਿਅਤਾ ਨੂੰ ਨਾ ਉਮੀਦੀ ਅਤੇ ਸੋਗ ਦੇ ਖੌਫ ਵਿਚੋਂ ਕੱਢੇ ਜਿਸ ਵਿਚ ਉਹ ਫਸ ਕੇ ਤਬਾਹ ਹੁੰਦੀ ਨਜ਼ਰ ਆਉਂਦੀ ਹੈ ਤੇ ਸਭਿਅਤਾ ਆਪਣੇ ਖਤਰੇ ਤੋਂ ਅੱਛੀ ਤਰ੍ਹਾਂ ਖਬਰਦਾਰ ਹੈ, ਚਿੜੀਆਂ ਦੀ ਤਰ੍ਹਾਂ ਜੋ ਸੱਪ ਦੇ ਮੂੰਹ ਵਿਚ ਬੇਬਸ ਖਿੱਚ ਕੇ ਚਲੀ ਆਉਂਦੀ ਹੈ। ਦੁਨੀਆਂ ਦੀਆਂ ਸਭਿਅਕ ਕੌਮਾਂ ਨੂੰ ਅੱਛੀ ਤਰ੍ਹਾਂ ਪਤਾ ਹੈ ਕਿ ਖੁਦਗਰਜ਼ੀ, ਧਨ ਦਾ ਲਾਲਚ ਅਤੇ ਭੋਗ ਵਿਲਾਸ ਦੀ ਅਜੀਬ ਸ਼ਕਤੀ ਜੋ ਰੋਕੇ ਨਹੀਂ ਰੁਕੀ, ਉਨ੍ਹਾਂ ਨੂੰ ਮੌਤ ਤੇ ਬਰਬਾਦੀ ਦੀ ਤਰਫ ਹੱਕੀ ਲਈ ਜਾਂਦੀ ਹੈ। ਪਰ ਬੁਰਾਈ ਦਾ ਇੰਤਜ਼ਾਮ ਉਹ ਕੁਝ ਨਹੀਂ ਕਰ ਸਕਦੀਆਂ।




ਲਾਲਾ ਹਰਦਿਆਲ

ਇਸ ਸਮੇਂ ਦੇ ਸਭ ਤੋਂ ਦਾਨੀ ਲੋਕ ਉਹ ਇਖਲਾਕੀ ਅਤੇ ਸਮਾਜਕ ਬੇਤਰਤੀਬੀ ਪਰ (ਉਪਰ) ਸਖਤ ਰੰਜ ਜਾਹਰ ਕਰਦੇ ਹਨ ਜੋ ਚੌਹੀਂ ਪਾਸੀਂ ਨਜ਼ਰ ਆਉਂਦੀ ਹੈ। ਉਨ੍ਹਾਂ ਦਾ ਮਖੌਲ ਉਡਾਉਂਦੇ ਹਨ, ਕਦੀ ਉਨ੍ਹਾਂ ਦੀ ਗੁਲਾਮੀ 'ਤੇ ਗੁੱਸਾ ਜਾਹਰ ਕਰਦੇ ਹਨ। ਪਰ ਕੇਵਲ ਅੱਖਾਂ ਦਿਖਾਉਣ ਅਤੇ ਮੂੰਹ ਚਿੜਾਉਣ ਤੇ ਭੋਗ ਵਿਲਾਸ, ਮਜ਼ਹਬੀ ਤੇ ਕੌਮੀ ਖੁਸ਼ੀਆਂ, ਤਾਲੀਮ ਤੇ ਇੱਜਤ ਅਤੇ ਆਜ਼ਾਦੀ ਦਾ ਇਸ਼ਕ ਤੇ ਹੋਰਨਾਂ ਜ਼ਾਲਮ ਤਾਕਤਾਂ ਦੀ ਲਹਿਰ, ਜਿਸ ਨੇ ਸਾਨੂੰ ਤਬਾਹੀ ਵਿਚ ਸੁੱਟ ਦਿੱਤਾ ਹੈ, ਕਿਸ ਤਰ੍ਹਾਂ ਥਮ ਸਕਦੀਆਂ ਹਨ? ਆਖਰ ਅਸੀਂ ਕਿੱਧਰ ਜਾ ਰਹੇ ਹਾਂ! ਕੀ ਇਹ ਸਭਿਅਤਾ ਦਾ ਸੁੰਦਰ ਮੰਦਿਰ ਫੇਰ ਗਿਰ ਕੇ ਮਿੱਟੀ ਵਿਚ ਜਾ ਮਿਲ ਜਾਵੇਗਾ। ਕਿਆ ਤਵਾਰੀਖ ਮੌਤ ਦਾ ਸ਼ਬਦ ਫੇਰ ਸਮੇਂ ਦਾ ਜ਼ਾਲਮ ਹੱਥ ਆਜ਼ਾਦੀ, ਇਨਸਾਫ, ਸਾਇੰਸ, ਮਿੱਤਰਤਾ ਫਿਰ ਸਾਥੋਂ ਖੋ ਲਵੇਗਾ? ਕੀ ਉਹ ਸਮਾਜਕ ਸਭਾ ਜਿਨ੍ਹਾਂ ਨੂੰ ਮਨੁੱਖ ਜਾਤੀ ਨੇ ਬੜੇ ਦੁੱਖ ਉਠਾ ਕੇ ਹੌਲੀ ਹੌਲੀ ਬਣਾਇਆ ਹੈ, ਸੁੱਕੇ ਦਰੱਖਤ ਅਤੇ ਲਾਸ਼ ਵਾਂਗ ਸੜ ਕੇ ਮਿੱਟੀ ਵਿਚ ਮਿਲ ਜਾਵੇਗੀ? ਉਨਤੀ ਮਨੁੱਖ ਜਾਤੀ ਦੇ ਸਭ ਪ੍ਰੇਮੀ ਲੋਕ ਇਹੀ ਪੁਛਦੇ ਨਜ਼ਰ ਆਉਂਦੇ ਹਨ ਕਿ ਸਾਨੂੰ ਕੌਣ ਮੁਕਤੀ ਦਿਲਾਵੇਗਾ?

ਇਹ ਤਾਂ ਠੀਕ ਹੈ ਕਿ ਉਨਤੀ ਦੇ ਲੀਡਰ ਸਦਾ ਆਪਣੇ ਜ਼ਮਾਨੇ ਤੋਂ ਖੁਸ਼ ਨਹੀਂ ਹੁੰਦੇ ਪਰ ਇਸ ਜ਼ਮਾਨੇ ਦੀਆਂ ਕੌੜੀਆਂ ਜਿਹੀਆਂ ਖਰਾਬੀਆਂ ਨਹੀਂ ਹਨ। ਸਮਾਂ ਖਰਾਬ ਹੈ, ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਸਾਹਮਣਾ ਕਰੀਏ। ਕਰਮ ਅਤੇ ਬਚਨ ਵਿਚ ਸਬੰਧ ਨਾ ਰੱਖਣਾ ਤਾਂ ਅੱਛਾ ਹੈ। ਪਰ ਉਸ ਤੋਂ ਵੀ ਜ਼ਿਆਦਾ ਵੱਡੀ ਗੱਲ ਇਹ ਹੈ ਕਿ ਬਚਨ ਨੂੰ ਨੀਚੇ ਗਿਰਾ ਦਿੱਤਾ ਜਾਵੇ। ਮਸ਼ਹੂਰ ਅਮਰੀਕਨ ਫਿਲਾਸਫਰ ਪ੍ਰੋਫੈਸਰ ਜੇਮਜ਼ ਲਿਖਦੇ ਹਨ, "ਇਸ ਬਾਤ ਦੀ ਲੋੜ ਹੈ ਕਿ ਐਸੇ ਲੋਗ (ਅਮਰੀਕਨ) ਗਰੀਬਾਂ ਦੀ ਸਹਾਇਤਾ ਲਈ ਆਉਣੇ ਫੇਰ ਸ਼ੁਰੂ ਕਰੀਏ।"

ਇਹ ਬਿਆਨ ਪ੍ਰੋਫੈਸਰ ਦਾ ਠੀਕ ਹੈ ਤਾਂ ਫਿਰ ਦਾਅਵਾ ਕੀਤਾ ਹੈ?

ਗਿਆਨ ਅਤੇ ਸਾਇੰਸ: ਅਸੀਂ ਸੋਚਦੇ ਹਾਂ ਕਿ ਕਾਲ ਅਤੇ ਬਿਮਾਰੀ ਜਹਾਨ ਤੇ ਜ਼ੁਲਮ ਬੇਇਨਸਾਫੀ ਅਤੇ ਗਰੀਬੀ ਦੇ ਹੋਰ ਭਿਆਨਕ ਕਾਲ ਨਾਲ ਜਗਤ ਦਾ ਛੁਟਕਾਰਾ ਹੋਵੇ ਤਾਂ ਸਾਨੂੰ ਚਾਹੀਦਾ ਹੈ ਕਿ ਆਪ ਕਬੂਲ ਕੀਤੀ ਹੋਈ ਗਰੀਬੀ ਗੰਦੇ, ਫਟੇ ਕੱਪੜੇ ਅਤੇ ਮਸਤਾਨਾ ਜਿਸਮ ਦੀ ਲਾਪਰਵਾਹੀ ਦੀ ਨਵੇਂ ਸਿਰੇ ਤੋਂ ਪੂਜਾ ਕਰੀਏ। ਗੱਲ ਕੀ, ਤਿਆਗ ਨੂੰ ਇਸ ਜ਼ਮਾਨੇ ਦੀ ਸਾਇੰਸ ਅਤੇ ਰਾਜਨੀਤੀ ਦੇ ਸੇਵਾ ਵਾਸਤੇ ਵਰਤਣਾ ਚਾਹੀਦਾ ਹੈ। ਇਹ ਕੰਮ ਉਨ੍ਹਾਂ ਨਵੇਂ ਜ਼ਮਾਨੇ ਦੇ ਸਨਿਆਸੀਆਂ ਦਾ ਹੈ, ਜਿਨ੍ਹਾਂ ਨੂੰ ਮੇਰੇ ਖਿਆਲ ਦੀ ਨਜ਼ਰ ਹੁਣੇ ਤੋਂ ਹੀ ਦੇਖਦੀ ਹੈ ਕਿ ਇਹ ਲੋਕ ਆਪਣੀ ਇਖਲਾਕੀ ਸ਼ਕਤੀ ਅਤੇ ਵਿਦਿਆ ਦੇ ਜ਼ੋਰ ਨਾਲ ਸਾਡੀ ਸਭਿਅਤਾ ਨੂੰ ਸ਼ਾਨਦਾਰ ਸੁੰਦਰ ਅਤੇ ਸੋਹਣੀ ਬਣਾਉਣ।


Have you already made a plan for the scholarships? Have you printed a prospectus or advertisement for them? Please let me know all the details. I shall be very glad to help with my advice and opinion. I should like to know what you have already done.

I think of you very often. With much love,

Yours affectionately
Har Dayal

ਲਾਲਾ ਹਰਦਿਆਲ ਦੀ ਹੱਥ-ਲਿਖਤ।

ਪੁਰਾਣਾ ਤਿਆਗ: ਪੁਰਾਣੇ ਜ਼ਮਾਨੇ ਦਾ ਤਿਆਗ ਅੰਦਰ ਤੇ ਪੋਲਾ ਸੀ। ਜਾਂ ਜੇ ਜਗਤ ਦੇ ਫਾਇਦੇ ਦੇ ਵਾਸਤੇ ਕੁਝ ਗੱਲਾਂ ਵਿਚ ਸ਼ਾਮਿਲ ਸੀ ਤਾਂ ਉਹ ਬਹੁਤ ਥੋੜ੍ਹੀਆਂ ਹਨ। ਪਰ ਪੁਰਾਣੇ ਸਮੇਂ ਦੀ ਜ਼ਹਾਲਤ ਮਜ਼ਹਬੀ ਹਨ, ਆਦਿ ਤਾਂ ਹੁਣ ਮਰ ਚੁਕੇ ਅਤੇ ਮਰ ਕੇ ਦਫਨ ਵੀ ਹੋ ਚੁਕੇ (ਯੂਰਪ ਅਤੇ ਅਮਰੀਕਾ ਵਿਚ)। ਇਸ ਵਾਸਤੇ ਹੁਣ ਡਰ ਨਹੀਂ ਹੈ ਕਿ ਤਿਆਗ ਦਾ ਜੋਸ਼ ਪੁਰਾਣੀ ਜ਼ਹਾਲਤ ਅਤੇ ਮਜ਼ਹਬੀ ਪਖਸ਼ਪਾਤ ਨਾਲ ਮਿਲ ਜਾਵੇ। ਉਨ੍ਹਾਂ ਤੋਂ ਤਾਂ ਹੁਣ ਉਹ ਬਰੀ ਹੋਵੇਗਾ। ਇਸ ਵਾਸਤੇ ਹੁਣ ਸਾਨੂੰ ਫਿਰ ਉਹ ਤਿਆਗ ਦਾ ਜੋਸ਼ ਅਤੇ ਜ਼ਿੰਦਾ ਸ਼ਹੀਦੀ, ਜੋ ਪੁਰਾਣੇ ਜ਼ਮਾਨੇ ਵਿਚ ਮਜ਼ਹਬਾਂ ਦੇ ਨਾਲ ਮਿਲੀ ਹੋਈ ਸੀ, ਹੁਣ ਰਾਜਨੀਤੀ ਅਤੇ ਸਾਇੰਸ ਦੇ ਨਾਲ, ਅਰਥਾਤ ਇਖਲਾਕੀ ਵਿਦਿਆ ਦੇ ਨਾਲ ਮਿਲਾ ਦੇਣੀ ਚਾਹੀਦੀ ਹੈ। ਮੇਰੇ ਖਿਆਲ ਦੀ ਅੱਖ ਹੁਣ ਤੋਂ ਦੇਖਦੀ ਹੈ ਕਿ ਸਾਰੇ ਮੁਲਕ ਵਿਚ ਆਸ਼ਰਮ ਕਾਇਮ ਹੋਣ ਕਿ ਜਿਥੇ ਮਰਦ ਤੇ ਔਰਤਾਂ ਇਕੱਠੇ ਰਹਿ ਕੇ ਸਾਇੰਸ (ਨਵੀਂ ਵਿਦਿਆ) ਦੀ ਭਾਲ ਅਤੇ ਰਾਜਨੀਤੀ ਤੇ ਸਮਾਜਕ ਸ਼ਾਸਤਰ ਪੜ੍ਹਿਆ ਕਰਨ ਅਤੇ ਆਜ਼ਾਦੀ ਬਰਾਬਰੀ ਸਰੀਰ ਦੀ ਅਰੋਗਤਾ ਦੀ ਰਖਵਾਲੀ ਕੌਮਾਂ ਦੀ ਆਪਸ ਵਿਚ ਬਰਾਦਰੀ ਸਾਇੰਸ ਵਿਦਿਆ ਨਿਰਪੇਖਸ਼ਾਂ ਜ਼ੁਲਮ ਤੇ ਦੁਖੀ ਕੌਮਾਂ ਦੇ ਹੱਕਾਂ ਦੇ ਮੰਗਣੇ ਦਾ ਕੰਮ ਅਤੇ ਪ੍ਰਚਾਰ ਕਰਨ ਦੇ ਵਾਸਤੇ ਸਨਿਆਸੀ ਅਤੇ ਸੁਧਾਰਕ ਦੀ ਤਰ੍ਹਾਂ ਤਿਆਰ ਹੋਣ।

ਪੁਰਾਣੇ ਜ਼ਮਾਨੇ ਦੇ ਸਨਿਆਸੀ ਅਤੇ ਗਿਆਨੀ ਏਸ਼ੀਆ ਅਤੇ ਯੂਰਪ ਵਿਚ ਸਾਇੰਸ ਅਤੇ ਰਾਜਨੀਤੀ ਵਿਚ ਬੇ-ਤਾਲੁਕ ਰਹਿੰਦੇ ਹਨ। ਇਸ ਵਾਸਤੇ ਉਨ੍ਹਾਂ ਨੂੰ ਦੁਨੀਆਂ ਦੀ ਅਸਲੀ ਹਾਲਤ ਦਾ ਪਤਾ ਨਹੀਂ ਸੀ। ਉਹ ਖਿਆਲ ਕਰਦੇ ਸਨ ਕਿ ਕੇਵਲ ਪ੍ਰੇਮ ਅਤੇ ਪ੍ਰਾਰਥਨਾ ਨਾਲ ਸੰਸਾਰ ਦਾ ਦੁੱਖ ਦੂਰ ਹੋ ਜਾਵੇਗਾ। ਪਰ ਅਸੀਂ ਨਵੇਂ ਜ਼ਮਾਨੇ ਦੇ ਲੋਕ ਜਿਨ੍ਹਾਂ ਨੂੰ ਪ੍ਰਾਰਥਨਾ ਦੀ ਸ਼ਕਤੀ ਵਿਚ ਯਕੀਨ ਨਹੀਂ ਰਿਹਾ ਅਤੇ ਪੁਰਾਣੇ ਆਤਮਕ ਸੁਫਨਿਆਂ ਵਿਚ ਮਸਤ ਨਹੀਂ ਰਹਿਣਾ ਚਾਹੁੰਦੇ, ਉਨ੍ਹਾਂ ਦੀ ਜਗ੍ਹਾ ਇਕ ਦਲੀਲਾਂ ਨਾਲ ਭਰਿਆ ਅਤੇ ਇਸ ਜ਼ਮਾਨੇ ਦੀ ਵਿਦਿਆ ਦੇ ਅਨੁਸਾਰ ਪੱਕਾ ਆਦਰਸ਼ ਕਾਇਮ ਕਰਦੇ ਹਨ ਕਿ ਜੋ ਮਨੁੱਖ ਜਾਤੀ ਅਰਥਾਤ ਦੁਨੀਆਂਦਾਰੀਆਂ ਦੀਆਂ ਲੋੜਾਂ 'ਤੇ ਕਾਇਮ ਹੋਵੇ ਤੇ ਅਮਲੀ ਹੋਵੇ ਅਤੇ ਜਿਸ ਦੇ ਪੂਰਾ ਕਰਨ ਦੀ ਕੋਸ਼ਿਸ਼ ਨਾਲ ਇਹੀ ਦੁਨੀਆਂ ਸਵਰਗ ਬਣ ਜਾਵੇ।

ਅੱਜ ਇਹ ਸਾਡੀ ਦੁਨੀਆਂ ਕੀ ਹੈ? ਬੁਚੜਖਾਨਾ ਹੈ, ਹਸਪਤਾਲ ਹੈ, ਉਹ ਬਾਜ਼ਾਰ ਹੈ, ਜਿਸ ਵਿਚ ਗੁਲਾਮ ਵਿਕਦੇ ਹਨ। ਜਾਹਰਾ ਤਮਾਸ਼ਾ ਹੈ। ਅਫਸੋਸ! ਇਸ ਸਾਰੀਆਂ ਭਿਆਨਕ ਬਾਤਾਂ ਅਤੇ ਉਨ੍ਹਾਂ ਤੋਂ ਜ਼ਿਆਦਾ ਬੁਰੀ ਦੁਨੀਆਂ ਦੀ ਇਸ ਸਮੇਂ ਦੀ ਹਾਲਤ ਤੇ ਜਾਹਰ ਹੁੰਦੀਆਂ ਹਨ। ਇਸ ਅੰਧੇਰ ਨੂੰ ਦੂਰ ਕਰਨਾ ਨਵੇਂ ਸਨਿਆਸੀਆਂ ਦਾ ਕੰਮ ਹੈ। ਇਹ ਨਵੇਂ ਸਨਿਆਸੀ ਮਰਦ ਅਤੇ ਔਰਤਾਂ ਪੁਰਾਣੇ ਜ਼ਮਾਨੇ ਦੇ ਸੰਤਾਂ ਸਨਿਆਸੀਆਂ ਦੀਆਂ ਬੇਵਕੂਫੀਆਂ ਪੱਖਪਾਤ ਅਤੇ ਜੁਗਤ ਦੇ ਵਿਰੁਧ ਅਮਲਾਂ ਦੇ ਦੂਰ ਰਹਿ ਕੇ ਨਵੀਂ ਇਖਲਾਕ ਦੀ ਵਿਦਿਆ ਕਾਇਮ ਕਰਨਗੇ ਕਿ ਜਿਸ ਵਿਚ ਫਰਾਂਸਿਸ ਦਾ ਸੇਵਾ ਭਾਵ ਤੇ ਜਾਤੀ ਕੁਰਬਾਨੀ ਅਤੇ ਰੂਸੋ ਵਲੰਟੀਅਰ (ਜਿਨ੍ਹਾਂ ਨੇ ਫਰਾਂਸ ਦਾ ਗਦਰ ਚਲਾਇਆ ਸੀ), ਜੋਜ਼ਫ ਮੇਜ਼ਨੀ (ਜਿਸ ਨੇ ਇਟਲੀ ਆਜ਼ਾਦ ਕਰਾਈ ਸੀ) ਅਤੇ ਅਰਨਸਟ ਹੈਕਲ (ਜਰਮਨੀ ਦਾ ਸਭ ਤੋਂ ਵੱਡਾ ਜੜ੍ਹ-ਉਖੇੜੀ ਹੈ) ਦੀ ਸਿੱਖਿਆ ਮਿਲੀ ਹੋਵੇ, ਨਵੇਂ ਜ਼ਮਾਨੇ ਦਾ ਦੇਵਤਾ ਕੋਈ ਇਕ ਆਦਮੀ ਨਹੀਂ ਹੋਵੇਗਾ। ਹਾਂ, ਇਕ ਉਚਾ ਆਦਰਸ਼ ਹੋਵੇਗਾ ਜਿਸ ਨੂੰ ਪੂਰਾ ਕਰਨ ਦੀ ਜੁਦਾ ਜੁਦਾ ਪਾਸਿਆਂ ਤੋਂ ਕੋਸ਼ਿਸ਼ ਹੋਵੇਗੀ।

ਭਾਈਓ ਅਤੇ ਭੈਣੋ, ਆਓ ਅਸੀਂ ਨਵੇਂ ਜ਼ਮਾਨੇ ਦੀ ਸਾਇੰਸ ਅਤੇ ਰਾਜਨੀਤੀ ਵਿਚ ਤਿਆਗ ਤੇ ਜੋਸ਼ ਦੀ ਰੂਹ ਭਰ ਦੇਈਏ ਜਿਸ ਨਾਲ ਦੁਨੀਆਂ ਦਾ ਅੰਧੇਰਾ, ਗੁਲਾਮੀ, ਗਰੀਬੀ, ਬੇਇਨਸਾਫੀ ਦੂਰ ਹੋਵੇ।

# ਗਦਰ-ਕਾਵਿ ਦੀਆਂ ਗੂੰਜਾਂ

ਕੇਸਰ ਸਿੰਘ ਕੇਸਰ

1857 ਦੇ ਗਦਰ, ਗਦਰ ਪਾਰਟੀ ਅਤੇ ਸਮੁੱਚੀ ਲਹਿਰ ਨੇ ਬਰਤਾਨਵੀ ਗੁਲਾਮੀ ਦੇ ਵਿਰੁਧ ਹਿੰਦੋਸਤਾਨ ਦੀ ਆਜ਼ਾਦੀ ਲਈ ਲਗਭਗ ਇਕ ਸਦੀ ਜੋ ਜਦੋ-ਜਹਿਦ ਕੀਤੀ, ਉਸ ਨੂੰ ਸੁਤੰਤਰ ਭਾਰਤ ਦੀ ਸਰਕਾਰ, ਮੋਹਰੀ ਪਾਰਟੀਆਂ ਅਤੇ ਅਕਾਦਮਿਕ ਅਦਾਰਿਆਂ ਨੇ, ਜੇ ਅਣਗੌਲਿਆਂ ਨਹੀਂ ਰੱਖਿਆ ਤਾਂ ਘਟਾ ਕੇ ਜ਼ਰੂਰ ਦੇਖਿਆ ਹੈ।

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੇ 1857 ਦੇ ਗਦਰ ਦਾ ਜ਼ਿਕਰ ਕਰਦਿਆਂ ਮਾਰਚ 1928 ਦੇ 'ਕਿਰਤੀ' ਵਿਚ ਲਿਖਿਆ ਸੀ: ਇਸ ਜੰਗ (1857) ਦੇ ਨਾ-ਕਾਮਯਾਬ ਹੋਣ ਤੇ ਜੋ ਜ਼ੁਲਮ ਅਤੇ ਅਤਿਆਚਾਰ ਬੇਗੁਨਾਹ ਹਿੰਦੋਸਤਾਨੀਆਂ 'ਤੇ ਢਾਹਿਆ ਗਿਆ, ਉਸ ਦੇ ਲਿਖਣ ਲਈ ਨਾ ਤਾਂ ਸਾਡੇ ਵਿਚ ਹੌਸਲਾ ਹੈ ਅਤੇ ਨਾ ਹੀ ਕਿਸੇ ਹੋਰ ਵਿਚ ਹੀ। ਇਹ ਸਭ ਹਿੰਦੋਸਤਾਨ ਦੇ ਆਜ਼ਾਦ ਹੋਣ 'ਤੇ ਲਿਖਿਆ ਜਾਵੇਗਾ।

ਪਰ ਹੈਰਾਨੀ ਹੁੰਦੀ ਹੈ ਕਿ ਜਿਸ ਨੂੰ ਕਾਰਲ ਮਾਰਕਸ, ਵੀਰ ਸਾਵਰਕਰ ਅਤੇ ਭਗਤ ਸਿੰਘ ਨੇ ਹਿੰਦੋਸਤਾਨ ਦੀ ਪਹਿਲੀ ਜੰਗ-ਏ-ਆਜ਼ਾਦੀ ਕਿਹਾ, ਉਸ ਦੇ ਸਾਰੇ ਤੱਥਾਂ ਤੇ ਪਹਿਲੂਆਂ ਦੀ ਖੋਜ ਤੇ ਪਰਖ ਕਰ ਕੇ ਉਸ ਦੇ ਇਤਿਹਾਸਕ-ਰਾਜਨੀਤਕ ਮਹੱਤਵ ਨੂੰ ਉਘਾੜਨ ਵਿਚ ਸਾਡੀ ਇਤਿਹਾਸਕਾਰੀ (ਇੱਕੇ-ਦੁੱਕੇ ਯਤਨਾਂ ਨੂੰ ਛੱਡ ਕੇ) ਸਮੁੱਚੇ ਤੌਰ 'ਤੇ ਅਸਫਲ ਰਹੀ ਹੈ।

1928 ਵਿਚ ਹਿੰਦੀ ਪਤ੍ਰਿਕਾ 'ਚਾਂਦ' ਦੇ ਫਾਂਸੀ ਅੰਕ ਵਿਚ ਨਵੀਂ ਗਦਰ ਲਹਿਰ ਦੇ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਬਾਰੇ ਆਪਣੇ ਫਰਜ਼ੀ ਨਾਂ 'ਮੁਕੰਦ' ਵਲੋਂ ਲਿਖਦਿਆਂ ਕਿਸੇ ਇਨਕਲਾਬੀ ਨੇ ਪੂਰੇ ਯਕੀਨ ਨਾਲ ਕਿਹਾ ਸੀ: ਸੁਤੰਤਰ ਭਾਰਤ ਆਪਣੇ ਸੁਤੰਤਰਤਾ ਸੰਗਰਾਮ ਦੀਆਂ ਇਨ੍ਹਾਂ ਅਦੁਤੀ ਘਟਨਾਵਾਂ ਨੂੰ ਯਾਦ ਕਰਿਆ ਕਰੇਗਾ। ਉਸ ਸਮੇਂ ਦੇ ਇਤਿਹਾਸਕਾਰ ਨੂੰ ਹੀ ਇਨ੍ਹਾਂ ਸਭ ਗੱਲਾਂ ਦਾ ਖੂਬ ਵਿਸਥਾਰ ਨਾਲ ਅਤੇ ਵਾਸਤਵਕ ਰੂਪ ਵਿਚ ਲਿਖ ਸਕਣ ਦਾ ਸੁਅਵਸਰ ਮਿਲੇਗਾ।

ਪਰ ਅਸੀਂ ਦੇਖ ਰਹੇ ਹਾਂ ਕਿ ਸੁਤੰਤਰਤਾ ਪ੍ਰਾਪਤੀ ਤੋਂ ਦਹਾਕਿਆਂ ਬਾਅਦ ਵੀ ਇਸ ਲਹਿਰ ਦੀਆਂ ਸਿਆਸੀ ਕੁਰਬਾਨੀਆਂ, ਇਤਿਹਾਸਕ ਰੋਲ ਤੇ ਸਭਿਆਚਾਰਕ ਦੇਣ ਵੱਲ ਉਹ ਤਵੱਜੋ ਨਹੀਂ ਦਿੱਤੀ ਗਈ, ਜੋ ਦੇਣੀ ਚਾਹੀਦੀ ਸੀ। ਹਾਂ, ਕੁਝ ਗੈਰ-ਸਰਕਾਰੀ ਤੇ ਵਿਅਕਤੀਗਤ ਯਤਨਾਂ ਨਾਲ ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਹੋਈਆਂ ਹਨ (ਜਿਨ੍ਹਾਂ ਨੂੰ ਪਿੱਛੋਂ ਸਰਕਾਰਾਂ ਨੇ ਵੀ ਮਾਨਤਾ ਦਿੱਤੀ ਹੈ), ਇਤਿਹਾਸ ਲਿਖੇ ਗਏ ਹਨ ਅਤੇ ਇਸ ਲਹਿਰ ਨਾਲ ਸਬੰਧਤ ਸਾਹਿਤ (ਵਿਸ਼ੇਸ਼ ਕਰਕੇ ਕੇਸਰ ਸਿੰਘ ਦੇ ਨਾਵਲ) ਰਚਿਆ ਗਿਆ ਹੈ।

ਸਮੇਂ ਤੇ ਸਥਾਨ ਦੀ ਦ੍ਰਿਸ਼ਟੀ ਤੋਂ ਗਦਰ ਪਾਰਟੀ ਅਤੇ ਗਦਰ ਲਹਿਰ ਦਾ ਘੇਰਾ ਬਹੁਤ ਵਿਸ਼ਾਲ ਸੀ। ਸਮੇਂ ਦੇ ਪੱਖ ਤੋਂ ਇਹ 1857 ਤੋਂ 1950-51 ਤਕ ਅਤੇ ਸਥਾਨ ਵਿਚ ਪੰਜਾਬ ਤੋਂ ਲੈ ਕੇ ਕੌਮਾਤਰੀ ਦਿਸਹੱਦਿਆਂ ਤੱਕ ਫੈਲੀ ਹੋਈ ਸੀ।

ਗਦਰ ਲਹਿਰ ਦੀ ਕਵਿਤਾ ਗਦਰ ਦੇ ਇਤਿਹਾਸ ਦਾ ਵੱਡਾ ਸਰੋਤ ਹੈ। ਅਮਰੀਕਾ ਸਥਿਤ ਗਦਰ ਪਾਰਟੀ ਨੇ ਹਫਤਾਵਾਰੀ ਅਤੇ ਮਾਹਵਾਰੀ ਪੱਤਰਾਂ ਦੇ ਨਾਲ ਨਾਲ ਕੁਝ ਕਿਤਾਬਚੇ ਛਾਪ ਕੇ ਵੰਡਣ ਦਾ ਜੋ ਪ੍ਰੋਗਰਾਮ ਬਣਾਇਆ ਸੀ। ਇਸ ਤਹਿਤ 'ਗਦਰ ਦੀ ਗੂੰਜ' ਨਾਂ ਦੀਆਂ ਸੱਤ ਪੁਸਤਕਾਂ ਛਾਪ ਕੇ ਵੰਡੀਆਂ ਗਈਆਂ ਸਨ। ਲੜੀ ਨੰਬਰ 6 ਦੀ ਦੂਜੀ ਐਡੀਸ਼ਨ (1933) ਦੇ ਸਫਾ 15 ਉਤੇ ਪੁਸਤਕਾਂ ਦੇ ਇਸ਼ਤਿਹਾਰ ਵਿਚ ਲਿਖਿਆ ਮਿਲਦਾ ਹੈ: "...'ਗਦਰ ਗੂੰਜਾਂ' ਜੋ ਸੱਤ ਨੰਬਰ ਤਕ ਛਪ ਚੁਕੀਆਂ ਹਨ ਤੇ ਪੈਹਲਾ, ਦੂਸਰਾ ਤੇ ਚੌਥਾ ਨੰਬਰ ਉਰਦੂ ਵਿਚ ਭੀ ਮਿਲ ਸਕਦੀਆਂ ਹਨ।" ਦੁਨੀਆਂ ਦੇ ਸਭ ਦੇਸ਼ਾਂ ਵਿਚ, ਜਿਥੇ ਵੀ ਪੰਜਾਬੀ ਵਸਦੇ ਸਨ, ਇਹ ਮੁਫਤ ਵੰਡੀਆਂ ਜਾਂਦੀਆਂ ਸਨ। ਇਸ ਗੱਲ ਦੀ ਗਵਾਹੀ ਪ੍ਰਾਪਤ ਗੂੰਜਾਂ ਉਤੇ ਲਿਖੀ ਗਿਣਤੀ ਤੋਂ ਮਿਲਦੀ ਹੈ:

ਗੂੰਜ ਨੰ: 1 (1914): ਦਸ ਹਜ਼ਾਰ
ਗੂੰਜ ਨੰ: 2 (1916): ਗਿਆਰਾਂ ਹਜ਼ਾਰ
ਗੂੰਜ ਨੰ: 3 (1918): ਦਸ ਹਜ਼ਾਰ
ਗੂੰਜ ਨੰ: 6 (ਦੂਜੀ ਵਾਰ, ਸੋਧ ਕੇ, 1933): ਪੰਦਰਾਂ ਹਜ਼ਾਰ
ਗੂੰਜ ਨੰ: 7 (1931): ਪੰਝੀ ਹਜ਼ਾਰ

ਇਹ ਸੱਤੇ ਸੰਗ੍ਰਿਹ ਦੇਸ-ਪਰਦੇਸ ਵਿਚ ਰਹਿੰਦੇ ਪੰਜਾਬੀਆਂ ਲਈ ਦੇਸ ਪਿਆਰ ਤੇ ਲੋਕ ਹਿੱਤਾਂ ਦੇ ਪ੍ਰੇਰਕ ਬਣੇ, ਪਰ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਇਨ੍ਹਾਂ ਦਾ ਅੱਵਲ ਤਾਂ ਕੋਈ ਜ਼ਿਕਰ ਹੈ ਨਹੀਂ, ਜੇ ਹੈ ਤਾਂ ਮਾਮੂਲੀ। ਇਸ ਦਾ ਵੱਡਾ ਕਾਰਨ ਤਾਂ ਇਹੋ ਹੈ ਕਿ ਗਦਰ-ਕਾਵਿ ਦਾ ਪ੍ਰਸਾਰ ਤੇ ਪ੍ਰਚਾਰ ਭੂਮੀਗਤ ਹੀ ਹੁੰਦਾ ਰਿਹਾ, ਬਾਹਰ ਇਸ ਨੂੰ ਸਰਕਾਰ ਜ਼ਬਤ ਕਰ ਲੈਂਦੀ ਸੀ। ਸ਼ਾਇਦ ਇਸੇ ਲਈ ਹੁਣ ਵੀ ਚੌਥੀ ਤੇ ਪੰਜਵੀਂ ਗੂੰਜ ਦੁਰਲੱਭ ਹੈ। ਗਿਆਨੀ ਹੀਰਾ ਸਿੰਘ ਦਰਦ ਵੀ ਆਪਣੀ ਤਲਾਸ਼ ਤੋਂ ਬਾਅਦ ਇਸੇ ਨਤੀਜੇ 'ਤੇ ਪਹੁੰਚੇ ਸਨ: ਗਦਰ ਗੂੰਜ ਨੰਬਰ 4 ਤੇ 5 ਦੀ ਕੋਈ ਕਾਪੀ ਹਾਲਾਂ ਤੱਕ ਪ੍ਰਾਪਤ ਨਹੀਂ ਹੋ ਸਕੀ। ਇਹ 1920 ਤੇ 1930 ਦੇ ਦਰਮਿਆਨ ਪ੍ਰਕਾਸ਼ਤ ਹੋਈਆਂ ਸਨ (ਪੰਜਾਬੀ ਦੁਨੀਆਂ, ਜੁਲਾਈ 1960, ਪੰਨਾ 8)।

ਇਨ੍ਹਾਂ ਗੂੰਜਾਂ ਵਿਚ ਗਦਰ ਪਾਰਟੀ ਦੇ ਅਖਬਾਰਾਂ ਵਿਚ ਛਪੀਆਂ ਕਵਿਤਾਵਾਂ ਵਿਚੋਂ ਚੋਣਵੀਆਂ ਕਵਿਤਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। 'ਗਦਰ ਦੀ ਗੂੰਜ' ਦੇ ਸਰਵਰਕ ਉਤੇ ਆਮ ਕਰਕੇ ਪਾਰਟੀ ਦਾ ਕੌਮੀ ਜੈਕਾਰਾ (ਬੰਦੇ ਮਾਤਰਮ) ਅਤੇ ਪਾਰਟੀ ਦਾ ਨਿਸ਼ਾਨ (ਹਿੰਦੋਸਤਾਨ ਦੇ ਸ਼ੇਰਮੂੰਹੇ ਨਕਸ਼ੇ ਉਤੇ ਤਲਵਾਰ ਧੂਹੀ ਖਲੋਤੀ ਭਾਰਤ ਮਾਤਾ) ਛਪਿਆ ਹੁੰਦਾ ਸੀ। ਗੂੰਜ ਨੰ. 6 ਦੇ ਦੂਜੇ ਐਡੀਸ਼ਨ ਦੇ ਟਾਈਟਲ ਸਫੇ ਉਤੇ ਭਾਈ ਭਗਵਾਨ ਸਿੰਘ 'ਪ੍ਰੀਤਮ' ਦੀ ਤਸਵੀਰ ਛਪੀ ਹੋਈ ਹੈ। ਇਸ ਵਿਚ ਇਕੋ ਪਰ ਅੱਧ ਤੱਕ ਉਪਨਾਮ 'ਪ੍ਰੀਤਮ' ਆਉਂਦਾ ਹੈ ਤੇ ਅੱਧ ਤੋਂ ਬਾਅਦ 'ਇਕਬਾਲ'। 'ਇਕਬਾਲ' ਤਖੱਲਸ ਡਾ. ਭਾਗ ਸਿੰਘ ਦਾ ਸੀ। ਇਸ ਤੋਂ ਇਹ ਵੀ ਸਿੱਟਾ ਨਿਕਲਦਾ ਹੈ ਕਿ ਇਹ ਇਨ੍ਹਾਂ ਦੋਹਾਂ ਦੀ ਸਾਂਝੀ ਰਚਨਾ ਹੈ। ਸੱਤਵੀਂ ਗੂੰਜ ਦੇ ਸਰਵਰਕ ਉਤੇ ਕੌਮੀ ਝੰਡਾ ਅਤੇ ਝੰਡੇ ਦੇ ਵਿਚਕਾਰ ਭਾਰਤ ਦਾ ਨਕਸ਼ਾ ਹੈ।

**ਪਰਦੇਸ ਦੇ ਮਾਮਲੇ:** ਗਦਰੀ-ਕਾਵਿ ਪਰਦੇਸੀਂ ਗਏ ਪੰਜਾਬੀਆਂ ਦੀ ਰਚਨਾ ਹੈ। ਉਨ੍ਹਾਂ ਲਈ ਸਭ ਤੋਂ ਪਹਿਲਾ ਅਤੇ ਵੱਡਾ ਮਾਮਲਾ ਤਾਂ ਘਰੋਂ ਬੇਘਰ ਹੋ ਕੇ ਪਰਦੇਸਾਂ ਵਿਚ ਜਾ ਕੇ ਵੱਸਣ ਲਈ ਮਜਬੂਰ ਹੋਣਾ ਹੀ ਸੀ, ਜਿਸ ਦਾ ਮੂਲ ਕਾਰਨ ਸੀ, ਦੇਸ਼ ਦੀ ਗੁਲਾਮੀ:

ਅਸੀਂ ਵਤਨ ਵਾਲੇ ਪਰਦੇਸ ਰੁਲਦੇ
ਇਹ ਫਰੰਗ ਸਾਡਾ ਦੇਸ ਮੱਲ ਗਿਆ ਜੇ।

ਉਨ੍ਹੀਵੀਂ ਸਦੀ ਦੇ ਅੰਤ ਵਿਚ ਬਰਤਾਨੀਆ ਸਰਕਾਰ ਵੱਲੋਂ ਨਵੇਂ ਸੁਧਾਰਾਂ ਦੀ ਆੜ ਵਿਚ ਪੰਜਾਬੀ ਕਿਸਾਨੀ ਉਤੇ ਠੋਸੇ ਨਵੇਂ ਮਾਮਲਿਆਂ, ਆਬਿਆਨਿਆਂ ਤੇ ਕਰਜ਼ਿਆਂ ਨੇ ਤਿੰਨ ਲਾਇਲਾਜ ਬਿਮਾਰੀਆਂ ਦਿੱਤੀਆਂ: ਕਾਲ, ਪਲੇਗ ਤੇ ਗਰੀਬੀ। ਕਿਸਾਨੀ ਦੇ ਸਾਹਮਣੇ ਇਨ੍ਹਾਂ ਤੋਂ ਛੁਟਕਾਰੇ ਦੇ ਰਾਹ ਵੀ ਤਿੰਨ ਹੀ ਸਨ: ਫੌਜ ਦੀ ਨੌਕਰੀ, ਹੋਰ ਛੋਟੀਆਂ ਨੌਕਰੀਆਂ ਤੇ ਪਰਦੇਸ। ਹੀਰਾ ਸਿੰਘ ਦਰਦ ਨੇ ਪੰਜਾਬੀ ਦੁਨੀਆਂ ਦੇ ਫਰਵਰੀ 1960 ਵਾਲੇ ਅੰਕ ਵਿਚ ਲਿਖਿਆ ਸੀ: "ਵੀਹਵੀਂ ਸਦੀ ਦੇ ਅਰੰਭ ਵਿਚ ਪੰਜਾਬ ਦੇ ਰਾਜਸੀ ਤੇ ਆਰਥਕ ਕਾਰਨਾਂ ਨੇ ਹਜ਼ਾਰਾਂ ਪੰਜਾਬੀ ਕਿਸਾਨਾਂ ਨੂੰ ਮਜਬੂਰੀਆਂ (ਮਜ਼ਦੂਰੀਆਂ?) ਕਰ ਕੇ ਆਪਣਾ ਪੇਟ ਪਾਲਣ, ਕਰਜ਼ੇ ਉਤਾਰਨ ਤੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਪਰਦੇਸਾਂ ਵੱਲ ਧੱਕ ਕੇ ਬਾਹਰ ਕੱਢਿਆ। ਇਨ੍ਹੀਂ ਦਿਨੀਂ ਅਮਰੀਕਾ ਤੇ ਕੈਨੇਡਾ ਵਿਚ ਸਰਮਾਏਦਾਰੀ ਢੰਗ ਉਤੇ ਨਵੀਆਂ ਜਮੀਨਾਂ ਆਬਾਦ ਹੋ ਰਹੀਆਂ ਸਨ। ਸਰਮਾਏਦਾਰਾਂ ਲਈ ਸਸਤੇ, ਮਜ਼ਬੂਤ ਅਤੇ ਚੰਗੇ ਕਾਮੇ ਮਜੂਰਾਂ ਦੀ ਬਹੁਤ ਲੋੜ ਸੀ। ਪੰਜਾਬੀ ਕਿਸਾਨਾਂ ਨੂੰ ਜਦੋਂ ਕੈਨੇਡਾ ਤੇ ਅਮਰੀਕਾ ਵਿਚ ਮਜੂਰਾਂ ਦੀ ਲੋੜ ਤੇ ਉਥੇ ਪੰਜ, ਛੇ-ਛੇ ਰੁਪਏ ਰੋਜ਼ਾਨਾ ਦੀ ਮਜੂਰੀ ਦੀ ਸੂਹ ਲੱਗੀ, ਤਾਂ ਉਨ੍ਹਾਂ ਨੇ ਉਧਰ ਨੂੰ ਵਹੀਰਾਂ ਘੱਤ ਦਿੱਤੀਆਂ। 1906 ਤੋਂ 1913 ਤਕ ਲਗਭਗ ਪੰਜ ਹਜ਼ਾਰ ਪੰਜਾਬੀ ਕਿਸਾਨ ਕੈਨੇਡਾ ਵਿਚ, ਇਤਨੇ ਕੁ ਹੀ ਅਮਰੀਕਾ ਵਿਚ ਪਹੁੰਚ ਗਏ ਸਨ। ਕੈਨੇਡਾ ਤੇ ਅਮਰੀਕਾ ਵਿਚ ਭਾਰਤ ਦੇ ਹੋਰ ਪ੍ਰਾਂਤਾਂ ਦੇ ਕੁਝ ਲੋਕ ਵੀ ਗਏ ਪਰ ਉਨ੍ਹਾਂ ਦੀ ਗਿਣਤੀ ਪੰਜਾਬੀ ਕਿਸਾਨਾਂ ਵਿਚ ਮਸਾਂ ਪੰਜ ਫੀਸਦੀ ਹੋਵੇਗੀ। ਪੰਜਾਬੀ ਕਿਸਾਨ ਮਜੂਰਾਂ ਤੋਂ ਬਿਨਾ ਇਨ੍ਹਾਂ ਵਿਚ ਕੁਝ ਹਿੰਦੀ ਪ੍ਰਚਾਰਕ, ਵਿਦਿਆਰਥੀ ਤੇ ਵਪਾਰੀ ਵੀ ਸਨ।"

# ਰੱਖੀਂ ਸ਼ਰਮ ਹਿਆ ਤੂੰ ਜੁਮਲਿਆਂ ਦੀ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਸਮਾਜ ਵਿਚ ਕਿਸੇ ਵੀ ਤਰ੍ਹਾਂ ਨਾਲ ਪੈਦਾ ਹੋਏ ਉਨਮਾਦ ਕਾਰਨ ਢੇਰ ਸਾਰੇ ਨਵੇਂ ਸ਼ਬਦ ਹੋਂਦ ਵਿਚ ਆਉਂਦੇ ਹਨ, ਵਿਸਾਰੇ ਜਾ ਚੁਕੇ ਸ਼ਬਦ ਲਿਸ਼ਕਾ-ਪੁਸ਼ਕਾ ਕੇ ਮੁੜ ਵਰਤੋਂ ਵਿਚ ਲਿਆਏ ਜਾਂਦੇ ਹਨ ਜਾਂ ਪੁਰਾਣੇ ਸ਼ਬਦਾਂ ਦੇ ਅਰਥ ਵਿਸਥਾਰੇ ਜਾਂਦੇ ਹਨ। ਸਮਾਜ ਨਾਲ ਜੁੜੇ ਹੋਏ ਰਾਜ ਨੇਤਾ, ਲੇਖਕ ਤੇ ਹੋਰ ਬੁੱਧੀਜੀਵੀ ਬੁੱਧੀ ਅਤੇ ਭਾਵਨਾ ਨਾਲ ਗੜੁੱਚ ਹੁੰਦੇ ਹਨ, ਇਸ ਲਈ ਉਹ ਸਭ ਤੋਂ ਵਧ ਸ਼ਬਦ ਘੜਦੇ ਹਨ। ਰਾਜਨੀਤੀ ਜੋਸ਼ ਭਰੀ ਲੌਕਿਕ ਸਰਗਰਮੀ ਹੋਣ ਕਾਰਨ ਨਵੇਂ ਸ਼ਬਦਾਂ ਦੀ ਜ਼ਬਰਦਸਤ ਟਕਸਾਲ ਹੈ। ਭਾਰਤੀ ਜਨਮਾਣਸ ਵਿਚ ਪਿਛਲੇ ਚਾਰ ਕੁ ਸਾਲਾਂ ਤੋਂ ਜੁਮਲਾ ਸ਼ਬਦ ਜ਼ੋਰ ਸ਼ੋਰ ਨਾਲ ਵੱਜ ਰਿਹਾ ਹੈ। ਇਸ ਦੌਰ ਵਿਚ ਇਸ ਸ਼ਬਦ ਨੂੰ ਬਹੁਤ ਸਾਰੀ ਹਵਾ ਦਿੱਤੀ ਗਈ। ਮੋਦੀ ਅਤੇ ਉਸ ਦੀ ਪਾਰਟੀ ਨੇ ਜੇ ਇਸ ਸ਼ਬਦ ਨੂੰ ਚੁੱਕਿਆ ਤਾਂ ਖੁਦ ਵੀ ਇਸ ਦੇ ਰੋਹ ਦਾ ਸ਼ਿਕਾਰ ਹੋਏ ਹਨ।

ਮੋਦੀ ਵਲੋਂ ਪਿਛਲੀਆਂ ਚੋਣਾਂ ਵਿਚ ਢੇਰ ਸਾਰੇ ਇਕਰਾਰ ਕੀਤੇ ਗਏ ਸਨ ਮਸਲਨ: ਵਿਦੇਸ਼ੀ ਬੈਂਕਾਂ ਵਿਚੋਂ ਕਾਲਾ ਧਨ ਕਢਵਾ ਕੇ ਹਰ ਪਰਿਵਾਰ ਦੇ ਖਾਤੇ ਵਿਚ ਪੰਦਰਾਂ ਲੱਖ ਰੁਪਏ ਜਮ੍ਹਾਂ ਕੀਤੇ ਜਾਣਗੇ; ਹਰ ਸਾਲ ਦੋ ਕਰੋੜ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ, ਵਿਕਾਸ ਦਾ ਗੁਜਰਾਤ ਮਾਡਲ ਲਾਗੂ ਕੀਤਾ ਜਾਵੇਗਾ ਅਤੇ 'ਅੱਛੇ ਦਿਨ ਆਨੇ ਵਾਲੇ ਹੈਂ/ਆਏਂਗੇ' ਆਦਿ। ਜਦ ਇਹ ਇਕਰਾਰ ਪੂਰੇ ਹੁੰਦੇ ਨਾ ਦਿਸੇ ਤਾਂ ਆਪਣੇ ਬਚਾਅ ਖਾਤਰ ਭਾਰਤੀ ਜਨਤਾ ਪਾਰਟੀ (ਬੀ. ਜੇ. ਪੀ.) ਦੇ ਪ੍ਰਧਾਨ ਅਮਿਤ ਸ਼ਾਹ ਨੇ ਇੱਕ ਇੰਟਰਵਿਊ ਵਿਚ ਕਹਿ ਦਿੱਤਾ ਕਿ ਇਹ ਗੱਲਾਂ ਤਾਂ ਸਭ 'ਚੁਣਾਵੀ ਜੁਮਲਾ' ਸਨ। ਬੱਸ ਫਿਰ ਕੀ ਸੀ, ਅਪੋਜੀਸ਼ਨ ਨੂੰ ਜੁਮਲਾ ਸ਼ਬਦ ਦੇ ਰੂਪ ਵਿਚ ਇੱਕ ਜ਼ੋਰਦਾਰ ਕਾਟਵਾਂ ਹਥਿਆਰ ਮਿਲ ਗਿਆ। ਉਸ ਦੇ ਇਕਰਾਰਾਂ ਭਰੇ ਹਰ ਨਵੇਂ ਬਿਆਨ ਨੂੰ ਜੁਮਲਾ ਕਿਹਾ ਜਾਣ ਲੱਗਾ, ਜਿਸ ਤੋਂ 'ਝੂਠੇ ਵਾਅਦੇ' ਦਾ ਭਾਵ ਲਿਆ ਜਾਣ ਲੱਗਾ। ਇਥੋਂ ਤੱਕ ਕਿ ਨੋਟਬੰਦੀ ਜਿਹੀ ਕਿਸੇ ਵੀ ਧੋਖੇ ਭਰੀ ਗਲਤ ਕਾਰਵਾਈ ਲਈ ਵੀ ਜੁਮਲਾ ਸ਼ਬਦ ਵਰਤਿਆ ਜਾਣ ਲੱਗਾ।

ਹਰ ਪਾਰਟੀ ਚੋਣਾਂ ਦੌਰਾਨ ਕੁਝ ਇਕਰਾਰ ਕਰਦੀ ਹੈ, ਜੋ ਪੂਰੇ ਨਹੀਂ ਹੋ ਸਕਦੇ। ਪਰ ਜੁਮਲਾ ਸ਼ਬਦ ਮੋਦੀ ਦੇ ਗਿੱਟੀਂ ਏਨਾ ਪੈ ਗਿਆ ਕਿ ਉਸ ਨੂੰ ਜੁਮਲੇਬਾਜ਼ ਅਤੇ ਉਸ ਦੀ ਪਾਰਟੀ ਨੂੰ 'ਭਾਰਤੀ ਜੁਮਲਾ ਪਾਰਟੀ' ਕਿਹਾ ਜਾਣ ਲੱਗਾ। ਸੀਤਾ ਰਾਮ ਯੈਚੁਰੀ ਨੇ ਬਜਟ ਬਾਰੇ ਕਿਹਾ ਕਿ ਮੋਦੀ ਇਕਨਾਮਿਕਸ ਨਹੀਂ, ਜੁਮਲਾਨਾਮਿਕਸ ਚਲਾ ਰਿਹਾ ਹੈ। ਰਾਹੁਲ ਨੇ ਤਾਂ ਸੰਸਦ ਵਿਚ ਇਥੋਂ ਤੱਕ ਫੁਰਮਾ ਦਿੱਤਾ, "ਅਸੀਂ 'ਜੁਮਲੇ ਦੀ ਮਾਰ' ਦੇ ਸ਼ਿਕਾਰ ਹੋ ਰਹੇ ਹਾਂ।" ਅਮਿਤ ਸ਼ਾਹ ਦੀ ਕੁਝ ਕੁਝ ਸਫਾਈ ਵਜੋਂ ਕਿਹਾ ਜਾ ਸਕਦਾ ਹੈ ਕਿ ਉਸ ਨੇ ਪਾਰਟੀ ਪ੍ਰਧਾਨ ਹੁੰਦਿਆਂ ਜੁਮਲਾ ਸ਼ਬਦ 'ਝੂਠੇ ਵਾਅਦੇ' ਦੇ ਅਰਥਾਂ ਵਿਚ ਨਹੀਂ ਵਰਤਿਆ ਹੋਵੇਗਾ। ਸ਼ਾਇਦ ਗੁਜਰਾਤੀ ਵਿਚ ਜੁਮਲਾ ਇਕ ਅਲੰਕਾਰਕ ਉਕਤੀ ਜਾਂ ਕਹਿ ਲਵੋ ਮੁਹਾਵਰੇਦਾਰ ਫਿਕਰਾ ਹੁੰਦਾ ਹੋਵੇਗਾ। 1971 ਦੀਆਂ ਚੋਣਾਂ ਵਿਚ ਇੰਦਰਾ ਗਾਂਧੀ ਨੇ 'ਗਰੀਬੀ ਹਟਾਓ' ਦਾ ਨਾਹਰਾ ਦਿੱਤਾ ਸੀ, ਉਦੋਂ ਕਿਸੇ ਨੇ ਇਸ ਨੂੰ ਜੁਮਲਾ ਨਹੀਂ ਕਿਹਾ।

ਪਰ ਜੁਮਲਾ ਸ਼ਬਦ ਵਿਚ ਏਨੇ ਝੂਠ ਦੇ ਭਾਵ ਨਹੀਂ ਹਨ ਜਿੰਨੇ ਜ਼ਮਾਨੇ ਦੀ ਹਵਾ ਨੇ ਇਸ ਵਿਚ ਭਰ ਦਿੱਤੇ ਹਨ। ਸ਼ਬਦਾਂ ਦੇ ਅਰਥਾਂ ਦਾ ਨਾਕਾਰਾਤਮਕ ਜਾਂ ਸਾਕਾਰਾਤਮਕ ਵਿਸਥਾਰ ਇਸੇ ਤਰ੍ਹਾਂ ਹੁੰਦਾ ਹੈ। ਜੁਮਲਾ ਮੁਢਲੇ ਤੌਰ 'ਤੇ ਅਰਬੀ




ਸ਼ਬਦ ਹੈ, ਜੋ ਫਾਰਸੀ ਰਾਹੀਂ ਸਾਡੀਆਂ ਭਾਸ਼ਾਵਾਂ ਵਿਚ ਦਾਖਲ ਹੋਇਆ। ਅਰਬੀ ਵਿਚ ਇਸ ਸ਼ਬਦ ਦਾ ਉਚਾਰਣ ਹੈ, 'ਜੁਮਲਹ' ਤੇ ਇਸ ਦਾ ਬਹੁਵਚਨ ਹੈ, ਜੁਮਲ। ਇਸ ਦੇ ਅਰਥ ਇਸ ਪ੍ਰਕਾਰ ਹਨ: ਕੁੱਲ, ਜਮਾਂ-ਜੋੜ, ਸਮੁੱਚ; ਜਥਾ, ਟੋਲਾ, ਸਮੂਹ; ਭੀੜ; ਥੋਕ ਵਿਕਰੀ।

ਅਰਬੀ ਭਾਸ਼ਾ ਵਿਚ ਜੁਮਲਾ ਇਕ ਅਜਿਹਾ ਵਿਆਕਰਣਕ ਲਕਬ ਵੀ ਹੈ ਜਿਸ ਦਾ ਅਰਥ ਫਿਕਰਾ, ਵਾਕ, ਵਾਕੰਸ਼, ਉਕਤੀ ਜਿਹਾ ਹੈ। ਇਹ ਲਕਬ ਪੰਜਾਬੀ ਸਮੇਤ ਹਰ ਭਾਸ਼ਾ ਵਿਚ ਕਈ ਤਰ੍ਹਾਂ ਦੇ ਹੁੰਦੇ ਹਨ। ਮਿਸਾਲ ਵਜੋਂ 'ਜੁਮਲਾ ਇਸਮੀਆ' ਨਾਂਵਾਚਕ ਵਾਕੰਸ਼ ਹੈ। ਅਸੀਂ ਪੰਜਾਬੀ ਵਿਆਕਰਣ ਅਨੁਸਾਰ 'ਵਾਕਾਂਸ਼' ਪਦ ਦੇ ਸਹਾਰੇ ਜੁਮਲਾ ਦੇ ਵਿਆਕਰਣਕ ਸੰਕੇਤ ਵਜੋਂ ਅਰਥ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਵਾਕਾਂਸ਼ ਦਾ ਸ਼ਾਬਦਿਕ ਅਰਥ ਹੈ, ਵਾਕ+ਅੰਸ਼ ਭਾਵ ਵਾਕਾਂਸ਼ ਵਾਕ ਦਾ ਹਿੱਸਾ ਯਾਨਿ ਵਾਕ ਵਿਚਲੇ ਸ਼ਬਦਾਂ ਦਾ ਇੱਕ ਸਾਰਥਕ ਸਮੂਹ। ਮਿਸਾਲ ਵਜੋਂ 'ਸਾਡੀ ਗਲੀ ਦੇ ਬੱਚੇ ਮਦਾਰੀ ਦਾ ਤਮਾਸ਼ਾ ਦੇਖ ਰਹੇ ਹਨ' ਵਾਕ ਵਿਚ 'ਸਾਡੀ ਗਲੀ ਦੇ ਬੱਚੇ', 'ਮਦਾਰੀ ਦਾ ਤਮਾਸ਼ਾ', 'ਦੇਖ ਰਹੇ ਹਨ' ਸਾਰਥਕ ਸ਼ਬਦ ਸਮੂਹ ਹਨ ਅਤੇ ਵਾਕ ਦਾ ਹਿੱਸਾ ਹਨ। ਇਸ ਵਾਕ ਵਿਚ 'ਸਾਡੀ ਗਲੀ ਦੇ ਬੱਚੇ ਮਦਾਰੀ', 'ਦਾ ਤਮਾਸ਼ਾ ਦੇਖ ਰਹੇ' ਸਾਰਥਕ ਸ਼ਬਦ ਸਮੂਹ ਨਹੀਂ ਹਨ ਕਿਉਂਕਿ ਇਨ੍ਹਾਂ ਦਾ ਕੋਈ ਸੁਤੰਤਰ ਅਰਥ ਨਹੀਂ ਬਣਦਾ। ਸੋ ਵਾਕਾਂਸ਼ ਇਕ ਸ਼ਬਦ ਵਰਗੀ ਬਹੁ-ਸ਼ਬਦੀ ਇਕਾਈ ਹੈ, ਜੋ ਵਾਕ ਵਿਚ ਇਕ ਸ਼ਬਦ ਵਾਂਗ ਨਿਪਟਦੀ ਹੈ।

ਵਾਕ ਵਿਚਲਾ ਉਹ ਵਾਕਾਂਸ਼ ਜੋ ਨਾਂਵ/ਪੜਨਾਂਵ ਦੀ ਸ਼ਬਦ ਸ਼੍ਰੇਣੀ ਵਜੋਂ ਵਰਤਿਆ ਜਾ ਸਕੇ, 'ਨਾਂਵ ਵਾਕਾਂਸ਼' ਕਹਾਉਂਦਾ ਹੈ। ਮਿਸਾਲ ਵਜੋਂ 'ਸਾਡੀ ਗਲੀ ਦੇ ਬੱਚੇ ਖੇਡ ਰਹੇ ਹਨ' ਵਿਚ 'ਬੱਚੇ' ਸ਼ਬਦ ਨਾਂਵ ਹੈ ਤੇ ਜੇ ਇਸ ਨੂੰ 'ਬੱਚੇ ਖੇਡ ਰਹੇ ਹਨ' ਵਜੋਂ ਪੇਸ਼ ਕੀਤਾ ਜਾਵੇ ਤਾਂ ਸ਼ਬਦ ਬਣਤਰ ਵਿਆਕਰਣਕ ਤੌਰ 'ਤੇ ਸ਼ੁਧ ਅਤੇ ਸਾਰਥਕ ਹੈ। ਇਸ ਲਈ 'ਸਾਡੀ ਗਲੀ ਦੇ ਬੱਚੇ' ਨੂੰ ਨਾਂਵ ਵਾਕਾਂਸ਼ ਕਿਹਾ ਜਾਂਦਾ ਹੈ। ਨਾਂਵ ਵਾਕਾਂਸ਼ ਨੂੰ ਅਰਬੀ/ਫਾਰਸੀ ਵਿਚ 'ਜੁਮਲਾ ਇਸਮੀਆ' ਕਿਹਾ ਜਾਂਦਾ ਹੈ। ਇਸਮੀਆ ਸ਼ਬਦ ਇਸਮ ਤੋਂ ਬਣਿਆ ਜਿਸ ਦਾ ਅਰਥ ਨਾਂ ਹੁੰਦਾ ਹੈ। ਪੰਜਾਬੀ ਵਿਚ 'ਅਸਾਮੀ/ਸਾਮੀ ਵਜੋਂ ਇਹ ਸ਼ਬਦ ਵਰਤਿਆ ਜਾਂਦਾ ਹੈ। 'ਮੋਟੀ ਸਾਮੀ' ਦਾ ਅਰਥ ਹੈ, ਵੱਡੇ ਨਾਂ ਵਾਲਾ ਬੰਦਾ। ਨਾਂਵ ਵਾਕਾਂਸ਼ ਦੀ ਤਰ੍ਹਾਂ ਹੋਰ ਭਾਸ਼ਾਵਾਂ ਅਤੇ ਅਰਬੀ ਵਿਚ ਹੋਰ ਜੁਮਲੇ ਵੀ ਵਰਤੇ ਜਾਂਦੇ ਹਨ। ਕੁਝ ਕੁ ਦੇ ਨਾਂ ਗਿਣਾ ਰਹੇ ਹਾਂ ਕਿਉਂਕਿ ਇਨ੍ਹਾਂ ਵਿਚਲੇ ਸ਼ਬਦ ਪੰਜਾਬੀ ਵਿਚ ਵੀ ਵਰਤੇ ਜਾਂਦੇ ਹਨ: ਜੁਮਲਾ ਸ਼ਰਤੀਆ, ਜੁਮਲਾ ਸਿਫਤੀਆ, ਜੁਮਲਾ ਹਾਲੀਆ, ਜੁਮਲਾ ਫੈਲਿਯਾ, ਲਕਬਾਂ ਵਿਚ ਕ੍ਰਮਵਾਰ ਸ਼ਰਤ, ਸਿਫਤ, ਹਾਲ, ਫਿਅਲ (ਕਰਮ, ਕ੍ਰਿਆ, ਜਿਵੇਂ ਬਦਫੈਲੀ ਵਿਚ) ਪੰਜਾਬੀ ਵਿਚ ਆਮ ਜਾਣੇ ਜਾਂਦੇ ਹਨ)। ਉਂਜ ਜੁਮਲਾ ਸ਼ਬਦ ਦਾ ਅਰਥ-ਵਿਸਤਾਰ ਹੋ ਕੇ ਫਿਕਰਾ, ਵਾਕ ਜਿਹਾ ਵੀ ਹੋ ਗਿਆ ਹੈ, ਜਾਂ ਕਹਿ ਲਉ ਵਾਰ ਵਾਰ ਵਰਤਿਆ ਜਾਂਦਾ ਵਾਕ, ਉਕਤੀ। ਅਮਿਤ ਸ਼ਾਹ ਵਲੋਂ ਵਰਤੇ ਗਏ ਜੁਮਲੇ ਦਾ ਭਾਵ ਸ਼ਾਇਦ ਅਜਿਹਾ ਵਾਕ ਜਾਂ ਉਕਤੀ ਸੀ, ਜਿਸ ਵਿਚ ਬੀ. ਜੇ. ਪੀ. ਦੇ ਵੱਡੇ ਇਕਰਾਰਾਂ ਨੂੰ ਸਮੇਟ ਕੇ ਅਜਿਹੇ ਸੰਖੇਪ ਵਾਕਾਂ ਵਿਚ ਵਰਤਿਆ ਗਿਆ ਹੈ ਜੋ ਲੋਕਾਂ 'ਤੇ ਡੰਕੇ ਦੀ ਚੋਟ ਵਾਂਗ ਵੱਜਣ।

ਭਲਾ ਇਸ ਸ਼ਬਦ ਦੀ ਉਪਰੋਕਤ ਅਰਥਾਂ ਵਿਚ ਵਰਤੋਂ ਕਿਵੇਂ ਵਿਕਸਿਤ ਹੋਈ ਹੋਵੇਗੀ? ਅਸੀਂ ਦੇਖਿਆ ਹੈ ਕਿ ਜੁਮਲਾ ਵਿਚ ਮੁਢਲੇ ਤੌਰ 'ਤੇ ਸਮੁੱਚ ਜਾਂ ਜਮ੍ਹਾਂ ਜੋੜ ਦੇ ਅਰਥ ਨਿਹਿਤ ਹਨ। ਇਸ ਤੋਂ ਹੀ ਅਜਿਹੇ ਸ਼ਬਦਾਂ ਦੇ ਸਮੂਹ ਦਾ ਭਾਵ ਉਭਰਦਾ ਹੈ ਜੋ ਅਰਥਪੂਰਨ ਹੋਵੇ। ਪਰਿਭਾਸ਼ਾ ਅਨੁਸਾਰ ਫਿਕਰਾ, ਵਾਕ ਜਾਂ ਵਾਕਾਂਸ਼ ਸ਼ਬਦਾਂ ਦਾ ਸਾਰਥਕ ਸਮੂਹ ਹੀ ਹੁੰਦਾ ਹੈ। ਅਰਬੀ ਜੁਮਲਹ ਸ਼ਬਦ ਵਿਚ ਸਾਰੰਸ਼, ਸਾਰ, ਸੰਖੇਪਤਾ ਜਾਂ ਖੁਲਾਸਾ ਦਾ ਵੀ ਭਾਵ ਹੈ। ਸਾਰ ਜਾਂ ਸਾਰਅੰਸ਼ ਅਸਲ ਵਿਚ ਥੋੜ੍ਹੇ ਸ਼ਬਦਾਂ ਵਿਚ ਸਮੁੱਚ ਦਾ ਪ੍ਰਗਟਾਵਾ ਹੁੰਦਾ ਹੈ। ਧਿਆਨ ਦਿਓ ਅੰਗਰੇਜ਼ੀ ਸਮਰੀ (Summary) ਵਿਚ ਵੀ Sum ਸ਼ਬਦ ਬੋਲਦਾ ਹੈ, ਜੋ ਅਸਲ ਵਿਚ ਜਮ੍ਹਾਂ ਜੋੜ ਹੀ ਹੈ।

ਜੁਮਲ ਤੋਂ ਅਰਬੀ ਦਾ ਇੱਕ ਸ਼ਬਦ ਬਣਦਾ ਹੈ, ਇਜਮਾਲ ਜਿਸ ਦਾ ਅਰਥ ਹੈ, ਸਾਰਅੰਸ਼ੀਕਰਣ ਅਰਥਾਤ ਸਾਰਅੰਸ਼ ਕਰਨ ਦੀ ਕ੍ਰਿਆ। ਇਸ ਤੋਂ ਅੱਗੇ ਇਜਮਾਲੀ ਦਾ ਅਰਥ ਹੈ-ਸਮੁੱਚਾ, ਕੁੱਲ, ਵਿਆਪਕ। ਇਸ ਦਾ ਅਰਥ ਕੁੱਲ ਰਕਮ, ਜਮ੍ਹਾਂ ਜੋੜ ਵੀ ਹੈ। 'ਨਜ਼ਰਹ ਇਜਮਾਲਿਆ' ਦਾ ਮਤਲਬ ਹੈ, ਸਮੁੱਚੀ ਝਾਤ। ਮੁਜਮਿਲ ਹੁੰਦਾ ਹੈ, ਥੋਕ ਵਪਾਰੀ ਜਾਂ ਦੁਕਾਨਦਾਰ ਅਤੇ ਮੁਜਮਲ ਫਿਰ ਸਾਰ, ਸਾਰਅੰਸ਼, ਸਮੁੱਚਾ ਵੇਰਵਾ ਦਾ ਭਾਵ ਹੈ। ਮੈਂ ਇਹ ਸਾਰੇ ਅਰਬੀ ਸ਼ਬਦ ਇਸ ਕਰਕੇ ਦਿੱਤੇ ਹਨ ਕਿਉਂਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਫਾਰਸੀ-ਅਰਬੀ ਭਰੇ ਪੰਜਾਬੀ ਕਾਵਿ ਵਿਚ ਵਰਤੇ ਮਿਲਦੇ ਹਨ। ਪੰਜਾਬੀ ਸੂਫੀ ਕਾਵਿ ਅਤੇ ਕਿੱਸਿਆਂ ਵਿਚ ਜੁਮਲ ਸ਼ਬਦ ਸਾਰੇ, ਸਮੁੱਚੇ, ਤਮਾਮ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ, ਖਾਸ ਤੌਰ 'ਤੇ 'ਜੁਮਲ ਜਹਾਨ' ਸ਼ਬਦ ਜੁੱਟ ਵਜੋਂ। ਦੇਖੋ ਸੱਸੀ ਹਾਸ਼ਮ ਸ਼ਾਹ:

ਲਾਮ ਲੱਖ ਕਰੋੜ ਕੁਰਬਾਨ ਕੀਤੇ,
ਤੇਰੇ ਇਸ਼ਕ ਅਦਾਇ ਦੀ ਆਣ 'ਤੇ ਨੀ।
ਤੇਰੀ ਨਾਜ਼ਕੀ ਦੇਖ ਹੈਰਾਨ ਹੋਏ,
ਸਾਰੇ ਸੋਹਣੇ ਜੁਮਲ ਜਹਾਨ ਦੇ ਨੀ।

ਹੇਠ ਲਿਖੇ ਬੰਦ ਵਿਚ ਵਾਰਸ ਸ਼ਾਹ ਨੇ ਜੁਮਲਿਆਂ ਸ਼ਬਦ 'ਸਾਰਿਆਂ' ਦੇ ਅਰਥਾਂ ਵਿਚ ਵਰਤਿਆ ਹੈ, ਨਾ ਕਿ ਵਾਕ ਦੇ ਅਰਥਾਂ ਵਿਚ ਜਿਵੇਂ ਕੁਝ ਇੱਕ ਨੇ ਦਰਸਾਇਆ ਹੈ:

ਬਖਸ਼ ਲਿਖਣੇ ਵਾਲਿਆਂ ਜੁਮਲਿਆਂ ਨੂੰ
ਪੜ੍ਹਨ ਵਾਲਿਆਂ ਕਰੀਂ ਅਤਾ ਸਾਈਂ।
ਸੁਣਨ ਵਾਲਿਆਂ ਨੂੰ ਬਖਸ਼ ਖੁਸ਼ੀ ਦੌਲਤ
ਰੱਖੀਂ ਜ਼ੌਕ ਤੇ ਸ਼ੌਕ ਦਾ ਚਾ ਸਾਈਂ।
ਰੱਖੀਂ ਸ਼ਰਮ ਹਿਆ ਤੂੰ ਜੁਮਲਿਆਂ ਦਾ
ਮੀਟੀ ਮੁਠ ਹੀ ਦੇਈਂ ਲੰਘਾ ਸਾਈਂ।
ਵਾਰਿਸ ਸ਼ਾਹ ਤਮਾਮੀਆਂ ਮੋਮਨਾਂ ਨੂੰ
ਦੇਈਂ ਦੀਨ ਈਮਾਨ ਲਕਾ ਸਾਈਂ।

ਆਬਕਾਰੀ ਵਿਭਾਗ ਵਲੋਂ ਸਾਂਝੀ ਮਾਲਕੀ ਵਾਲੀ ਜਮੀਨ ਲਈ 'ਜੁਮਲਾ ਮੁਸ਼ਤਰਕਾ, ਮਾਲਕਾਨ' ਲਕਬ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਂਈਂ ਸ਼ਬਦਾਂ ਦੀ ਗਿਣਤੀ ਕਰਕੇ ਉਨ੍ਹਾਂ ਦੇ ਜੋੜ ਵਜੋਂ ਜੁਮਲਾ ਸ਼ਬਦ ਆਇਆ ਹੈ, ਜਿਵੇਂ "ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ॥੮॥੩॥੧੫॥੪੪॥" ਜੁਮਲਾ। ਏਥੇ ਅੰਕ ੮, ਦਸਦਾ ਹੈ ਕਿ ਅੱਠਾਂ ਪਦਿਆਂ ਵਾਲੇ ਸ਼ਬਦ (ਅਸਟਪਦੀ) ਦਾ ਇਹ ਅਖੀਰਲਾ ਪਦਾ ਹੈ। ਅੰਕ ੩ ਦਸਦਾ ਹੈ ਕਿ ਅਸਟਪਦੀਆਂ ਦੇ ਅਖੀਰਲੇ ਸੰਗ੍ਰਿਹ ਵਿਚ ਤਿੰਨ ਅਸਟਪਦੀਆਂ ਹਨ। ਅੰਕ ੧੫ ਦਸਦਾ ਹੈ ਕਿ ਅਖੀਰਲੀਆਂ ਤਿੰਨ ਅਸਟਪਦੀਆਂ ਸਮੇਤ ਮਹਲਾ ਪੰਜਵਾਂ ਦੀਆਂ ਕੁੱਲ ਅਸਟਪਦੀਆਂ ਪੰਦਰਾਂ ਹਨ। ਅੰਕ ੪੪ ਦਸਦਾ ਹੈ, ਗਉੜੀ ਰਾਗ ਦੀਆਂ ਕੁੱਲ ਅਸਟਪਦੀਆਂ ਚੁਤਾਲੀ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਅਸਟਪਦੀਆਂ ਮਹਲਾ 1 – 18, ਮਹਲਾ 3 – 9, ਮਹਲਾ 4 –2, ਮਹਲਾ 5 – 15, ਜੁਮਲਾ ਯਾਨਿ ਕੁਲ ਜੋੜ=44. ਬੁਲੇ ਸ਼ਾਹ ਨੇ ਮੁਜਮਲ ਸ਼ਬਦ ਵਰਤਿਆ ਹੈ:

ਪਹਿਲੇ ਮਖਫੀ ਆਪ ਖਜਾਨਾ ਸੀ
ਓਥੇ ਹੈਰਤ ਹੈਰਤਖਾਨਾ ਸੀ,
ਫਿਰ ਵਹਦਤ ਦੇ ਵਿਚ ਆਣਾ ਸੀ
ਕੁਲ ਜੁਜ਼ ਦਾ ਮੁਜਮਲ ਪਰਦਾ ਏ।
ਗੁਰ ਜੋ ਚਾਹੇ ਸੋ ਕਰਦਾ ਏ।

# ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼: ਨਵਾਂ ਰੂਪ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਸਾਹਮਣੇ ਰਤਨ ਸਿੰਘ ਭੰਗੂ ਰਚਿਤ 'ਸ੍ਰੀ ਗੁਰ ਪੰਥ ਪ੍ਰਕਾਸ਼' ਦਾ ਨਵਾਂ ਰੂਪ ਪਿਆ ਹੈ-ਦੋ ਜਿਲਦਾਂ ਵਿਚ। ਪਹਿਲੀ ਜਿਲਦ ਦੇ 570 ਪੰਨਿਆਂ ਵਿਚ 81 ਅਤੇ ਦੂਜੀ ਦੇ 922 ਪੰਨਿਆਂ ਵਿਚ 88 ਉਪ-ਕਥਾਵਾਂ ਹਨ। ਹਰ ਪੰਨੇ ਦੇ ਖੱਬੇ ਪਾਸੇ ਮੂਲ ਪੰਜਾਬੀ ਦੇ ਨਾਲ ਰੋਮਨ ਅੱਖਰਾਂ ਵਿਚ ਲਿਪੀਅੰਤਰ ਹੈ ਤੇ ਸੱਜੇ ਪਾਸੇ ਅੰਗਰੇਜ਼ੀ ਅਨੁਵਾਦ। ਅਨੁਵਾਦਕ ਪ੍ਰੋ. ਕੁਲਵੰਤ ਸਿੰਘ ਦੋਹਾਂ ਭਾਸ਼ਾਵਾਂ ਦਾ ਗਿਆਤਾ ਤੇ ਕਾਵਿਕ ਵਿਧੀਆਂ ਦਾ ਮਾਹਰ ਹੈ।

ਹੁਣ ਗੁਰਮੁਖੀ ਲਿਪੀ ਅਤੇ ਧਾਰਮਿਕ ਸ਼ਬਦਾਵਲੀ ਤੋਂ ਜਾਣੂ ਨਾ ਹੋਣ ਵਾਲੇ ਪਾਠਕ ਖਾਲਸੇ ਦੀ ਸਾਜਨਾ ਤੋਂ ਪਿੱਛੋਂ ਦੇ ਸਿੱਖੀ ਕਾਰਨਾਮਿਆਂ ਦਾ ਅਧਿਐਨ ਬਾਖੂਬੀ ਕਰ ਸਕਦੇ ਹਨ। ਅਨੁਵਾਦ ਦੀ ਸ਼ਬਦਾਵਲੀ ਤੇ ਕਾਵਿਕ ਬੰਦਿਸ਼ਾਂ ਸਰਲ ਹੀ ਨਹੀਂ, ਭਾਸ਼ਾ ਗਿਆਨ ਦੀ ਕਸਵੱਟੀ 'ਤੇ ਵੀ ਪੂਰੀਆਂ ਉਤਰਦੀਆਂ ਹਨ। ਜੇ ਸੱਚ ਪੁੱਛੋਂ ਤਾਂ ਮੇਰੇ ਵਰਗੇ ਧਾਰਮਿਕ ਸ਼ਬਦਾਵਲੀ ਤੋਂ ਅਣਜਾਣ ਪਾਠਕਾਂ ਲਈ ਇਹ ਰੂਪ ਇੱਕ ਤੋਹਫਾ ਹੈ।

ਉਪ-ਕਥਾਵਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਵਰਗਿਆਂ ਦੀਆਂ ਜਿੱਤਾਂ, ਪ੍ਰਾਪਤੀਆਂ ਤੇ ਸ਼ਹੀਦੀਆਂ ਦਾ ਵਧੀਆ ਵਰਣਨ ਹੈ। ਇਥੇ ਹੀ ਬੱਸ ਨਹੀਂ, ਸਿੱਖ ਗੁਰੂ ਸਾਹਿਬਾਨ ਤੇ ਪਹਿਲਾਂ ਵਾਲੇ ਸਿੰਘ ਸੂਰਮਿਆਂ ਦੀਆਂ ਵਾਰਦਾਤਾਂ ਵਲ ਵੀ ਥਾਂ ਪੁਰ ਥਾਂ ਸੰਕੇਤ ਹਨ। ਮਝੈਲਾਂ ਤੇ ਬਰਾੜਾਂ ਦਾ ਚਰਿਤਰ ਹੀ ਨਹੀਂ, ਭੱਟੀ ਰਾਜਪੂਤਾਂ ਤੇ ਮਲੇਰਕੋਟਲਾ ਦੇ ਪਠਾਣਾਂ ਦੀ ਵੀ ਚਰਚਾ ਹੈ। ਸਿੱਖ ਇਤਿਹਾਸ ਦੇ ਖੋਜੀ ਇਸ ਵਿਚ ਅਨੰਦਪੁਰ ਸਾਹਿਬ, ਚਮਕੌਰ ਸਾਹਿਬ, ਮੁਕਤਸਰ ਤੋਂ ਬਿਨਾ ਬੰਦਾ ਬਹਾਦਰ ਵਲੋਂ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨਾਲ ਸਬੰਧਤ ਜਿੱਤਾਂ ਤੇ ਸਢੌਰਾ, ਬੰਨੂੜ, ਸਮਾਣਾ ਵਿਖੇ ਟੱਕਰਾਂ ਦਾ ਵੀ ਵਰਣਨ ਮਿਲਦਾ ਹੈ। ਲੇਖਕ ਹੈਂਕੜ ਵਿਚ ਆ ਕੇ ਬੰਦਾ ਬਹਾਦਰ ਵਲੋਂ ਕੀਤੀਆਂ ਆਪਹੁਦਰੀਆਂ ਕਾਰਵਾਈਆਂ ਨੂੰ ਆਪਣੀ ਮੌਤੇ ਮਰਦੀਆਂ ਦਿਖਾਉਂਦਾ ਹੈ। ਕੁਝ ਆਪਹੁਦਰੀਆਂ ਸਿੱਖ ਜਥੇਬੰਦੀਆਂ ਦਾ ਨਿਘਾਰ ਵੀ ਏਸ ਹੀ ਧਾਗੇ ਨਾਲ ਪਰੋਇਆ ਮਿਲਦਾ ਹੈ।

ਦੂਜੀ ਜਿਲਦ ਵਿਚ ਤਾਰਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਦੇ ਕਾਰਨਾਮਿਆਂ ਤੋਂ ਬਿਨਾ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੀ ਅਦੁਤੀ ਦਲੇਰੀ ਦਰਸਾਈ ਗਈ ਹੈ। ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਵਿਚ ਪਰੋ ਕੇ ਘੱਟ ਜਾਣੇ ਜਾਂਦੇ ਸੁਬੇਗ ਸਿੰਘ ਜਾਂਬਰ ਤੇ ਉਸ ਦੇ ਨੰਨ੍ਹੇ ਬੇਟੇ ਦੀ ਸ਼ਹੀਦੀ ਦਾ ਵਰਣਨ ਵੀ ਕਮਾਲ ਦਾ ਹੈ। ਜਿਥੋਂ ਤੱਕ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਦੀ ਦਲੇਰੀ ਦਾ ਸਬੰਧ ਹੈ, ਲੇਖਕ ਨੇ ਆਪਣੀ ਕੁੱਲ ਦੇ ਵਡੇਰੇ ਮਹਿਤਾਬ ਸਿੰਘ ਦੀ ਸੂਰਮਗਤੀ ਤੇ ਸਿਰੜ ਨਾਲੋਂ, ਆਮ ਧਾਰਨਾ ਦੇ ਉਲਟ, ਸੁੱਖਾ ਸਿੰਘ ਦੀ ਬਹਾਦਰੀ ਤੇ ਦ੍ਰਿੜ੍ਹਤਾ ਉਤੇ ਪਹਿਰਾ ਦਿੱਤਾ ਹੈ। ਖਾਸ ਕਰਕੇ ਉਸ ਦੀ ਅਹਿਮਦ ਸ਼ਾਹ ਅਬਦਾਲੀ ਨਾਲ ਭੇਟ ਸਬੰਧੀ। ਨਵਾਬ ਦੀਨਾ ਬੇਗ ਨਾਲ ਸਮਝੌਤਾ ਅਤੇ ਮਰਾਠਿਆਂ ਤੇ ਰੋਹੇਲਿਆਂ ਦੀ ਗਿਟਮਿਟ ਵੀ ਲੇਖਕ ਦੀ ਪਹੁੰਚ ਵਿਚ ਹੈ ਤੇ ਤਰਨਾ ਦਲ ਤੇ ਬੁੱਢਾ ਦਲ ਦੇ ਆਪੋ ਵਿਚ ਸਬੰਧ ਵੀ।

ਦੂਜੀ ਜਿਲਦ ਬਘੇਲ ਸਿੰਘ ਵਲੋਂ ਦਿੱਲੀ ਫਤਿਹ ਕਰਨ ਤੱਕ ਖਾਲਸਾ ਪੰਥ ਦੀ ਪੂਰਨ ਮਰਯਾਦਾ ਨੂੰ ਉਜਾਗਰ ਕਰਦੀ ਹੈ, ਬਘੇਲ ਸਿੰਘ ਵਲੋਂ ਦਿੱਲੀ ਵਿਚ ਉਸਾਰੇ ਸੱਤ ਗੁਰਦੁਆਰਿਆਂ ਅਤੇ ਜਮਨਾ ਪਾਰ ਦੇ ਸਈਅਦ ਵਲੋਂ ਉਧਾਲੀਆਂ ਬ੍ਰਾਹਮਣ ਕੁੜੀਆਂ ਦੀ ਰਿਹਾਈ ਸਮੇਤ।

ਲੇਖਕ ਹਰਿਮੰਦਰ ਸਾਹਿਬ ਵਿਚ ਕੰਚਨੀ ਦਾ ਨਾਚ ਕਰਾਉਣ ਵਾਲੇ ਮੱਸਾ ਰੰਘੜ ਦੀ ਹਤਿਆ ਕਰਨ ਵਾਲੇ ਬਾਬਾ ਮਹਿਤਾਬ ਸਿੰਘ ਮੀਰਾਂ ਕੋਟੀਏ ਦਾ ਪੋਤਰਾ ਸੀ। ਉਸ ਨੇ ਆਪਣੀ ਰਚਨਾ ਦਾ ਆਧਾਰ ਲਿਖਤੀ ਦਸਤਾਵੇਜਾਂ ਤੱਕ ਹੀ ਸੀਮਤ ਨਹੀਂ ਰੱਖਿਆ। ਆਪਣੇ ਪਿਤਾ ਰਾਇ ਸਿੰਘ ਤੇ ਹੋਰਨਾਂ ਪੁਰਖਿਆਂ ਵਲੋਂ ਦੱਸੇ ਬਿਰਤਾਂਤ ਦਾ ਆਸਰਾ ਲੈ ਕੇ ਉਸ ਨੇ ਖਾਲਸਾ ਇਤਿਹਾਸ ਨੂੰ ਬਹੁਤ ਹੀ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਇਥੋਂ ਤੱਕ ਕਿ ਘਟਨਾਵਾਂ ਤੇ ਪ੍ਰਸੰਗ ਕਥਾਵਾਂ ਦੀ ਤਰਤੀਬ ਅੱਗੇ ਪਿੱਛੇ ਹੋਣ ਦੀ ਉਕਾ ਪਰਵਾਹ ਨਹੀਂ ਕੀਤੀ। ਲੋੜ ਪੈਣ 'ਤੇ ਮਿਥਿਹਾਸ ਦਾ ਸਹਾਰਾ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ।

ਰਤਨ ਸਿੰਘ ਭੰਗੂ ਦਾ ਇਹ ਮਹਾਂ ਕਾਵਿ 18ਵੀਂ ਸਦੀ ਦੀਆਂ ਘਟਨਾਵਾਂ ਦਾ ਬਿਰਤਾਂਤ ਹੈ, ਭਾਵੇਂ ਲੇਖਕ ਨੇ ਲੋੜ ਅਨੁਸਾਰ ਗੁਰੂ ਨਾਨਕ ਤੇ ਬਾਬਰ ਦੇ ਸਮੇਂ ਦੀਆਂ ਘਟਨਾਵਾਂ ਦਾ ਵੀ ਛਿੱਟਾ ਦਿੱਤਾ ਹੈ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਧਾਵਿਆਂ ਦਾ ਇਹ ਕਾਲ ਪੰਜਾਬ ਦੇ ਇਤਿਹਾਸ ਦਾ ਅਤਿ ਦੁਖਦਾਈ ਸਮਾਂ ਹੈ, ਜਦੋਂ ਇਥੋਂ ਦੇ ਵਸਨੀਕ ਖੁਦ ਵੀ ਲੁੱਟ-ਖਸੁੱਟ ਤੇ ਧੱਕੇਸ਼ਾਹੀ ਵਿਚ ਯਕੀਨ ਰਖਦੇ ਸਨ। ਕਤਲੇਆਮ ਏਨਾ ਅਨਿਸਚਿਤ ਸੀ ਕਿ ਲੋਕਾਂ ਦੀ ਧਾਰਨਾ ਵਿਚ ਇਸ ਨੂੰ 'ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ' ਕਿਹਾ ਜਾਂਦਾ ਹੈ।

ਇਹ ਸਮਾਂ ਸੀ, ਜਦੋਂ ਸ਼ਕਤੀਸ਼ਾਲੀ ਬਰਤਾਨਵੀ ਸਰਕਾਰ ਆਪਣੇ ਪੈਰ ਪੂਰੀ ਦੁਨੀਆਂ ਵਿਚ ਪਸਾਰਨਾ ਚਾਹੁੰਦੀ ਸੀ। ਉਨ੍ਹਾਂ ਦਾ ਲੁਧਿਆਣਾ ਸਥਿਤ ਪ੍ਰਤੀਨਿਧ ਕੈਪਟਨ ਮੱਰੇ ਪੰਜਾਬ ਉਤੇ ਕਾਬਜ਼ ਹੋਣ ਲਈ ਸਿੱਖ ਸ਼ਕਤੀ ਤੇ ਮਾਨਸਿਕਤਾ ਜਾਣੇ ਬਿਨਾ, ਆਪਣੀ ਸਰਕਾਰ ਦੀ ਅਗਵਾਈ ਨਹੀਂ ਸੀ ਕਰ ਸਕਦਾ। ਰਤਨ ਸਿੰਘ ਨੇ ਇਹ ਸਾਰਾ ਬਿਰਤਾਂਤ ਕੈਪਟਨ ਮੱਰੇ ਲਈ ਲਿਖਿਆ ਸੀ। ਇਸ ਨੇ ਕਿਸੇ ਹੱਦ ਤੱਕ ਗੋਰੀ ਸਰਕਾਰ ਨੂੰ ਸਿੱਖ ਬਹੁਗਿਣਤੀ ਵਾਲੇ ਖੇਤਰਾਂ ਵਲ ਸੰਕੋਚ ਨਾਲ ਵਧਣ ਲਈ ਮਜਬੂਰ ਕੀਤਾ। ਪੰਥ ਪ੍ਰਕਾਸ਼ ਦਾ ਹਥਲਾ ਰੂਪ ਬਾਬਾ ਮਹਿਤਾਬ ਸਿੰਘ ਦੀ ਕੁਲ ਵਿਚੋਂ ਉਭਰੇ ਸੈਦਪੁਰਾ ਨਿਵਾਸੀ ਕਰਨਲ ਦਲਜੀਤ ਸਿੰਘ ਤੇ ਦਿਲਦਾਰ ਸਿੰਘ ਅਤੇ ਪਿੰਡ ਭੜੀ ਦੇ ਜੰਮਪਲ ਦਲਜੀਤ ਸਿੰਘ ਭੰਗੂ ਦੀ ਮਾਇਕ ਮਦਦ ਦਾ ਨਤੀਜਾ ਹੈ।

ਕਾਸ਼! ਇਹੋ ਜਿਹਾ ਉਦਮ ਬਰਤਾਨਵੀ ਸਰਕਾਰ ਵੇਲੇ ਹੁੰਦਾ ਤਾਂ ਕਿ ਗੋਰੀ ਸਰਕਾਰ ਨੂੰ ਖਾਲਸਈ ਮਾਨਸਿਕਤਾ ਦੇ ਹੋਰ ਵੀ ਖੁੱਲ੍ਹੇ ਦਰਸ਼ਨ ਹੋ ਸਕਦੇ।

**ਤੁਰ ਗਿਆ ਸਰਹੱਦੀ ਮੋਮਬੱਤੀਆਂ ਦਾ ਸਿਪਾਹ ਸਾਲਾਰ:** ਲੰਘੀ 23 ਅਗਸਤ ਨੂੰ ਪ੍ਰਸਿੱਧ ਪੱਤਰਕਾਰ ਕੁਲਦੀਪ ਨਈਅਰ 95 ਵਰ੍ਹੇ ਦੀ ਉਸਾਰੂ ਉਮਰ ਭੋਗ ਕੇ ਚੱਲ ਵੱਸਿਆ ਹੈ। ਉਹ ਹਿੰਦ-ਪਾਕਿ ਦੋਸਤੀ ਦਾ ਸਿਪਾਹ ਸਾਲਾਰ ਸੀ। ਉਸ ਨੇ 1996 ਤੋਂ ਭਾਰਤ-ਪਾਕਿ ਸੀਮਾਂ 'ਤੇ 14 ਅਗਸਤ ਦੀ ਰਾਤ ਨੂੰ ਹਿੰਦ-ਪਾਕਿ ਦੋਸਤੀ ਮੰਚ ਵਲੋਂ ਮੋਮਬੱਤੀਆਂ ਜਗਾ ਕੇ ਆਪਸੀ ਸਾਂਝ ਗੂੜ੍ਹੀ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਸਹਿਜੇ ਸਹਿਜੇ ਇਸ ਵਿਚ ਅਨੇਕਾਂ ਹੋਰ ਜਥੇਬੰਦੀਆਂ ਵੀ ਸ਼ਾਮਿਲ ਹੋ ਗਈਆਂ ਤੇ ਸਮਾਂ ਪਾ ਕੇ ਪੱਤਰਕਾਰ ਸਤਿਨਾਮ ਸਿੰਘ ਮਾਣਕ ਨੂੰ ਕੋਆਰਡੀਨੇਟਰ ਥਾਪਿਆ ਗਿਆ।

ਮੋਮਬੱਤੀਆਂ ਦੇ ਇਸ ਵਰ੍ਹੇ ਵਾਲੇ ਜਸ਼ਨ 'ਤੇ ਕੁਲਦੀਪ ਨਈਅਰ ਦੀ ਗੈਰ ਹਾਜ਼ਰੀ ਦਾ ਕਾਰਨ ਵੀ ਉਸ ਦੀ ਸਿਹਤ ਵਿਚ ਆਇਆ ਵਿਗਾੜ ਹੀ ਸੀ। ਜਸ਼ਨ ਤੋਂ ਥੋੜ੍ਹੇ ਦਿਨ ਪਿਛੋਂ ਉਹ ਚਾਰ ਪੰਜ ਦਿਨ ਨਮੂਨੀਏ ਦਾ ਸ਼ਿਕਾਰ ਹੋ ਕੇ ਅਲਵਿਦਾ ਕਹਿ ਗਿਆ। ਹੁਣ ਅਮਨ ਦੀਆਂ ਮੋਮਬੱਤੀਆਂ ਦਾ ਸਫਰ ਜਾਰੀ ਰੱਖਣ ਦੀ ਜ਼ਿੰਮੇਵਾਰੀ ਕੋਆਰਡੀਨੇਟਰ 'ਤੇ ਆ ਪਈ ਹੈ। ਜੀ ਆਇਆ ਨੂੰ!

**ਅੰਤਿਕਾ: ਚਾਨਣ ਗੋਬਿੰਦਪੁਰੀ**

ਇਸ ਇਸ਼ਕ ਦੀ ਦੁਨੀਆਂ ਦੇ
ਕੁਝ ਰੰਗ ਨਿਆਰੇ ਨੇ।
ਜੋ ਜਾਨ ਦੇ ਦੁਸ਼ਮਣ ਨੇ
ਉਹ ਜਾਨ ਤੋਂ ਪਿਆਰੇ ਨੇ।

# ਹੀਰ ਸਿਆਲ ਦੀ ਹਕੀਕਤ

## ਸਿਰਫ ਰੁਮਾਨੀ ਪਾਤਰ ਨਹੀਂ ਹੀਰ

***ਹੀਰ ਅਤੇ ਰਾਂਝੇ ਦੀ ਪਿਆਰ ਕਹਾਣੀ ਪੰਜਾਬੀਆਂ ਦੇ ਇਤਿਹਾਸ ਦਾ ਇਕ ਅਹਿਮ ਪੰਨਾ ਬਣ ਚੁੱਕੀ ਹੈ। ਪੰਜਾਬੀ ਸ਼ਾਇਰ ਵਾਰਿਸ ਸ਼ਾਹ ਨੇ ਇਸ ਪਿਆਰ ਕਹਾਣੀ ਨੂੰ ਆਪਣੇ ਸ਼ਬਦਾਂ ਵਿਚ ਬੰਨ੍ਹ ਕੇ ਇਕ ਖਾਸ ਮੁਕਾਮ 'ਤੇ ਪਹੁੰਚਾਇਆ, ਪਰ ਨੂਰ ਮੁਹੰਮਦ ਨੂਰ ਨੇ ਹੀਰ ਦਾ ਜੋ ਇਤਿਹਾਸ ਆਪਣੇ ਇਸ ਲੇਖ ਵਿਚ ਦਰਜ ਕੀਤਾ ਹੈ, ਉਹ ਬੜਾ ਦਿਲਚਸਪ ਹੈ। ਕੀ ਕੋਈ ਕਲਪਨਾ ਕਰ ਸਕਦਾ ਹੈ ਕਿ ਹੀਰ ਦੇ ਪੁਰਖੇ ਕਦੀ ਅਲਾਹਾਬਾਦ ਦੇ ਨੇੜੇ ਵੱਸਦੇ ਸਨ। ਲਿਖਾਰੀ ਨੇ ਹੀਰ ਬਾਰੇ ਇਸ ਤਰ੍ਹਾਂ ਦੇ ਕਈ ਤੱਥ ਆਪਣੇ ਇਸ ਲੇਖ ਵਿਚ ਪਰੋਏ ਹਨ ਜੋ ਅਸੀਂ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਹੀਰ ਦੇ ਜੀਵਨ ਬਾਰੇ ਅਨੇਕਾਂ ਕਹਾਣੀਆਂ ਪ੍ਰਚੱਲਿਤ ਹਨ। ਉਸ ਦੀ ਮੌਤ ਤੋਂ ਬਾਅਦ ਉਸ ਦੀ ਜੀਵਨ ਕਹਾਣੀ ਨੂੰ ਕਿੱਸਾਕਾਰਾਂ ਨੇ ਇਸ ਤਰ੍ਹਾਂ ਲਿਖ ਕੇ ਪੇਸ਼ ਕੀਤਾ ਕਿ ਉਹ ਰੁਮਾਂਸ ਤੋਂ ਬਿਨਾਂ ਕੁਝ ਵੀ ਨਾ ਰਹੀ। ਹੀਰ ਵਾਰਿਸ ਸ਼ਾਹ ਵਿਚ ਮਿਲਾਵਟ ਕਰਨ ਵਾਲਿਆਂ ਨੇ ਉਸ ਵਿਚ ਅਜਿਹੇ ਗੰਦੇ ਬੈਤਾਂ ਦੀ ਭਰਮਾਰ ਕਰ ਦਿੱਤੀ ਕਿ ਪੁਸਤਕ ਘਰ ਵਿਚ ਬਹਿ ਕੇ ਪੜ੍ਹਨ ਦੇ ਕਾਬਲ ਵੀ ਨਾ ਰਹੀ। ਫਿਲਮਾਂ ਅਤੇ ਡਰਾਮਿਆਂ ਵਾਲਿਆਂ ਨੇ ਤਾਂ ਉਸ ਨੂੰ ਹੱਦੋਂ ਵੱਧ ਬਦਨਾਮ ਕਰਕੇ ਰੱਖ ਦਿੱਤਾ। ਹੀਰ ਸਿਆਲ ਵਿਚ ਬਨਾਵਟੀ ਸ਼ਿਅਰਾਂ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਜਿਹੜੀ ਪੁਸਤਕ ਬਨਾਵਟੀ ਸ਼ਿਅਰਾਂ ਤੋਂ ਵੱਖ ਕਰਕੇ ਭਾਸ਼ਾ ਵਿਭਾਗ, ਪੰਜਾਬ ਨੇ ਸ਼ਮਸ਼ੇਰ ਸਿੰਘ ਅਸ਼ੋਕ ਤੋਂ ਤਿਆਰ ਕਰਵਾਈ ਸੀ, ਉਹ ਆਮ ਆਕਾਰ ਦੇ 284 ਸਫਿਆਂ ਦੀ ਹੈ ਅਤੇ ਜਿਹੜੀ ਨਿਰੋਲ ਬਨਾਵਟੀ ਸ਼ਿਅਰਾਂ ਦੀ ਕਿਤਾਬ ਜ਼ਾਹਿਦ ਇਕਬਾਲ ਨੇ ਤਿਆਰ ਕੀਤੀ ਹੈ, ਉਸ ਦੇ ਵੱਡੇ ਆਕਾਰ ਦੇ ਸਫਿਆਂ ਦੀ ਗਿਣਤੀ 850 ਹੈ। ਜੇ ਇਸ ਕਿਤਾਬ

**ਨੂਰ ਮੁਹੰਮਦ ਨੂਰ**
ਫੋਨ: 91-98555-51359

ਨੂੰ ਛੋਟੇ ਆਕਾਰ ਵਿਚ ਛਾਪਿਆ ਜਾਂਦਾ ਤਾਂ ਇਸ ਦੇ ਸਫਿਆਂ ਦੀ ਗਿਣਤੀ 1,700 ਤੋਂ ਵੀ ਵੱਧ ਹੋਣੀ ਸੀ। ਸਾਹਿਤਕਾਰਾਂ ਨੇ ਹੀਰ ਅਤੇ ਉਸ ਨਾਲ ਸਬੰਧਿਤ ਪਾਤਰਾਂ ਅਤੇ ਪਾਤਰਾਂ ਦੇ ਪਿਛੋਕੜ ਬਾਰੇ ਦਲੀਲਾਂ ਭਰਪੂਰ ਖੋਜ ਕੀਤੀ ਹੈ ਜੋ ਇਉਂ ਹੈ:

**ਵੰਸ਼ ਦਾ ਪਿਛੋਕੜ:** ਸਾਹਿਤਕ ਖੋਜ ਵਿਚ ਰੁਚੀ ਰੱਖਣ ਵਾਲੇ ਸਾਹਿਤਕਾਰ ਸਿਆਲ ਵੰਸ਼ ਦਾ ਪਿਛੋਕੜ ਰਾਏ ਸਿਆਲ ਤੋਂ ਸ਼ੁਰੂ ਹੋਇਆ ਲਿਖਦੇ ਹਨ ਜਿਹੜਾ ਜੌਨਪੁਰ ਤੋਂ ਆ ਕੇ ਝੰਗ ਦੇ ਨੇੜੇ ਵਸਿਆ ਸੀ। ਕਈ ਪੁਸਤਕਾਂ ਵਿਚ ਜੌਨਪੁਰ ਆਉਣ ਤੋਂ ਪਹਿਲਾਂ ਵੀ ਇਸ ਵੰਸ਼ ਬਾਰੇ ਜਾਣਕਾਰੀ ਮਿਲਦੀ ਹੈ। ਹੀਰ ਸਿਆਲ ਦੇ ਪਾਤਰਾਂ ਬਾਰੇ 'ਸੱਯਦ ਵਾਰਿਸ ਸ਼ਾਹ' ਵਿਚ ਹਮੀਦੁੱਲਾ ਸ਼ਾਹ ਹਾਸ਼ਮੀ ਲਿਖਦੇ ਹਨ: "ਰਾਏ ਸਿਆਲ ਉਰਫ ਸੀਨੂ ਸਿਆਲ ਦਾ ਪਿਤਾ ਰਾਏ ਸ਼ੰਕਰ ਧਾਰਾ ਨਗਰੀ ਵਿਚ ਰਹਿੰਦਾ ਸੀ ਜਿਹੜਾ ਖੁਰਦਪੁਰ ਅਤੇ ਅਲਾਹਾਬਾਦ ਦੇ ਵਿਚਕਾਰ ਹੈ। 1230 ਵਿਚ ਰਾਏ ਸ਼ੰਕਰ ਧਾਰਾ ਨਗਰੀ ਛੱਡ ਕੇ ਜੌਨਪੁਰ ਆ ਗਿਆ। ਉਸ ਦੀ ਮੌਤ ਤੋਂ ਬਾਅਦ ਉਸ ਦੀਆਂ ਦੋਵੇਂ ਪਤਨੀਆਂ ਤੋਂ ਜਨਮੇ ਪੁੱਤਰਾਂ ਵਿਚਕਾਰ ਖਾਨਾਜੰਗੀ ਸ਼ੁਰੂ ਹੋ ਗਈ। ਪਰਿਵਾਰ ਦੀ ਇਹ ਲੜਾਈ ਇੰਨੀ ਵਧੀ ਕਿ ਉਸ ਦਾ ਵੱਡਾ ਪੁੱਤਰ ਰਾਏ ਸਿਆਲ ਆਪਣੇ ਦੋ ਛੋਟੇ ਭਰਾਵਾਂ ਨੂੰ ਨਾਲ ਲੈ ਕੇ 1243 ਵਿਚ ਪੰਜਾਬ ਵੱਲ ਆ ਗਿਆ ਅਤੇ ਖਾਨਾਬਦੋਸ਼ਾਂ ਵਾਲੀ ਜ਼ਿੰਦਗੀ ਬਤੀਤ ਕਰਨ ਲੱਗਿਆ। ਜਦੋਂ ਇਹ ਫਿਰਦਾ ਫਿਰਾਉਂਦਾ ਪਾਕਪਟਨ ਪਹੁੰਚਿਆ ਤਾਂ ਬਾਬਾ ਫਰੀਦ ਦੀ ਸੰਗਤ ਵਿਚ ਆ ਕੇ ਮੁਸਲਮਾਨ ਬਣ ਗਿਆ। ਪਹਿਲਾਂ ਉਹ ਸਿਆਲਕੋਟ ਵਿਚ ਰਹਿਣ ਲੱਗਿਆ ਅਤੇ ਫਿਰ ਬਾਬਾ ਫਰੀਦ ਦੇ ਕਹਿਣ 'ਤੇ ਜ਼ਿਲ੍ਹਾ ਸਰਗੋਧਾ ਦੀ ਤਹਿਸੀਲ ਸਾਹੀਵਾਲ ਆ ਵਸਿਆ। ਉਸ ਸਮੇਂ ਸਿਆਲਕੋਟ ਰਾਜਪੂਤਾਂ ਦੀ ਪੁਰਾਣੀ ਬਸਤੀ ਸੀ। ਇਥੇ ਵਸੇਬੇ ਦੌਰਾਨ ਉਸ ਦੇ ਛੋਟੇ ਭਰਾ ਟਿਓ ਅਤੇ ਘਿਓ ਵੀ ਮੁਸਲਮਾਨ ਹੋ ਗਏ। ਬਾਬਾ ਫਰੀਦ ਨੇ ਸਾਹੀਵਾਲ ਦੇ ਹਾਕਮ ਬਹਾਊਦੀਨ ਦੀ ਧੀ ਸੁਹਾਗ ਨਾਲ ਰਾਏ ਸ਼ੰਕਰ ਦਾ ਵਿਆਹ ਕਰਵਾ ਦਿੱਤਾ।"

ਇਕ ਹੋਰ ਸਾਹਿਤਕਾਰ ਸੱਯਦ ਤਾਲਿਬ ਬੁਖਾਰੀ ਆਪਣੇ ਲੇਖ 'ਹੀਰ ਦੀ ਹਕੀਕਤ' ਵਿਚ ਲਿਖਦਾ ਹੈ: "ਸੁਲਤਾਨ ਗ਼ਿਆਸੂਦੀਨ ਬਲਬਨ ਦੇ ਸਮੇਂ ਹਿੰਦੂ ਰਾਜਪੂਤ ਰਾਜਾ ਰਾਏ ਸਿਆਲ ਜੌਨਪੁਰ ਦਾ ਹੁਕਮਰਾਨ ਸੀ। ਉਸ ਨੇ ਸੁਲਤਾਨ ਬਲਬਨ ਦੀ ਅਧੀਨਗੀ ਕਬੂਲ ਨਾ ਕਰਦਿਆਂ ਉਸ ਨਾਲ ਜੰਗ ਕੀਤੀ। ਜੰਗ ਵਿਚ ਹਾਰਨ ਤੋਂ ਬਾਅਦ ਸ਼ਾਹੀ ਅੱਤਾਬ ਤੋਂ ਡਰਦਾ ਬਾਬਾ ਫਰੀਦ ਦੇ ਚਰਨੀਂ ਜਾ ਲੱਗਿਆ ਅਤੇ ਮੁਸਲਮਾਨ ਹੋ ਗਿਆ। ਬਾਬਾ ਫਰੀਦ ਨੇ ਉਸ ਦਾ ਨਾਂ ਰਾਏ ਸਿਆਲ ਹੀ ਰਹਿਣ ਦਿੱਤਾ ਜਿਹੜਾ ਬਾਅਦ ਵਿਚ ਉਸ ਦੇ ਵੰਸ਼ ਦੀ ਪਛਾਣ ਬਣਿਆ। ਬਾਬਾ ਫਰੀਦ ਨੇ ਸੁਲਤਾਨ ਬਲਬਨ ਨੂੰ ਕਹਿ ਕੇ ਉਸ ਦੀ ਜਾਨ ਬਖਸ਼ੀ ਕਰਵਾ ਦਿੱਤੀ ਅਤੇ ਉਸ ਦਾ ਵਿਆਹ ਰਿਆਸਤ ਅੰਬਾਨੀ ਦੇ ਨਵੇਂ ਨਵੇਂ ਬਣੇ ਮੁਸਲਮਾਨ ਹੁਕਮਰਾਨ ਰਾਓ ਬਹਾਉ ਖਾਂ ਨੂੰ ਕਹਿ ਕੇ ਉਸ ਦੀ ਧੀ ਨਾਲ ਕਰਵਾ ਦਿੱਤਾ। ਨਿਕਾਹ ਤੋਂ ਬਾਅਦ ਰਾਓ ਬਹਾਉ ਖਾਂ ਨੇ ਉਸ ਦੇ ਗੁਜ਼ਾਰੇ ਲਈ ਜਿਹਲਮ ਦੇ ਪੱਛਮੀ ਕਿਨਾਰੇ ਉਤੇ ਜਾਗੀਰ ਦੇ ਦਿੱਤੀ, ਜਿਥੇ ਰਾਏ ਸਿਆਲ ਦੀ ਔਲਾਦ ਵਧਦੀ-ਫੁਲਦੀ ਰਹੀ। ਚੂਚਕ ਖਾਂ ਦੇ ਸਮੇਂ ਤਕ ਵਧਦਾ ਵਧਦਾ ਸਿਆਲ ਖਾਨਦਾਨ 66 ਕਬੀਲਿਆਂ ਵਿਚ ਫੈਲ ਗਿਆ। ਸਮੇਂ ਦੀ ਲੋੜ ਅਨੁਸਾਰ ਇਨ੍ਹਾਂ ਸਾਰੇ ਕਬੀਲਿਆਂ ਨੇ ਭਰਵਾਂ ਇਕੱਠ ਕਰਕੇ ਚੂਚਕ ਖਾਂ ਨੂੰ ਆਪਣਾ ਸਰਦਾਰ ਚੁਣ ਲਿਆ। ਉਸ ਸਮੇਂ ਚੂਚਕ ਖਾਂ ਕੋਟਲੀ ਬਾਕਰ ਵਿਖੇ ਰਹਿੰਦਾ ਸੀ ਅਤੇ ਇਥੇ ਰਹਿਣ ਸਮੇਂ ਹੀ ਉਸ ਦੇ ਘਰ ਮਲਾਇਕਾ ਬੇਗ਼ਮ ਜਿਸ ਨੂੰ ਆਮ ਤੌਰ 'ਤੇ ਮਲਕੀ ਹੀ ਕਿਹਾ ਜਾਂਦਾ ਸੀ, ਦੀ ਕੁੱਖੋਂ ਹੀਰ ਦਾ ਜਨਮ ਹੋਇਆ। ਕਿਉਂ ਜੋ ਚੂਚਕ ਖਾਂ ਦੇ ਘਰ ਕੋਈ ਪੁੱਤਰ ਨਹੀਂ ਸੀ, ਇਸ ਲਈ ਉਸ ਨੇ ਆਪਣੇ ਭਤੀਜੇ ਮੱਲ ਖਾਂ ਪੁੱਤਰ ਪੱਥਰ ਖਾਂ ਨੂੰ ਸਾਰੇ ਕਬੀਲਿਆਂ ਦੀ ਸਰਦਾਰੀ ਦੀ ਪੱਗ ਸੌਂਪ



*ਮਸ਼ਹੂਰ ਚਿੱਤਰਕਾਰ ਅਬਦੁਰ ਰਹਿਮਾਨ ਚੁਗਤਾਈ ਦੀ ਬਣਾਈ ਹੀਰ।*

ਦਿੱਤੀ।"

ਇਤਿਹਾਸ ਵਿਚ ਰਾਏ ਸਿਆਲ ਤੋਂ ਹੀਰ ਸਿਆਲ ਤਕ ਸਿਆਲ ਵੰਸ਼ ਦਾ ਸ਼ਜਰਾ ਇਸ ਤਰ੍ਹਾਂ ਬਿਆਨ ਕੀਤਾ ਜਾਂਦਾ ਹੈ:

(1) ਰਾਏ ਸ਼ੰਕਰ (ਜੌਨਪੁਰ ਦਾ ਹਾਕਮ), (2) ਰਾਏ ਸਿਆਲ (ਵੰਸ਼ ਦਾ ਪਹਿਲਾ ਮੁਸਲਮਾਨ), (3) ਕੋਹਲੀ ਖਾਂ, (4) ਭੁਪਤੀ ਖਾਂ, (5) ਉਪਲ ਖਾਂ, (6) ਉਚਲ ਖਾਂ, (7) ਮਹਿਪਾਲ ਖਾਂ, (8) ਚੋਟ ਖਾਂ, (9) ਚੂਚਕ ਖਾਂ ਤੇ (10) ਹੀਰ ਸਿਆਲ।

ਚੂਚਕ ਖਾਂ ਦੇ ਦੋ ਸਕੇ ਭਰਾ ਹੋਰ ਵੀ ਸਨ ਜਿਨ੍ਹਾਂ ਦੇ ਨਾਂ ਅੱਲਾ ਦਿੱਤਾ ਅਤੇ ਪੱਥਰ ਖਾਂ ਸਨ। ਅੱਲਾ ਦਿੱਤਾ ਦੀ ਔਲਾਦ ਵਿਚ ਸਰਿਆਣੇ, ਸਰਬਾਣੇ, ਜੰਜਿਆਣੇ ਤੇ ਰਜਿਆਣੇ ਸਿਆਲ ਹੋਏ ਅਤੇ ਪੱਥਰ ਖਾਂ ਦੀ ਔਲਾਦ ਵਿਚ ਨਠਰਾਣੇ, ਮਘਿਆਣੇ, ਘੱਘਿਆਣੇ, ਪਾਤੂਆਣੇ, ਝੱਲਾਣੇ ਅਤੇ ਮਲਵਆਣੇ ਹੋਏ। ਪੱਥਰ ਖਾਂ ਦਾ ਸੱਤਵਾਂ ਪੁੱਤਰ ਮੱਲ ਖਾਂ ਸੀ ਜਿਹੜਾ 1462 ਵਿਚ ਝੰਗ ਰਿਆਸਤ ਦਾ ਪਹਿਲਾ ਹਾਕਮ ਬਣਿਆ। ਉਸ ਦੇ ਵੀ ਸੱਤ ਪੁੱਤਰ ਸਨ ਜਿਨ੍ਹਾਂ ਵਿਚ ਜਲਾਲ ਖਾਂ ਸਿਆਲ ਸਭ ਤੋਂ ਵੱਧ ਮਸ਼ਹੂਰ ਹੋਇਆ। ਜਲਾਲ ਖਾਂ ਦੀ ਔਲਾਦ ਵਿਚ ਸੁਲਤਾਨ ਹਾਮਦ ਖਾਂ ਪ੍ਰਸਿਧ ਹੋਇਆ। ਮੱਲ ਖਾਂ ਦੇ ਵੰਸ਼ ਨੇ 360 ਸਾਲ ਤੋਂ ਵੀ ਵੱਧ ਸਮੇਂ ਤਕ ਝੰਗ ਉਤੇ ਰਾਜ ਕੀਤਾ। ਝੰਗ ਦਾ ਆਖਰੀ ਸਿਆਲ ਹਾਕਮ ਅਹਿਮਦ ਖਾਂ ਸਿਆਲ ਸੀ ਜਿਸ ਨੂੰ ਹਰਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਨੇ 1822 ਵਿਚ ਝੰਗ ਉਤੇ ਕਬਜ਼ਾ ਕਰ ਲਿਆ।

**ਝੰਗ ਦਾ ਇਤਿਹਾਸ:** ਝੰਗ ਦੇ ਇਤਿਹਾਸ ਬਾਰੇ ਆਪਣੇ ਖੋਜ ਨਿਬੰਧ ਵਿਚ ਸੱਯਦ ਤਾਲਿਬ ਬੁਖਾਰੀ ਲਿਖਦਾ ਹੈ: ਝੰਗ ਹਜ਼ਾਰਾਂ ਸਾਲ ਪੁਰਾਣਾ ਸ਼ਹਿਰ ਹੈ। ਇਥੇ ਹੀ ਹੀਰ ਅਤੇ ਰਾਂਝੇ ਦੀ ਬਨਾਵਟੀ ਕਬਰ ਬਣੀ ਹੋਈ ਹੈ। ਇਸ ਦਾ ਪੁਰਾਣਾ ਨਾਂ ਬ੍ਰਾਹਮਣਗੜ੍ਹ ਸੀ ਅਤੇ ਹੁਣ ਦਾ ਝੰਗ ਇਸ ਦੇ ਪੱਛਮ ਵਾਲੇ ਪਾਸੇ ਵਸਿਆ ਹੋਇਆ ਹੈ। ਉਸ ਸਮੇਂ ਦੇ ਪੰਜ ਦਰਿਆਵਾਂ ਦੇ ਨਾਂ ਵੀ ਹੋਰ ਹਨ, ਜਿਵੇਂ ਚਨਾਬ ਦਾ ਚੰਬਲ, ਰਾਵੀ ਦਾ ਅਰਾਵਤੀ, ਜਿਹਲਮ ਦਾ ਬੇਹਤ, ਸਤਲੁਜ ਦਾ ਘਾਰਾ ਅਤੇ ਬਿਆਸ ਦਾ ਬਾਸਾ। ਅਜੋਕੇ ਸਮੇਂ ਝੰਗ ਸ਼ਹਿਰ ਚਨਾਬ ਦਰਿਆ ਤੋਂ ਪੱਛਮ ਵਾਲੇ ਪਾਸੇ ਤਕਰੀਬਨ ਅੱਠ ਮੀਲ ਦੀ ਦੂਰੀ 'ਤੇ ਵਸਦਾ ਹੈ। ਝੰਗ ਬਾਰੇ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਇਸ ਨੂੰ ਸੱਯਦ ਜਲਾਲ ਨੇ ਵਸਾਇਆ ਸੀ।

ਪ੍ਰਸਿਧ ਸਾਹਿਤਕਾਰ ਹਮੀਦੁੱਲਾ ਸ਼ਾਹ ਹਾਸ਼ਮੀ 'ਸੱਯਦ ਵਾਰਿਸ ਸ਼ਾਹ' ਵਿਚ ਝੰਗ ਦੇ ਇਤਿਹਾਸ ਦਾ ਜ਼ਿਕਰ ਕਰਦਿਆਂ ਮੁਹੰਮਦ ਅਫਜ਼ਲ ਖਾਂ ਦੇ ਹਵਾਲੇ ਨਾਲ ਲਿਖਦਾ ਹੈ: "ਝੰਗ ਜਿਥੇ ਹੀਰ ਅਤੇ ਰਾਂਝੇ ਵੱਲੋਂ ਇਸ਼ਕ ਦਾ ਖੇਡ ਖੇਡਿਆ ਗਿਆ, ਇਸ ਦੀ ਨੀਂਹ ਅੱਜ ਤੋਂ ਹਜ਼ਾਰ ਸਾਲ ਪਹਿਲਾਂ 983 ਈਸਵੀ ਵਿਚ ਰਾਏ ਸਰਜਾ ਸਿਆਲ ਨੇ ਕੁਝ ਝੁੱਗੀਆਂ ਦੀ ਸ਼ਕਲ ਵਿਚ ਰੱਖੀ ਜਿਸ ਕਰਕੇ ਇਸ ਦਾ ਨਾਂ ਝੁੱਗੀ ਸਿਆਲ ਪੈ ਗਿਆ। ਜਦੋਂ ਝੁੱਗੀ ਸਿਆਲ ਨੇ ਵਧ ਕੇ ਕਸਬੇ ਦਾ ਰੂਪ ਧਾਰ ਲਿਆ ਤਾਂ ਇਸ ਦਾ ਨਾਂ ਝੁੱਗੀ ਸਿਆਲ ਤੋਂ ਝੰਗ ਸਿਆਲ ਹੋ ਗਿਆ।" ਪਰ ਇਸ ਦਲੀਲ ਦਾ ਵਿਰੋਧ ਕਰਦਿਆਂ 'ਤਜ਼ਕਰਾ-ਏ-ਔਲੀਆ-ਏ-ਝੰਗ' ਦਾ ਲੇਖਕ ਬਲਾਲ ਜ਼ੁਬੈਰੀ ਲਿਖਦਾ ਹੈ: "ਇਹ ਖਿਆਲ ਕਰ ਲੈਣਾ ਕਿ ਝੰਗ ਝੁੱਗੀ ਤੋਂ ਬਣਿਆ ਹੈ, ਖਿਆਲੀ ਪੁਲਾਉ ਤੋਂ ਵੱਧ ਕੁਝ ਨਹੀਂ। ਮਸ਼ਹੂਰ ਚੀਨੀ ਸੈਲਾਨੀ ਹਿਊਨਸਾਂਗ ਸੰਨ 641 ਈਸਵੀ ਦੀਆਂ ਗਰਮੀਆਂ ਵਿਚ ਹਿੰਦੁਸਤਾਨ ਦੇ ਸ਼ਹਿਰਾਂ ਦੀ ਸੈਰ ਕਰਦਾ ਹੋਇਆ ਝੰਗ ਆਇਆ। ਉਹ ਇਥੋਂ ਭੱਕਰ ਜਾਣਾ ਚਾਹੁੰਦਾ ਸੀ, ਪਰ ਚਨਾਬ ਅਤੇ ਜਿਹਲਮ ਦਰਿਆ ਵਿਚ ਹੜ੍ਹ ਆਇਆ ਹੋਣ ਕਰਕੇ ਉਹ ਝੰਗ ਵਿਚ ਰੁਕ ਗਿਆ। ਉਹ ਆਪਣੇ ਸਫਰਨਾਮੇ ਵਿਚ ਇਸ ਦਾ ਨਾਂ ਝਾਂਗ ਲਿਖਦਾ ਹੈ। ਇਸ ਤੋਂ ਬਹੁਤ ਪਹਿਲਾਂ ਸਿਕੰਦਰ ਦੇ ਹਮਲੇ ਸਮੇਂ ਸ਼ੋਰ ਕੋਟ ਅਤੇ ਝੰਗ ਦਾ ਜ਼ਿਕਰ ਮਿਲਦਾ ਹੈ। ਯੂਨਾਨੀ ਲਿਖਾਰੀ ਲਿਖਦੇ ਹਨ ਕਿ ਸਿਕੰਦਰ ਦਾ ਮੁਕਾਬਲਾ ਕਰਨ ਲਈ ਝਾਂਗ ਦਾ ਜੰਗਜੂ 'ਮੱਲ' ਕਬੀਲਾ ਲੜਨ ਲਈ ਆਇਆ। ਇਹ ਲੋਕ ਬਹੁਤ ਬਹਾਦਰ ਸਨ। ਬਹੁਤ ਦਿਨਾਂ ਤਕ ਇਨ੍ਹਾਂ ਨੇ ਸਿਕੰਦਰ ਦੇ ਪੈਰ ਟਿਕਣ ਨਾ ਦਿੱਤੇ। ਉਪਰੋਕਤ ਦਲੀਲਾਂ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਝੰਗ 983 ਤੋਂ ਪਹਿਲਾਂ ਆਬਾਦ ਸੀ।

ਮੱਲ ਕਬੀਲੇ ਦੇ ਪਿਛੋਕੜ ਬਾਰੇ ਵੀ ਇਤਿਹਾਸਕਾਰਾਂ ਵੱਲੋਂ ਦੋ ਦਲੀਲਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਪਹਿਲੀ ਦਲੀਲ ਇਹ ਹੈ ਕਿ ਮੱਲ ਰਾਜਪੂਤਾਂ ਦਾ ਗੋਤ ਹੈ ਜਿਨ੍ਹਾਂ ਨੇ ਮੁਲਤਾਨ ਆਬਾਦ ਕੀਤਾ। ਪਹਿਲਾਂ ਮੁਲਤਾਨ ਦਾ ਨਾਂ ਮੱਲ ਅਸਥਾਨ ਸੀ ਜਿਹੜਾ ਸਮੇਂ ਦੇ ਬਦਲਣ ਨਾਲ ਮੁਲਤਾਨ ਬਣ ਗਿਆ। ਦੂਜੀ ਦਲੀਲ ਇਹ ਹੈ ਕਿ ਇਹ ਮੋਹਲ ਕੌਮ ਸੀ ਜਿਹੜੀ ਤਰੀਮੋਂ ਪੱਤਣ ਦੇ ਆਲੇ ਦੁਆਲੇ ਆਬਾਦ ਸੀ। ਇਤਿਹਾਸਕਾਰ ਅਤੇ ਸੈਲਾਨੀ ਅਲਬਰੂਨੀ ਨੇ ਵੀ ਇਸ ਰਾਇ ਨੂੰ ਮੰਨਿਆ ਹੈ, ਪਰ ਸਰ ਲੇਪਨ ਗਰੇਪਨ ਲਿਖਦਾ ਹੈ ਕਿ ਝੰਗ ਦੇ ਸਿਆਲ ਰਾਜਪੂਤ ਹਨ। ਇਨ੍ਹਾਂ ਦਾ ਵੱਡ-ਵਡੇਰਾ ਰਾਏ ਸ਼ੰਕਰ ਧਾਰਾ ਨਗਰੀ (ਅਲਾਹਾਬਾਦ) ਦੇ ਨੇੜੇ-ਤੇੜੇ ਵਸਦਾ ਸੀ, ਜਿਥੋਂ ਉਹ ਪੰਜਾਬ ਆਇਆ।

ਝੰਗ ਹਜ਼ਾਰਾਂ ਵਾਰ ਉਜੜਿਆ ਅਤੇ ਨਵੇਂ ਸਿਰੇ ਤੋਂ ਆਬਾਦ ਹੋਇਆ। ਇਤਿਹਾਸਕਾਰ ਲਿਖਦੇ ਹਨ ਕਿ ਹਜ਼ਰਤ ਈਸਾ ਤੋਂ ਦਸ ਹਜ਼ਾਰ ਸਾਲ ਪਹਿਲਾਂ ਝੰਗ ਆਬਾਦ ਸੀ। ਝੰਗ ਨੂੰ ਪਹਿਲਾਂ ਬਾਹਰੋਂ ਆਉਣ ਵਾਲੇ ਸਮੇਰਿਆਂ, ਬਾਬਲਾਂ ਅਤੇ ਦਰਾਵੜਾਂ ਨੇ ਲਤਾੜਿਆ ਅਤੇ ਫਿਰ ਅਰਬਾਂ, ਤੁਰਕਾਂ, ਪਠਾਣਾਂ, ਮੁਗ਼ਲਾਂ ਅਤੇ ਸਿੱਖਾਂ ਨੇ ਬੁਰੀ ਤਰ੍ਹਾਂ ਤਬਾਹ ਕੀਤਾ। ਤਰਮੋਂ ਪੱਤਣ ਇਨ੍ਹਾਂ ਸਾਰੇ ਹਮਲਾਵਰਾਂ ਦਾ ਗੜ੍ਹ ਹੁੰਦਾ ਸੀ। ਝੰਗ ਦਾ ਪਹਿਲਾ ਸਿਆਲ ਹਾਕਮ ਮੱਲ ਖਾਂ ਪੁੱਤਰ ਪੱਥਰ ਖਾਂ ਸੀ ਜਿਹੜਾ ਹੀਰ ਦੇ ਪਿਉ ਚੂਚਕ ਖਾਂ ਦਾ ਭਤੀਜਾ ਸੀ। ਝੰਗ ਦਾ ਆਖਰੀ ਅਠਾਰ੍ਹਵਾਂ ਸਿਆਲ ਹਾਕਮ ਅਹਿਮਦ ਖਾਂ ਪੁੱਤਰ ਕਬੀਰ ਖਾਂ ਸੀ। ਝੰਗ ਉਤੇ ਸਿਆਲਾਂ ਨੇ 1462 ਤੋਂ 1822 ਈਸਵੀ ਤਕ



*ਝੰਗ ਵਿਚ ਮਾਈ ਹੀਰ ਦੀ ਮਜ਼ਾਰ*

360 ਸਾਲ ਰਾਜ ਕੀਤਾ। 1822 ਵਿਚ ਝੰਗ ਉਤੇ ਸਿੱਖਾਂ ਨੇ ਕਬਜ਼ਾ ਕਰ ਲਿਆ।

**ਹੀਰ ਸਿਆਲ:** ਹੀਰ ਨੂੰ ਆਮ ਤੌਰ 'ਤੇ ਰੁਮਾਨੀ ਕਿੱਸੇ ਦੇ ਕਿਰਦਾਰ ਵਜੋਂ ਹੀ ਦੇਖਿਆ ਸਮਝਿਆ ਜਾਂਦਾ ਹੈ ਜਿਸ ਨੂੰ ਫਿਲਮਾਂ ਅਤੇ ਡਰਾਮਿਆਂ ਨੇ ਹੋਰ ਵੀ ਰੁਮਾਨੀ ਬਣਾ ਦਿੱਤਾ ਹੈ। ਇਸ ਤੋਂ ਇਲਾਵਾ ਜਦੋਂ ਵੀ ਹੀਰ ਦੀ ਗੱਲ ਤੁਰਦੀ ਹੈ ਤਾਂ ਹੀਰ ਦੀ ਬਜਾਏ ਵਾਰਿਸ ਸ਼ਾਹ ਦੀ ਸ਼ਾਇਰੀ ਦੀ ਗੱਲ ਛੇੜ ਦਿੱਤੀ ਜਾਂਦੀ ਹੈ। ਵਾਰਿਸ ਸ਼ਾਹ ਨੇ ਭਾਵੇਂ ਵਧੀਆ ਰਚਨਾ ਰਚੀ ਹੈ, ਪਰ ਕਿਸੇ ਨੇ ਵੀ ਕਦੇ ਇਹ ਨਹੀਂ ਸੋਚਿਆ ਕਿ ਉਸ ਦੀ ਰਚਨਾ ਤੋਂ ਵੱਖ ਹੀਰ ਜਿਊਂਦੀ ਜਾਗਦੀ, ਤੁਰਦੀ ਫਿਰਦੀ, ਸਾਹ ਲੈਂਦੀ, ਸੋਚਦੀ ਸਮਝਦੀ ਅਤੇ ਦੁਖ-ਸੁਖ ਮਹਿਸੂਸ ਕਰਦੀ ਔਰਤ ਵੀ ਹੈ।

ਹੀਰ ਨੂੰ ਕਦੇ ਵਾਰਿਸ ਸ਼ਾਹ ਅਤੇ ਕਦੇ ਰਾਂਝੇ ਦੇ ਹਵਾਲੇ ਨਾਲ ਤਾਂ ਦੇਖਿਆ ਜਾਂਦਾ ਹੈ, ਪਰ ਉਸ ਦੀ ਆਪਣੀ ਹਸਤੀ ਨੂੰ ਮੁੱਢੋਂ ਹੀ ਵਿਸਾਰ ਦਿੱਤਾ ਗਿਆ ਹੈ। ਸੱਚ ਤਾਂ ਇਹ ਹੈ ਕਿ ਵਾਰਿਸ ਸ਼ਾਹ ਹੀਰ ਸਿਆਲ ਕਰਕੇ ਮਸ਼ਹੂਰ ਹੋਇਆ, ਨਾ ਕਿ ਹੀਰ ਵਾਰਿਸ ਸ਼ਾਹ ਕਰਕੇ।

ਹੀਰ ਸਿਆਲ ਦਾ ਅਸਲ ਨਾਂ ਇਜ਼ਤ ਬੀਬੀ ਸੀ। ਉਸ ਦਾ ਜਨਮ 10 ਸ਼ਾਬਾਨ ਸੰਨ 864 ਹਿਜਰੀ ਨੂੰ ਚੂਚਕ ਖਾਂ ਸਿਆਲ ਦੇ ਘਰ ਕੋਟਲੀ ਬਾਕਰ ਵਿਖੇ ਰਿਆਸਤ ਅੰਬਾਨੀ ਵਿਚ ਹੋਇਆ। ਉਹ ਮਾਪਿਆਂ ਦੀ ਇਕੋ-ਇਕ ਧੀ ਸੀ ਜਿਹੜੀ ਅਰਬੀ ਅਤੇ ਫਾਰਸੀ ਦੀ ਚੰਗੀ ਵਿਦਵਾਨ ਸੀ। ਸ਼ਰੀਅਤ ਦੀ ਪਾਬੰਦ ਸੀ ਅਤੇ ਉਸ ਨੂੰ ਪੂਰਾ ਕੁਰਆਨ ਸ਼ਰੀਫ ਜ਼ੁਬਾਨੀ ਯਾਦ ਸੀ। ਉਸ ਨੇ ਅਰਬੀ ਦੀ ਵਿੱਦਿਆ ਕਾਜ਼ੀ ਸ਼ਮਸ਼ੁੱਦੀਨ ਕੋਲੋਂ ਪ੍ਰਾਪਤ ਕੀਤੀ ਸੀ ਅਤੇ ਫਾਰਸੀ ਮੁਰਾਦ ਬਲੋਚ ਦੇ ਪਿਓ ਸੁਲੇਮਾਨ ਬਲੋਚ ਕੋਲੋਂ ਪੜ੍ਹੀ ਸੀ।

ਉਹ ਮੁਰਾਦ ਬਲੋਚ ਦੇ ਪਿਤਾ ਸੁਲੇਮਾਨ ਬਲੋਚ ਦੀ ਸ਼ਾਗਿਰਦ ਅਤੇ ਮੁਰਾਦ ਬਲੋਚ ਦੀ ਮੂੰਹ ਬੋਲੀ ਭੈਣ ਸੀ। ਬੇਹੱਦ ਸੋਹਣੀ ਅਤੇ ਪਰਦੇਦਾਰ ਔਰਤ ਸੀ। ਸ਼ਾਇਸਤਾ ਖਾਤੂਨ (ਸਹਿਤੀ) ਜਿਹੜੀ ਮੁਰਾਦ ਬਲੋਚ ਨੂੰ ਨਿਕਾਹੀ ਹੋਈ ਸੀ, ਹੀਰ ਦੇ ਮਾਮੇ ਆਜ਼ਮ ਖਾਂ ਖੇੜੇ ਦੀ ਧੀ ਅਤੇ ਸੈਦੇ ਖੇੜੇ ਦੀ ਭੈਣ ਸੀ। ਉਹ ਕਦੇ ਕਦੇ ਹੀਰ ਅਤੇ ਆਪਣੀ ਭੂਆ ਮਲਾਇਕਾ ਖਾਤੂਨ ਨੂੰ ਮਿਲਣ ਲਈ ਝੰਗ ਆਉਂਦੀ ਰਹਿੰਦੀ ਸੀ। ਹੀਰ ਦੀ ਮਾਂ ਮਲਾਇਕਾ ਖਾਤੂਨ, ਚੂਚਕ ਖਾਂ ਸਿਆਲ ਦੀ ਦੂਜੀ ਪਤਨੀ ਸੀ ਜਿਹੜੀ ਉਸ ਨੇ ਪਹਿਲੀ ਪਤਨੀ ਦੇ ਮਰ ਜਾਣ ਪਿੱਛੋਂ ਵਿਆਹ ਕੇ ਲਿਆਂਦੀ ਸੀ।

ਹੀਰ ਦਾ ਨਿਕਾਹ ਛੇ ਸਾਲ ਦੀ ਉਮਰ ਵਿਚ 20 ਰਜਬ 860 ਹਿਜਰੀ ਨੂੰ ਰਾਂਝੇ ਨਾਲ ਹੋਇਆ ਸੀ ਜਿਹੜਾ ਚਨਿਓਟ ਦੇ ਕਾਜ਼ੀ ਸ਼ਮਸ਼ੁੱਦੀਨ ਨੇ ਕੋਟਲੀ ਬਾਕਰ ਵਿਖੇ ਪੜ੍ਹਾਇਆ ਸੀ। ਬਦਕਿਸਮਤੀ ਨਾਲ ਹੀਰ ਦਾ ਪਿਉ ਚੂਚਕ ਖਾਂ ਸਿਆਲ ਕੋਟਲੀ ਬਾਕਰ ਵਿਖੇ 5 ਰਮਜ਼ਾਨ 881 ਹਿਜਰੀ ਨੂੰ ਫੌਤ ਹੋ ਗਿਆ ਅਤੇ ਹੀਰ ਦੀ ਮਾਂ ਨੇ ਆਪਣੇ ਭਰਾ ਕਾਦਰ ਖਾਂ ਖੇੜੇ (ਕੈਦੋਂ) ਨੂੰ ਹੀਰ ਦੀ ਉਸ ਸਾਰੀ ਜ਼ਮੀਨ ਦਾ ਇੰਚਾਰਜ ਬਣਾ ਦਿੱਤਾ ਜਿਹੜੀ ਬਹਿਲੋਲ ਲੋਧੀ ਵੱਲੋਂ ਹੀਰ ਦੇ ਨਾਂ ਲਾਈ ਹੋਈ ਸੀ।

1462 ਈਸਵੀ ਵਿਚ ਜਦੋਂ ਹੀਰ ਦੇ ਸਕੇ ਚਾਚੇ ਦਾ ਪੁੱਤਰ ਮੱਲ ਖਾਂ ਸਿਆਲ ਝੰਗ ਦਾ ਪਹਿਲਾ ਸਿਆਲ ਹਾਕਮ ਬਣਿਆ ਤਾਂ ਸਾਰਾ ਸਿਆਲ ਖਾਨਦਾਨ ਕੋਟਲੀ ਬਾਕਰ ਤੋਂ ਆ ਕੇ ਝੰਗ ਦੇ ਸ਼ਾਹੀ ਮਹਿਲਾਂ ਵਿਚ ਰਹਿਣ ਲੱਗਿਆ। ਆਪਣੀ ਭੈਣ ਦੀ ਸਹਾਇਤਾ ਨਾਲ ਕਾਦਰ ਖਾਂ ਖੇੜਾ, ਮੱਲ ਖਾਂ ਦਾ ਸਲਾਹਕਾਰ ਬਣ ਗਿਆ। ਕਾਦਰ ਖਾਂ ਪੜ੍ਹਿਆ ਲਿਖਿਆ ਚੰਗਾ ਵਿਦਵਾਨ ਆਦਮੀ ਸੀ, ਪਰ ਉਹ ਹੱਦ ਤੋਂ ਵੱਧ ਮਤਲਬਪ੍ਰਸਤ ਸੀ। ਉਸ ਦਾ ਦਿਮਾਗ਼ ਬਹੁਤਾ ਜੋੜ-ਤੋੜ ਅਤੇ ਤਖਰੀਬਕਾਰੀ ਦੇ ਕੰਮਾਂ ਵਿਚ ਲੱਗਿਆ ਰਹਿੰਦਾ ਸੀ।

ਹੀਰ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ। ਇਹੋ ਹਾਲ ਸ਼ਾਇਸਤਾ ਖਾਤੂਨ ਦਾ ਸੀ। ਉਹ ਜਦੋਂ ਵੀ ਰੰਗਪੁਰ ਤੋਂ ਆਪਣੀ ਭੂਆ ਨੂੰ ਮਿਲਣ ਝੰਗ ਆਉਂਦੀ ਤਾਂ ਦੋਵੇਂ ਭੈਣਾਂ ਬੇਲੇ ਦੇ ਨੇੜੇ ਬਣੇ ਹੀਰ ਦੇ ਕਾਲਾ ਬਾਗ਼ ਵਿਚ ਨੌਕਰਾਣੀਆਂ ਅਤੇ ਸਹੇਲੀਆਂ ਨਾਲ ਠਹਿਰਦੀਆਂ। ਮੁਰਾਦ ਬਲੋਚ ਲਿਖਦਾ ਹੈ ਕਿ ਮੈਂ ਅਤੇ ਰਾਂਝਾ ਜਦੋਂ ਵੀ ਆਪਣੀ ਵੱਡੀ ਭੂਆ (ਸਹੁਰਿਆਂ ਵਾਲੇ ਪਾਸਿਉਂ ਕਿਉਂ ਜੋ ਉਹ ਮਲਕੀ ਦੀ ਭਤੀਜੀ ਸਹਿਤੀ ਨੂੰ ਨਿਕਾਹਿਆ ਹੋਇਆ ਸੀ) ਮਲਕੀ ਨੂੰ ਮਿਲਣ ਆਉਂਦੇ ਤਾਂ ਹੀਰ ਦੇ ਕਾਲਾ ਬਾਗ਼ ਵਿਚ ਠਹਿਰਦੇ ਹੁੰਦੇ ਸਾਂ। ਹੀਰ ਆਪਣੇ ਹੱਥਾਂ ਨਾਲ ਸ਼ਹਿਦ ਵਾਲੀ ਚੂਰੀ ਅਤੇ

*(ਅਗਲੇ ਸਫੇ 'ਤੇ ਜਾਰੀ)*

ਭੁੰਨਿਆ ਹੋਇਆ ਸ਼ਿਕਾਰ ਸਾਡੇ ਵਾਸਤੇ ਭੇਜਿਆ ਕਰਦੀ ਸੀ। ਉਹ ਲਿਖਦਾ ਹੈ ਕਿ ਰਾਂਝੇ ਨੇ ਕਦੇ ਵੀ ਹੀਰ ਨੂੰ ਅਤੇ ਹੀਰ ਨੇ ਰਾਂਝੇ ਨੂੰ ਦੇਖਣ ਦੀ ਕੋਸ਼ਿਸ਼ ਨਹੀਂ ਕੀਤੀ।

ਮੁਰਾਦ ਬਲੋਚ ਲਿਖਦਾ ਹੈ ਕਿ ਜਦੋਂ ਚੂਚਕ ਦੀ ਮੌਤ ਹੋਈ ਤਾਂ ਹੀਰ ਦੀ ਜਾਗੀਰ ਬਾਰੇ ਕਾਦਰ ਖਾਂ ਦੀ ਨੀਅਤ ਵਿਚ ਫਰਕ ਆ ਗਿਆ ਕਿਉਂ ਜੋ ਉਸ ਸਮੇਂ ਤਕ ਸੈਦਾ ਖੇੜਾ ਜਿਹੜਾ ਛੇ ਬੱਚਿਆਂ ਦਾ ਪਿਉ ਸੀ, ਰੰਡਾ ਹੋ ਗਿਆ ਸੀ। ਉਸ ਨੇ ਆਪਣੀ ਭੈਣ ਮਲਾਇਕਾ ਖਾਤੂਨ ਨੂੰ ਆਪਣੇ ਨਾਲ ਰਲਾ ਕੇ ਹੀਰ ਨੂੰ ਤਖਤ ਹਜ਼ਾਰੇ ਭੇਜਣ ਦੀ ਥਾਂ ਸੈਦੇ ਖੇੜੇ ਨਾਲ ਵਿਆਹੁਣ ਦਾ ਪ੍ਰੋਗਰਾਮ ਬਣਾ ਲਿਆ। ਉਸ ਨੇ ਚਨਿਓਟ ਦੇ ਕਾਜ਼ੀ ਨੂਰ-ਉਦ-ਦੀਨ ਕੋਲੋਂ ਹੀਰ ਦੇ ਬਚਪਨ ਵਿਚ ਹੋਏ ਨਿਕਾਹ ਨੂੰ ਤੋੜਨ ਦਾ ਫਤਵਾ ਲੈ ਕੇ ਮੌਜਦਾਰ ਖਾਂ ਰਾਂਝੇ (ਮੌਜੂ ਚੌਧਰੀ) ਨੂੰ ਤਖਤ ਹਜ਼ਾਰੇ ਜਵਾਬ ਭੇਜ ਦਿੱਤਾ ਅਤੇ ਹੀਰ ਦਾ ਵਿਆਹ ਸੈਦੇ ਖੇੜੇ ਨਾਲ ਕਰਨ ਲਈ 21 ਜ਼ਿਲ-ਹਿੱਜਾ ਸੰਨ 883 ਹਿਜਰੀ ਦਾ ਦਿਨ ਮਿੱਥ ਦਿੱਤਾ।

ਮੁਰਾਦ ਬਲੋਚ ਦੀ ਫਾਰਸੀ ਵਿਚ ਲਿਖੀ ਹੀਰ, ਜਿਹੜੀ ਉਸ ਦੇ ਲਿਖਣ ਅਨੁਸਾਰ ਉਸ ਨੇ ਹੀਰ ਦੇ ਕਹਿਣ ਉਤੇ ਲਿਖੀ, ਵਿਚ ਲਿਖਿਆ ਮਿਲਦਾ ਹੈ ਕਿ "ਹੀਰ ਦਾ ਜਨਮ ਬਹਿਲੋਲ ਲੋਧੀ ਦੇ ਸਮੇਂ 865 ਹਿਜਰੀ ਨੂੰ ਮਹਿਰ ਚੂਚਕ ਦੇ ਘਰ ਹੋਇਆ। ਮਹਿਰ ਚੂਚਕ ਉਸ ਸਮੇਂ 66 ਕਬੀਲਿਆਂ ਦਾ ਸਰਦਾਰ ਸੀ। ਵੱਡੀ ਉਮਰ ਵਿਚ ਪੈਦਾ ਹੋਈ ਹੀਰ ਉਸ ਦੀ ਇਕੋ-ਇਕ ਧੀ ਸੀ ਜਿਸ ਦੇ ਜਨਮ ਉਤੇ ਜਸ਼ਨ ਮਨਾਇਆ ਗਿਆ। ਇਸ ਵਿਚ ਬਹਿਲੋਲ ਲੋਧੀ ਵੀ ਸ਼ਾਮਿਲ ਹੋਇਆ ਅਤੇ ਉਸ ਨੇ ਹੀਰ ਨੂੰ ਤੋਹਫੇ ਵਿਚ ਵੱਡੀ ਜਾਗੀਰ ਵੀ ਦਿੱਤੀ।"

ਹੀਰ ਦੀ ਖੂਬਸੂਰਤੀ ਦਾ ਜ਼ਿਕਰ ਕਰਦਿਆਂ ਮੁਰਾਦ ਬਲੋਚ ਦੇ ਹਵਾਲੇ ਨਾਲ ਅਬਦੁਲ ਕਯੂਮ ਕੁਰੈਸ਼ੀ ਲਿਖਦਾ ਹੈ: "ਹੀਰ ਬੇਹੱਦ ਖੂਬਸੂਰਤ ਸੀ। ਉਸ ਦੇ ਨੈਣ-ਨਕਸ਼ ਤਿੱਖੇ, ਕੱਦ ਲੰਬਾ ਅਤੇ ਰੰਗ ਸੁਰਖ ਸੀ। ਉਹ ਸ਼ਰ੍ਹਾ ਦੀ ਪਾਬੰਦ ਪਰਦੇਦਾਰ ਖਾਤੂਨ ਸੀ। ਰੇਸ਼ਮੀ ਸੂਟ ਉਤੇ ਤਿੱਲਾ ਜ਼ੇਬਰ ਦੀ ਕਢਾਈ ਕਰਕੇ ਪਹਿਨਣ ਦੀ ਬੜੀ ਸ਼ੌਕੀਨ ਸੀ। ਸਿਰ ਦੇ ਵਾਲ ਲੰਬੇ ਅਤੇ ਸਿਆਹ ਸਨ। ਉਹ ਪੜ੍ਹੀ ਲਿਖੀ ਖਾਤੂਨ ਸੀ। ਉਸ ਨੇ ਫਾਰਸੀ ਜ਼ੁਬਾਨ ਮੁਰਾਦ ਬਲੋਚ ਦੇ ਬਾਪ ਸੁਲੇਮਾਨ ਖਾਂ ਬਲੋਚ ਤੋਂ ਪੜ੍ਹੀ ਸੀ। ਅਰਬੀ ਵਿਚ ਉਸ ਦਾ ਉਸਤਾਦ ਕੋਟਲੀ ਬਾਕਰ ਦਾ ਰਹਿਣ ਵਾਲਾ ਮੌਲਵੀ ਸ਼ਮਸ਼ੁੱਦੀਨ ਸੀ। ਛੇ ਸਾਲ ਦੀ ਉਮਰ ਵਿਚ ਉਸ ਦਾ ਨਿਕਾਹ ਧੀਦੋ ਖਾਂ ਰਾਂਝੇ ਨਾਲ 20 ਰਜਬ ਸੰਨ 870 ਹਿਜਰੀ ਨੂੰ ਕਾਜ਼ੀ ਸ਼ਮਸ਼ੁੱਦੀਨ ਕੋਟਲੀ ਬਾਕਰ ਸ਼ਾਹ ਨੇ ਪੜ੍ਹਾਇਆ ਸੀ।"

'ਹੀਰ ਦੀ ਹਕੀਕਤ' ਵਿਚ ਸੱਯਦ ਤਾਲਿਬ ਬੁਖਾਰੀ ਲਿਖਦਾ ਹੈ ਕਿ ਸੈਦੇ ਖਾਂ ਦੀ ਦੂਜੀ ਸ਼ਾਦੀ ਹੀਰ ਨਾਲ ਗੱਜ-ਵੱਜ ਕੇ ਹੋਈ। 20 ਜ਼ਿਲ-ਹਿੱਜਾ 883 ਹਿਜਰੀ ਨੂੰ ਸੈਦੇ ਦੀ ਜੰਞ ਝੰਗ ਅੱਪੜੀ। ਚਾਰ ਦਿਨਾਂ ਤਕ ਹੀਰ ਨੇ ਨਿਕਾਹ ਨਾ ਪੜ੍ਹਿਆ ਅਤੇ ਇਹੋ ਰੱਟਾ ਪਾਈ ਰੱਖਿਆ ਕਿ ਉਸ ਦਾ ਧੀਦੋ ਰਾਂਝੇ ਨਾਲ ਨਿਕਾਹ ਹੋ ਚੁੱਕਿਆ ਹੈ ਅਤੇ ਉਹ ਸੈਦੇ ਨਾਲ ਕਿਸੇ ਵੀ ਕੀਮਤ 'ਤੇ ਨਿਕਾਹ ਨਹੀਂ ਕਰੇਗੀ, ਪਰ ਉਸ ਦੀ ਆਵਾਜ਼ ਕਿਸੇ ਨੇ ਨਾ ਸੁਣੀ। 25 ਜ਼ਿੱਲ-ਹਿੱਜਾ ਨੂੰ ਹੀਰ ਦਾ ਨਿਕਾਹ ਚਨਿਓਟ ਦੇ ਕਾਜ਼ੀ ਨੂਰ-ਉਦ-ਦੀਨ ਨੇ ਸੈਦੇ ਖੇੜੇ ਨਾਲ ਪੜ੍ਹਾਇਆ। ਇਸ ਨਿਕਾਹ ਵਿਚ ਕਾਜ਼ੀ ਸ਼ਮਸ਼ੁੱਦੀਨ ਜਿਸ ਨੇ ਹੀਰ ਦਾ ਨਿਕਾਹ ਰਾਂਝੇ ਨਾਲ ਪੜ੍ਹਾਇਆ ਸੀ ਅਤੇ ਝੰਗ ਦਾ ਹਾਕਮ ਮੱਲ ਖਾਂ ਸ਼ਾਮਲ ਨਾ ਹੋਏ। ਰੰਗਪੁਰ ਪਹੁੰਚਣ ਤੋਂ ਬਾਅਦ ਗਿਣੀ-ਮਿੱਥੀ ਸਾਜ਼ਿਸ਼ ਅਨੁਸਾਰ ਰਾਤ ਦੇ ਸਮੇਂ ਸਹਿਤੀ ਹੀਰ ਨੂੰ ਮੱਥਾ ਟੇਕਣ ਲਈ ਲੈ ਕੇ ਜੋਗੀ ਕੋਲ ਕਾਲਾ ਬਾਗ਼ ਵਿਖੇ ਗਈ ਜਿਥੋਂ ਦੋਵੇਂ ਨਨਾਣ ਭਰਜਾਈ ਮਿੱਥੇ ਪ੍ਰੋਗਰਾਮ ਅਨੁਸਾਰ ਮੁਰਾਦ ਬਲੋਚ ਨਾਲ ਤੇਜ਼ ਰਫਤਾਰ ਘੋੜਿਆਂ ਉਤੇ ਸਵਾਰ ਹੋ ਕੇ ਕਾਲਾ ਅਫ਼ਗ਼ਾਨਾ ਨੂੰ ਤੁਰ ਗਈਆਂ। ਕਾਲਾ ਅਫ਼ਗ਼ਾਨਾ ਵਿਖੇ ਰਾਂਝੇ ਦੀ ਭਰਜਾਈ ਨੀਗਾ ਦੇ ਪੇਕੇ ਸਨ ਅਤੇ ਲਾਲ ਖਾਂ ਢੁੱਡੀ ਇਸ ਦਾ ਜਾਗੀਰਦਾਰ ਸੀ। ਜਦੋਂ ਮੁਰਾਦ ਬਲੋਚ, ਸਹਿਤੀ ਅਤੇ ਹੀਰ ਸਵੇਰ ਸਮੇਂ ਅਲੀ ਦੀ ਜੂਹ ਵਿਚ ਪਹੁੰਚੇ ਤਾਂ ਉਨ੍ਹਾਂ ਨੂੰ ਖੇੜਿਆਂ ਦੀ ਵਾਹਰ ਨੇ ਘੇਰਾ ਪਾ ਲਿਆ। ਦੋਵਾਂ ਪਾਸਿਆਂ ਨੇ ਇਕ ਦੂਜੇ ਦਾ ਡਟ ਕੇ ਮੁਕਾਬਲਾ ਕੀਤਾ। ਕਈ ਬੰਦੇ ਜ਼ਖਮੀ ਵੀ ਹੋਏ, ਪਰ ਸਮੇਂ ਸਿਰ ਕੋਟ ਕਬੂਲੇ ਦੇ ਹਾਕਮ ਨੂੰ ਪਤਾ ਲੱਗ ਜਾਣ ਕਰਕੇ ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਕੋਟ ਕਬੂਲੇ ਦੀ ਸਥਿਤੀ ਬਿਆਨ ਕਰਦਿਆਂ ਸੱਯਦ ਤਾਲਿਬ ਬੁਖਾਰੀ ਲਿਖਦਾ ਹੈ: "ਇਹ ਆਰਿਫ ਵਾਲਾ ਤੋਂ ਅੱਠ ਕਿਲੋਮੀਟਰ ਦੱਖਣ ਵੱਲ ਸੂਬਾ ਦੀਪਾਲਪੁਰ ਵਿਖੇ ਸਥਿਤ ਸੀ। ਪਹਿਲਾਂ ਇਸ ਦਾ ਨਾਂ ਗੜ੍ਹ ਕਿਕਰੀ ਸੀ। ਜਦੋਂ ਕਬੂਲ ਖਾਂ ਦੀਪਾਲਪੁਰ ਦਾ ਸੂਬੇਦਾਰ ਬਣਿਆ, ਉਸ ਸਮੇਂ ਪੰਜਾਬ ਦੇ ਤਿੰਨ ਸੂਬੇ ਲਾਹੌਰ, ਮੁਲਤਾਨ ਅਤੇ ਦੀਪਾਲਪੁਰ ਸਨ।"

ਕੋਟ ਕਬੂਲਾ ਉਹ ਸ਼ਹਿਰ ਹੈ ਜਿਥੇ ਅਦਲੀ ਰਾਜੇ ਅਬੁਲ ਫਤਹਿ ਨੇ ਹੀਰ ਨੂੰ ਰਾਂਝੇ ਦੇ ਲੜ ਲਾਇਆ ਸੀ। ਸੱਯਦ ਵਾਰਿਸ ਸ਼ਾਹ ਦੀ ਲਿਖੀ ਹੀਰ ਦਾ ਲੇਖਾ-ਜੋਖਾ ਕਰਦਿਆਂ ਹਮੀਦੁੱਲਾ ਸ਼ਾਹ ਹਾਸ਼ਮੀ ਲਿਖਦਾ ਹੈ: "ਸ਼ੇਰ ਸ਼ਾਹ ਸੂਰੀ ਦੇ ਸਮੇਂ ਦੇ ਨੇੜੇ ਤੇੜੇ ਪੰਜਾਬ ਦੀ ਇਕ ਰਿਆਸਤ ਦਾ ਨਾਂ ਕੋਟ ਕਬੂਲਾ ਸੀ ਜਿਹੜੀ ਸਾਹੀਵਾਲ ਦੇ ਕਸਬਾ ਆਰਿਫ ਵਾਲਾ ਤੋਂ ਦੱਖਣ ਵੱਲ ਨੌਂ ਮੀਲ ਦੇ ਫਾਸਲੇ ਉਤੇ ਸੀ। ਇਹ ਤਕੜੀ ਰਿਆਸਤ ਸੀ ਜਿਹੜੀ ਹੁਣ ਥੇਹ ਹੋ ਚੁੱਕੀ ਹੈ। ਇਸ ਰਿਆਸਤ ਦਾ ਰਾਜਾ ਅਬੁਲ ਫਤਹਿ ਆਪਣੀ ਨੇਕਨੀਤੀ ਅਤੇ ਇਨਸਾਫਪਸੰਦ ਹੋਣ ਕਰਕੇ ਅਦਲੀ ਰਾਜਾ ਅਖਵਾਉਂਦਾ ਸੀ। ਕੋਟ ਕਬੂਲਾ ਤਖਤ ਹਜ਼ਾਰੇ ਤੋਂ 110 ਮੀਲ ਦੀ ਦੂਰੀ ਉਤੇ ਆਬਾਦ ਸੀ।

ਹਾਮਦ ਸ਼ਾਹ ਅੱਬਾਸੀ ਨੇ 1220 ਹਿਜਰੀ ਵਿਚ ਹੀਰ ਰਾਂਝੇ ਦਾ ਕਿੱਸਾ ਲਿਖਿਆ। ਉਹ ਆਖਦਾ ਹੈ ਕਿ ਉਸ ਸਮੇਂ ਝੰਗ ਅਤੇ ਤਖਤ ਹਜ਼ਾਰਾ ਮੁਲਤਾਨ ਸੂਬੇ ਦੇ ਅਧੀਨ ਸਨ ਅਤੇ ਮੁਲਤਾਨ ਵੱਲੋਂ ਕੋਟ ਕਬੂਲੇ ਵਿਚ ਅਬੁਲ ਫਤਹਿ ਨੂੰ ਨਾਇਬ ਸੂਬੇਦਾਰ ਨਿਯੁਕਤ ਕੀਤਾ ਹੋਇਆ ਸੀ।

ਕੋਟ ਕਬੂਲਾ ਬਾਰੇ ਇਤਿਹਾਸਕਾਰ ਲਿਖਦੇ ਹਨ ਕਿ ਜਦੋਂ ਸੁਲਤਾਨ ਮਹਿਮੂਦ ਗ਼ਜ਼ਨਵੀ ਨੇ ਮੁਲਤਾਨ ਉਤੇ ਹਮਲਾ ਕਰਕੇ ਉਸ ਨੂੰ ਫਤਹਿ ਕੀਤਾ, ਉਸ ਸਮੇਂ ਕੋਟ ਕਬੂਲੇ ਦਾ ਇਲਾਕਾ ਨਿਰਾ ਜੰਗਲ ਸੀ। ਉਸ ਨੇ ਇਸ ਜੰਗਲ ਵਿਚ ਛੋਟਾ ਜਿਹਾ ਕਿਲ੍ਹਾ ਬਣਵਾਇਆ। ਗ਼ਿਆਸੂਦੀਨ ਤੁਗ਼ਲਕ ਨੇ ਆਪਣੇ ਰਾਜ ਸਮੇਂ ਕਬੂਲ ਖਾਂ ਨੂੰ ਇਥੇ ਸ਼ਹਿਰ ਵਸਾਉਣ ਦਾ ਹੁਕਮ ਦਿੱਤਾ। ਕਬੂਲ ਖਾਂ ਨੇ ਆਪਣੇ ਹੱਥੀਂ ਇਸ ਬਸਤੀ ਦੀ ਨੀਂਹ ਰੱਖੀ ਅਤੇ ਸ਼ਹਿਰ ਵਸਾਇਆ। ਸ਼ੁਰੂ ਵਿਚ ਇਥੇ ਢੱਡੀ ਰਾਜਪੂਤਾਂ ਦੀ ਵਸੋਂ ਸੀ। ਅਕਬਰ ਸਮੇਂ ਇਹ ਸ਼ਹਿਰ ਕਾਜ਼ੀ ਖੈਰੁੱਦੀਨ ਨੂੰ ਜਗੀਰ ਵਜੋਂ ਦੇ ਦਿੱਤਾ ਗਿਆ ਸੀ।

ਮੁਰਾਦ ਬਲੋਚ ਅਤੇ ਖੇੜੇ ਗ੍ਰਿਫਤਾਰ ਕਰਕੇ ਅਦਲੀ ਰਾਜੇ ਦੇ ਸਾਹਮਣੇ ਪੇਸ਼ ਕੀਤੇ ਗਏ। ਰਾਜੇ ਨੇ ਆਪਣੀ ਬੁੱਢੀ ਉਮਰ ਕਾਰਨ 27 ਜ਼ਿਲ-ਹਿੱਜਾ ਸੰਨ 883 ਹਿਜਰੀ ਨੂੰ ਇਸ ਮਹੱਤਵਪੂਰਨ ਝਗੜੇ ਦਾ ਫੈਸਲਾ ਕਰਨ ਲਈ ਕਾਜ਼ੀ ਖੈਰੁੱਦੀਨ ਦੇ ਹਵਾਲੇ ਕਰ ਦਿੱਤਾ। ਚਨਿਓਟ ਦੇ ਕਾਜ਼ੀ ਨੂਰ-ਉਦ-ਦੀਨ ਨੇ ਫੈਸਲਾ ਖੇੜਿਆਂ ਦੇ ਹੱਕ ਵਿਚ ਕਰਨ ਲਈ ਆਪਣੇ ਭਣਵੱਈਏ ਕਾਜ਼ੀ ਖੈਰੁੱਦੀਨ ਨੂੰ ਚਿੱਠੀ ਭੇਜੀ। ਉਸ ਦੀ ਫਰਮਾਇਸ਼ ਦਾ ਧਿਆਨ ਕਰਦਿਆਂ ਕਾਜ਼ੀ ਖੈਰੁੱਦੀਨ ਨੇ ਹੀਰ ਦਾ ਕੋਈ ਬਿਆਨ ਨਾ ਲਿਆ ਅਤੇ ਕਾਜ਼ੀ ਨੂਰ-ਉਦ-ਦੀਨ ਦੇ ਫਤਵੇ ਨੂੰ ਠੀਕ ਆਖਦਿਆਂ ਹੀਰ ਖੇੜਿਆਂ ਦੇ ਹਵਾਲੇ ਕਰ ਦਿੱਤੀ।

ਮੁਰਾਦ ਬਲੋਚ ਦੀ ਖੇੜਿਆਂ ਨਾਲ ਹੋਈ ਲੜਾਈ ਦੀ ਖਬਰ ਜਦੋਂ ਰਾਂਝਿਆਂ, ਢੱਡੀਆਂ ਅਤੇ ਬਲੋਚਾਂ ਤਕ ਪਹੁੰਚੀ ਤਾਂ ਉਨ੍ਹਾਂ ਨੇ ਤੁਰੰਤ ਘੋੜਿਆਂ ਉਤੇ ਕਾਠੀਆਂ ਪਾ ਲਈਆਂ। ਰਾਂਝਿਆਂ ਦੀ ਕਮਾਨ ਰਾਂਝੇ ਦੀ ਭਰਜਾਈ ਨੀਗਾ ਖਾਤੂਨ ਕਰ ਰਹੀ ਸੀ ਜਿਹੜੀ ਢੱਡੀਆਂ ਕਬੀਲੇ ਦੀ ਧੀ ਸੀ। ਜਦੋਂ ਖੇੜੇ ਹੀਰ ਨੂੰ ਲੈ ਕੇ ਰੰਗਪੁਰ ਵੱਲ ਜਾ ਰਹੇ ਸਨ ਤਾਂ ਰਾਹ ਵਿਚ ਉਨ੍ਹਾਂ ਨੂੰ ਇਨ੍ਹਾਂ ਕਬੀਲਿਆਂ ਦੇ ਜਵਾਨਾਂ ਨੇ ਘੇਰ ਲਿਆ ਅਤੇ ਘਮਸਾਣ ਦੀ ਲੜਾਈ ਪਿੱਛੋਂ ਹੀਰ ਨੂੰ ਖੇੜਿਆਂ ਕੋਲੋਂ ਖੋਹ ਲਿਆ। ਲੜਾਈ ਦੀ ਖਬਰ ਫਿਰ ਕੋਟ ਕਬੂਲੇ ਦੇ ਹਾਕਮ ਅਬੁਲ ਫਤਹਿ ਕੋਲ ਪਹੁੰਚ ਗਈ ਅਤੇ ਇਨ੍ਹਾਂ ਸਾਰਿਆਂ ਨੂੰ ਗ੍ਰਿਫਤਾਰ ਕਰਕੇ ਕੋਟ ਕਬੂਲੇ ਦੇ ਹਾਕਮ ਸਾਹਮਣੇ ਪੇਸ਼ ਕੀਤਾ ਗਿਆ। ਮੁਰਾਦ ਬਲੋਚ ਨੇ ਕਾਜ਼ੀ ਨੂਰ-ਉਦ-ਦੀਨ ਦੇ ਪੱਖਪਾਤੀ ਫੈਸਲੇ ਖਿਲਾਫ ਰਾਜੇ ਕੋਲ ਅਪੀਲ ਦਾਇਰ ਕਰ ਦਿੱਤੀ। ਫਿਰ ਰਾਜੇ ਨੇ ਕੋਟ ਕਬੂਲੇ ਦੇ ਮੁੱਖ ਕਾਜ਼ੀ ਸ਼ਫੀਉਦੀਨ ਨੂੰ ਅਪੀਲ ਦਾ ਫੈਸਲਾ ਕਰਨ ਵਾਸਤੇ ਨਿਯੁਕਤ ਕਰ ਦਿੱਤਾ। ਕਾਜ਼ੀ ਨੇ ਹੀਰ ਤੇ ਰਾਂਝੇ ਦੇ ਬਿਆਨਾਂ, ਮੁਰਾਦ ਬਲੋਚ ਤੇ ਸਹਿਤੀ ਦੀਆਂ ਗਵਾਹੀਆਂ ਸੁਣਨ ਤੋਂ ਬਾਅਦ ਉਨ੍ਹਾਂ ਵੱਲੋਂ ਦਿੱਤੇ ਬਿਆਨਾਂ ਨੂੰ ਸਹੀ ਮੰਨਦਿਆਂ ਕਾਜ਼ੀ ਨੂਰ-ਉਦ-ਦੀਨ ਦੇ ਦਿੱਤੇ ਫੈਸਲੇ ਨੂੰ ਖਾਰਜ ਕਰਕੇ ਹੀਰ ਨੂੰ ਰਾਂਝੇ ਦੇ ਹਵਾਲੇ ਕਰ ਦਿੱਤਾ। ਇਹ ਫੈਸਲਾ 7 ਮੁਹੱਰਮ 884 ਹਿਜਰੀ ਨੂੰ ਹੋਇਆ।

### ਅਦਾਲਤ ਦਾ ਫੈਸਲਾ

ਕੋਟ ਕਬੂਲੇ ਦੇ ਮੁੱਖ ਕਾਜ਼ੀ ਸ਼ਫੀਉਦੀਨ ਨੇ ਦੋਵਾਂ ਧਿਰਾਂ ਦੇ ਬਿਆਨ ਲੈਣ ਤੋਂ ਬਾਅਦ ਫੈਸਲਾ ਕੀਤਾ। ਫੈਸਲੇ ਵਿਚ ਲਿਖਿਆ ਗਿਆ ਹੈ ਕਿ "ਸਾਡੇ ਸਾਹਮਣੇ ਅਜੀਬ ਮੁਕੱਦਮਾ ਆਇਆ ਹੈ ਜਿਹੜਾ ਅੱਜ ਤੋਂ ਪਹਿਲਾਂ ਦੇਖਣ ਵਿਚ ਨਹੀਂ ਆਇਆ। ਫਰੀਕੀਨ (ਦੋਵੇਂ ਧਿਰਾਂ) ਬਾਇਜ਼ਤ ਖਾਨਦਾਨਾਂ ਦੇ ਅਫਰਾਦ ਨੇ। ਇਕ ਲੜਕੀ ਜਿਸ ਦਾ ਨਾਂ ਹੀਰ ਸਿਆਲ ਹੈ, ਉਸ ਦੇ ਦੋ ਖਾਵੰਦ ਦਾਅਵੇਦਾਰ ਨੇ। ਮਾਤਹਿਤ (ਛੋਟੀ) ਅਦਾਲਤ ਦੇ ਕਾਜ਼ੀ ਖੈਰੁੱਦੀਨ ਨੇ ਇਸ ਮੁਕੱਦਮੇ ਦਾ ਫੈਸਲਾ ਮੱਦਿਆਨ ਸੈਦੇ ਖਾਂ ਖੇੜਾ ਦੇ ਹੱਕ ਵਿਚ ਅਤੇ ਮਸਮੀ ਧੀਦੋ ਖਾਂ ਜੋਗੀ ਦੇ ਖਿਲਾਫ ਕਰ ਦਿੱਤਾ ਸੀ। ਇਸ ਫੈਸਲੇ ਦੇ ਖਿਲਾਫ ਧੀਦੋ ਖਾਂ ਜੋਗੀ ਦੀ ਤਰਫੋਂ ਮੁਰਾਦ ਬਲੋਚ ਨੇ ਅਦਾਲਤੇ ਆਲੀਆ ਕੋਟ ਕਬੂਲਾ ਵਿਚ ਕਾਜ਼ੀ ਨੂਰ-ਉਦ-ਦੀਨ ਦੇ ਫੈਸਲੇ ਖਿਲਾਫ ਅਪੀਲ ਦਾਇਰ ਕਰ ਦਿੱਤੀ ਏ।

ਮੁੱਦਈ ਸੈਦੇ ਖਾਂ ਨੇ ਆਪਣੇ ਦੀਵਾਨ ਮੂਲ ਰਾਜ ਨੂੰ ਆਪਣੇ ਮੁਕੱਦਮੇ ਦੀ ਪੈਰਵੀ ਵਾਸਤੇ ਨਿਯੁਕਤ ਕੀਤਾ ਏ ਜਿਹੜਾ ਕਬੂਲ ਕਰ ਲਿਆ ਗਿਆ ਏ, ਕਿਉਂ ਜੋ ਸੈਦੇ ਖਾਂ ਫੱਟੜ ਏ, ਉਹ ਅਦਾਲਤ ਵਿਚ ਹਾਜ਼ਰ ਤਾਂ ਏ, ਪਰ ਪੈਰਵੀ ਦੇ ਕਾਬਲ ਨਹੀਂ।

ਕਾਜ਼ੀ ਖੈਰੁੱਦੀਨ ਨੇ ਇਸ ਮੁਕੱਮੇ ਦਾ ਫੈਸਲਾ ਬਾਹੱਕ ਮੁੱਦਈ ਇਸ ਬਿਨਾਹ 'ਤੇ ਕਰ ਦਿੱਤਾ ਏ ਕਿ ਹੀਰ ਦਾ ਬਚਪਨ ਵਿਚ ਧੀਦੋ ਖਾਂ ਰਾਂਝੇ ਪੁੱਤਰ ਮੌਜਦਾਰ ਖਾਂ ਰਾਂਝਾ ਸਕਨਾ ਤਖਤ ਹਜ਼ਾਰਾ ਨਾਲ ਜਿਹੜਾ ਨਿਕਾਹ ਹੋਇਆ ਸੀ, ਉਹ ਚਨਿਓਟ ਦੇ ਕਾਜ਼ੀ ਨੂਰ-ਉਦ-ਦੀਨ ਦੇ ਫਤਵੇ ਅਨੁਸਾਰ ਗ਼ੈਰ ਮੁਅੱਸਰ ਸਾਬਤ ਹੋਇਆ ਏ। ਹੀਰ ਦਾ ਨਿਕਾਹ ਸਾਨੀ ਸੈਦੇ ਖੇੜੇ ਨਾਲ ਜਾਇਜ਼ ਏ ਤੇ ਉਹੋ ਹੀ ਹੀਰ ਦਾ ਅਸਲ ਖਾਵੰਦ ਏ। ਕਾਜ਼ੀ ਨੂਰ-ਉਦ-ਦੀਨ ਨੇ ਨਾ ਤੇ ਮਦਆਲੀਆ ਦਾ ਬਿਆਨ ਲਿਆ ਏ ਅਤੇ ਨਾ ਹੀ ਹੀਰ ਦਾ। ਉਸ ਨੇ ਸਿਰਫ ਕਾਜ਼ੀ ਨੂਰ-ਉਦ-ਦੀਨ ਦੇ ਫਤਵੇ ਨੂੰ ਸ਼ਰਫੇ ਕਬੂਲੀਅਤ ਬਖਸ਼ਿਆ ਏ। ਅਦਾਲਤ ਦੇ ਖਿਆਲ ਮੁਤਾਬਿਕ ਇਹ ਇਕਤਰਫਾ ਫੈਸਲਾ ਏ। ਇਹ ਫੈਸਲਾ ਕਾਜ਼ੀ ਅਨੁਸਾਰ ਸ਼ਰੀਅਤ-ਏ-ਇਸਲਾਮੀ ਦੇ ਅਨੁਸਾਰ ਕੀਤਾ ਗਿਆ ਏ ਜਿਹੜਾ ਉਕਾ ਹੀ ਗ਼ਲਤ ਏ। ਮਨਕੂਹਾ ਨੇ ਬਿਆਨ ਦਿੱਤਾ ਏ ਕਿ ਉਹਦਾ ਬਚਪਨ ਵਿਚ ਧੀਦੋ ਖਾਂ ਰਾਂਝੇ ਨਾਲ ਕੋਟਲੀ ਬਾਕਰ ਵਿਚ ਉਹਦੇ ਮਰਹੂਮ ਬਾਪ ਦੇ ਹੁੰਦਿਆਂ ਝੰਗ ਦੇ ਕਾਜ਼ੀ ਸ਼ਮਸ਼ੁੱਦੀਨ ਨੇ ਨਿਕਾਹ ਪੜ੍ਹਿਆ ਸੀ ਜਿਹੜਾ ਗਵਾਹਾਂ ਅਤੇ ਜਨਮ ਪੱਤਰੀਆਂ ਮੁਤਾਬਿਕ ਦਰੁਸਤ ਏ। ਹੀਰ ਦਾ ਬਿਆਨ ਏ ਕਿ ਉਸ ਨੇ ਹਰ ਮੁਮਕਿਨ ਕੋਸ਼ਿਸ਼ ਕੀਤੀ ਕਿ ਨਿਕਾਹ ਸਾਨੀ ਨਾ ਕਰਿਆ ਜਾਵੇ ਕਿਉਂ ਜੋ ਉਹ ਧੀਦੋ ਖਾਂ ਨੂੰ ਆਪਣਾ ਜਾਇਜ਼ ਖਾਵੰਦ ਸਮਝਦੀ ਏ। ਹੀਰ ਦਾ ਮਾਮਾ ਕਾਦਰ ਖਾਂ ਖੇੜਾ ਚਾਹੁੰਦਾ ਸੀ ਕਿ ਹੀਰ ਦਾ ਨਿਕਾਹ ਕਿਸੇ ਤੌਰ ਗ਼ੈਰ ਮੁਅੱਸਰ ਕਰਵਾ ਕੇ ਸੈਦੇ ਖਾਂ ਖੇੜੇ ਨਾਲ ਦੁਬਾਰਾ ਕਰਵਾ ਦਿੱਤਾ ਜਾਵੇ। ਉਸ ਦੀ ਸਾਜ਼ਿਸ਼ ਵਿਚ ਚਨਿਓਟ ਦੇ ਕਾਜ਼ੀ ਨੂਰ-ਉਦ-ਦੀਨ ਨੇ ਸ਼ਿਰਕਤ ਕਰਕੇ ਫਤਵਾ ਜਾਰੀ ਕਰਵਾ ਲਿਆ। ਸੈਦੇ ਖਾਂ ਖੇੜੇ ਦੀ ਸਕੀ ਭੈਣ ਸ਼ਾਇਸਤਾ ਬਾਨੋ ਬਿਨਤ ਅਜਾਇਬ ਖਾਂ ਖੇੜਾ ਜੋਜ਼ਾ ਮੁਰਾਦ ਬਲੋਚ ਸਕਨਾ ਡੇਰਾ ਹੈਬਤ ਖਾਂ ਦਾ ਬਿਆਨ ਏ ਕਿ ਹੀਰ ਨੇ ਧੀਦੋ ਖਾਂ ਨੂੰ ਹੀ ਆਪਣਾ ਖਾਵੰਦ ਤਸਲੀਮ ਕਰੀ ਰੱਖਿਆ ਏ ਅਤੇ ਉਹ ਧੀਦੋ ਖਾਂ ਨਾਲ ਹੀ ਵਿਆਹ ਕਰਵਾਉਣਾ ਚਾਹੁੰਦੀ ਏ। ਮੁਰਾਦ ਬਲੋਚ ਦਾ ਬਿਆਨ ਸ਼ਾਇਸਤਾ ਦੇ ਬਿਆਨ ਦੀ ਤਾਈਦ ਕਰਦਾ ਏ। ਹੁਣ ਅਸੀਂ ਜੇ ਇਹ ਗਵਾਹੀਆਂ ਗ਼ਲਤ ਵੀ ਮੰਨ ਲਈਏ, ਤਦ ਵੀ ਹੀਰ ਨੂੰ ਇਸਲਾਮੀ ਸ਼ਰ੍ਹਾ ਅਨੁਸਾਰ ਇਹ ਹੱਕ ਹਾਸਿਲ ਏ ਕਿ ਉਹ ਜੀਹਨੂੰ ਵੀ ਪਸੰਦ ਕਰੇ, ਉਹੋ ਉਹਦਾ ਖਾਵੰਦ ਏ। ਇਸਲਾਮ ਜਬਰ ਦੇ ਹੱਕ ਵਿਚ ਨਹੀਂ। ਪਹਿਲਾ ਨਿਕਾਹ ਇਸ ਲਈ ਗ਼ੈਰ ਮੁਅੱਸਰ ਸੀ ਜੇ ਹੀਰ ਕਹਿੰਦੀ ਕਿ ਉਹ ਬਚਪਨ ਦੇ ਵਿਆਹ ਨੂੰ ਪਸੰਦ ਨਹੀਂ ਕਰਦੀ। ਹੀਰ ਸ਼ਰੱਈ ਤੌਰ 'ਤੇ ਧੀਦੋ ਖਾਂ ਦੀ ਮਨਕੂਹਾ ਏ। ਫਤਵਾ ਮਜ਼ਕੂਰਾ ਗ਼ੈਰ ਮੁਅੱਸਰ ਏ ਅਤੇ ਪਿਛਲਾ ਫੈਸਲਾ ਖਾਰਜ ਕੀਤਾ ਜਾਂਦਾ ਏ।

ਖੇੜਿਆਂ ਨੂੰ ਹਦਾਇਤ ਕੀਤੀ ਜਾਂਦੀ ਏ ਕਿ ਉਹ ਦੁਪਹਿਰ ਤੋਂ ਪਹਿਲਾਂ ਕੋਟ ਕਬੂਲੇ ਦੀ ਹੱਦ ਤੋਂ ਬਾਹਰ ਚਲੇ ਜਾਣ, ਵਰਨਾ ਇਨ੍ਹਾਂ ਨੂੰ ਹੁਕਮ ਅਦੂਲੀ ਦੀ ਬਿਨਾਹ 'ਤੇ ਸਜ਼ਾ ਦਿੱਤੀ ਜਾਵੇਗੀ। ਹੀਰ ਆਪਣੀ ਹਿਫਾਜ਼ਤ ਵਾਸਤੇ ਜਿੰਨੀ ਫੌਜ ਚਾਹੇ ਲੈ ਸਕਦੀ ਏ। ਉਹ ਜਿਥੇ ਜਾਣਾ ਚਾਹਵੇ, ਹਕੂਮਤ ਉਹਨੂੰ ਬਾਇਜ਼ਤ ਪਹੁੰਚਾਉਣ ਦੀ ਜ਼ਿੰਮੇਵਾਰ ਹੋਵੇਗੀ। ਫੈਸਲਾ ਦੋਵੇਂ ਫਰੀਕਾਂ (ਧਿਰਾਂ) ਨੂੰ ਸੁਣਾ ਕੇ ਫੈਸਲੇ ਦੀਆਂ ਕਾਪੀਆਂ ਦੇ ਦਿੱਤੀਆਂ ਗਈਆਂ ਨੇ ਅਤੇ ਉਨ੍ਹਾਂ ਦੇ ਦਸਤਖਤ ਲੈ ਲਏ ਗਏ ਨੇ।

ਦਸਤਖਤ ਮੁੱਖ ਕਾਜ਼ੀ ਸ਼ਫੀਉਦੀਨ (ਦੀਪਾਲਪੁਰ)

ਬਾਮਕਾਮ ਕੋਟਕਬੂਲਾ
7 ਮੁਹੱਰਮ ਅਲਹਰਾਮ 884
(ਅਦਾਲਤ ਦੀ ਮੋਹਰ)

***ਝੰਗ ਹਜ਼ਾਰਾਂ ਵਾਰ ਉਜੜਿਆ ਅਤੇ ਨਵੇਂ ਸਿਰੇ ਤੋਂ ਆਬਾਦ ਹੋਇਆ। ਇਤਿਹਾਸਕਾਰ ਲਿਖਦੇ ਹਨ ਕਿ ਹਜ਼ਰਤ ਈਸਾ ਤੋਂ ਦਸ ਹਜ਼ਾਰ ਸਾਲ ਪਹਿਲਾਂ ਝੰਗ ਆਬਾਦ ਸੀ। ਝੰਗ ਨੂੰ ਪਹਿਲਾਂ ਬਾਹਰੋਂ ਆਉਣ ਵਾਲੇ ਸਮੇਰਿਆਂ, ਬਾਬਲਾਂ ਅਤੇ ਦਰਾਵੜਾਂ ਨੇ ਲਤਾੜਿਆ ਅਤੇ ਫਿਰ ਅਰਬਾਂ, ਤੁਰਕਾਂ, ਪਠਾਣਾਂ, ਮੁਗ਼ਲਾਂ ਅਤੇ ਸਿੱਖਾਂ ਨੇ ਬੁਰੀ ਤਰ੍ਹਾਂ ਤਬਾਹ ਕੀਤਾ। ਤਰਮੋਂ ਪੱਤਣ ਇਨ੍ਹਾਂ ਸਾਰੇ ਹਮਲਾਵਰਾਂ ਦਾ ਗੜ੍ਹ ਹੁੰਦਾ ਸੀ। ਝੰਗ ਦਾ ਪਹਿਲਾ ਸਿਆਲ ਹਾਕਮ ਮੱਲ ਖਾਂ ਪੁੱਤਰ ਪੱਥਰ ਖਾਂ ਸੀ ਜਿਹੜਾ ਹੀਰ ਦੇ ਪਿਉ ਚੂਚਕ ਖਾਂ ਦਾ ਭਤੀਜਾ ਸੀ। ਝੰਗ ਦਾ ਆਖਰੀ ਅਠਾਰ੍ਹਵਾਂ ਸਿਆਲ ਹਾਕਮ ਅਹਿਮਦ ਖਾਂ ਪੁੱਤਰ ਕਬੀਰ ਖਾਂ ਸੀ। ਝੰਗ ਉਤੇ ਸਿਆਲਾਂ ਨੇ 1462 ਤੋਂ 1822 ਈਸਵੀ ਤਕ 360 ਸਾਲ ਰਾਜ ਕੀਤਾ। 1822 ਵਿਚ ਝੰਗ ਉਤੇ ਸਿੱਖਾਂ ਨੇ ਕਬਜ਼ਾ ਕਰ ਲਿਆ।***



*ਚਿੱਤਰਕਾਰ ਅਬਦੁਰ ਰਹਿਮਾਨ ਚੁਗਤਾਈ ਦਾ ਬਣਾਇਆ ਹੀਰ-ਰਾਂਝੇ ਦਾ ਚਿੱਤਰ*

## ਹੀਰ ਦੀ ਮੌਤ

ਅਦਲੀ ਰਾਜੇ ਵੱਲੋਂ ਰਾਂਝੇ ਦੇ ਹੱਕ ਵਿਚ ਫੈਸਲਾ ਦਿੱਤੇ ਜਾਣ ਤੋਂ ਬਾਅਦ ਰਾਂਝੇ ਦੀ ਭਰਜਾਈ ਨੀਗਾ ਦੇ ਛੋਟੇ ਭਰਾ ਰਾਓ ਖਾਂ ਢੱਡੀ ਨੇ ਰਾਂਝਾ, ਹੀਰ, ਮੁਰਾਦ ਬਲੋਚ ਅਤੇ ਹੋਰ ਸਾਰੇ ਸਾਥੀਆਂ ਨੂੰ ਕੁਝ ਦਿਨ ਲਈ ਆਪਣੇ ਕੋਲ ਆਰਾਮ ਕਰਨ ਦੀ ਦਾਅਵਤ ਦਿੱਤੀ। ਹੀਰ, ਸ਼ਾਇਸਤਾ ਤੇ ਨੀਗਾ ਨੂੰ ਜਨਾਨਖਾਨੇ ਵਿਚ ਠਹਿਰਾਇਆ ਗਿਆ ਅਤੇ ਮੁਰਾਦ ਬਲੋਚ ਨੂੰ ਦੀਵਾਨ ਖਾਨੇ ਵਿਚ ਰਹਿਣ ਲਈ ਥਾਂ ਦਿੱਤੀ ਗਈ। ਰਾਂਝਾ ਆਪਣੇ ਪੀਰ ਭਾਈ ਵਿਸ਼ਵਾਸ ਨਾਥ ਦੇ ਡੇਰੇ 'ਤੇ ਚਲਿਆ ਗਿਆ।

ਜਦੋਂ ਚਾਰ ਦਿਨ ਆਰਾਮ ਕਰਨ ਤੋਂ ਬਾਅਦ ਮੁਰਾਦ ਬਲੋਚ ਨੇ ਰਾਂਝੇ ਨੂੰ ਤਖਤ ਹਜ਼ਾਰੇ ਜਾਣ ਲਈ ਸੁਨੇਹਾ ਘੱਲਿਆ ਤਾਂ ਉਸ ਨੇ ਹੈਰਾਨੀ ਭਰਿਆ ਜਵਾਬ ਦਿੰਦਿਆਂ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ ਹੀਰ ਦੀ ਖਾਤਰ ਝੂਠ-ਮੂਠ ਦਾ ਜੋਗੀ ਬਣਿਆ ਸਾਂ, ਪਰ ਮੈਨੂੰ ਹੁਣ ਹੱਕ-ਸੱਚ ਦੀ ਪਛਾਣ ਹੋ ਗਈ ਹੈ ਅਤੇ ਬਾਕੀ ਰਹਿੰਦੀ ਜ਼ਿੰਦਗੀ ਜੋਗੀ ਦੀ ਹੈਸੀਅਤ ਵਿਚ ਹੀ ਗੁਜ਼ਾਰਨਾ ਚਾਹੁੰਦਾ ਹਾਂ। ਜੇ ਹੀਰ ਮੇਰੇ ਨਾਲ ਜੋਗਣ ਬਣ ਕੇ ਰਹਿਣਾ ਚਾਹੁੰਦੀ ਹੈ ਤਾਂ ਠੀਕ ਹੈ, ਨਹੀਂ ਤਾਂ ਉਹ ਜਿਥੇ ਜਾਣਾ ਚਾਹੇ, ਜਾ ਸਕਦੀ ਏ।"

ਮੁਰਾਦ ਬਲੋਚ ਲਿਖਦਾ ਹੈ ਕਿ ਰਾਂਝੇ ਵੱਲੋਂ ਟਕੇ ਵਰਗਾ ਜਵਾਬ ਸੁਣ ਕੇ ਮੇਰੀ ਤਾਂ ਜਾਨ ਹੀ ਨਿਕਲ ਗਈ। ਮੈਂ ਧੀਦੋ ਖਾਂ ਰਾਂਝੇ ਲਈ ਆਪਣੇ ਜਿਗਰੀ ਯਾਰਾਂ ਦੀ ਕੁਰਬਾਨੀ ਦੇ ਕੇ ਉਸ ਲਈ ਹੀਰ ਪ੍ਰਾਪਤ ਕੀਤੀ ਸੀ। ਜਦੋਂ ਇਹ ਗੱਲ ਹੀਰ ਤਕ ਅੱਪੜੀ ਤਾਂ ਉਹ ਵੁਜ਼ੂ ਕਰਕੇ ਨਮਾਜ਼ ਪੜ੍ਹਨ ਲੱਗ ਗਈ ਅਤੇ ਸਿਜਦੇ ਦੀ ਹਾਲਤ ਵਿਚ ਉਸ ਦਾ ਦਮ ਮੁਸਾਫਰ ਹੋ ਗਿਆ। ਹੀਰ ਦੀ ਮੌਤ ਦੀ ਖਬਰ ਸੁਣਦਿਆਂ ਹੀ ਧੀਦੋਂ ਖਾਂ ਰਾਂਝਾ ਵੀ ਜੋਗੀਆਂ ਦੇ ਡੇਰੇ ਵਿਖੇ ਪ੍ਰਾਣ ਤਿਆਗ ਗਿਆ।

ਇਹ ਅਜੀਬ ਮੌਤ ਸੀ। ਸਾਰੇ ਇਲਾਕੇ ਵਿਚ ਕੋਹਰਾਮ ਮੱਚ ਗਿਆ। ਕੋਟ ਕਬੂਲੇ ਦੇ ਦਰਬਾਰ ਤਕ ਵੀ ਇਹ ਖਬਰ ਪਹੁੰਚ ਗਈ। ਕੋਟ ਕਬੂਲੇ ਦੇ ਹਾਕਮ ਅਤੇ ਕਾਜ਼ੀਆਂ ਨੇ ਮਿਲ ਕੇ ਇਹ ਫੈਸਲਾ ਦਿੱਤਾ ਕਿ ਇਹ ਦੋਵੇਂ ਮੁਹੱਬਤ ਵਿਚ ਸ਼ਹੀਦ ਹੋਈਆਂ ਜਿੰਦਾਂ ਹਨ। ਇਨ੍ਹਾਂ ਨੂੰ ਕਫਨਾਉਣ ਦੀ ਜ਼ਰੂਰਤ ਨਹੀਂ। ਇਹ ਜਿਸ ਹਾਲਤ ਵਿਚ ਹਨ, ਉਸੇ ਹਾਲ ਵਿਚ ਇਨ੍ਹਾਂ ਨੂੰ ਇਕੋ ਤਾਬੂਤ ਵਿਚ ਪਾ ਕੇ ਜਿਥੇ ਵਾਰਸ ਠੀਕ ਸਮਝਣ, ਦਫਨਾ ਦਿੱਤਾ ਜਾਵੇ।

14 ਮੁਹੱਰਮ 884 ਹਿਜਰੀ ਨੂੰ ਸਾਰਿਆਂ ਦੀ ਸਲਾਹ ਨਾਲ ਦੋਵਾਂ ਨੂੰ ਇਕੋ ਤਾਬੂਤ ਵਿਚ ਪਾ ਕੇ ਤਖਤ ਹਜ਼ਾਰੇ ਦੇ ਕਬਰਸਤਾਨ ਵਿਚ ਦਫਨਾ ਦਿੱਤਾ ਗਿਆ। ਬਾਅਦ ਵਿਚ ਇਨ੍ਹਾਂ ਦੀ ਕਬਰ ਉਤੇ ਰਾਂਝੇ ਦੀ ਭਰਜਾਈ ਨੀਗਾ ਪਤਨੀ ਜ਼ਾਹਰ ਖਾਂ ਰਾਂਝਾ ਨੇ ਤਿੰਨ ਮੰਜ਼ਿਲਾ ਗੋਲ ਗੁੰਬਦ ਬਣਵਾਇਆ ਜਿਸ ਦੇ ਤਹਿਖਾਨੇ ਵਿਚ ਕਬਰ ਸੀ। ਵਿਚਕਾਰਲੀ ਮੰਜ਼ਿਲ ਵਿਚ ਮਸਜਿਦ ਅਤੇ ਉਪਰਲੀ ਮੰਜ਼ਿਲ ਵਿਚ ਕਿਤਾਬ ਘਰ ਸੀ। ਇਸ ਗੁੰਬਦ ਤੋਂ 50 ਗਜ਼ ਦੀ ਦੂਰੀ 'ਤੇ ਰਾਂਝੇ ਦੀਆਂ ਦੋ ਮਤਰੇਈਆਂ ਭੈਣਾਂ ਆਕਿਲਾ ਅਤੇ ਬਖਤਾਵਰੀ ਨੇ ਇਨ੍ਹਾਂ ਦੀ ਯਾਦ ਵਿਚ 'ਹੀਰ ਦਾ ਹਮਾਮ' ਬਣਵਾਇਆ। ਸੱਯਦ ਤਾਲਿਬ ਬੁਖਾਰੀ ਆਪਣੇ ਲੇਖ ਵਿਚ ਲਿਖਦਾ ਹੈ ਕਿ ਇਹ ਦੋਵੇਂ ਇਮਾਰਤਾਂ ਮੈਂ 1929 ਵਿਚ ਢੱਠੀਆਂ ਹੋਈਆਂ ਅੱਖੀਂ ਦੇਖੀਆਂ ਸਨ ਅਤੇ ਇਨ੍ਹਾਂ ਇਮਾਰਤਾਂ ਦੀਆਂ ਤਸਵੀਰਾਂ ਹੀਰ ਦੀ ਹਕੀਕਤ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਮੁਰਾਦ ਬਲੋਚ ਲਿਖਦਾ ਹੈ ਕਿ ਜਦੋਂ ਕਾਲਾ ਪਠਾਣਾਂ ਵਿਖੇ ਹੀਰ ਦੀ ਦੇਹ ਨੂੰ ਚੁੱਕਿਆ ਗਿਆ ਤਾਂ ਉਸ ਦੇ ਹੱਥ ਵਿਚ ਕਾਗ਼ਜ਼ ਦਾ ਟੁਕੜਾ ਸੀ ਜਿਸ ਉਤੇ ਲਿਖਿਆ ਹੋਇਆ ਸੀ, "ਮੁਰਾਦ ਭਰਾ, ਮੇਰੀ ਤਾਰੀਖ ਲਿਖੀਂ।" ਉਹ ਲਿਖਦਾ ਹੈ ਕਿ ਹੀਰ ਦੀ ਵਸੀਅਤ ਅਨੁਸਾਰ ਮੈਂ 15 ਸ਼ਵਾਲ 885 ਹਿਜਰੀ ਨੂੰ 'ਤਾਰੀਖ-ਏ-ਹੀਰ' ਲਿਖਣੀ ਸ਼ੁਰੂ ਕੀਤੀ ਅਤੇ 12 ਰਜਬ 886 ਨੂੰ ਤਖਤ ਹਜ਼ਾਰੇ ਜਾ ਕੇ ਰਾਂਝਿਆਂ ਨੂੰ ਸੁਣਾਈ।

### ਹੀਰ ਆਖਦੀ ਜੋਗੀਆ ਝੂਠ ਬੋਲੇਂ...

ਹੀਰ ਆਖਦੀ ਜੋਗੀਆ ਝੂਠ ਬੋਲੇਂ, ਕੌਣ ਰੁਠੜੇ ਯਾਰ ਮਨਾਂਵਦਾ ਈ।
ਐਸਾ ਕੋਈ ਨਾ ਮਿਲਿਆ ਵੇ ਮੈਂ ਢੂੰਡ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ।
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ, ਜਿਹੜਾ ਜੀਓ ਦਾ ਰੋਗ ਗੁਆਂਵਦਾ ਈ।
ਭਲਾ ਦਸ ਖਾਂ ਚਿਰੀਂ ਵਿਛੁੰਨਿਆਂ ਨੂੰ, ਕਦੋਂ ਰਬ ਸੱਚਾ ਘਰੀਂ ਲਿਆਂਵਦਾ ਈ।
ਇਕ ਬਾਜ਼ ਤੋਂ ਕਾਂਗ ਨੇ ਕੂੰਜ ਖੋਈ, ਵੇਖਾਂ ਚੁਪ ਹੈ ਕਿ ਕੁਰਲਾਂਵਦਾ ਈ।
ਦੁੱਖਾਂ ਵਾਲਿਆਂ ਨੂੰ ਗੱਲਾਂ ਸੁਖਦੀਆਂ ਨੇ, ਐਵੇਂ ਜੀਉੜਾ ਲੋਕ ਵਲਾਂਵਦਾ ਈ।
ਸਾਡਾ ਜੀਓ ਜਾਮਾ ਜਿਹੜਾ ਆਣ ਮੇਲੇ, ਸਿਰ ਸਦਕਾ ਓਸਦੇ ਨਾਮ ਦਾ ਈ।
ਭਲਾ ਮੋਏ ਤੇ ਵਿਛੜੇ ਕੌਣ ਮੇਲੇ? ਐਵੇਂ ਜੀਉੜਾ ਲੋਕ ਵਲਾਂਵਦਾ ਈ।
ਇਕ ਜੱਟ ਦੇ ਖੇਤ ਨੂੰ ਅੱਗ ਲੱਗੀ, ਵੇਖਾਂ ਆਣ ਕੇ ਕੌਣ ਬੁਝਾਂਵਦਾ ਈ।
ਦੇਵਾਂ ਚੂਰੀਆਂ ਘਿਓ ਦੇ ਬਾਲ ਦੀਵੇ, ਵਾਰਸ ਸ਼ਾਹ ਜੋ ਸੁਣਾ ਮੈਂ ਆਂਵਦਾ ਈ।

*-ਵਾਰਿਸ ਸ਼ਾਹ*

ਕਹਾਣੀ

# ਦੇਸ਼ ਵਾਪਸੀ

***ਪਰਵਾਸ ਆਪਣੇ ਨਾਲ ਕਈ ਔਕੜਾਂ ਵੀ ਲੈ ਕੇ ਆਉਂਦਾ ਹੈ। ਪਰਤਾਂ ਖੁੱਲ੍ਹਦੀਆਂ ਹਨ ਤਾਂ ਐਨ ਵੱਖਰੇ ਸੰਸਾਰ ਦੇ ਦਰਸ਼ਨ ਹੁੰਦੇ ਹਨ। ਲੇਖਕ ਨਰਿੰਦਰ ਸਿੰਘ ਢਿੱਲੋਂ ਨੇ ਆਪਣੀ ਕਹਾਣੀ 'ਦੇਸ਼ ਵਾਪਸੀ' ਵਿਚ ਵੱਖਰੇ ਵੱਖਰੇ ਮਾਹੌਲ ਅੰਦਰ ਰਿਸ਼ਤਿਆਂ ਦੀ ਟੁੱਟ-ਭੱਜ ਦੀ ਬਾਤ ਪਾਈ ਹੈ। ਇਸ ਵਿਚ ਹੋਰ ਨੁਕਤਿਆਂ ਦੇ ਨਾਲ ਨਾਲ ਪੀੜ੍ਹੀ-ਪਾੜਾ ਹੁੱਜਾਂ ਮਾਰ ਕੇ ਅਗਾਂਹ ਆਣ ਖਲੋਂਦਾ ਹੈ। -ਸੰਪਾਦਕ***

**ਨਰਿੰਦਰ ਸਿੰਘ ਢਿੱਲੋਂ**
**ਫੋਨ: 403-616-4032**

ਕਈ ਸਾਲਾਂ ਦੀ ਉਡੀਕ ਤੋਂ ਬਾਅਦ ਆਖਰ ਗੁਰਮੁਖ ਸਿੰਘ ਅਤੇ ਜਸਵੰਤ ਕੌਰ ਦਾ ਅਮਰੀਕਾ ਲਈ ਵੀਜ਼ਾ ਲੱਗ ਗਿਆ। ਉਨ੍ਹਾਂ ਦਾ ਇਕਲੌਤਾ ਲੜਕਾ ਸਰਵਣ ਜਿਉਂ ਵਿਆਹਿਆ, ਉਦੋਂ ਦਾ ਹੀ ਅਮਰੀਕਾ ਗਿਆ ਹੋਇਆ ਸੀ। ਅਮਰੀਕਾ ਜਾਣ ਦਾ ਚਾਅ ਦੋਹਾਂ ਕੋਲੋਂ ਚੁੱਕਿਆ ਨਹੀਂ ਸੀ ਜਾਂਦਾ। ਗਲੀ ਦੀ ਕੋਈ ਵੀ ਔਰਤ ਜਦ ਜਸਵੰਤ ਕੌਰ ਨੂੰ ਪੁੱਛਦੀ, "ਹਾਂ, ਜਸਵੰਤ ਕੋਰੇ ਜਾ ਰਹੀ ਏਂ ਨੂੰਹ-ਪੁੱਤ ਕੋਲ?" ਤਾਂ ਜਸਵੰਤ ਕੌਰ ਝੂਮਦੀ ਹੋਈ ਖੁਸ਼ੀ ਵਿਚ ਆਖਦੀ, "ਆਹੋ ਭੈਣ, ਮੇਰੀ ਤਾਂ ਧੀਆਂ ਵਰਗੀ ਨੂੰਹ ਏ, ਨਾਲੇ ਸਰਵਣ ਨੂੰ ਵੇਖਿਆਂ ਕਿੰਨੇ ਸਾਲ ਹੋ ਗਏ ਨੇ। ਐਥੇ ਤਾਂ ਮੈਂ ਠੀਕ ਨਹੀਂ ਰਹਿੰਦੀ, ਉਥੇ ਜਾ ਕੇ ਖਵਰੇ ਠੀਕ ਹੋ ਜਾਵਾਂ। ਨਾਲੇ ਪੱਕੀ ਪਕਾਈ ਤਾਂ ਖਾਵਾਂਗੀ, ਬੰਦੇ ਨੂੰ ਪਿਛਲੀ ਉਮਰੇ ਬੱਚਿਆਂ ਦਾ ਹੀ ਤਾਂ ਸਹਾਰਾ ਹੁੰਦੈ।"

ਜਸਵੰਤ ਕੌਰ ਨੇ ਨੂੰਹ ਰੋਜ਼ੀ ਦੀ ਪਸੰਦ ਪੁੱਛ ਕੇ 7-8 ਸੂਟ ਬਣਾ ਲਏ ਤੇ ਕੁਝ ਕੱਪੜੇ ਸਰਵਣ ਲਈ ਵੀ ਖਰੀਦ ਲਏ। ਜਦ ਦਿੱਲੀ ਹਵਾਈ ਅੱਡੇ 'ਤੇ ਜਾਣ ਲਈ ਕਿਰਾਏ 'ਤੇ ਕੀਤੀ ਨਵੀਂ ਗੱਡੀ ਆਈ ਤਾਂ ਗਲੀ ਦੇ ਕਈ ਲੋਕ ਲਲਚਾਈਆਂ ਨਜ਼ਰਾਂ ਨਾਲ ਵੇਖ ਕੇ ਸੋਚਦੇ ਸਨ ਕਿ ਕਾਸ਼! ਕਿਤੇ ਉਨ੍ਹਾਂ ਨੂੰ ਵੀ ਅਮਰੀਕਾ ਜਾਣ ਦਾ ਮੌਕਾ ਮਿਲੇ। ਗੁਰਮੁਖ ਸਿੰਘ ਅਤੇ ਜਸਵੰਤ ਕੌਰ ਹਵਾਈ ਅੱਡੇ 'ਤੇ ਪਹੁੰਚ ਕੇ ਅਮਰੀਕਾ ਲਈ ਜਹਾਜ 'ਤੇ ਚੜ੍ਹ ਗਏ।

ਅਮਰੀਕਾ ਹਵਾਈ ਅੱਡੇ 'ਤੇ ਕਾਗਜ਼ੀ ਕਾਰਵਾਈ ਪਿਛੋਂ ਉਨ੍ਹਾਂ ਆਪਣੇ ਅਟੈਚੀ ਟਰਾਲੀ 'ਤੇ ਰੱਖੇ ਅਤੇ ਦੋਵੇਂ ਹੌਲੀ ਹੌਲੀ ਦੂਜੀਆਂ ਸਵਾਰੀਆਂ ਦੇ ਮਗਰ ਮਗਰ ਬਾਹਰ ਨੂੰ ਆ ਗਏ। ਬਾਹਰ ਸਰਵਣ ਅਤੇ ਰੋਜ਼ੀ ਤੋਂ ਇਲਾਵਾ ਉਨ੍ਹਾਂ ਦੇ ਕੁੜਮ ਬਲਹਾਰ ਸਿੰਘ ਸਮੇਤ ਬਹੁਤ ਸਾਰੇ ਰਿਸ਼ਤੇਦਾਰ ਪਹੁੰਚੇ ਹੋਏ ਸਨ। ਸਾਰੇ ਰਿਸ਼ਤੇਦਾਰ ਉਨ੍ਹਾਂ ਨੂੰ ਚਾਈਂ ਚਾਈਂ ਮਿਲੇ ਤੇ ਜੀ ਆਇਆਂ ਕਿਹਾ। ਉਨ੍ਹਾਂ ਦਾ ਲੜਕਾ ਸਰਵਣ ਜਦ ਮਾਂ ਦੇ ਪੈਰੀਂ ਹੱਥ ਲਾ ਕੇ ਗਲੇ ਲੱਗ ਕੇ ਮਿਲਿਆ ਤਾਂ ਜਸਵੰਤ ਕੌਰ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਹੰਝੂ ਵਹਿ ਤੁਰੇ। "ਪੁੱਤ ਕਿੰਨੇ ਸਾਲਾਂ ਬਾਅਦ ਤੇਰਾ ਮੂੰਹ ਵੇਖਿਆ ਹੈ", ਕਹਿੰਦਿਆਂ ਉਹਨੇ ਸਰਵਣ ਦਾ ਮੱਥਾ ਚੁੰਮਿਆ।

"ਚਲ ਹੁਣ ਤੂੰ ਮੌਜ ਲੈ ਇਨ੍ਹਾਂ ਕੋਲ, ਕਾਹਨੂੰ ਐਥਰੂ ਸੁੱਟੀ ਜਾਂਦੀ ਏਂ।" ਗੁਰਮੁਖ ਸਿੰਘ ਨੇ ਕਿਹਾ। ਜਸਵੰਤ ਕੌਰ ਨੇ ਆਪਣੀ ਨੂੰਹ ਰੋਜ਼ੀ ਨੂੰ ਘੁੱਟ ਕੇ ਗਲਵੱਕੜੀ ਵਿਚ ਲਿਆ ਤੇ ਗੁਰਮੁਖ ਸਿੰਘ ਨੇ ਰੋਜ਼ੀ ਦੇ ਸਿਰ 'ਤੇ ਪਿਆਰ ਦਿਤਾ ਪਰ ਦੋਹਾਂ ਨੂੰ ਰੋਜ਼ੀ ਨਾਲ ਮਿਲਣੀ ਵਿਚੋਂ ਨਿੱਘ ਮਹਿਸੂਸ ਨਾ ਹੋਇਆ। ਸਾਰੇ ਘਰ ਪਹੁੰਚ ਗਏ। ਰੋਟੀ ਪਾਣੀ ਖਾ ਕੇ ਰਸਮੀ ਗੱਲਾਂ ਬਾਤਾਂ ਤੋਂ ਬਾਅਦ ਸੌਂ ਗਏ।

ਅਗਲੇ ਦਿਨ ਚਾਹ-ਪਾਣੀ ਪਿਛੋਂ ਜਸਵੰਤ ਕੌਰ ਨੇ ਰੋਜ਼ੀ ਨੂੰ ਕਿਹਾ, "ਪੁੱਤਰ ਅਟੈਚੀ ਖੋਲ੍ਹ ਤੇ ਵੇਖ ਮੈਂ ਤੇਰੇ ਲਈ ਕਿੰਨੇ ਸੋਹਣੇ ਸੂਟ ਲਿਆਂਦੇ ਨੇ।" ਰੋਜ਼ੀ ਨੇ ਕੋਈ ਉਤਸ਼ਾਹ ਨਾ ਵਿਖਾਇਆ। ਦੋ-ਤਿੰਨ ਦਿਨਾਂ ਪਿਛੋਂ ਰੋਜ਼ੀ ਨੇ ਚੁੱਪ ਚਪੀਤੇ ਸੂਟ ਤੇ ਹੋਰ ਸਮਾਨ ਸੰਭਾਲ ਲਿਆ। ਜਸਵੰਤ ਕੌਰ ਨੂੰ ਉਮੀਦ ਸੀ ਕਿ ਮਹਿੰਗੇ ਤੇ ਸੋਹਣੇ ਸੂਟ ਵੇਖ ਕੇ ਰੋਜ਼ੀ ਫੁੱਲੀ ਨਾ ਸਮਾਊ ਪਰ ਇੰਜ ਨਾ ਹੋਇਆ।

15-20 ਦਿਨ ਬੀਤ ਗਏ। ਮਿਲਣ ਵਾਲੇ ਰਿਸ਼ਤੇਦਾਰਾਂ ਦਾ ਆਉਣਾ ਜਾਣਾ ਘਟ ਗਿਆ। ਰੋਜ਼ੀ ਦਾ ਵਿਹਾਰ ਗੁਰਮੁਖ ਸਿੰਘ ਤੇ ਜਸਵੰਤ ਕੌਰ ਪ੍ਰਤੀ ਦਿਨ ਪ੍ਰਤੀ ਦਿਨ ਰੁੱਖਾ ਹੁੰਦਾ ਜਾ ਰਿਹਾ ਸੀ। ਉਹ ਇਨ੍ਹਾਂ ਦੋਹਾਂ ਨੂੰ ਬਹੁਤ ਘੱਟ ਬੁਲਾਉਂਦੀ ਤੇ ਨਾ ਹੀ ਉਨ੍ਹਾਂ ਕੋਲ ਬੈਠਦੀ। ਕਦੇ ਚਾਈਂ ਚਾਈਂ ਜਸਵੰਤ ਕੌਰ ਉਸ ਦੇ ਕੋਲ ਜਾ ਬੈਠਦੀ ਅਤੇ ਆਨੇ-ਬਹਾਨੇ ਗੱਲਾਂ ਬਾਤਾਂ ਕਰਨ ਲਗਦੀ ਤਾਂ ਰੋਜ਼ੀ ਕੰਮ ਦੇ ਬਹਾਨੇ ਉਠ ਕੇ ਇਧਰ ਉਧਰ ਚਲੀ ਜਾਂਦੀ। ਇਨ੍ਹਾਂ ਦੋਹਾਂ ਨੂੰ ਹੁਣ ਘਰ ਵਿਚ ਕੈਦ ਅਤੇ ਇਕੱਲਾਪਣ ਮਹਿਸੂਸ ਹੋਣ ਲੱਗ ਪਿਆ।

ਇਕ ਦਿਨ ਅਚਾਨਕ ਹੀ ਰੋਜ਼ੀ ਦੀ ਮੰਮੀ ਆ ਗਈ। ਉਸ ਨੇ ਦੋਹਾਂ ਨੂੰ ਮੁਰਝਾਏ ਚਿਹਰੇ ਲੈ ਕੇ ਕੁਰਸੀਆਂ 'ਤੇ ਬੈਠੇ ਵੇਖਿਆ। ਰੋਜ਼ੀ ਪਰਦੇ ਦੇ ਦੂਜੇ ਪਾਸੇ ਟੀ. ਵੀ. ਲਾ ਕੇ ਬੈਠੀ ਹੋਈ ਸੀ। ਰੋਜ਼ੀ ਦੀ ਮੰਮੀ ਜਸਵੰਤ ਕੌਰ ਕੋਲ ਬੈਠ ਕੇ ਗੱਲਾਂ ਕਰਨ ਲੱਗ ਪਈ। ਉਸ ਨੇ ਦੋ ਤਿੰਨ ਵਾਰ ਰੋਜ਼ੀ ਨੂੰ ਆਵਾਜ਼ ਮਾਰੀ ਪਰ ਉਹ ਨਾ ਆਈ। ਕੱਚਾ ਜਿਹਾ ਮੂੰਹ ਬਣਾ ਕੇ ਉਸ ਨੇ ਜਸਵੰਤ ਕੌਰ ਨੂੰ ਪੁੱਛਿਆ, "ਭੈਣ ਜੀ, ਕਿਹੋ ਜਿਹਾ ਲੱਗਾ ਅਮਰੀਕਾ?"

"ਬਹੁਤ ਸੋਹਣਾ ਹੈ ਭੈਣ ਜੀ", ਜਸਵੰਤ ਕੌਰ ਨੇ ਸੰਖੇਪ ਜਿਹਾ ਉਤਰ ਦਿੱਤਾ।

ਰੋਜ਼ੀ ਦੀ ਮੰਮੀ ਉਠ ਕੇ ਰੋਜ਼ੀ ਕੋਲ ਗਈ ਅਤੇ ਸਹਿਜੇ ਸਹਿਜੇ ਪੁੱਛਿਆ, "ਕੀ ਗੱਲ ਹੈ ਬੇਟਾ, ਮੈਂ ਤੈਨੂੰ ਦੋ-ਤਿੰਨ ਵਾਰ ਆਵਾਜ਼ ਮਾਰੀ, ਤੂੰ ਆਈ ਨਹੀਂ ਤੇ ਨਾ ਹੀ ਤੂੰ ਮੈਨੂੰ ਚਾਹ-ਪਾਣੀ ਪੁੱਛਿਆ? ਉਧਰ ਮੰਮੀ-ਪਾਪਾ ਬੈਠੇ ਹਨ, ਤੂੰ ਉਨ੍ਹਾਂ ਦੇ ਲਾਗੇ ਨਹੀਂ ਬੈਠ ਸਕਦੀ।" ਉਸ ਨੇ ਰੋਜ਼ੀ ਦੀ ਕਾਫੀ ਝਾੜ-ਝੰਬ ਕੀਤੀ ਜਿਸ ਦਾ ਕੁਝ ਹਿੱਸਾ ਗੁਰਮੁਖ ਸਿੰਘ ਅਤੇ ਜਸਵੰਤ ਕੌਰ ਦੇ ਕੰਨੀਂ ਵੀ ਪੈ ਗਿਆ ਪਰ ਰੋਜ਼ੀ ਮੱਥੇ 'ਤੇ ਤਿਓੜੀਆਂ ਪਾਈ ਬੈਠੀ ਰਹੀ ਤੇ ਟੱਸ ਤੋਂ ਮੱਸ ਨਾ ਹੋਈ।

ਦਿਨ ਬੀਤਦੇ ਗਏ। ਗੁਰਮੁਖ ਸਿੰਘ ਅਤੇ ਜਸਵੰਤ ਕੌਰ ਪ੍ਰੇਸ਼ਾਨ ਹੋ ਗਏ। ਅਮਰੀਕਾ ਆਉਣ ਵਾਲੇ ਉਨ੍ਹਾਂ ਦੇ ਖੁਸ਼ੀਆਂ ਦੇ ਮਹੱਲ ਢਹਿ ਢੇਰੀ ਹੋ ਗਏ। ਸਰਵਣ ਜਦ ਸ਼ਾਮ ਨੂੰ ਕੰਮ ਤੋਂ ਆਉਂਦਾ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਬੈਠ ਕੇ ਕੁਝ ਸਮਾਂ ਬਿਤਾਉਂਦਾ ਤੇ ਸਵੇਰੇ ਤੜਕੇ ਫਿਰ ਕੰਮ 'ਤੇ ਚਲਾ ਜਾਂਦਾ। ਰੋਜ਼ੀ ਸਵੇਰੇ 11 ਵਜੇ ਤਕ ਸੁੱਤੀ ਰਹਿੰਦੀ। ਜਸਵੰਤ ਕੌਰ ਚਾਹ ਬਣਾਉਂਦੀ ਤੇ ਹੌਲੀ ਹੌਲੀ ਆਵਾਜ਼ ਮਾਰ ਕੇ ਉਸ ਦੇ ਲਾਗੇ ਕੱਪ ਰੱਖ ਆਉਂਦੀ। ਬਹੁਤ ਵਾਰ ਘਰ ਵਿਚ ਕੋਈ ਦਾਲ-ਸਬਜ਼ੀ ਨਾ ਹੋਣ ਕਰਕੇ ਉਹ ਰੋਟੀ 'ਤੇ ਆਚਾਰ ਰੱਖ ਕੇ ਚਾਹ ਨਾਲ ਖਾ ਲੈਂਦੇ। ਉਹ ਸਰਵਣ ਨੂੰ ਕਦੇ ਇਹ ਮਹਿਸੂਸ ਨਾ ਹੋਣ ਦਿੰਦੇ ਕਿ ਰੋਜ਼ੀ ਉਨ੍ਹਾਂ ਦੀ ਦੇਖਭਾਲ ਨਹੀਂ ਕਰਦੀ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਕਰਕੇ ਸਰਵਣ ਅਤੇ ਰੋਜ਼ੀ ਵਿਚ ਕੋਈ ਝਗੜਾ ਹੋਵੇ। ਇਸ ਕਰਕੇ ਉਹ ਦਿਲ ਦੀ ਪੀੜ ਦਿਲ ਵਿਚ ਘੁੱਟੀ ਬੈਠੇ ਸਨ।

ਕਈ ਵਾਰ ਰੋਜ਼ੀ ਬਿਨਾ ਦਸਿਆਂ ਹੀ ਕਿਸੇ ਪਾਸੇ ਚਲੀ ਜਾਂਦੀ ਤੇ ਸ਼ਾਮੀਂ ਘਰ ਮੁੜਦੀ। ਗੁਰਮੁਖ ਸਿੰਘ ਅਤੇ ਜਸਵੰਤ ਕੌਰ ਉਡੀਕ ਉਡੀਕ ਕੇ ਅੰਤ ਰੁੱਖੀ ਮਿਸੀ ਖਾ ਲੈਂਦੇ ਤੇ ਆਪਣੇ ਬੈਡਰੂਮ ਵਿਚ ਚਲੇ ਜਾਂਦੇ। ਜੇ ਸ਼ਾਮ ਨੂੰ ਸਰਵਣ ਪੁੱਛਦਾ, "ਮੰਮੀ ਜੀ, ਰੋਟੀ ਖਾ ਲਈ ਹੈ?" ਤਾਂ ਉਹ ਆਖ ਦਿੰਦੀ, "ਹਾਂ ਪੁੱਤਰ, ਅਸੀਂ ਤਾਂ ਖਾ ਬੈਠੇ ਹਾਂ।"

ਇਕ ਦਿਨ ਗੁਰਮੁਖ ਸਿੰਘ ਨੇ ਸਰਵਣ ਅਤੇ ਰੋਜ਼ੀ ਨੂੰ ਆਪਣੇ ਬੈਡਰੂਮ ਵਿਚ ਝਗੜਦੇ ਸੁਣ ਲਿਆ। ਬੈਡਰੂਮ ਦਾ ਦਰਵਾਜ਼ਾ ਭਾਵੇਂ ਬੰਦ ਸੀ, ਫਿਰ ਵੀ ਕੁਝ ਆਵਾਜ਼ ਬਾਹਰ ਆ ਰਹੀ ਸੀ। ਰੋਜ਼ੀ ਕਹਿ ਰਹੀ ਸੀ, "ਮੇਰੇ ਕੋਲੋਂ ਨਹੀਂ ਪਕਦੀਆਂ ਰੋਟੀਆਂ, ਪਕਾ ਸਕਦੇ ਨੇ ਤਾਂ ਠੀਕ ਹੈ, ਨਹੀਂ ਤਾਂ ਜਿਥੋਂ ਆਏ ਨੇ, ਉਥੇ ਹੀ ਚਲੇ ਜਾਣ।...ਹੁਣ ਲਾਸ਼ਾਂ ਦੀ ਸੰਭਾਲ ਮੈਂ ਕਰਾਂ!"

ਇਹ ਸੁਣਦਿਆਂ ਗੁਰਮੁਖ ਸਿੰਘ ਦਾ ਦਿਲ ਫਟਣ ਨੂੰ ਆ ਗਿਆ। ਉਸ ਨੇ ਸਾਰੀ ਗੱਲ ਜਸਵੰਤ ਕੌਰ ਨੂੰ ਦੱਸੀ। ਕੁਝ ਦਿਨਾਂ ਬਾਅਦ ਫਿਰ ਰੋਜ਼ੀ ਸਰਵਣ ਨੂੰ ਕਹਿੰਦੀ ਸੁਣੀ ਕਿ ਤੇਰੇ ਕੁਝ ਲਗਦੇ ਹੋਣਗੇ, ਮੇਰੇ ਕੁਝ ਨਹੀਂ ਲਗਦੇ। ਸਰਵਣ ਵੀ ਰੋਜ਼ੀ ਦੇ ਵਤੀਰੇ ਤੋਂ ਹੈਰਾਨ ਸੀ ਤੇ ਉਹ ਹੌਲੀ ਹੌਲੀ ਰੋਜ਼ੀ ਨੂੰ ਸਮਝਾਉਣ ਦਾ ਯਤਨ ਕਰ ਰਿਹਾ ਸੀ। ਜਿਉਂ ਜਿਉਂ ਉਹ ਸਮਝਾਉਂਦਾ, ਰੋਜ਼ੀ ਹੋਰ ਉਚੀ ਉਚੀ ਬੋਲਦੀ।

ਰੋਜ਼ੀ ਦੀ ਮੰਮੀ ਨੇ ਘਰ ਜਾ ਕੇ ਉਸ ਦੇ ਡੈਡੀ ਬਲਹਾਰ ਸਿੰਘ ਨੂੰ ਸਾਰੀ ਗੱਲ ਦੱਸੀ। ਰੋਜ਼ੀ ਦੇ ਮਾੜੇ ਵਤੀਰੇ 'ਤੇ ਦੋਵੇਂ ਬੜੇ ਦੁਖੀ ਹੋਏ। ਉਨ੍ਹਾਂ ਅਗਲੇ ਦਿਨ ਰੋਜ਼ੀ ਨੂੰ ਘਰ ਬੁਲਾ ਕੇ ਸਮਝਾਇਆ, "ਦੇਖ ਬੇਟਾ, ਹੁਣ ਤੂੰ ਸਾਡੇ ਬੇਸ਼ਕ ਨਾ ਆ, ਤੈਨੂੰ ਸੱਸ-ਸਹੁਰੇ ਦੀ ਸੇਵਾ ਦਾ ਪੂਰਾ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਤੈਨੂੰ ਕਦੇ ਨੂੰਹ ਸਮਝਿਆ ਹੀ ਨਹੀਂ, ਧੀ ਸਮਝਦੇ ਨੇ ਤੇ ਤੇਰਾ ਪੂਰਾ ਮਾਣ ਸਤਿਕਾਰ ਕਰਦੇ ਨੇ। ਤੂੰ ਵੀ ਤਾਂ ਧੀ ਬਣ ਕੇ ਦੱਸ। ਉਨ੍ਹਾਂ ਦੇ ਖਾਣ-ਪੀਣ ਅਤੇ ਰਹਿਣ-ਸਹਿਣ ਦਾ ਤੂੰ ਖਿਆਲ ਨਹੀਂ ਰਖੇਂਗੀ ਤਾਂ ਕੌਣ ਰੱਖੂ?"

ਰੋਜ਼ੀ ਸਿਰ ਹੇਠਾਂ ਕਰ ਕੇ ਸੁਣਦੀ ਰਹੀ। ਬਲਹਾਰ ਸਿੰਘ ਨੇ ਫਿਰ ਕਿਹਾ, "ਤੂੰ ਵੇਖਦੀ ਨਹੀਂ, ਕਿਵੇਂ ਤੇਰੀ ਭਰਜਾਈ ਦਿਨ ਰਾਤ ਸਾਡੀ ਸੇਵਾ ਕਰਦੀ ਹੈ ਤੇ ਹਰ ਇਕ ਦਾ ਖਿਆਲ ਰਖਦੀ ਹੈ। ਸਾਨੂੰ ਨਿੱਛ ਵੀ ਆਵੇ ਤਾਂ ਭੱਜੀ ਆਉਂਦੀ ਹੈ। ਤੈਨੂੰ ਕੀ ਗੱਲ ਹੈ? ਜੇ ਤੇਰੀ ਕੋਈ ਸਮੱਸਿਆ ਹੈ ਤਾਂ ਦੱਸ। ਮੈਂ ਇਕ-ਦੋ ਦਿਨਾਂ ਤਕ ਤੇਰੇ ਘਰ ਆਊਂ।" ਰੋਜ਼ੀ ਕੁਝ ਨਹੀਂ ਬੋਲੀ ਤੇ ਉਠ ਕੇ ਆ ਗਈ।

ਰੋਜ਼ੀ ਦੇ ਵਤੀਰੇ ਵਿਚ ਕੋਈ ਫਰਕ ਨਾ ਪਿਆ। ਗੁਰਮੁਖ ਸਿੰਘ ਅਤੇ ਜਸਵੰਤ ਕੌਰ ਨੇ ਵੀ ਮਨ ਬਣਾ ਲਿਆ ਕਿ ਏਨੀ ਬੇਕਦਰੀ ਨਾਲੋਂ ਉਹ ਵਾਪਸ ਇੰਡੀਆ ਚਲੇ ਜਾਣਗੇ। ਗੁਰਮੁਖ ਸਿੰਘ ਕੋਲ ਕੁਝ ਡਾਲਰ ਸਨ ਜੋ ਕਦੇ ਕਦੇ ਸਰਵਣ ਉਸ ਨੂੰ ਦਿੰਦਾ ਰਹਿੰਦਾ ਸੀ। ਟਿਕਟਾਂ ਲੈਣ ਲਈ ਹੋਰ ਪੈਸਿਆਂ ਦੀ ਲੋੜ ਸੀ। ਉਨ੍ਹਾਂ ਦੋਹਾਂ ਨੇ ਸੈਰ ਕਰਨ ਅਤੇ ਸਮਾਂ ਬਿਤਾਉਣ ਲਈ ਪਾਰਕ ਵਿਚ ਜਾਣਾ ਸ਼ੁਰੂ ਕਰ ਦਿਤਾ। ਉਥੇ ਕਿਸੇ ਬਜ਼ੁਰਗ ਨਾਲ ਮੇਲ ਹੋਇਆ ਜਿਸ ਦੇ ਲੜਕੇ ਦੀ ਕਲੀਨਿੰਗ ਕੰਪਨੀ ਸੀ। ਸਰਵਣ ਨੂੰ ਭਰੋਸੇ ਵਿਚ ਲੈ ਕੇ ਗੁਰਮੁਖ ਸਿੰਘ ਨੇ ਕਲੀਨ ਅਪ 'ਤੇ ਜਾਣਾ ਸ਼ੁਰੂ ਕਰ ਦਿੱਤਾ। ਕਲੀਨ ਅਪ ਕਰਦਿਆਂ ਉਹ ਮਨ ਹੀ ਮਨ ਸੋਚਦਾ, "ਆਹ ਦਿਨ ਵੀ ਵੇਖਣੇ ਸਨ ਔਲਾਦ ਦੇ ਮੋਹ ਵਿਚ। ਇੰਡੀਆ ਸਾਡੇ ਕੋਲ ਕੀ ਨਹੀਂ ਸੀ। ਅਸੀਂ ਬਾਦਸ਼ਾਹ ਸੀ ਉਥੇ।" ਉਸ ਦਾ ਦਿਲ ਕਰਦਾ ਕਿ ਕਿਸੇ ਤਰ੍ਹਾਂ ਹੁਣੇ ਉਡਾਰੀ ਮਾਰ ਕੇ ਇੰਡੀਆ ਪਹੁੰਚ ਜਾਵੇ। ਜਦ ਟਿਕਟਾਂ ਲੈਣ ਲਈ ਪੈਸੇ ਪੂਰੇ ਹੋ ਗਏ ਤਾਂ ਉਸੇ ਬਜ਼ੁਰਗ ਨਾਲ ਜਾ ਕੇ ਗੁਰਮੁਖ ਸਿੰਘ ਇੰਡੀਆ ਦੀਆਂ ਟਿਕਟਾਂ ਲੈ ਆਇਆ।

ਇਕ ਦਿਨ ਦੋਹਾਂ ਨੇ ਸਰਵਣ ਨੂੰ ਕੋਲ ਬਿਠਾ ਕੇ ਬੜਾ ਲਾਡ ਪਿਆਰ ਕੀਤਾ ਤੇ ਸਹਿਜੇ ਸਹਿਜੇ ਦੱਸ ਦਿੱਤਾ ਕਿ ਉਹ ਇੰਡੀਆ ਜਾ ਰਹੇ ਹਨ ਕਿਉਂਕਿ ਉਨ੍ਹਾਂ ਦਾ ਇਥੇ ਦਿਲ ਨਹੀਂ ਲੱਗ ਰਿਹਾ। ਇਹ ਫੈਸਲਾ ਸੁਣਦਿਆਂ ਹੀ ਸਰਵਣ ਸਿਸਕੀਆਂ ਭਰਨ ਲੱਗ ਪਿਆ। ਉਹ ਹੁਣ ਕੁਝ ਵੀ ਨਹੀਂ ਸੀ ਕਰ ਸਕਦਾ ਕਿਉਂਕਿ ਰੋਜ਼ੀ ਉਸ ਦੀ ਇਕ ਵੀ ਮੰਨਣ ਨੂੰ ਤਿਆਰ ਨਹੀਂ ਸੀ।

"ਦੇਖ ਪੁੱਤ, ਅੱਜ ਕੱਲ੍ਹ ਵਿਆਹ ਤੋਂ ਬਾਅਦ ਬਹੁਤ ਸਾਰੀਆਂ ਕੁੜੀਆਂ ਇਹੀ ਸਮਝਦੀਆਂ ਹਨ ਕਿ ਉਨ੍ਹਾਂ ਦੇ ਮਾਂ-ਪਿਉ ਤਾਂ ਮਾਂ-ਪਿਉ ਹਨ, ਮੁੰਡੇ ਦੇ ਮਾਂ-ਪਿਉ ਕੁਝ ਨਹੀਂ ਲਗਦੇ। ਮੁੰਡੇ ਜਾਂ ਤਾਂ ਚੁੱਪ ਕਰ ਕੇ ਦਿਨ ਕਟੀ ਕਰਦੇ ਹਨ ਤੇ ਜੇ ਗੱਲ ਕਰਦੇ ਹਨ ਤਾਂ ਘਰ ਵਿਚ ਕਲੇਸ਼ ਖੜ੍ਹਾ ਹੋ ਜਾਂਦਾ ਹੈ। ਪੁੱਤ ਘਰ ਵਿਚ ਸ਼ਾਂਤੀ ਰੱਖੀਂ, ਅਸੀਂ ਇੰਡੀਆ ਹੀ ਠੀਕ ਹਾਂ।" ਗੁਰਮੁਖ ਸਿੰਘ ਨੇ ਕਿਹਾ।

ਹੌਲੀ ਹੌਲੀ ਸਾਰੇ ਰਿਸ਼ਤੇਦਾਰਾਂ ਨੂੰ ਪਤਾ ਲੱਗ ਗਿਆ ਕਿ ਸਰਵਣ ਦੇ ਮਾਪੇ ਵਾਪਸ ਇੰਡੀਆ ਜਾ ਰਹੇ ਹਨ। ਪਤਾ ਲੱਗਣ 'ਤੇ ਬਲਹਾਰ ਸਿੰਘ ਘਰ ਆਇਆ। ਰੋਜ਼ੀ ਘਰ ਨਹੀਂ ਸੀ। ਗੁਰਮੁਖ ਸਿੰਘ ਅਤੇ ਜਸਵੰਤ ਕੌਰ ਉਦਾਸ ਚਿੱਤ ਬੈਠੇ ਸਨ। ਉਹ ਬਲਹਾਰ ਸਿੰਘ ਨੂੰ ਖੁਸ਼ ਹੋ ਕੇ ਮਿਲੇ। ਬਲਹਾਰ ਸਿੰਘ ਨੇ ਗੁਰਮੁਖ ਸਿੰਘ ਨੂੰ ਬੜੀ ਨਿਮਰਤਾ ਨਾਲ ਪੁੱਛ ਹੀ ਲਿਆ, "ਭਾਅ ਜੀ, ਮੈਂ ਤੁਹਾਡੇ ਨਾਲ ਕੁੜਮਾਂ ਵਾਲਾ ਨਹੀਂ, ਭਰਾਵਾਂ ਵਾਲਾ ਰਿਸ਼ਤਾ ਰੱਖਿਆ ਹੈ। ਜੇ ਤੁਸੀਂ ਮੈਨੂੰ ਆਪਣਾ ਭਰਾ ਸਮਝਦੇ ਹੋ ਤਾਂ ਦੱਸੋ, ਤੁਸੀਂ ਏਨੀ ਜਲਦੀ ਇੰਡੀਆ ਕਿਉਂ ਜਾ ਰਹੇ ਹੋ ਤੇ ਉਦਾਸ ਚਿਤ ਕਿਉਂ ਹੋ?"

ਗੁਰਮੁਖ ਸਿੰਘ ਦਾ ਦਿਲ ਅੰਦਰੋਂ-ਅੰਦਰੀਂ ਭੁੱਬਾਂ ਮਾਰ ਰਿਹਾ ਸੀ ਪਰ ਉਹ ਜਾਹਰ ਨਹੀਂ ਸੀ ਕਰਨਾ ਚਾਹੁੰਦਾ ਅਤੇ ਜੋ ਪ੍ਰਸ਼ਨ ਬਲਹਾਰ ਸਿੰਘ ਨੇ ਕੀਤਾ, ਉਸ ਤੋਂ ਮੂੰਹ ਵੀ ਨਹੀਂ ਸੀ ਮੋੜਿਆ ਜਾ ਸਕਦਾ। ਉਸ ਨੇ ਬਲਹਾਰ ਸਿੰਘ ਤੋਂ ਵਾਅਦਾ ਲਿਆ ਕਿ ਉਹ ਕੋਈ ਵੀ ਗੱਲ ਸਰਵਣ ਨਾਲ ਨਹੀਂ ਕਰੇਗਾ ਤਾਂ ਜੋ ਉਨ੍ਹਾਂ ਕਰਕੇ ਸਰਵਣ ਅਤੇ ਰੋਜ਼ੀ ਵਿਚ ਤਕਰਾਰ ਨਾ ਹੋਵੇ। ਬਸ ਫੇਰ ਕੀ ਸੀ, ਹਕੀਕਤਾਂ ਦੀ ਸਾਰੀ ਪਟਾਰੀ ਦੋਹਾਂ ਨੇ ਬਲਹਾਰ ਸਿੰਘ ਅੱਗੇ ਖੋਲ੍ਹ ਦਿੱਤੀ। ਗੱਲਾਂ ਸੁਣਦਿਆਂ ਸਾਰ ਬਲਹਾਰ ਸਿੰਘ ਨੂੰ ਗੁੱਸਾ ਵੀ ਆਉਂਦਾ ਰਿਹਾ ਤੇ ਬੁਸਕ ਰਹੇ ਦੋਹਾਂ ਨੂੰ ਦਿਲਾਸਾ ਵੀ ਦਿੰਦਾ ਰਿਹਾ।

ਫਲਾਈਟ ਦਾ ਦਿਨ ਆ ਗਿਆ। ਸਰਵਣ ਨੇ ਭਰੇ ਮਨ ਨਾਲ ਮੰਮੀ-ਡੈਡੀ ਨੂੰ ਕਾਰ ਵਿਚ ਬਿਠਾ ਕੇ ਸਮਾਨ ਡਿੱਗੀ ਵਿਚ ਰੱਖ ਲਿਆ। ਉਸ ਨੇ ਰੋਜ਼ੀ ਨੂੰ ਵੀ ਏਅਰਪੋਰਟ 'ਤੇ ਨਾਲ ਚੱਲਣ ਲਈ ਕਿਹਾ ਪਰ ਉਹ ਨਾ ਮੰਨੀ। ਤਿੰਨੇ ਏਅਰਪੋਰਟ 'ਤੇ ਪੁੱਜ ਗਏ। ਬਲਹਾਰ ਸਿੰਘ ਅਤੇ ਹੋਰ ਰਿਸ਼ਤੇਦਾਰ ਵੀ ਵਿਦਾ ਕਰਨ ਆਏ ਹੋਏ ਸਨ। ਸਾਰੇ ਰਿਸ਼ਤੇਦਾਰ ਕੰਨੋ-ਕੰਨੀਂ ਪੁੱਛ ਰਹੇ ਸਨ, ਰੋਜ਼ੀ ਕਿਉਂ ਨਹੀਂ ਆਈ?...ਏਨੀ ਛੇਤੀ ਵਾਪਸ ਕਿਉਂ ਚੱਲੇ ਹਨ, ਆਦਿ ਆਦਿ। ਗੁਰਮੁਖ ਸਿੰਘ ਅਤੇ ਜਸਵੰਤ ਕੌਰ ਨੇ ਸਭ ਦੀਆਂ ਸ਼ੁਭ ਇੱਛਾਵਾਂ ਕਬੂਲੀਆਂ, ਵਾਰ ਵਾਰ ਸਰਵਣ ਨੂੰ ਚੁੰਮਿਆ ਅਤੇ ਗਲੇਡੂ ਭਰੀਆਂ ਅੱਖਾਂ ਨਾਲ ਅੰਦਰ ਚਲੇ ਗਏ।

ਬਲਹਾਰ ਸਿੰਘ ਅਤੇ ਸਰਵਣ ਸਿੱਧੇ ਰੋਜ਼ੀ ਕੋਲ ਆਏ। ਬਲਹਾਰ ਡਾਢਾ ਗੁੱਸੇ ਵਿਚ ਸੀ। ਉਹ ਬੈਠਾ ਨਹੀਂ ਤੇ ਰੋਜ਼ੀ ਨੂੰ ਕਹਿ ਦਿੱਤਾ, "ਅੱਜ ਤੂੰ ਆਪਣੇ ਮਾਂ-ਪਿਉ ਘਰੋਂ ਕੱਢੇ ਨੇ, ਇਸ ਲਈ ਮੇਰੇ ਘਰ ਦੇ ਦਰਵਾਜੇ ਵੀ ਅੱਜ ਤੋਂ ਤੇਰੇ ਲਈ ਬੰਦ। ਖਬਰਦਾਰ ਜੇ ਮੇਰੇ ਘਰ ਪੈਰ ਪਾਉਣ ਦੀ ਕੋਸ਼ਿਸ਼ ਵੀ ਕੀਤੀ। ਹੂੰ...।"

ਰੋਜ਼ੀ ਦੀਆਂ ਚੀਕਾਂ ਨਿਕਲ ਗਈਆਂ, "ਡੈਡੀ...ਡੈਡੀ...ਡੈਡੀ!" ਪਰ ਬਲਹਾਰ ਸਿੰਘ ਨੇ ਕੜੱਕ ਕਰਦਾ ਦਰਵਾਜਾ ਬੰਦ ਕੀਤਾ ਤੇ ਚਲਾ ਗਿਆ।

## ਆਜ਼ਾਦੀ

ਜਿਥੇ ਆਏ ਦਿਨ ਅੱਜ ਵੀ ਮਰਦੀ ਏ,
ਧੀ, ਨੂੰਹ ਜਾਂ ਕੋਈ ਕੁੜੀ ਜਵਾਨ,
ਜਿਥੇ ਹੋਣ ਧੱਕੇ ਨਾਲ ਸਧਰਾਂ,
ਪਵੇ ਲਕੀਰ ਧੀ-ਪੁੱਤ ਵਿਚਕਾਰ।
ਰੱਖ ਦਿਲ ਵਿਚ ਦੱਬੇ ਜਜ਼ਬਾਤ ਨੂੰ,
ਕਿਵੇਂ ਵਿਤਕਰੇ ਜਰਦੀਆਂ ਨੇ,
ਉਹ ਦੇਸ਼ ਆਜ਼ਾਦ ਨਹੀਂ ਹੋ ਸਕਦਾ,
ਜਿਥੇ ਅੱਜ ਵੀ ਧੀਆਂ ਮਰਦੀਆਂ ਨੇ।

ਜਿਥੇ ਅੱਜ ਵੀ ਧੁੰਦਲੀ ਏ ਤਸਵੀਰ,
ਮੇਰੇ ਧਰਮ ਦੀ ਆਜ਼ਾਦੀ ਦੀ,
ਜਿਥੇ ਬੇਅਦਬੀ ਵੀ ਹੁੰਦੀ ਏ,
ਗੁਰੂ ਗ੍ਰੰਥ ਦੀ ਬਾਣੀ ਦੀ,
ਅਜ ਤੀਕ ਨਹੀਂ ਭੁੱਲੀਆਂ,
ਜੋ ਚੁਰਾਸੀ ਦੀਆਂ ਸੱਟਾਂ ਵੱਜੀਆਂ ਨੇ।
ਉਹ ਦੇਸ਼ ਆਜ਼ਾਦ ਨਹੀਂ ਹੋ ਸਕਦਾ,
ਜਿਥੇ ਬਾਣੀ ਨੂੰ ਅੱਗਾਂ ਲੱਗੀਆਂ ਨੇ।

ਜਿਥੇ ਗੱਭਰੂ ਪਏ ਵੱਸ ਨਸ਼ਿਆਂ ਦੇ,
ਸੁਪਨੇ ਸੋਹਣੇ ਭੁੱਲ ਗਏ ਨੇ,
ਜਿਨ੍ਹਾਂ ਬਣਾਉਣੇ ਸੀ ਭਵਿੱਖ ਚਿੱਟੇ,
ਉਹ ਵੱਸ ਹੋ ਚਿੱਟੇ ਦੇ ਰੁਲ ਗਏ ਨੇ।
ਖੌਰੇ ਕਿੰਨੀਆਂ ਰੂਹਾਂ ਇਥੇ
ਗੁਲਾਮ ਚਿੱਟੇ ਦੀਆਂ ਬਣੀਆਂ ਨੇ।
ਉਹ ਦੇਸ਼ ਆਜ਼ਾਦ ਨਹੀਂ ਹੋ ਸਕਦਾ,
ਜਿਥੇ ਨਸ਼ਿਆਂ ਦੀਆਂ ਨਦੀਆਂ ਵਗੀਆਂ ਨੇ।

ਜਿਥੇ ਕਈ ਸਿੱਖ ਭੁੱਲ ਆਪਣੇ ਬਾਪੂ ਨੂੰ,
ਪਿੱਛੇ ਢੋਂਗੀਆਂ ਲਗਦੇ ਨੇ,
ਜਿਥੇ ਭੁੱਲ ਕੇ ਓਹ ਚੁਰਾਸੀ ਨੂੰ,
ਪੰਦਰਾਂ ਅਗਸਤ ਨੂੰ ਆਜ਼ਾਦੀ ਮੰਨਦੇ ਨੇ।
ਜਿਥੇ ਪਤਿਤਪੁਣੇ ਵਿਚ ਧਸ ਕੇ,
ਸਿੱਖਾਂ ਜ਼ਮੀਰਾਂ ਛਿੱਕੇ ਟੰਗੀਆਂ ਨੇ।
ਉਹ ਦੇਸ਼ ਆਜ਼ਾਦ ਨਹੀਂ ਹੋ ਸਕਦਾ,
ਜਿਥੇ ਸਿੱਖਾਂ ਦੀਆਂ ਅਣਖਾਂ ਮਰੀਆਂ ਨੇ।

ਜਿਥੇ ਭ੍ਰਿਸ਼ਟਾਚਾਰ ਦੇਸ਼ ਦਾ,
ਮਾਲਕ ਬਣ ਕੇ ਬੈਠਾ ਹੋਏ,
ਪਹੁੰਚ ਚਲੇ ਤਕੜੇ ਦੀ,
ਮਾੜੇ ਦਾ ਹੱਥ ਨਾ ਕੋਈ ਫੜ੍ਹਦਾ ਹੋਏ।
'ਸਿਮਰਨ' ਸਰਕਾਰਾਂ ਜਿਥੇ
ਆਪਣਾ ਹੀ ਢਿੱਡ ਭਰਦੀਆਂ ਨੇ।
ਉਹ ਦੇਸ਼ ਆਜ਼ਾਦ ਨਹੀਂ ਹੋ ਸਕਦਾ,
ਜਿਥੇ ਹੁਨਰਾਂ ਦੀਆਂ ਕੀਮਤਾਂ ਡਿੱਗੀਆਂ ਨੇ।

*-ਸਿਮਰਨਜੀਤ ਕੌਰ, ਅੰਮ੍ਰਿਤਸਰ*
*ਫੋਨ: 91-85912-33967*

# ਸ਼ਾਇਰ ਨੂੰ ਸ਼ਰਧਾਂਜਲੀ

**ਕਿਰਪਾਲ ਕੌਰ**
**ਫੋਨ: 815-356-9535**

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਲੰਮੀ ਉਮਰ ਭੋਗ ਕੇ ਆਪਣੀਆਂ ਲਿਖਤਾਂ ਅਤੇ ਆਪਣੇ ਜੱਸ ਦਾ ਭਰਿਆ ਖਜ਼ਾਨਾ ਛੱਡ, ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ ਹਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਭਾਵੇਂ ਕਿੰਨੀਆਂ ਬਿਮਾਰੀਆਂ ਨੇ ਉਨ੍ਹਾਂ ਨੂੰ ਘੇਰ ਰੱਖਿਆ ਸੀ ਪਰ ਅੰਤ ਸਮੇਂ ਉਨ੍ਹਾਂ ਦੇ ਚਿਹਰੇ 'ਤੇ ਝਲਕਦੇ ਸੂਰਜ ਦੀ ਲਾਲੀ ਵਿਚ ਰੰਗੀ ਮੁਸਕਾਨ ਜ਼ਰੂਰ ਹੋਵੇਗੀ। ਸ੍ਰੀ ਵਾਜਪਾਈ ਉਹ ਇਨਸਾਨ ਸਨ ਜੋ ਹਰ ਔਖੇ ਪਲ ਵਿਚ ਸੁਖਦਾਈ ਪਲ ਭਾਲ ਲੈਂਦੇ ਸਨ।

ਮੈਂ ਵਾਜਪਾਈ ਨੂੰ ਉਨ੍ਹਾਂ ਦੀਆਂ ਲਿਖਤਾਂ ਰਾਹੀਂ ਜਾਣਿਆ, ਉਨ੍ਹਾਂ ਦੀਆਂ ਕਵਿਤਾਵਾਂ ਰਾਹੀਂ ਅਤੇ ਉਨ੍ਹਾਂ ਨੂੰ ਟੀ.ਵੀ. 'ਤੇ ਬੋਲਦਿਆਂ ਸੁਣ ਕੇ। ਉਨ੍ਹਾਂ ਦੇ ਆਸ਼ਾਵਾਦੀ ਵਿਚਾਰਾਂ ਤੋਂ ਮੈਂ ਬਹੁਤ ਪ੍ਰਭਾਵਿਤ ਸੀ। ਉਹ 'ਵੀਰ ਅਰਜੁਨ' ਹਫਤਾਵਾਰੀ ਪਰਚੇ ਦੇ ਸੰਪਾਦਕ ਸਨ। ਸਾਡੇ ਘਰ ਹਿੰਦੀ ਅਤੇ ਪੰਜਾਬੀ ਦੇ ਹਫਤਾਵਾਰੀ ਤੇ ਮਾਸਿਕ ਪਰਚੇ ਆਉਂਦੇ ਹੁੰਦੇ ਸਨ। ਇਹ ਪਰਚੇ ਵੱਡੀਆਂ ਭੈਣਾਂ ਪੜ੍ਹਦੀਆਂ ਸਨ; ਫਿਰ ਪਤਾ ਨਹੀਂ ਕਦੋਂ, ਮੈਂ ਵੀ ਪੜ੍ਹਨ ਲੱਗ ਪਈ। ਹਿੰਦੀ-ਪੰਜਾਬੀ ਵਿਚ ਕਦੇ ਫਰਕ ਨਹੀਂ ਲਗਦਾ ਸੀ।

ਕਵੀ ਭਾਵੇਂ ਕਿਸੇ ਭਾਸ਼ਾ ਦਾ ਹੋਵੇ, ਉਸ ਦੀ ਕਵਿਤਾ ਦਰਿਆ ਅਤੇ ਚਸ਼ਮੇ ਦੇ ਪਵਿੱਤਰ ਪਾਣੀ ਵਾਂਗ ਪਰਬਤ ਜਾਂ ਧਰਤੀ ਦੇ ਸੀਨੇ ਵਿਚੋਂ ਫੁੱਟਦੀ ਹੈ। ਉਸ ਦੇ ਬੋਲ ਸੱਚੇ-ਸੁੱਚੇ ਤੇ ਰੱਬੀ ਹੋਣਗੇ। ਉਨ੍ਹਾਂ ਬੋਲਾਂ ਅੰਦਰ ਖਾਸ ਖਿੱਚ ਹੁੰਦੀ ਹੈ ਜੋ ਹਰ



*ਅਟਲ ਬਿਹਾਰੀ ਵਾਜਪਾਈ*

ਸੁਣਨ ਤੇ ਪੜ੍ਹਨ ਵਾਲੇ ਦੇ ਦਿਲ ਨੂੰ ਛੂਹ ਜਾਂਦੀ ਹੈ। ਸ੍ਰੀ ਵਾਜਪਾਈ ਦੀ ਭਾਸ਼ਾ ਹਿੰਦੀ ਸੀ। ਬ੍ਰਿਜ ਭਾਸ਼ਾ ਦੀ ਮਿੱਠੀ ਚਾਸ਼ਨੀ ਉਸ 'ਤੇ ਚੜ੍ਹੀ ਹੁੰਦੀ। ਵਿਚਾਰਾਂ ਵਿਚ ਸਮੁੰਦਰ ਦੀ ਗਹਿਰਾਈ ਸੀ। ਦਰਿਆ ਦੇ ਵਹਿਣ ਵਾਂਗ ਵਹਿੰਦੀ ਕਵਿਤਾ ਉਮੀਦਾਂ ਦੇ ਸੁਨੇਹੇ ਦਿੰਦੀ, ਵਿਸ਼ਵਾਸ ਤੇ ਦ੍ਰਿੜ੍ਹਤਾ ਦਿੰਦੀ। ਵਹਿੰਦੀ ਕਲਾ ਤੋਂ ਚੜ੍ਹਦੀ ਕਲਾ ਬਖਸ਼ਦੀ:

ਟੂਟੇ ਹੁਏ ਤਾਰੋਂ ਸੇ ਫੂਟੇ ਬਸੰਤੀ ਸਵਰ,
ਪੱਥਰ ਕੀ ਛਾਤੀ ਮੇਂ ਉਗ ਆਯਾ ਨਵ-ਅੰਕੁਰ
ਝਰੇ ਸਬ ਪੀਲੇ ਪਾਤ,
ਕੋਇਲ ਕੀ ਕੁਹਿਕ ਰਾਤ
ਪ੍ਰਾਚੀ ਮੇਂ ਅਰੁਣਿਮਾ ਕੀ
ਰੇਖ ਦੇਖ ਪਾਤਾ ਹੂੰ।

ਉਹ ਕਈ ਵਾਰ ਹਲਕੀਆਂ ਫੁਲਕੀਆਂ ਪੰਕਤੀਆਂ ਰਾਹੀਂ ਬੜਾ ਕੁਝ ਕਹਿ ਜਾਂਦੇ। 'ਵੀਰ ਅਰਜੁਨ' ਦੇ ਹੋਲੀ ਅੰਕ 1947 ਵਿਚ ਛਪੀ ਕਵਿਤਾ ਦੀਆਂ ਦੋ ਲਾਈਨਾਂ ਦੇਖੋ:

ਹੋਲੀ ਆਈ, ਹੋਲੀ ਆਈ,
ਲੇਕਰ ਨਯਾ ਰੰਗ।
ਪੰਡਿਤ ਨਹਿਰੂ ਲੰਡਨ ਪਹੁੰਚੇ
ਲੇਡੀ ਮਾਊਂਟ ਬਿਟਨ ਕੇ ਸੰਗ।

ਹਰ ਰੰਗ ਦੀ ਕਵਿਤਾ ਲਿਖਣ ਵਾਲੇ, ਅਣਥੱਕ ਬੁਲਾਰੇ, ਸੁਹਿਰਦ ਇਨਸਾਨ ਤੇ ਸਰਬ ਕਲਿਆਣ ਸੋਚਣ ਵਾਲੇ ਰਾਜਨੀਤਕ ਨੇਤਾ, ਭਾਰਤ ਦੇ ਅਨਮੋਲ ਰਤਨ, ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਪੂਰੇ ਦੇਸ਼ ਨੇ ਵਿਦਾਈ ਦਿੱਤੀ। ਮੈਂ ਉਨ੍ਹਾਂ ਦੀਆਂ ਹੀ ਕੁਝ ਪੰਕਤੀਆਂ ਨਾਲ ਵਿਦਾ ਕਹਿੰਦੀ ਹਾਂ:

ਬਾਧਾਏਂ ਆਤੀ ਹੈਂ, ਆਏਂ
ਘਿਰੇਂ ਪ੍ਰਲਯ ਕੀ ਘੋਰ ਘਟਾਏਂ
ਪਾਵੋਂ ਕੇ ਨੀਚੇ ਅੰਗਾਰੇ
ਸਿਰ ਪਰ ਬਰਸੇਂ ਯਦੀ ਜਵਾਲਾਏਂ
ਨਿਜ ਹਾਥੋਂ ਮੇਂ ਹੰਸਤੇ ਹੰਸਤੇ
ਆਗ ਲਗਾ ਕਰ ਜਲਨਾ ਹੋਗਾ
ਕਦਮ ਮਿਲਾ ਕਰ ਚਲਨਾ ਹੋਗਾ।
ਨਮੋ ਅਸਤੀ।

# ਸੂਰਜ ਮੇਰਾ ਯਾਰ

***ਕੈਂਸਰ ਅਜਿਹਾ ਭਿਆਨਕ ਰੋਗ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਬੰਦੇ ਦਾ ਤ੍ਰਾਹ ਨਿੱਕਲ ਜਾਂਦਾ ਹੈ। ਪ੍ਰੋ. ਲਖਬੀਰ ਸਿੰਘ ਨੇ ਜਿੰਨੇ ਦਿਲ ਜਿਗਰੇ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਸੀਂ ਉਨ੍ਹਾਂ ਦੀ ਇਹ ਲਿਖਤ ਕਿਸ਼ਤਾਂ ਵਿਚ ਇਸ ਆਸ ਨਾਲ ਛਾਪ ਰਹੇ ਹਾਂ ਕਿ ਸ਼ਾਇਦ ਕਿਸੇ ਨੂੰ ਅਜਿਹੀ ਮੁਸੀਬਤ ਦਾ ਸਾਹਮਣਾ ਕਰਨ ਲਈ ਹਿੰਮਤ ਬੱਝੇ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਸ਼ੁਰੂ ਤੋਂ ਹੀ ਸੂਰਜ ਦਾ ਚੜ੍ਹਨਾ ਮੈਨੂੰ ਬੜਾ ਚੰਗਾ ਲੱਗਦਾ। ਪਹੁ-ਫੁਟਾਲੇ ਉਠਣਾ, ਸੈਰ ਕਰਨਾ, ਚੌਗਿਰਦੇ ਨੂੰ ਦੇਖਣਾ ਹਮੇਸ਼ਾ ਮੇਰਾ ਨਿਤਨੇਮ ਰਿਹਾ ਹੈ। ਸਵੇਰ ਵੇਲੇ ਸਿਹਤ ਦੇ ਬੁਨਿਆਦੀ ਕੰਮ ਕਰਕੇ, ਤਰੋ ਤਾਜ਼ਾ ਹੋ, ਜਦੋਂ ਦਫਤਰ ਜਾਂਦਾ ਤਾਂ ਦਰਵਾਜ਼ਾ ਖੋਲ੍ਹਦਾ ਤਾਂ ਸੁਨਹਿਰੀ ਭਾਅ ਮਾਰਦਾ ਸੂਰਜ ਬੜੇ ਸਹਿਜ ਨਾਲ ਉਪਰ ਵੱਲ ਉਠਦਾ ਨਜ਼ਰ ਆਉਂਦਾ। ਇਹ ਨਜ਼ਾਰਾ ਮੈਨੂੰ ਇਲਾਹੀ ਜਾਪਦਾ ਅਤੇ ਮੇਰਾ ਮਨ ਮੋਹ ਲੈਂਦਾ। ਮੈਂ ਮਨ ਹੀ ਮਨ ਸੂਰਜ ਨਾਲ ਗੱਲਾਂ ਕਰਦਾ, ਉਸ ਨੂੰ ਦੋਸਤ ਕਹਿੰਦਾ ਅਤੇ ਪੂਰੇ ਦਿਨ ਲਈ ਢੇਰਾਂ ਊਰਜਾ ਜਮ੍ਹਾਂ ਕਰ ਸਾਰਾ ਦਿਨ ਅਣਥੱਕ ਕੰਮ ਕਰਦਾ।

ਜਦ ਦੀਗਰਾ ਮੈਡੀਕਲ ਸੈਂਟਰ (ਡੀ. ਐਮ. ਸੀ.) ਵਿਖੇ ਪਹਿਲਾ ਸੂਰਜ 19 ਨਵੰਬਰ 2006 ਨੂੰ ਫਿਰ ਤੋਂ ਚੜ੍ਹਿਆ ਤਾਂ ਸਬੱਬ ਨਾਲ



**ਪ੍ਰੋ. ਲਖਬੀਰ ਸਿੰਘ**
**ਫੋਨ: 91-98148-66230**

ਪਹਿਲੀਆਂ ਕਿਰਨਾਂ ਮੇਰੇ ਮਸਤਕ ਉਤੇ ਪਈਆਂ। ਮੈਂ ਕਿਹਾ, "ਵਾਹ ਬਈ ਵਾਹ! ਇਹਨੂੰ ਕਹਿੰਦੇ ਹਨ ਦੋਸਤੀ। ਵਾਕਿਆ ਹੀ ਸੂਰਜਾ ਤੂੰ ਪੱਕਾ ਦੋਸਤ ਨਿਕਲਿਆ, ਅਖੇ ਯਾਰੀ ਏ ਕੋਈ ਛੋਲਿਆਂ ਦਾ ਵੱਢ ਨਹੀਂ ਆ।" ਫਿਰ ਕੀ ਸੀ ਹਰ ਰੋਜ਼ ਸੂਰਜ ਦੀ ਉਡੀਕ, ਸੂਰਜ ਦਾ ਆਉਣਾ, ਊਰਜਾ ਨਾਲ ਮੈਨੂੰ ਅਤੇ ਮੇਰੇ ਕਮਰੇ ਨੂੰ ਭਰ ਆਪਣੇ ਦਿਨ ਭਰ ਦੇ ਸਫਰ 'ਤੇ ਨਿਕਲ ਜਾਣਾ। ਇੰਜ ਹੀ ਚਲਦਾ ਰਿਹਾ 30 ਨਵੰਬਰ 2006 ਦੀ ਸਵੇਰ ਤੱਕ। ਜਦੋਂ ਪਹਿਲੀ ਦਸੰਬਰ ਨੂੰ ਮੈਨੂੰ ਪ੍ਰਾਈਵੇਟ ਕਮਰਾ ਮਿਲ ਗਿਆ ਤਾਂ ਦੋ ਦਸੰਬਰ ਸਵੇਰ ਵੇਲੇ ਮੇਰੇ ਖੱਬੇ ਪਾਸੇ ਰੋਸ਼ਨੀ ਦੀਆਂ ਕਿਰਨਾਂ ਨਜ਼ਰ ਆਈਆਂ। ਜਾਪਿਆ ਜਿਵੇਂ ਸੂਰਜੀ ਕਿਰਨਾਂ ਨੇ ਮੈਨੂੰ ਜੱਫੀ ਪਾ ਕੇ ਕਿਹਾ ਹੋਵੇ, "ਦੋਸਤਾ ਹਰ ਥਾਂ ਤੇਰਾ ਸਾਥ ਦੇਵਾਂਗੇ।" ਬਸ ਫਿਰ ਕੀ ਸੀ, ਹਰ ਰੋਜ਼ ਮੈਂ ਤੇ ਸੂਰਜ ਮਿਲਦੇ। ਹਰ ਰੋਜ਼ ਸੂਰਜ ਰੇਡੀਓਥੈਰੇਪੀ ਨਾਲ ਹੋ ਰਹੇ ਨਿਸਤੇਜ ਅੰਗਾਂ ਨੂੰ ਤੇਜ ਬਖਸ਼ ਹਿੰਮਤੀ ਅਤੇ ਤਾਕਤਵਰ ਬਣਾ ਦਿੰਦਾ। ਰਾਤੀਂ ਸੌਣ ਲਗਦੇ ਤਾਂ ਵੱਡੀਆਂ ਲਾਈਟਾਂ ਬੰਦ ਕਰ ਨਾਈਟ ਲੈਂਪ ਜਗਾਉਂਦੇ, ਉਸ ਨਾਲ ਬੈਡ ਪਾਸੇ ਆਈ. ਵੀ. ਡਰਿਪ ਲਾਉਣ ਵਾਲੇ ਐਂਗਲ ਪਿਛਿਓਂ ਜਦ ਰੋਸ਼ਨੀ ਪੈਂਦੀ ਤਾਂ ਉਸ ਦੇ ਉਪਰਲੇ ਹਿੱਸੇ ਦਾ ਪ੍ਰਛਾਵਾਂ ਟੀ.ਵੀ. ਦੀ ਛੋਟੀ ਸਕਰੀਨ 'ਤੇ ਪੈਂਦਾ ਤਾਂ 'ਪਹਿਲ' ਦੇ ਲੋਗੋ ਦੀ ਆਕ੍ਰਿਤੀ ਬਣਾਉਂਦਾ। ਇੰਜ ਲਗਦਾ ਜਿਵੇਂ ਇਕ ਪਾਸੇ ਦਿਨ ਵੇਲੇ ਸੂਰਜ ਮੇਰੀ ਪ੍ਰੇਰਨਾ ਬਣਦਾ ਤੇ ਦੂਜੇ ਪਾਸੇ 'ਪਹਿਲ ਦਾ ਲੋਗੋ' ਸਮਾਜਿਕ ਪਰਿਵਰਤਨ ਦੇ ਸੁਪਨਿਆਂ ਲਈ ਪਿੱਠਭੂਮੀ ਤਿਆਰ ਕਰਦਾ। ਰਾਤ ਜਦ ਕਦੀ ਦਰਦਾਂ ਮਾਰੇ ਸਰੀਰ ਨਾਲ ਸੁੱਤੇ ਦੀ ਅੱਖ ਖੁੱਲ੍ਹਦੀ ਤਾਂ 'ਪਹਿਲ ਦਾ ਲੋਗੋ' ਉਂਜ ਹੀ ਸੂਰਜ ਵਾਂਗ ਜਾਗਦਾ ਨਜ਼ਰ ਆਉਂਦਾ ਤੇ ਕਹਿੰਦਾ ਕਿ ਤੇਰੀਆਂ ਇਹ ਦਰਦਾਂ ਸਮਾਜ ਦੀਆਂ ਦਰਦਾਂ ਦਾ ਪਾਸਕੂ ਵੀ ਨਹੀਂ, ਚੁੱਪ ਕਰਕੇ ਦੜ ਵੱਟ ਕੇ ਸਹਿ। ਇੰਜ ਇਕ ਪਾਸੇ ਕੀਮੋਥੈਰੇਪੀ, ਦੂਜੇ ਪਾਸੇ ਰੇਡੀਓਥੈਰੇਪੀ, ਤੀਜੇ ਪਾਸੇ ਸੂਰਜ ਦੀ ਦੋਸਤੀ, ਚੌਥੇ ਪਾਸੇ ਪਹਿਲ ਦਾ ਫੈਲਾਓ ਪਾਸਾਰ ਤੇ ਪ੍ਰਚਾਰ ਦੇ ਵੱਡੇ ਆਯਾਮ ਤੇ ਸਭ ਕਾਸੇ ਵਿਚ ਡਾਕਟਰਾਂ, ਨਰਸਾਂ ਦੀਆਂ ਟੀਮਾਂ, ਬਸ ਗਹਿਮਾ ਗਹਿਮੀ ਬਣੀ ਰਹਿੰਦੀ। ਇੰਜ ਸੂਰਜ ਦੀ ਦੋਸਤੀ ਅਤੇ 'ਪਹਿਲ' ਦਾ ਪ੍ਰਚਾਰ-ਪ੍ਰਸਾਰ ਮੇਰੇ ਲਈ ਪ੍ਰੇਰਨਾ ਸ੍ਰੋਤ ਬਣੇ ਰਹੇ।

ਟੁੱਟੀ ਗੰਢੀ ਗਈ: ਰਾਜੀਵ ਗਾਂਧੀ ਹਸਪਤਾਲ ਵਿਚ ਦਿਨ ਬੀਤਦੇ ਰਹੇ। 20 ਦਸੰਬਰ 2006 ਨੂੰ ਸਵੇਰੇ ਡਾ. ਕਟਾਰੀਆ ਆਏ ਤੇ ਬੋਲੇ, "ਉਠੋ ਸਿੰਘ ਸਾਹਿਬ ਆਪਣੀ ਸਲਤਨਤ ਸਾਂਭੋ।" ਮੈਂ ਅਤਿਅੰਤ ਹੈਰਾਨੀ ਤੇ ਖੁਸ਼ੀ ਨਾਲ ਕਿਹਾ, "ਮੈਂ ਉਠ ਸਕਦਾ ਹਾਂ ਤੇ ਨਾਲ ਹੀ ਹੰਭਲਾ ਮਾਰ ਕੇ ਉਠਣ ਦਾ ਮਨ ਬਣਾਇਆ, ਲੇਕਿਨ ਡਾਕਟਰ ਨੇ ਰੋਕ ਦਿੱਤਾ ਤੇ ਮੇਰਾ ਕੇਸ ਫਿਜ਼ਿਓਥੈਰੇਪੀ ਵੱਲ ਰੈਫਰ ਕਰ ਦਿੱਤਾ। ਫਿਜ਼ਿਓਥੈਰੇਪੀ ਵਿਭਾਗ ਦੇ ਸਬੰਧਤ ਅਧਿਕਾਰੀ ਆਏ, ਉਨ੍ਹਾਂ ਇਕ ਲੁਹਾਰ ਬੁਲਾਇਆ ਤੇ ਮੇਰੇ ਲਈ ਇਕ ਬੈਲਟ ਜੋ ਲੋਹੇ ਦੀਆਂ ਮੋਟੀਆਂ ਪੱਤੀਆਂ ਦੀ ਬਣਾਈ ਜਾਣੀ ਸੀ, ਦਾ ਨਾਪ ਦਿੱਤਾ। ਅਗਲੇ ਦਿਨ ਇਕ ਬੰਦਾ ਆਇਆ ਜੋ ਇਕ ਲੋਹੇ ਦਾ ਕਬਜ਼ਿਆਂ ਵਾਲਾ ਢਾਂਚਾ, ਮੈਨੂੰ ਦੇ ਕੇ ਤੁਰ ਗਿਆ। ਪਿਛਲਾ ਪਾਸਾ ਪੂਰੀ ਤਰ੍ਹਾਂ ਬੰਦ ਪਰ ਵੱਖੀਆਂ 'ਤੇ ਬਾਰੀਆਂ ਖੁੱਲ੍ਹਣ ਵਾਂਗ ਕਬਜ਼ੇ ਲੱਗੇ ਹੋਏ, ਕਾਫੀ ਭਾਰੀ।

ਡਾਕਟਰਾਂ ਦੀ ਟੀਮ ਆਈ, ਮੈਨੂੰ ਥੋੜ੍ਹਾ ਪਾਸੇ ਵੱਖੀ ਪਰਨੇ ਕਰਕੇ ਮੇਰੇ ਥੱਲੇ ਉਹ ਸਿਕੰਜੇ ਵਰਗੀ ਬੈਲਟ ਦਿੱਤੀ, ਕਬਜ਼ੇ ਬੰਦ ਕੀਤੇ ਅਤੇ ਮੈਨੂੰ ਬੜੀ ਇਹਤਿਆਤ ਨਾਲ ਬਿਠਾਇਆ। ਬੜੇ ਚੱਕਰ ਆਉਣ ਲੱਗੇ। ਇਕ ਦਮ ਫਿਰ ਲਿਟਾ ਕੇ ਜਾਂਚ ਕੀਤੀ। ਫਿਰ ਉਠਾ ਕੇ ਪੈਰਾਂ ਉਤੇ ਖੜ੍ਹਾ ਕੀਤਾ ਤੇ ਫਿਰ ਲਿਟਾ ਦਿੱਤਾ। ਇੰਜ ਕਈ ਵਾਰ ਕਰਨ ਤੋਂ ਬਾਅਦ ਮੈਨੂੰ ਉਠਾ ਕੇ 10 ਕਦਮ ਚਲਾਇਆ। ਡਾਕਟਰਾਂ ਦਾ ਵਿਸ਼ਵਾਸ ਬਣ ਗਿਆ ਤੇ ਮੈਨੂੰ ਉਠਾਉਣਾ ਸ਼ੁਰੂ ਕਰ ਦਿੱਤਾ ਗਿਆ।

ਲੋਹੇ ਦੀ ਬੈਲਟ ਲਾ ਕੇ ਮੈਂ ਚੱਲਣਾ ਸ਼ੁਰੂ ਕਰ ਦਿੱਤਾ। ਚੱਲਣਾ ਕਾਫੀ ਮੁਸ਼ਕਿਲ ਸੀ। ਇੰਨੇ ਨੂੰ ਫਿਜ਼ਿਓਥੈਰੇਪੀ ਵਿਭਾਗ ਦੀ ਮੁਖੀ ਡਾ. ਵੰਦਨਾ ਛੁੱਟੀ ਤੋਂ ਮੁੜੀ ਤੇ ਮੇਰੇ ਕਮਰੇ ਵਿਚ ਪਹੁੰਚੀ। ਜਦੋਂ ਉਨ੍ਹਾਂ ਦਿੱਕਤ ਪੁੱਛੀ ਤਾਂ ਮੈਂ ਇਕ ਦਮ ਕਹਿ ਉਠਿਆ ਕਿ ਡਾਕਟਰ ਸਾਹਿਬਾ ਇੰਨੀ ਭਾਰੀ ਲੋਹੇ ਦੀ ਬੈਲਟ ਮੇਰੇ ਮਨ 'ਚ ਵੱਡਾ ਪ੍ਰਸ਼ਨ ਬਣੀ ਖੜ੍ਹੀ ਹੈ। ਕਹਿੰਦੇ, "ਬੈਲਟ ਤਾਂ ਹੋਰ ਵੀ ਹੈ ਲੇਕਿਨ ਮਹਿੰਗੀ ਬਹੁਤ ਹੈ।" ਮੈਂ ਕਿਹਾ, "ਇਸ ਵਕਤ ਮਹਿੰਗੀ-ਸਸਤੀ ਦਾ ਸਵਾਲ ਨਹੀਂ, ਜ਼ਿੰਦਗੀ ਦਾ ਸਵਾਲ ਹੈ।" ਉਨ੍ਹਾਂ ਇਕ ਕੰਪਨੀ ਦੇ ਪ੍ਰਤੀਨਿਧ ਨੂੰ ਫੋਨ ਕਰਕੇ ਬੁਲਾ ਲਿਆ, ਉਨ੍ਹਾਂ ਮੇਰੀ ਰੀੜ੍ਹ ਦੀ ਹੱਡੀ ਦਾ ਨਾਪ ਲੈ ਕੇ ਬੜੀ ਨਜ਼ਾਕਤ ਨਾਲ ਇਕ ਡੱਬਾ ਖੋਲ੍ਹਿਆ। ਇਸ ਡੱਬੇ ਵਿਚੋਂ ਬੈਲਟ ਦੇ ਕੁਝ ਪੁਰਜ਼ੇ ਕੱਢੇ, ਕੁਝ ਕੱਟ ਵੱਢ ਕੀਤੀ ਅਤੇ ਮੈਨੂੰ ਪਹਿਨਾ ਕੇ ਦਿਖਾਈ। ਕਿਸੇ ਜਰਮਨ ਕੰਪਨੀ ਵਲੋਂ ਟਿਟੇਨੀਅਮ ਧਾਤ ਦੀ ਟੇਲਰਜ਼ ਬਰੇਸ ਬੜੀ ਹਲਕੀ ਅਤੇ ਪਹਿਨਣ ਵਿਚ ਆਸਾਨ। ਇਹ ਮੇਰੇ ਭਾਰਤ ਮਹਾਨ ਦੇ ਲੋਹੇ ਦੀ ਬਣੀ ਕਬਜ਼ੇਦਾਰ ਬੈਲਟ ਨਾਲੋਂ ਲੱਖ ਗੁਣਾਂ ਬਿਹਤਰ। ਇੰਜ ਲੱਗਾ, ਅਜਿਹੀ ਟੇਲਰਜ਼ ਬਰੇਸ ਤਾਂ ਪਹਿਰਾਵੇ ਦੇ ਅੰਦਰ ਪਹਿਨੀ ਦਾ ਵੀ ਪਤਾ ਨਹੀਂ ਲੱਗਦਾ। ਇਸ ਸਪਾਈਨਲ ਬਰੇਸ ਪਹਿਨ ਕੇ ਮੈਂ ਉਠਣਾ ਤੇ ਚੱਲਣਾ-ਫਿਰਨਾ ਸ਼ੁਰੂ ਕਰ ਦਿੱਤਾ।

ਆਪਣੀਆਂ ਸਰੀਰਕ ਕ੍ਰਿਆਵਾਂ ਲਈ ਥੋੜ੍ਹਾ ਸਵੈ-ਨਿਰਭਰ ਹੋਇਆ ਅਤੇ ਕਮਰੇ ਤੋਂ ਬਾਹਰ ਜਾ ਕੇ ਹੋਰਨਾਂ ਮਰੀਜ਼ਾਂ ਦਾ ਹਾਲ ਪੁੱਛਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਮਰੀਜ਼ਾਂ ਦੀਆਂ ਹਿਰਦੇਵੇਦਕ ਕਹਾਣੀਆਂ ਸੁਣੀਆਂ। ਜਿਸ ਦਾ ਦੁੱਖ ਪੁੱਛਿਆ, ਉਹ ਫਿੱਸ ਹੀ ਪਿਆ। ਮੈਂ ਸੋਚਿਆ ਕਿ ਕੈਂਸਰ ਦੇ ਜਿਸ ਸ਼ਿਕੰਜੇ ਵਿਚ ਮੈਂ ਫਸਿਆ ਹੋਇਆ ਹਾਂ ਵਾਕਿਆ ਹੀ ਭੈਅਭੀਤ ਕਰਨ ਵਾਲਾ ਹੈ। ਮੈਨੂੰ ਜਾਪਦਾ, ਕੈਂਸਰ ਤੀਜੇ ਮਿਲੇਨੀਅਮ ਦੀ ਸਭ ਤੋਂ ਵੱਡੀ ਮਹਾਂਮਾਰੀ ਸਾਬਤ ਹੋਏਗਾ। ਹਰੀ ਕ੍ਰਾਂਤੀ ਦੌਰਾਨ ਕੀਟ ਨਾਸ਼ਕਾਂ, ਨਦੀਨ ਨਾਸ਼ਕਾਂ, ਖਾਦਾਂ ਨੇ ਪੰਜਾਬ ਨੂੰ ਭਾਰਤ ਦਾ ਅੰਨਦਾਤਾ ਤਾਂ ਬਣਾ ਦਿੱਤਾ ਪਰ ਧਰਤੀ ਵਿਚ ਕੈਂਸਰ ਦੇ ਬੀਜ, ਬੀਜ ਦਿੱਤੇ। ਅੱਜ ਬਿਜਲਈ ਉਪਕਰਨਾਂ ਤੇ ਸੰਚਾਰ ਸਾਧਨਾਂ ਦੀ ਬੇਧਿਆਨੀ ਵਰਤੋਂ ਨਾਲ ਅੱਗੇ ਵਾਸਤੇ ਭਿਆਨਕ ਕੈਂਸਰ ਦੇ ਬੀਜ, ਬੀਜੇ ਜਾ ਰਹੇ ਹਨ, ਜੋ ਆਉਣ ਵਾਲੇ ਪੰਦਰਾਂ ਵੀਹ ਸਾਲਾਂ ਤੱਕ ਖੌਫਨਾਕ ਫਸਲ ਦੇਣਗੇ।

ਪਿਆਰ ਦਾ ਸਮੁੰਦਰ: ਮੇਰੇ ਦਿੱਲੀ ਜਾਣ ਪਿਛੋਂ ਮੇਰੇ ਕੁਝ ਇਕ ਸ਼ੁਭਚਿੰਤਕਾਂ ਨੇ ਮੈਨੂੰ ਦੱਸੇ ਬਗੈਰ ਹੀ ਜਲੰਧਰ ਵਿਚ ਮੇਰੇ ਨਾਂ 'ਤੇ ਇਕ ਚੈਰਿਟੀ ਸ਼ੋਅ ਕਰਨ ਲਈ ਬੈਨਰ ਲਾ ਕੇ ਕਾਰਡ ਵੇਚਣੇ ਸ਼ੁਰੂ ਕਰ ਦਿੱਤੇ। ਇਕ ਦਿਨ ਸ਼ਾਮ ਨੂੰ ਮੇਰੀ ਇਕ ਸ਼ੁਭਚਿੰਤਕ ਦਾ ਫੋਨ ਆਇਆ ਤੇ ਪੁੱਛਿਆ ਕਿ ਕੀ ਮੈਂ ਇਹ ਸਭ ਜਾਣਦਾ ਹਾਂ? ਮੈਨੂੰ ਬਹੁਤ ਅਜੀਬ ਲੱਗਾ। ਮਨ ਨੂੰ ਕਿਹਾ ਕਿ ਅਜੇ ਤਾਂ ਮੈਂ ਆਪ ਹੀ ਇਹ ਜੰਗ ਲੜਾਂਗਾ। ਮੈਂ ਯਕਲਖਤ ਇਸ ਸਾਰੀ ਗੱਲਬਾਤ ਨੂੰ ਉਥੇ ਹੀ ਰੋਕ ਦਿੱਤਾ ਲੇਕਿਨ ਉਸ ਕਾਰਜ ਨੂੰ ਪੂਰਨ ਰੂਪ 'ਚ ਬੰਦ ਕਰਨ ਦੀ ਥਾਂ ਮੈਂ ਦੋਸਤਾਂ ਦੇ ਕਹਿਣ 'ਤੇ ਸਿਰਫ ਪ੍ਰਾਰਥਨਾ ਸਭਾ ਲਈ ਸਹਿਮਤੀ ਦੇ ਦਿੱਤੀ। ਉਸ ਚੈਰਿਟੀ ਸ਼ੋਅ ਦੀ ਥਾਂ 22 ਦਸੰਬਰ 2006 ਨੂੰ ਇਕ ਪ੍ਰਾਰਥਨਾ ਸਭਾ ਰੱਖੀ ਗਈ।

ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਜਦ 21 ਦਸੰਬਰ 2006 ਨੂੰ ਖਾਣ-ਪੀਣ ਤੇ ਦਵਾਈਆਂ ਦਾ ਦੌਰ ਰਾਤ 10 ਵਜੇ ਖਤਮ ਹੋਇਆ ਤਾਂ ਮੈਂ ਹਰਵਿੰਦਰ ਨੂੰ ਕਿਹਾ ਕਿ ਇਕ ਲੈਟਰ ਪੈਡ, ਪੈਨ ਘੁੰਮਦੇ ਮੇਜ਼ 'ਤੇ ਰੱਖ ਕੇ ਮੇਰੇ ਵੱਲ ਨੂੰ ਸਰਕਾ ਦੇ ਅਤੇ ਤੂੰ ਸੌਂ ਜਾ। ਮੈਂ 10 ਵਜੇ ਰਾਤ ਨੂੰ ਇਕ ਖੁੱਲ੍ਹੀ ਚਿੱਠੀ ਪੰਜਾਬ ਦੇ ਨਾਂ ਲਿਖਣੀ ਸ਼ੁਰੂ ਕੀਤੀ ਤੇ ਕੰਬਦੇ ਹੱਥਾਂ ਨਾਲ ਤੜਕਸਾਰ ਇਕ ਵਜੇ ਤੱਕ ਲਿਖਦਾ ਰਿਹਾ। ਉਸ ਹਾਲਾਤ ਵਿਚ ਆਪਣੀ ਪ੍ਰਤੀਬੱਧਤਾ, ਲਗਾਓ, ਇੱਛਾ-ਸ਼ਕਤੀ ਦਾ ਜ਼ਿਕਰ ਕਰਦਿਆਂ 7 ਪੰਨੇ ਭਰ ਦਿੱਤੇ ਤੇ ਸਵੇਰੇ ਕਿਸੇ ਨੂੰ ਸਪੈਸ਼ਲ ਪੰਜਾਬ ਭੇਜ ਕੇ ਪ੍ਰਾਰਥਨਾ ਸਭਾ ਤੋਂ ਪਹਿਲਾਂ ਉਹ ਚਿੱਠੀ ਜਲੰਧਰ ਪਹੁੰਚਾ ਦਿੱਤੀ।

ਇਸ ਪ੍ਰਾਰਥਨਾ ਸਭਾ ਵਿਚ ਡਿਪਟੀ ਕਮਿਸ਼ਨਰ ਜਲੰਧਰ ਕੇ. ਸ਼ਿਵਾ ਪ੍ਰਸਾਦ ਆਈ. ਏ. ਐਸ., ਡਿਪਟੀ ਕਮਿਸ਼ਨਰ ਲੁਧਿਆਣਾ ਅਸ਼ੋਕ ਗੁਪਤਾ ਆਈ. ਏ. ਐਸ, ਡਿਪਟੀ ਕਮਿਸ਼ਨਰ ਨਵਾਂ ਸ਼ਹਿਰ ਕ੍ਰਿਸ਼ਨ ਕੁਮਾਰ ਆਈ. ਏ. ਐਸ. ਸਮੇਤ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲ, ਕਰਨਲ ਮਨਮੋਹਨ ਸਿੰਘ, ਹੰਸ ਰਾਜ ਹੰਸ ਤੇ ਹੋਰ ਕੋਈ 500 ਮੁਤਬਰ ਲੋਕ ਪਹੁੰਚੇ ਹੋਏ ਸਨ। ਮੇਰੇ ਦੋਸਤ ਪ੍ਰੋ. ਕਮਲਦੀਪ ਸਿੰਘ ਨੇ ਮੇਰੀ ਚਿੱਠੀ ਪੜ੍ਹ ਕੇ ਸੁਣਾਈ। ਦੱਸਿਆ ਗਿਆ ਕਿ ਹਰ ਇਕ ਦੋ ਵਾਕਾਂ ਬਾਅਦ ਪ੍ਰੋ. ਕਮਲਦੀਪ ਸਿੰਘ ਦਾ ਗੱਚ ਭਰ ਜਾਂਦਾ ਸੀ ਤੇ ਸਾਰੇ ਹਾਲ ਵਿਚ ਅੰਤਾਂ ਦੀ ਸ਼ਾਂਤੀ ਤੇ ਸਭ ਦੀਆਂ ਅੱਖਾਂ 'ਚੋਂ ਹੰਝੂ ਟਪਕ ਪੈਂਦੇ ਸਨ। ਇਹ ਸਾਰੇ ਅਹਿਸਾਸ ਜਦ ਮੇਰੇ ਤੱਕ ਪਹੁੰਚੇ ਤਾਂ ਮੇਰੀ ਪ੍ਰੇਰਨਾ ਅਤੇ ਮੇਰੀ ਹਿੰਮਤ ਦਾ ਆਧਾਰ ਬਣੇ। ਮਨ ਨੇ ਕਿਹਾ ਕਿ ਲੋਕ ਮੈਨੂੰ ਇੰਨਾ ਪਿਆਰ ਕਰਦੇ ਹਨ, ਸੋ ਮੈਂ ਹਰ ਦੁੱਖ-ਕਸ਼ਟ ਹੱਸ ਕੇ ਝੱਲਦਾ ਲੋਕਾਂ ਲਈ ਜੀਵਾਂਗਾ।

ਰੇਡੀਓਥੈਰੇਪੀ ਦਾ ਕੋਰਸ ਪੂਰਾ ਹੋਣ ਵਾਲਾ ਸੀ ਤੇ ਕੀਮੋਥੈਰੇਪੀ ਤਾਂ ਅਜੇ ਮਾਰਚ 2007 ਦੇ ਅਖੀਰ ਤੱਕ ਚੱਲਣੀ ਸੀ। ਲੇਕਿਨ ਇਹ ਕਨਸੋਅ ਮਿਲਣੀ ਸ਼ੁਰੂ ਹੋ ਗਈ ਕਿ ਰੇਡੀਓਥੈਰੇਪੀ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਮਿਲ ਜਾਵੇਗੀ ਅਤੇ ਕੀਮੋਥੈਰੇਪੀ ਘਰ ਦੇ ਕਮਰੇ ਵਿਚ ਚਲਦੀ ਰਹੇਗੀ। ਇਸ ਗੱਲ ਨੇ ਵੀ ਹੌਸਲਾ ਵਧਾਇਆ ਕਿ ਇਕ ਹਫਤੇ ਬਾਅਦ ਆਪਣੇ ਘਰ ਪਹੁੰਚ ਜਾਣਾ ਹੈ। ਉਦੋਂ ਤੱਕ ਮਾਤਾ-ਪਿਤਾ ਤੇ ਬੱਚਿਆਂ ਨੂੰ ਦੱਸਿਆ ਤੱਕ ਨਹੀਂ ਸੀ ਕਿ ਉਨ੍ਹਾਂ ਦਾ ਆਪਣਾ ਕਿੰਨੀ ਭਿਆਨਕ ਜੰਗ ਲੜ ਰਿਹਾ ਹੈ।

ਲਾਲਾਂ ਦੀ ਜੋੜੀ ਨਾਲ ਮੇਲ: ਕੀਮੋਥੈਰੇਪੀ ਦੇ ਕਈ ਸਾਈਕਲ ਚੱਲਣੇ ਸਨ। ਰੇਡੀਓਥੈਰੇਪੀ ਖਤਮ ਹੋਣ ਵਾਲੀ ਸੀ। ਡਾਕਟਰ ਭਾਵੇਂ ਡਰਾਉਣੀਆਂ ਪੇਸ਼ੀਨਗੋਈਆਂ ਕਰਦੇ ਸਨ ਪਰ ਮੈਂ ਪੂਰਨ ਵਿਸ਼ਵਾਸੀ ਸਾਂ ਕਿ ਹਰ ਕੀਮਤ 'ਤੇ ਉਠਣਾ ਹੈ, ਬੀਮਾਰੀ ਜੋ ਮਰਜ਼ੀ ਕਰੇ, ਮੈਂ ਬੁਲੰਦ ਜੀਣਾ ਹੈ। ਐਸੀ ਉਚੀ ਮਨੋਅਵਸਥਾ ਵਿਚ ਆਪਣੇ ਲਾਲਾਂ-ਲਿਆਕਤਬੀਰ ਅਤੇ ਬਾਗੇਸ਼ਵਰ ਨੂੰ ਮਿਲਣ ਦੀ ਖਾਹਿਸ਼ ਉਸਲਵੱਟੇ ਲੈਣ ਲੱਗੀ। ਮੈਂ ਘਰ ਸੁਨੇਹਾ ਭੇਜ ਦਿੱਤਾ ਕਿ ਮੈਨੂੰ ਮੇਰੇ ਬੱਚੇ ਮਿਲਾ ਦਿਓ। ਪੁੱਛਦੇ ਕਿਹਦੇ ਨਾਲ ਭੇਜਾਂਗੇ, ਮੈਂ ਕਿਹਾ ਸਟੇਸ਼ਨ ਟਰੇਨ ਦੇ ਸਮੇਂ ਮੁਤਾਬਕ ਚਲੇ ਜਾਣ, ਕਈ ਲੋਕ ਮੇਰੇ ਵਾਕਿਫ ਮਿਲ ਜਾਣਗੇ।

ਇੰਜ ਹੀ ਹੋਇਆ, ਡਾ. ਵੀ. ਕੇ. ਤਿਵਾੜੀ ਤੇ ਸ੍ਰੀਮਤੀ ਸਰਿਤਾ ਤਿਵਾੜੀ ਮਿਲ ਗਏ। ਉਨ੍ਹਾਂ ਨਾਲ ਲਿਆਕਤਬੀਰ ਤੇ ਬਾਗੇਸ਼ਵਰ ਨੂੰ ਦਿੱਲੀ ਪਹੁੰਚਾ ਦਿੱਤਾ। ਮੇਰੇ ਲਾਲ ਜਦੋਂ ਰੋਹਨੀ ਹਸਪਤਾਲ ਪਹੁੰਚੇ ਤਾਂ ਬਾਹਰ ਕੈਂਸਰ ਹਸਪਤਾਲ ਦਾ ਬੋਰਡ ਪੜ੍ਹ ਕੇ ਘਬਰਾ ਗਏ। ਵੱਡੀ ਰੁਕਾਵਟ ਇਹ ਸੀ ਕਿ ਛੋਟੇ ਤੇ ਤੰਦਰੁਸਤ ਬਾਲਾਂ ਨੂੰ ਰਾਜੀਵ ਗਾਂਧੀ ਕੈਂਸਰ ਹਸਪਤਾਲ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਸੀ। ਅਸਾਂ ਇਕ ਚੋਰ-ਮੋਰੀ ਲੱਭੀ ਅਤੇ ਇਕ ਖਿੜਕੀ ਰਾਹੀਂ ਦੋਹਾਂ ਨੂੰ ਅੰਦਰ ਵਾੜਿਆ। ਜਦ ਮਿਲੇ ਤਾਂ ਮੇਰੀਆਂ ਅੱਖਾਂ ਕੋਮਲ ਮਨ ਬਾਲਾਂ ਨੂੰ ਦੇਖ ਕੇ ਨਮ ਹੋ ਗਈਆਂ। ਬਗਲਗੀਰ ਕੀਤਾ ਤੇ ਸੁਭਾਵਕ ਮੂੰਹੋਂ ਨਿਕਲਿਆ, "ਅਜੇ ਤੁਸੀਂ ਬਾਪ ਦਾ ਭਾਰ ਚੁੱਕਣ ਜੋਗੇ ਨਹੀਂ ਹੋਏ। ਮੈਂ ਹਰ ਹਾਲਾਤ 'ਚ ਜੀਵਾਂਗਾ ਤੇ ਹਰ ਇਮਤਿਹਾਨ ਪਾਸ ਕਰਾਂਗਾ।"

ਉਸ ਰਾਤ ਬਾਲਾਂ ਨੂੰ ਕਮਰੇ ਵਿਚ ਆਪਣੇ ਕੋਲ ਰੱਖਿਆ, ਜਦ ਕੋਈ ਡਾਕਟਰ, ਨਰਸ ਕਮਰੇ ਵਿਚ ਆਵੇ ਤਾਂ ਇਨ੍ਹਾਂ ਨੂੰ ਬਾਥਰੂਮ ਵਿਚ ਵਾੜ ਦੇਣਾ, ਫਿਰ ਕੋਲ ਬੁਲਾ ਲੈਣਾ। ਇੰਜ 30 ਨਵੰਬਰ ਤੋਂ ਬਾਅਦ 23 ਦਸੰਬਰ ਨੂੰ, 24 ਦਿਨਾਂ ਪਿਛੋਂ ਆਪਣੇ ਬੱਚਿਆਂ ਨੂੰ ਮਿਲਣ ਦੀ ਘੜੀ ਸੀ। ਮਾਂ ਨੇ ਦੋਹਾਂ ਨੂੰ ਬੜਾ ਲਾਡ ਕੀਤਾ ਅਤੇ ਅਗਲੇ ਦਿਨ ਵਾਪਿਸ ਜਲੰਧਰ ਭੇਜ ਦਿੱਤਾ। ਇਸ ਨਾਜ਼ੁਕ ਸਮੇਂ ਵਿਚ ਵੱਡੀ ਭੈਣ ਰਣਜੀਤ, ਭਣਵੱਈਆ ਪ੍ਰਦੀਪ ਕੁਮਾਰ ਅਤੇ ਮਾਤਾ ਜੀ ਮੈਨੂੰ ਮਿਲਣ ਆਏ। ਛੋਟੀ ਭੈਣ ਪਲਵਿੰਦਰ ਕੌਰ ਅਤੇ ਭਣਵੱਈਆ ਤਰਨਜੀਤ ਸਿੰਘ ਮਿਲਣ ਆਏ। ਮੇਰੇ ਦੋਸਤ ਕੁਲੀਗ ਪ੍ਰੋ. ਅਸ਼ੋਕ ਖੁਰਾਣਾ ਵੀ ਮਿਲਣ ਹਸਪਤਾਲ ਪਹੁੰਚੇ। ਹਰ ਕੋਈ ਮੈਨੂੰ ਮਿਲ ਕੇ ਬੜਾ ਭਾਵੁਕ ਹੋਇਆ। ਫਿਰ ਮੇਰੇ ਕੋਲ ਇਕ ਹਫਤਾ ਸੀ ਵਾਪਸ ਜਲੰਧਰ ਆਉਣ ਵਿਚ। 30 ਦਸੰਬਰ ਨੂੰ ਰੇਡੀਓਥੈਰੇਪੀ ਦੀ ਆਖਰੀ ਫਰੈਕਸ਼ਨ ਦੇ ਕੇ ਹਸਪਤਾਲ ਤੋਂ ਡਿਸਚਾਰਜ ਦਾ ਕੰਮ ਆਰੰਭ ਹੋ ਗਿਆ।

ਮਨ ਸੀ ਕਿ ਨਵੇਂ ਸਾਲ 2007 ਦਾ ਸੂਰਜ ਆਪਣੇ ਘਰ ਹੀ ਦੋਸਤੀ ਦਾ ਹੱਥ ਮਿਲਾਵੇ। ਇੰਜ ਹੀ ਹੋਇਆ 31 ਦਸੰਬਰ ਨੂੰ ਸਵੇਰੇ ਬੜੀ ਇਹਤਿਆਤ ਨਾਲ ਐਂਬੂਲੈਂਸ ਵਰਗੀ ਗੱਡੀ ਕਰਕੇ ਚੱਲ ਪਏ। ਹਸਪਤਾਲ ਦਾ ਗਾਊਨ ਪਾਇਆ ਹੋਇਆ ਸੀ। ਰਸਤੇ 'ਚ ਕਰਨਾਲ ਹਵੇਲੀ ਕੁਝ ਖਾਣ-ਪੀਣ ਲਈ ਰੁਕੇ। ਗੱਡੀ 'ਚੋਂ ਬਾਹਰ ਨਿਕਲੇ ਰੰਗ-ਬਿਰੰਗੇ ਦਿਲਕਸ਼ ਸੂਟਾਂ ਵਿਚ ਨਾਰੀਆਂ ਤੇ ਭਾਂਤ ਭਾਂਤ ਦੀਆਂ ਸੋਹਣੀਆਂ ਰੰਗਦਾਰ ਪੱਗਾਂ ਵਿਚ ਮਰਦਾਂ ਨੂੰ ਸੋਹਣੇ ਰੂਪ ਵਿਚ ਦੇਖ ਭਰਪੂਰ ਜ਼ਿੰਦਗੀ ਦੀ ਲਲਕ ਜਾਗੀ। ਫਿਰ ਤੋਂ ਨੋਕ ਵਾਲੀਆਂ ਰੰਗੀਨ ਪਟਿਆਲਾ ਸ਼ਾਹੀ ਦਸਤਾਰਾਂ ਸੱਜਣਗੀਆਂ, ਮੈਚਿੰਗ ਕੱਪੜੇ ਪਹਿਨਾਂਗੇ, ਠਹਾਕੇ ਲਾਵਾਂਗੇ, ਮੇਲਿਆਂ-ਮੁਸਾਹਬਿਆਂ ਅਤੇ ਵਿਆਹ-ਸ਼ਾਦੀਆਂ 'ਤੇ ਜਾਵਾਂਗੇ। ਅਜਿਹੇ ਰੰਗੀਨ ਸੁਪਨੇ ਲੈਂਦਿਆਂ ਜਲੰਧਰ ਘਰ ਆ ਪਹੁੰਚੇ। ਮਾਂ ਨੇ ਜੰਗ ਜਿੱਤ ਕੇ ਆਏ ਫੌਜੀ ਦਾ ਸੁਆਗਤ ਕਰਨ ਵਾਂਗ ਦਹਿਲੀਜ਼ਾਂ 'ਤੇ ਤੇਲ ਚੋਅ ਕੇ ਅੰਦਰ ਵਾੜਿਆ ਤੇ ਮੱਥਾ ਚੁੰਮਿਆ। ਬੜਾ ਚਾਅ ਹੋਇਆ ਮੇਰੇ ਆਉਣ 'ਤੇ, ਸਭ ਦੇ ਚਿਹਰਿਆਂ ਤੇ ਰੌਣਕ ਆਈ ਤੇ ਉਸ ਵਕਤ ਹੀ ਮਾਪਿਆਂ ਨੂੰ ਸਭ ਕੁਝ ਦੱਸਿਆ।

ਅੱਜ ਦਾ ਰੋਜ਼ ਮੁਬਾਰਕ ਚੜ੍ਹਿਆ: ਜਿਸ ਬਿਸਤਰ ਤੋਂ 18 ਨਵੰਬਰ 2006 ਨੂੰ ਸਵੇਰੇ 5 ਵਜੇ ਉਠ ਕੇ ਨਿਕਲਿਆਂ ਅਤੇ ਜੌਗਿੰਗ ਕਰਨ ਬਾਹਰ ਗਿਆ ਸੀ, ਉਹੀ ਬਿਸਤਰ ਮੁੜ 31 ਦਸੰਬਰ 2006 ਨੂੰ ਨਸੀਬ ਹੋਇਆ ਅਤੇ ਪਹਿਲੀ ਜਨਵਰੀ 2007 ਦੀ ਸਵੇਰ ਫਿਰ ਉਸੇ ਬਿਸਤਰ ਤੋਂ ਉਠ ਕੇ ਨਿੰਮੀ ਨਿੰਮੀ ਸੈਰ ਘਰ ਦੇ ਅੰਦਰ ਹੀ ਕੀਤੀ। ਆਸ-ਪਾਸ ਸਭ ਨੂੰ ਖਬਰ ਹੋ ਗਈ ਕਿ ਮੈਂ ਮੁੜ ਘਰ ਆ ਗਿਆ ਹਾਂ। ਮਿੱਤਰ ਤੇ ਸਬੰਧੀ ਫੁੱਲ, ਗੁਲਦਸਤੇ ਲੈ ਕੇ ਮਿਲਣ ਆਏ। ਲੇਕਿਨ ਸਿਹਤ ਦੀ ਨਜ਼ਾਕਤ, ਲਾਗ ਦਾ ਡਰ ਦੇਖਦਿਆਂ ਖਿੜਕੀ ਤੋਂ ਹੀ ਸਭ ਦੀਆਂ ਨਵੇਂ ਸਾਲ ਲਈ ਸ਼ੁਭਕਾਮਨਾਵਾਂ ਸਵੀਕਾਰਦਿਆਂ ਫਤਿਹ ਬੁਲਾਈ।

ਦੋ ਕਾਰਨ ਸਨ, ਪਹਿਲਾ ਕਿ ਮੇਰੀ ਸਿਹਤ ਦੇਖ ਕੇ ਦੁੱਖ ਦੀ ਆਹ ਨੇ ਲੋਕਾਂ ਦਾ ਤਰਾਹ ਕੱਢ ਦੇਣਾ ਸੀ, ਦੂਜਾ ਸਰੀਰ ਦਾ ਆਪਣਾ ਸੁਰੱਖਿਆ ਪ੍ਰਬੰਧ ਬਹੁਤ ਨਾਜ਼ੁਕ ਹੋ ਜਾਣ ਕਾਰਨ ਬਾਹਰੋਂ ਆਇਆਂ ਵੱਲੋਂ ਲਾਗ ਦਾ ਖਤਰਾ ਸੀ। ਮੇਰਾ ਕਮਰਾ ਪੂਰਨ ਲਾਗਮੁਕਤ ਕੀਤਾ ਗਿਆ ਸੀ। ਬੜੀ ਭਾਰੀ ਕੀਮੋਥੈਰੇਪੀ ਚਲਦੀ ਰਹੀ ਤੇ ਮੈਂ ਸਾਰੀਆਂ ਚੁਣੌਤੀਆਂ ਨੂੰ ਖਿੜੇ ਮੱਥੇ ਸਵੀਕਾਰ ਕਰਦਾ ਰਿਹਾ। ਹਰ ਹਫਤੇ ਅੱਗ ਬੁਝਾਊ ਗੱਡੀਆਂ ਵਾਂਗ ਭਾਰੀ ਸਟੀਰਾਇਡ ਦੀ ਡੋਜ਼ ਹੀ ਖੂਨ ਦੀਆਂ ਨਾੜੀਆਂ ਵਿਚ ਪਿਘਲੇ ਲੋਹੇ ਵਾਂਗ ਚਲਦੀ ਕੀਮੋਥੈਰੇਪੀ ਦਵਾਈ ਨੂੰ ਠੰਡਿਆਂ ਕਰਦੀ ਸੀ, ਲੇਕਿਨ ਇਸ ਦੇ ਖੁਦ ਦੇ ਕਾਫੀ ਸਾਈਡਇਫੈਕਟ ਹੁੰਦੇ ਸਨ।

ਪਹਿਲੇ ਦਿਨ ਬੇਹੱਦ ਊਰਜਾ ਦਾ ਅਹਿਸਾਸ, ਗੁੱਸਾ ਰੱਜ ਕੇ ਆਉਣਾ, ਨੀਂਦ ਨਾ ਆਉਣਾ, ਭੁੱਖ ਜ਼ਿਆਦਾ ਲੱਗਣਾ, ਬੇਚੈਨ ਰਹਿਣਾ ਇਸ ਦੇ ਮਾੜੇ ਅਸਰ ਸਨ। ਉਸ ਵਕਤ ਇਸ ਕਿਸਮ ਦੇ ਕੈਂਸਰ ਦੀ ਪੂਰੇ ਵਿਸ਼ਵ ਵਿਚ ਇਕ ਹੀ ਕੀਮੋ ਦਵਾਈ ਸੀ, ਜੋ ਭਾਰਤ ਵਿਚ ਡਾਬਰ ਕੰਪਨੀ ਤਿਆਰ ਕਰਦੀ ਸੀ। ਇਸ ਦੀ ਖੋਜ 1904 ਵਿਚ ਹੋਈ ਸੀ। ਇਸ ਦਵਾਈ ਦੇ ਮਾੜੇ ਅਸਰਾਂ ਨਾਲ ਲੱਖਾਂ ਬੱਚਿਆਂ ਦੇ ਜਮਾਂਦਰੂ ਦਿਵਿਆਂਗ ਹੋ ਜਾਣ ਕਾਰਨ ਇਸ ਥੈਲੀਡੋਮਾਇਡ ਸਾਲਟ 'ਤੇ ਵਿਸ਼ਵ ਭਰ ਵਿਚ 1954 ਵਿਚ ਪੂਰਨ ਰੋਕ ਲਾ ਦਿੱਤੀ ਸੀ, ਲੇਕਿਨ ਕੈਂਸਰ ਅਤੇ ਕੁਝ ਹੋਰ ਬੀਮਾਰੀਆਂ ਵਿਚ ਬੇਹੱਦ ਅੱਛੇ ਨਤੀਜੇ ਦੇਣ ਕਾਰਨ, ਬੜੀਆਂ ਅਹਿਮ ਸੋਧਾਂ ਨਾਲ 2004 ਵਿਚ ਫਿਰ ਤੋਂ ਖਾਸ ਸ਼ਰਤਾਂ ਸਮੇਤ ਫਿਰ ਵਿਕਣ ਲੱਗੀ। ਮੈਂ ਉਨ੍ਹਾਂ ਸ਼ਰਤਾਂ 'ਤੇ ਪੂਰਾ ਉਤਰਦਾ ਹੋਣ ਕਾਰਨ ਇਸ ਦਵਾਈ ਦੇ ਕਾਬਲ ਸਾਂ।

ਅਜਿਹੀ ਹਾਲਾਤ ਵਿਚ ਇਲਾਜ ਦੌਰਾਨ ਮੈਂ ਖੁਦ ਹੀ ਫੈਸਲੇ ਲੈਂਦਾ, ਸਲਾਹ ਦਿੰਦਾ ਤੇ ਇਲਾਜ ਦੀ ਅਗਵਾਈ ਕਰਦਾ। ਕਦੀ ਕਿਸੇ ਨੂੰ ਤੰਗ ਹੋ ਕੇ ਪਤਾ ਲੈਣ ਵੀ ਨਹੀਂ ਆਉਣ ਦਿੰਦਾ ਤੇ ਨਾ ਹੀ ਸੇਵਾ ਲਈ ਤਕੱਲੁਫ ਦਿੰਦਾ। ਹਰਵਿੰਦਰ ਬਿਸਤਰ ਅਤੇ ਕਮਰੇ ਦੀ ਸੇਵਾ ਸਾਂਭਦੀ ਅਤੇ ਇਕ ਮਦਦਗਾਰ ਬਾਹਰ ਰਹਿੰਦਾ। ਰਾਜੀਵ ਗਾਂਧੀ ਹਸਪਤਾਲ ਦੇ 31 ਦਿਨ ਦੇ ਸਮੇਂ ਵਿਚ ਡਾ. ਅਸ਼ਵਨੀ ਸ਼ਰਮਾ, ਪ੍ਰੋ. ਤੀਰਥ ਸਿੰਘ, ਪ੍ਰੋ. ਕਮਲਦੀਪ ਸਿੰਘ, ਪ੍ਰੋ. ਸਰਬਜੀਤ ਸਿੰਘ ਧੀਰ ਹੁਰਾਂ ਇੱਕ-ਇੱਕ ਹਫਤੇ ਦੀ ਹਾਜ਼ਰੀ ਦਿੱਤੀ। ਇਸ ਤੋਂ ਇਲਾਵਾ ਇੱਕ ਮਹੀਨੇ ਦੇ ਸਮੇਂ ਵਿਚ ਸ਼ਾਇਦ ਦੋ ਜਾਂ ਤਿੰਨ ਸ਼ੁਭਚਿੰਤਕਾਂ ਨੂੰ ਹੀ ਮੈਂ ਦਿਲੀ ਪਹੁੰਚਣ ਦਿੱਤਾ ਹੋਵੇਗਾ। ਇਕ ਸਮਾਂ ਐਸਾ ਆਇਆ ਕਿ ਮਾਰਚ 2007 ਦੇ ਤੀਜੇ ਹਫਤੇ ਵਿਚ ਕਰੀਬ 4 ਦਿਨ ਮੈਂ ਸੁੱਧ-ਬੁੱਧ ਖੋ ਬੈਠਾ। ਸਮਾਂ, ਸਥਾਨ, ਵਿਅਕਤੀ ਦੀ ਪਛਾਣ ਭੁੱਲ ਗਈ। ਸਭ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿ ਹੁਣ ਕੀ ਕਰੀਏ?

ਡਾਕਟਰ ਨਾਲ ਗੱਲ ਹੋਈ ਤਾਂ ਉਸ ਨੇ ਇਕ ਦਵਾਈ ਬੰਦ ਕਰ ਦਿੱਤੀ, ਜਿਸ ਨਾਲ ਮੇਰੀ ਸੁਰਤ ਵਾਪਿਸ ਆ ਗਈ। ਵੱਡਾ ਵੀਰ ਸੁਖਦੇਵ ਸਿੰਘ ਇੰਗਲੈਂਡ ਤੋਂ ਮਿਲਣ ਆਇਆ ਤੇ ਕਹਿੰਦਾ ਕਿ ਅਖੰਡ ਪਾਠ ਕਰਵਾਉਣਾ ਹੈ। ਮੈਂ ਕਿਹਾ, "ਮੈਨੂੰ ਠੀਕ ਹੋਣ ਦਿਓ, ਹੋਸ਼ੋ ਹਵਾਸ ਨਾਲ ਕਰਵਾਵਾਂਗਾ।" ਲੇਕਿਨ ਪਰਿਵਾਰ ਦੀ ਜ਼ਿੱਦ ਅੱਗੇ ਮੇਰੀ ਕੋਈ ਨਹੀਂ ਚੱਲੀ। ਮਾਰਚ 2007 ਦੇ ਆਖਰੀ ਹਫਤੇ ਮੇਰੀ ਕੀਮੋਥੈਰੇਪੀ ਦੇ ਚਾਰ ਸਾਈਕਲ ਪੂਰੇ ਹੋਏ ਤੇ 27 ਮਾਰਚ ਨੂੰ ਅਖੰਡ ਪਾਠ ਦਾ ਭੋਗ ਪੈਣਾ ਸੀ। ਅੰਤਾਂ ਦੀ ਕਮਜ਼ੋਰੀ, ਪੂਰੇ ਸਰੀਰ ਤੇ ਸੋਜਿਸ਼ ਨੇ ਮੈਨੂੰ ਬੇਪਛਾਣ ਕੀਤਾ ਹੋਇਆ ਸੀ। ਬਿਸਤਰ 'ਤੇ ਲੇਟੇ ਨੇ ਹੀ ਪਾਠ ਸੁਣਿਆ ਤੇ ਭੋਗ ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਾਹਰ ਵੱਡੇ ਪੰਡਾਲ ਵਿਚ ਕੀਤਾ ਗਿਆ। ਵਿਸ਼ੇਸ਼ ਸੱਦਾ ਕਿਸੇ ਨੂੰ ਨਾ ਦਿੱਤਾ, ਫਿਰ ਵੀ 500 ਤੋਂ ਵੱਧ ਸ਼ੁਭਚਿੰਤਕਾਂ ਨਾਲ ਪੰਡਾਲ ਭਰਿਆ ਹੋਇਆ ਸੀ।

ਅਰਦਾਸ ਤੋਂ ਕੁਝ ਮਿੰਟ ਪਹਿਲਾਂ ਮੈਂ ਭਾਰੀ ਭਰਕਮ ਲਗਦਾ ਸਰੀਰ ਲੈ ਕੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਪਹੁੰਚਿਆ ਤਾਂ ਸੰਗਤ ਨੇ ਐਸਾ ਹਾਅ ਦਾ ਨਾਹਰਾ ਮਾਰਿਆ ਕਿ ਹਾਅ ਮੈਂ ਸਿਰਫ ਸੁਣੀ ਹੀ ਨਹੀਂ, ਮਹਿਸੂਸ ਵੀ ਕੀਤੀ। ਮੇਰੇ ਅੰਦਰ ਇਕ ਦਮ ਤਾਕਤ ਦੀ ਇਕ ਲਹਿਰ ਝਰਨਾਹਟ ਛੇੜ ਗਈ। ਮੈਂ ਸਭ ਜ਼ਾਹਰਾ ਮਹਿਸੂਸ ਕੀਤਾ ਕਿ ਸਭ ਮੈਨੂੰ ਜ਼ਿੰਦਾ ਦੇਖਣਾ ਚਾਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਮਨੋਮਨ ਪ੍ਰਣ ਕੀਤਾ ਕਿ ਨਹੀਂ ਮਰਾਂਗਾ, ਜਲਦੀ ਨਹੀਂ ਮਰਾਂਗਾ, ਲੋਕਾਂ ਖਾਤਿਰ ਜੀਵਾਂਗਾ। ਹਰ ਕਸ਼ਟ ਝੱਲ ਕੇ ਇਕ ਇਕ ਸਾਹ ਜੀਵਾਂਗਾ ਹੀ ਨਹੀਂ, ਸਾਹਾਂ ਨੂੰ ਸਕਾਰਥਾ ਕਰਾਂਗਾ ਤੇ ਪ੍ਰਸੁਆਰਥੀ ਬਣਨ ਦੀ ਕੋਸ਼ਿਸ਼ 'ਚ ਅੱਗੇ ਆਪਣੇ ਵਿੱਢੇ ਕੰਮਾਂ ਨੂੰ ਸਰਅੰਜਾਮ ਦੇਣ ਲਈ ਤੇ ਵੱਖ ਵੱਖ ਮੌਕਿਆਂ 'ਤੇ ਕੀਤੇ ਅਹਿਦ ਪੂਰੇ ਕਰਨ ਲਈ ਜੀਵਾਂਗਾ ਤੇ ਜੀਵਾਂਗਾ, ਕੁਝ ਵੀ ਹੋਵੇ ਜ਼ਿੰਦਗੀ ਦਾ ਪੱਲਾ ਘੁੱਟ ਕੇ ਫੜ੍ਹੀ ਰੱਖਾਂਗਾ। ਅਰਦਾਸ ਉਪਰੰਤ ਹੱਥ ਜੋੜ ਸਭ ਦੀ ਹਾਜ਼ਰੀ ਤਸਦੀਕ ਕਰਦਾ ਕੋਟਾਨਿ ਕੋਟਿ ਧੰਨਵਾਦ ਕਰਦਾ ਵਾਪਿਸ ਅੰਦਰ ਆਇਆ। ਜੰਗ ਜਾਰੀ ਰਹੀ।

***(ਚਲਦਾ)***

***ਮੇਰੇ ਅੰਦਰ ਇਕ ਦਮ ਤਾਕਤ ਦੀ ਇਕ ਲਹਿਰ ਝਰਨਾਹਟ ਛੇੜ ਗਈ। ਮੈਂ ਸਭ ਜ਼ਾਹਰਾ ਮਹਿਸੂਸ ਕੀਤਾ ਕਿ ਸਭ ਮੈਨੂੰ ਜ਼ਿੰਦਾ ਦੇਖਣਾ ਚਾਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਮਨੋਮਨ ਪ੍ਰਣ ਕੀਤਾ ਕਿ ਨਹੀਂ ਮਰਾਂਗਾ, ਜਲਦੀ ਨਹੀਂ ਮਰਾਂਗਾ, ਲੋਕਾਂ ਖਾਤਿਰ ਜੀਵਾਂਗਾ। ਹਰ ਕਸ਼ਟ ਝੱਲ ਕੇ ਇਕ ਇਕ ਸਾਹ ਜੀਵਾਂਗਾ ਹੀ ਨਹੀਂ, ਸਾਹਾਂ ਨੂੰ ਸਕਾਰਥਾ ਕਰਾਂਗਾ ਤੇ ਪ੍ਰਸੁਆਰਥੀ ਬਣਨ ਦੀ ਕੋਸ਼ਿਸ਼ 'ਚ ਅੱਗੇ ਆਪਣੇ ਵਿੱਢੇ ਕੰਮਾਂ ਨੂੰ ਸਰਅੰਜਾਮ ਦੇਣ ਲਈ ਤੇ ਵੱਖ ਵੱਖ ਮੌਕਿਆਂ 'ਤੇ ਕੀਤੇ ਅਹਿਦ ਪੂਰੇ ਕਰਨ ਲਈ ਜੀਵਾਂਗਾ ਤੇ ਜੀਵਾਂਗਾ, ਕੁਝ ਵੀ ਹੋਵੇ ਜ਼ਿੰਦਗੀ ਦਾ ਪੱਲਾ ਘੁੱਟ ਕੇ ਫੜ੍ਹੀ ਰੱਖਾਂਗਾ।***

# ਬੱਦਲ-ਬੰਦਗੀ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਵਾਰਤਕ ਹੈ ਜਾਂ ਕਵਿਤਾ। ਡਾ. ਭੰਡਾਲ ਕੁਦਰਤ ਦੀਆਂ ਵੱਖ ਵੱਖ ਨਿਆਮਤਾਂ ਦਾ ਵਿਖਿਆਨ ਕਰ ਚੁਕੇ ਹਨ ਅਤੇ ਗਿਲਾ ਵੀ ਕਰ ਚੁਕੇ ਹਨ ਕਿ ਮਨੁੱਖ ਆਪਣੀ ਸਵਾਰਥੀ ਸੋਚ ਕਰ ਕੇ ਕੁਦਰਤ ਦੇ ਰੰਗਾਂ ਨਾਲ ਕਿੰਨਾ ਖਿਲਵਾੜ ਕਰ ਰਿਹਾ ਹੈ? ਪਿਛਲੇ ਲੇਖ ਵਿਚ ਉਨ੍ਹਾਂ ਨਿੰਘ ਦੀ ਗੱਲ ਕਰਦਿਆਂ ਜਿੱਥੇ ਕੁਦਰਤ ਦੇ ਨਿੰਘ ਦੀ ਗੱਲ ਕੀਤੀ, ਉਥੇ ਮਾਨਵੀ ਨਿੱਘ ਦਾ ਖੁਲਾਸਾ ਵੀ ਕੀਤਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਬੱਦਲਾਂ ਦੀਆਂ ਖਾਸੀਅਤਾਂ ਅਤੇ ਉਨ੍ਹਾਂ ਦੇ ਰੰਗਾਂ ਦਾ ਵਿਖਿਆਨ ਕੀਤਾ ਹੈ। ਉਹ ਕਹਿੰਦੇ ਹਨ, "ਬੱਦਲ-ਉਡਾਣ, ਮਨੁੱਖੀ ਸੋਚ ਲਈ ਪੈਗਾਮ ਕਿ ਜੇ ਉਡਣਾ ਏ ਤਾਂ ਧਰਤੀ ਤੋਂ ਉਪਰ ਉਠਣਾ ਪੈਣਾ, ਹਵਾ ਨੂੰ ਜਲਵਾਹਕ ਬਣਾਉਣਾ ਪੈਣਾ, ਦਬਾਅ ਦੀ ਤਬਦੀਲੀ ਸੰਗ ਰਾਹੇ ਪੈਣਾ ਅਤੇ ਪਰਵਾਜ਼ ਦੇ ਨਾਮ ਨਵੇਂ ਦਿਸੱਹਦਿਆਂ ਦਾ ਸਿਰਨਾਵਾਂ ਖੁਣਵਾਉਣਾ ਪੈਣਾ।" ਉਹ ਕੁਦਰਤ ਦਾ ਸੱਚ ਬਿਆਨਦਿਆਂ ਕਹਿੰਦੇ ਹਨ, "ਬੱਦਲ ਹਨ ਤਾਂ ਬਾਰਸ਼ ਹੈ। ਬਾਰਸ਼ ਹੈ ਤਾਂ ਜਿੰਦਗੀ ਹੈ, ਜੀਵ-ਜੰਤੂ ਹਨ, ਬਨਸਪਤੀ ਹੈ, ਮੌਲਦੀ ਕੁਦਰਤ ਹੈ ਅਤੇ ਮੌਲਣ ਰੁੱਤ ਵਿਚ ਸਰਬ-ਸੁਖਨ ਤੇ ਸਰਬ-ਚਿਰੰਜੀਵਤਾ, ਹਰ ਪ੍ਰਾਣੀ ਦਾ ਮਸਤਕ-ਭਾਗ ਬਣਦੀ।" -ਸੰਪਾਦਕ***

ਬੱਦਲ, ਬਦਲਦੇ ਮੌਸਮਾਂ ਦਾ ਮਿਜ਼ਾਜ਼, ਤਾਪਮਾਨੀ ਤਬਦੀਲੀ ਦਾ ਆਧਾਰ ਅਤੇ ਪੈਦਾ ਹੋ ਰਹੇ ਦਬਾਅ ਦੀਆਂ ਤਬਦੀਲੀਆਂ ਕਾਰਨ ਸਿਰਜਿਆ ਵਹਾਅ।

ਬੱਦਲ, ਵਾਸ਼ਪ ਕਣਾਂ ਦੀ ਪਨਾਹ, ਜਲ ਨੂੰ ਪਿਆਸ ਧਰਾਤਲ ਤੀਕ ਪਹੁੰਚਾਉਣ ਦਾ ਸਬੱਬ, ਮਾਰੂਥਲਾਂ ਦੀ ਬੀਹੀ ਵਿਚ ਜਲ-ਤਰੌਂਕਣੀ ਅਤੇ ਰੱਕੜਾਂ ਨੂੰ ਨਿਆਈਆਂ ਬਣਾਉਣ ਦੀ ਕਰਾਮਾਤੀ ਕ੍ਰਿਆ।

ਬੱਦਲ, ਪਾਣੀ ਦਾ ਨਿਵਾਣ ਤੋਂ ਉਚੇ ਅੰਬਰਾਂ ਨੂੰ ਛੋਹਣ ਦੀ ਅਦਾ, ਪਿਆਸਿਆਂ ਦੀ ਪਿਆਸ ਬੁਝਾਉਣ ਦੀ ਸਫਾਅ ਅਤੇ ਨਿਰਜਿੰਦ ਰੂਹਾਂ ਵਿਚ ਜੀਵਨ ਧੜਕਾਉਣ ਦੀ ਸਦਾਅ।

ਬੱਦਲ, ਅੰਬਰ ਜੂਹ ਵਿਚ ਪਾਣੀ ਦਾ ਪੀਹੜਾ, ਜਲ-ਉਡਾਣ ਦਾ ਸੁੱਚਾ ਹਰਫ ਅਤੇ ਜੀਵਨੀ ਬਰਕਤਾਂ ਦਾ ਨਿਉਂਦਾ।

ਬੱਦਲ, ਸੋਚ-ਉਡਾਣ ਜੋ ਮਨੁੱਖੀ ਚਿੰਤਨ ਵਿਚ ਖੁਦ ਨੂੰ ਉਪਰ ਉਠਾਉਣ, ਅੰਬਰ-ਜੂਹ ਵਿਚ ਘਰ ਪਾਉਣ, ਖਲਾਅ ਵਿਚ ਹੋਂਦ ਦਾ ਪਰਚਮ ਲਹਿਰਾਉਣ, ਹਵਾ ਦੀਆਂ ਪਰਤਾਂ ਨੂੰ ਲਹਿਰਾਉਣ ਅਤੇ ਮਟਕਾਉਣ ਦਾ ਵੱਲ।

ਬੱਦਲ, ਖਲਾਅ ਦੇ ਖਾਲੀਪਣ ਨੂੰ ਭਰਨ ਦਾ ਸੁੱਚਾ ਕਰਮ ਅਤੇ ਇਸ ਦੀ ਕਰਮਯੋਗਤਾ ਵਿਚ ਹੀ ਲਿਖਿਆ ਹੁੰਦਾ, ਸਾਹ-ਸਦੀਵਤਾ ਦਾ ਧਰਮ।

ਬੱਦਲ-ਜੂਹੇ ਵਿਰਲਿਆਂ ਦਾ ਘਰ, ਉਨ੍ਹਾਂ ਦੇ ਹਰ ਕਰਮ ਵਿਚ ਕੁਝ ਨਰੋਇਆ ਕਰਨ ਦਾ ਵਰ ਅਤੇ ਉਤਪੰਨ ਹੁੰਦੇ ਜੀਵਨ-ਤੱਤ ਨੂੰ ਉਸਾਰਨ, ਵਿਸਥਾਰਨ ਅਤੇ ਉਭਾਰਨ ਦਾ ਨਿਰ-ਸੁਆਰਥ ਕਾਰਜ।

ਬੱਦਲ, ਪਾਣੀ ਦਾ ਗਰਮੀ ਨੂੰ ਆਪਣੇ 'ਚ ਸਮਾਉਣ ਦਾ ਧਰਮ, ਵਾਸ਼ਪ ਬਣ ਸੰਜੀਲਾ ਰੂਪ ਵਟਾਉਣ ਦਾ ਕਰਮ ਅਤੇ ਪਾਣੀ ਭਿੱਜੀ ਹਵਾ ਨੂੰ ਬੱਦਲਾਂ ਦਾ ਨਾਮ ਦੇ, ਹਵਾ ਦੇ ਪਿੰਡੇ 'ਤੇ ਸੁੱਚਮ ਉਕਰਨ ਦਾ ਕਰਮ।

ਬੱਦਲ ਬਣਨਾ ਹੀ ਸਭ ਤੋਂ ਔਖਾ ਕਿਉਂਕਿ ਬੱਦਲ ਬਣਨ ਲਈ ਤੁਹਾਡੀ ਪਾਕੀਜ਼ਗੀ ਬਣਦੀ ਪਛਾਣ। ਗੰਦਲਾਪਣ, ਕੂੜ-ਕੁਸੱਤ ਅਤੇ ਕੁਹਜੇਪਣ ਨੂੰ ਤਿਆਗ ਕੇ, ਪਾਣੀ ਵਾਸ਼ਪ ਦਾ ਰੂਪ ਵਟਾਉਂਦਾ, ਬੱਦਲ ਦੀ ਜੂਨੇ ਪਾਉਂਦਾ, ਤਾਰਿਆਂ ਸੰਗ ਗੁਫਤਗੂ ਨਾਲ ਸੋਚ-ਧਰਾਤਲ ਨੂੰ ਤਾਰਿਆਂ ਦੇ ਹਾਣ ਦਾ ਬਣਾਉਣਾ ਅਤੇ ਆਪਣੀ ਕਰਮਸ਼ੀਲਤਾ 'ਚ ਚਾਨਣ ਦਾ ਜਾਗ ਲਾਉਂਦਾ।

ਬੱਦਲ-ਉਡਾਣ, ਮਨੁੱਖੀ ਸੋਚ ਲਈ ਪੈਗਾਮ ਕਿ ਜੇ ਉਡਣਾ ਏ ਤਾਂ ਧਰਤੀ ਤੋਂ ਉਪਰ ਉਠਣਾ ਪੈਣਾ, ਹਵਾ ਨੂੰ ਜਲਵਾਹਕ ਬਣਾਉਣਾ ਪੈਣਾ, ਦਬਾਅ ਦੀ ਤਬਦੀਲੀ ਸੰਗ ਰਾਹੇ ਪੈਣਾ ਅਤੇ ਪਰਵਾਜ਼ ਦੇ ਨਾਮ ਨਵੇਂ ਦਿਸੱਹਦਿਆਂ ਦਾ ਸਿਰਨਾਵਾਂ ਖੁਣਵਾਉਣਾ ਪੈਣਾ।

ਬੱਦਲ, ਬੱਦਲਾਂ ਨਾਲ ਟਕਰਾਉਂਦੇ ਤਾਂ ਗੜਗੜਾਹਟ ਪੈਦਾ ਹੁੰਦੀ, ਅਸਮਾਨੀ ਬਿਜਲੀ ਲਿਸ਼ਕਦੀ ਜੋ ਹਨੇਰ-ਰਾਹਾਂ 'ਚ ਚਾਨਣ ਤਰੌਂਕਦੀ। ਪਰ ਕਈ ਵਾਰ ਹਨੇਰ ਨਗਰੀ ਨੂੰ ਆਪਣੀ ਲਪੇਟ ਵਿਚ ਲੈ, ਅਧਰਮ ਦਾ ਨਾਸ਼ ਕਰਨ ਲੱਗਿਆਂ ਪਲ ਵੀ ਨਾ ਲਾਉਂਦੀ।

ਬੱਦਲਾਂ ਦੀ ਗੜਗੜਾਹਟ 'ਚ ਛੁਪੀ ਹੁੰਦੀ ਏ ਇਕ ਵੰਗਾਰ, ਉਦਮ-ਭਰੀ ਲਲਕਾਰ ਅਤੇ ਮਾਰੂਥਲ ਨੂੰ ਭਿਉਣ ਵਾਲਾ ਸ਼ਾਹ-ਸਵਾਰ।

ਬੱਦਲ, ਮੋਹਲੇਧਾਰ ਬਾਰਸ਼ ਬਣਦੇ ਤਾਂ ਪਿਆਸੀ ਧਰਤੀ ਜਲ ਨਾਲ ਲਬਰੇਜ਼ ਹੁੰਦੀ, ਬਿਰਖ-ਟੀਸੀਆਂ ਨੂੰ ਤਰ ਕਰਦੀ, ਉਚੇ ਟਿਬਿਆਂ ਨੂੰ ਨਮੀ ਵਰਦੀ ਅਤੇ ਬਰੇਤਿਆਂ ਨੂੰ ਨਦੀਆਂ ਅਤੇ ਨਾਲਿਆਂ ਦਾ ਨਾਮਕਰਨ ਦਿੰਦੀ।

ਬੱਦਲ ਹਨ ਤਾਂ ਬਾਰਸ਼ ਹੈ। ਬਾਰਸ਼ ਹੈ ਤਾਂ ਜਿੰਦਗੀ ਹੈ, ਜੀਵ-ਜੰਤੂ ਹਨ, ਬਨਸਪਤੀ ਹੈ, ਮੌਲਦੀ ਕੁਦਰਤ ਹੈ ਅਤੇ ਮੌਲਣ ਰੁੱਤ ਵਿਚ ਸਰਬ-ਸੁਖਨ ਤੇ ਸਰਬ-ਚਿਰੰਜੀਵਤਾ, ਹਰ ਪ੍ਰਾਣੀ ਦਾ ਮਸਤਕ-ਭਾਗ ਬਣਦੀ।

ਬੱਦਲ ਹੈ ਤਾਂ ਕਾਲੀਆਂ ਘਟਾਵਾਂ ਦਾ ਦ੍ਰਿਸ਼ ਮਨ ਨੂੰ ਮੋਂਹਦਾ, ਮੋਰ ਪੈਲ ਪਾਉਂਦਾ। ਮਨ-ਮੋਰ ਰੁਮਕਦਾ ਅਤੇ ਇਸ ਰੁਮਕਣੀ ਵਿਚ ਚਾਅ ਅਤੇ ਹੁਲਾਸ ਦਾ ਅਜਿਹਾ ਸਰੂਰ ਕਿ ਕੁਦਰਤ ਵੀ ਨਾਦ-ਨਾਚ 'ਚ ਸ਼ਰੀਕ ਹੋ, ਖੁਸ਼ੀਆਂ ਦਾ ਸ਼ਗਨ ਹਰ ਝੋਲੀ ਪਾਉਂਦੀ।

ਬੱਦਲ-ਬਰਕਤਾਂ ਲਈ ਪੂਰੇ ਦੀ ਪੌਣ ਬੱਦਲਾਂ ਨੂੰ ਕੰਧਾੜੇ 'ਤੇ ਚੁੱਕ, ਧਰਤ ਦੀਆਂ ਉਨ੍ਹਾਂ ਜੂਹਾਂ ਦੀ ਪਰਿਕਰਮਾ ਕਰਵਾਉਂਦੀ ਜੋ ਪਾਣੀ ਲਈ ਬੇਚੈਨ ਨੇ। ਬਾਰਸ਼ ਇਕ ਜੀਵਨ-ਦਾਨ ਜੋ ਪਰਿੰਦਿਆਂ ਲਈ ਚੋਗ ਅਤੇ ਭੁੱਖਿਆਂ ਲਈ ਦੋ ਟੁੱਕ ਦਾ ਆਹਾਰ।



ਬੱਦਲ ਕਾਰਨ ਹੀ ਸਾਵਣ ਦੀ ਰੁੱਤ ਮਨ-ਬੀਹੀ ਵਿਚ ਦਸਤਕ ਦਿੰਦੀ। ਜਵਾਨ ਦਿਲ ਅੰਗੜਾਈਆਂ ਭਰਦੇ, ਉਮੰਗਾਂ ਨੂੰ ਜਰਬ ਮਿਲਦੀ, ਤੀਆਂ ਦੇ ਮੇਲੇ ਲੱਗਦੇ, ਅੰਬਰ ਨੂੰ ਹੱਥ ਲਾਉਣ ਲਈ ਨੱਢੀਆਂ ਲੈਂਦੀਆਂ ਪੀਂਘ-ਸਹਾਰਾ। ਪੀਂਘ-ਝੂਟਾ ਬਣਦਾ ਸੁਪਨਿਆਂ ਦੀ ਸੰਦਲੀ ਰੁੱਤ ਅਤੇ ਸੰਜੀਲੇ ਪਲਾਂ ਦਾ ਸੰਧਾਰਾ। ਜਵਾਨ-ਮਨ ਨੂੰ ਉਨ੍ਹਾਂ ਕਦਰਾਂ ਕੀਮਤਾਂ ਨਾਲ ਜੋੜਦੀ ਜੋ ਜੀਵਨ ਦਾ ਮੂਲ ਆਧਾਰ ਹੋਣ ਦੇ ਨਾਲ-ਨਾਲ ਵਿਰਾਸਤ ਦੀ ਨਿਸ਼ਾਨਦੇਹੀ ਵੀ ਕਰਦੀਆਂ ਨੇ। ਹੁਣ ਤਾਂ ਤੀਆਂ ਸਿਰਫ ਕਿਤਾਬਾਂ, ਬਜੁਰਗੀ ਬੋਲਾਂ ਜਾਂ ਕੁਝ ਕੁ ਲੋਕਾਂ ਦੇ ਚੇਤੇ 'ਚ ਸਿਮਟ ਕੇ ਰਹਿ ਗਈਆਂ ਨੇ।

ਬੱਦਲ ਨੇ ਤਾਂ ਸਮੁੰਦਰ ਨੂੰ ਆਪਣੀ ਹੋਂਦ ਦਾ ਅਹਿਸਾਸ ਹੁੰਦਾ। ਬੱਦਲਾਂ ਦੇ ਪੱਲੇ ਸਾਫ ਪਾਣੀ ਬੰਨ ਉਨ੍ਹਾਂ ਨੂੰ ਮੋਹ ਨਾਲ ਤੋਰਦਾ ਅਤੇ ਆਪਣੀ ਧੰਨਭਾਗਤਾ ਨੂੰ ਨਤਮਸਤਕ ਹੁੰਦਾ। ਪਰ ਸਮੁੰਦਰ ਦਾ ਸਿਰ ਨਮੋਸ਼ੀ ਨਾਲ ਝੁਕ ਜਾਂਦਾ ਜਦ ਮਨੁੱਖ ਗੰਦਗੀ ਨੂੰ ਨਦੀਆਂ ਅਤੇ ਦਰਿਆਵਾਂ ਵਿਚ ਘੋਲ ਸਮੁੰਦਰ ਦੀ ਝੋਲੀ 'ਚ ਪਾਉਂਦਾ। ਕਦੇ ਮਨੁੱਖ ਨੇ ਸਮੁੰਦਰ ਵਰਗੀ ਸੋਚ ਅਪਨਾਈ ਹੁੰਦੀ ਤਾਂ ਮਨੁੱਖੀ ਕਮੀਨਗੀ, ਅਕ੍ਰਿਤਘਣਤਾ ਅਤੇ ਕੁਹਝ ਸਮਾਜ ਦੇ ਨਾਂਵੇਂ ਨਾ ਹੁੰਦਾ।

ਬੱਦਲ, ਜਲ ਦਾ ਇਕ ਥਾਂ ਤੋਂ ਦੂਜੀ ਥਾਂ ਜਾਣਾ, ਪੌਣ ਦੀ ਅਧੀਨਗੀ ਵਿਚ ਜਿਉਣਾ ਅਤੇ ਇਸ ਦੀ ਮਿਹਰਬਾਨੀ ਨਾਲ ਜਲ ਦੇ ਸਫਰ-ਸੰਪੂਰਨਤਾ ਵਿਚੋਂ ਸੰਤੁਸ਼ਟੀ ਦੇ ਮਜੀਠ ਰੰਗ ਨਾਲ ਪਿੰਡਾ ਰੰਗਾਉਣਾ।

ਬੱਦਲ, ਰੰਗ-ਬਿਰੰਗੇ। ਕੁਲ ਕਾਲੇ, ਕੁਝ ਬੱਗੇ, ਕੁਝ ਫਿੱਕੇ, ਕੁਝ ਸਲੇਟੀ, ਕੁਝ ਗੂੜ੍ਹੇ, ਕੁਝ ਪਾਣੀ ਨਾਲ ਭਰੇ ਪਰ ਕੁਝ ਪਾਣੀ ਦਾ ਤਰਸੇਵਾਂ।

ਬੱਦਲ, ਬਦਲੋਟੀਆਂ ਦਾ ਰੂਪ ਹੰਢਾਵੇ ਤਾਂ ਇਕ ਚਸਕ ਆਪਣੀ ਤਲੀ 'ਤੇ ਖੁਣਵਾਵੇ ਕਿ ਕਿਉਂ ਨਾ ਉਹ ਪਾਣੀ ਦਾ ਰੂਪ ਵਟਾਵੇ।

ਬੱਦਲ ਜਦ ਤਿੱਤਰ-ਖੰਭੀ ਹੁੰਦਾ ਤਾਂ ਅੰਬਰ 'ਚ ਇਸ ਦੀਆਂ ਵੱਖ ਵੱਖ ਆਕ੍ਰਿਤੀਆਂ ਤੇ ਸ਼ਕਲਾਂ ਦਾ ਰੂਪ ਧਾਰ, ਮਨੁੱਖੀ ਸੋਚ ਨੂੰ ਸੁਪਨਸ਼ੀਲ ਅਤੇ ਭਵਿੱਖਭਾਵੀ ਬਣਾਉਣ ਵਿਚ ਆਪਣਾ ਰੋਲ ਬਾਖੂਬੀ ਨਿਭਾਉਂਦੇ। ਦਰਅਸਲ ਤਿੱਤਰ-ਖੰਭੀ ਬੱਦਲਾਂ ਦਾ ਪਲੇਠਾ ਪੈਗਾਮ। ਆਮਦ ਦੀ ਕਨਸੋਅ ਅਤੇ ਕੁਦਰਤੀ ਪ੍ਰਕ੍ਰਿਆ ਵਿਚੋਂ ਕੁਝ ਨਰੋਇਆ ਉਗਮਣ ਦੀ ਨਿਸ਼ਾਨਦੇਹੀ। ਤਿੱਤਰ-ਖੰਭੀ ਹੀ ਆਖਰ ਬੱਦਲ ਦਾ ਰੂਪ ਵਟਾਵੇ ਅਤੇ ਅੰਬਰ ਦੀ ਬਗਲਗੀਰੀ 'ਚ ਸਹਿਜ ਨਾਲ ਅਜਿਹਾ ਕਰ ਜਾਵੇ ਕਿ ਉਸ ਦੀ ਦਿਆਲਤਾ ਦਾ ਗਾਇਨ ਸਭ ਜੱਗ ਗਾਵੇ।

ਬੱਦਲ ਧੁੰਦ ਦੇ ਵੀ ਹੁੰਦੇ ਜੋ ਸੂਰਜ ਲਈ ਰੁਕਾਵਟ, ਚਾਨਣ ਲਈ ਓਹਲਾ ਅਤੇ ਯੱਖ ਪਲਾਂ ਦਾ ਨਿਉਂਦਾ ਹੁੰਦੇ। ਪਰ ਸੂਰਜੀ ਦਲੇਰੀ ਤੇ ਸਿਰੜ ਅੱਗੇ ਇਹ ਬੱਦਲਈ-ਧੁੰਦਲਕੇ ਜਲਦੀ ਹੀ ਅਲੋਪ ਹੋ, ਮਨੁੱਖੀ ਸੋਚ-ਧਰਾਤਲ ਵਿਚ ਅਚੇਤ ਸੁਨੇਹਾ ਧਰ ਜਾਂਦੇ ਕਿ ਹਿੰਮਤ ਦੇ ਅਮੋੜ ਵਹਿਣ ਅੱਗੇ ਅਜਿਹੀਆਂ ਦੁਸ਼ਵਾਰੀਆਂ ਤੇ ਦੁੱਖ ਅਸਮਰੱਥ।

ਧੂੰਏਂ ਦੇ ਬੱਦਲ ਨੈਣਾਂ ਵਿਚ ਰੜਕ, ਖਾਰਾਪਣ ਅਤੇ ਨੈਣ-ਦਿਸਹੱਦਿਆਂ ਵਿਚ ਗਹਿਰਾ ਧੁੰਦਲਕਾ ਪੈਦਾ ਕਰ, ਜੀਵਨ-ਰਾਹਾਂ ਨੂੰ ਖੋਰਦੇ। ਪਰ ਸੁਪਨੇ ਦੀ ਸਿਦਕਦਿਲੀ ਸਾਹਵੇਂ ਇਹ ਸਭ ਕੁਝ ਬੌਣਾ।

ਬੱਦਲ ਤਾਂ ਕਈ ਵਾਰ ਦੁੱਖਾਂ ਤੇ ਕਸ਼ਟਾਂ ਦੇ ਵੀ ਹੁੰਦੇ ਜੋ ਜ਼ਿੰਦਗੀ 'ਤੇ ਮੰਡਰਾਉਂਦੇ, ਪੀੜਤ ਪਲਾਂ ਦਾ ਰਾਗ ਅਲਾਹੁੰਦੇ, ਮਨੁੱਖੀ ਦਲੇਰੀ ਤੇ ਦ੍ਰਿੜਤਾ ਨੂੰ ਪਰਖਦੇ। ਇਨ੍ਹਾਂ ਬੱਦਲਾਂ ਨੂੰ ਛੱਟਣ ਲੱਗਿਆਂ ਵੀ ਦੇਰ ਨਹੀਂ ਲੱਗਦੀ ਕਿਉਂਕਿ ਜਦ ਸੂਰਜ ਚੜ੍ਹਦਾ ਤਾਂ ਮੱਸਿਆ ਰੂਪੀ ਹਨੇਰ ਪਲਾਂ ਵਿਚ ਹੀ ਅਦ੍ਰਿਸ਼ਟ ਹੋ ਜਾਂਦਾ। ਇਕ ਜੁਗਨੂੰ ਹੀ ਕਾਫੀ ਏ ਹਨੇਰ ਨਾਲ ਆਢਾ ਲਾਉਣ ਲਈ।

ਬੱਦਲ, ਵਖਤ-ਬੀਹੀ ਵਿਚ ਬਾਰਸ਼ ਦੇ ਗੇੜੇ। ਤਰਲਤਾ ਨਾਲ ਸਿੰਜਿਆ ਵਿਹੜਾ ਅਤੇ ਇਸ ਵਿਹੜੇ ਵਿਚ ਜੀਵਨ ਦਾ ਅਨਹਦੀ ਗੇੜਾ, ਜਿਸ ਨੇ ਜ਼ਿੰਦਗੀ ਦੀਆਂ ਰੇਖਾਵਾਂ ਨੂੰ ਵਿਉਂਤਣ ਦਾ ਕੀਤਾ ਏ ਜੇਰਾ।

ਬੱਦਲ, ਕਰਮਯੋਗੀ ਜਿਸ ਦੀ ਕਰਮਯੋਗਤਾ ਵਿਚ ਮਨੁੱਖੀ ਬੰਦਿਆਈ ਤੇ ਭਲਿਆਈ ਦਾ ਪ੍ਰਗਟਾ, ਜਿਸ ਦੀ ਅਵਾਰਗੀ ਵਿਚ ਫੱਕਰਾਂ ਜਿਹੀ ਅਲਮਸਤੀ ਜੋ ਸਿਰਫ ਖੈਰਾਂ ਵੰਡਦੇ, ਅਸ਼ੀਰਵਾਦ ਦਿੰਦੇ, ਨਗਰ/ਖੇੜੇ ਨੂੰ ਰੱਸਣ-ਵੱਸਣ ਦੇ ਵਰਦਾਨ ਦੀ ਹਾਕ ਨਾਲ ਹਰ ਬੀਹੀ ਨੂੰ ਤਰੰਗਤ ਕਰਦੇ। ਫਿਜ਼ਾ ਨੂੰ ਸੁਗੰਧਤ ਅਤੇ ਸਦਾ-ਬਹਾਰੀ ਰੂਪ 'ਚ ਸੰਬੋਧਨ ਕਰਦੇ। ਫਕੀਰਾਂ ਦੀ ਪੈੜਚਾਲ 'ਚ ਪਗਡੰਡੀਆਂ ਨੂੰ ਪਹਿਆਂ ਅਤੇ ਰਾਹਾਂ ਨੂੰ ਨਵੀਆਂ ਮੰਜ਼ਿਲਾਂ ਬਣਨ ਦਾ ਹਰਫ ਹਾਸਲ ਹੁੰਦਾ।

ਬੱਦਲ, ਇਕ ਬਦਲਾਅ-ਸੂਚਕ। ਇਕ ਨਿਰੰਤਰ ਯਾਤਰਾ ਦਾ ਨਾਮਕਰਨ। ਇਕ ਸੁਚੱਜੀ ਕਰਮ ਦੀ ਅਰਘ-ਅਰਾਧਨਾ ਅਤੇ ਸੁੱਚੀ ਸੋਚ ਦੀ ਸਰਘੀ ਜੋ ਕੁਦਰਤ ਦੀ ਬੀਹੀ ਵਿਚ ਜੀਵਨ-ਧੜਕਣ ਦਾ ਪੈਗਾਮ ਦੇ ਜਾਂਦੀ।

ਬੱਦਲ ਲੋਚਦੇ ਨੇ ਬਿਰਖਾਂ ਨੂੰ ਬਨਸਪਤੀ, ਪਰਿੰਦਿਆਂ ਲਈ ਕੋਇਲ-ਕੂਕ ਅਤੇ ਬੋਟ-ਗੁਟਕਣੀ ਨੂੰ ਮੋਰਾਂ ਦੀ ਪੈਲ ਅਤੇ ਧਰਤ 'ਤੇ ਵਿਛੀ ਹਰਿਆਵਲ।

ਕਈ ਵਾਰ ਬਿਰਖ-ਵਿਹੂਣੀ ਧਰਤੀ ਬੱਦਲਾਂ ਨੂੰ ਉਡੀਕਦੀ ਆਪਣੀ ਅਉਧ ਵਿਹਾ ਜਾਂਦੀ। ਨਦੀਆਂ, ਨਾਲਿਆਂ ਅਤੇ ਦਰਿਆਵਾਂ ਵਿਚ ਬਰੇਤੇ ਉਗਦੇ ਅਤੇ ਧਰਤੀ ਦੇ ਨੈਣਾਂ ਵਿਚ ਰੱਕੜ ਸਿੰਮਦਾ। ਬੱਦਲ ਅਤੇ ਬਿਰਖਾਂ ਦੀ ਸਾਂਝ ਨੂੰ ਤੋੜ। ਮਨੁੱਖ ਨੇ ਕੀ ਖੱਟਿਆ, ਮਨੁੱਖ ਨੂੰ ਹੁਣ ਤਾਂ ਸੋਚਣਾ ਹੀ ਚਾਹੀਦਾ। ਬਿਰਖ-ਵਿਹੂਣੇ ਹੋ ਕੇ ਕੁਦਰਤ, ਪਰਿੰਦਿਆਂ, ਜਾਨਵਰਾਂ ਅਤੇ ਕੁਦਰਤੀ ਸੰਤੁਲਨ ਤੋਂ ਵਿਰਵੀ ਹੋ ਕੇ ਮਨੁੱਖੀ ਸੰਤਾਪ ਦਾ ਸਬੱਬ ਬਣ ਚੱਲੀ ਏ, ਪਰ ਮਨੁੱਖ ਆਪਣੀ ਅੜੀ 'ਤੇ ਅਟੱਲ। ਦੇਖਣਾ! ਮਨੁੱਖ ਜਿੱਤਦਾ ਜਾਂ ਕੁਦਰਤ!

ਬੱਦਲ ਨਾਲ ਨੇ ਅੰਬਰ ਵਿਚ ਲਟਕਦੀਆਂ ਬਾਰਸ਼ ਬੂੰਦਾਂ, ਇਨ੍ਹਾਂ ਵਿਚੋਂ ਆਪਣਾ ਰਾਹ ਖੋਜਦੀਆਂ ਨੇ ਤਿਰਛੀਆਂ ਸੂਰਜੀ ਕਿਰਨਾਂ। ਫਿਰ ਇਹ ਲਟਕਦੀਆਂ ਬਾਰਸ਼-ਬੂੰਦਾਂ ਪ੍ਰਿਜ਼ਮ ਬਣ ਕੇ ਅੰਬਰ-ਜੂਹ ਵਿਚ ਸਤਰੰਗੀ ਪੀਂਘ ਦੀ ਆਭਾ ਨਾਲ ਅੰਬਰ ਨੂੰ ਚਾਰ ਚੰਨ ਲਾਉਂਦੀਆਂ, ਕੁਦਰਤੀ ਨਿਖਾਰ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਂਦੀਆਂ, ਇਨ੍ਹਾਂ ਰੰਗਾਂ ਨੂੰ ਮਨੁੱਖੀ ਵਿਹਾਰ ਅਤੇ ਸੋਚ-ਕਿਰਦਾਰ ਵਿਚ ਪ੍ਰਗਟ ਕਰ, ਮਨੁੱਖ ਨੂੰ ਸਤਰੰਗੀ ਪੀਂਘ ਵਰਗਾ ਬਣਨ ਲਈ ਉਕਸਾਉਂਦੀਆਂ। ਮਨੁੱਖ ਨੂੰ ਕੁਝ ਨਰੋਇਆ, ਨਿਵੇਕਲਾ ਤੇ ਨਿਆਰਾ ਕਰਨ ਲਈ ਸੋਚ-ਪੁਲਾਂਘ ਬਣਨ ਦਾ ਦਾਈਆ ਮਨ ਵਿਚ ਟਿਕਾਉਂਦੀਆਂ।

ਬੱਦਲ ਨੇ ਤਾਂ ਬਦਲਦੀਆਂ ਰੁੱਤਾਂ ਦਾ ਕਿਆਸ ਜੀਵਨ ਵਿਚ ਪਨਪਦਾ। ਬਦਲਦੇ ਮੌਸਮ ਅਤੇ ਰੁੱਤਾਂ ਜੀਵਨ ਵਿਚ ਭਰਦੀਆਂ ਨੇ ਰੰਗ। ਇਹ ਰੰਗ ਹੀ ਜੀਵਨ ਦਾ ਸੁੱਚਮ ਜੋ ਜ਼ਿੰਦਗੀ ਨੂੰ ਜਿਉਣ-ਜੋਗਾ ਕਰਦੇ।

ਕਾਲੇ ਬੱਦਲ ਕਿਹੜੇ ਪਿੰਡ ਦੇ, ਤੇ ਕਿਹੜੀ ਜੂਹੋਂ ਆਏ? ਕਿਸ ਬੀਹੀ ਦੀ ਸੰਘਣੀ ਚੁੱਪ ਨੂੰ, ਪਿੰਡੇ ਵਿਚ ਰਮਾਏ। ਇਹ ਬੱਦਲ ਕਿਸ ਘੜੀ ਸੁਲੱਖਣੀ, ਕਿਹੜੀ ਮਾਂ ਦੇ ਜਾਏ? ਰਾਂਗਲੀ ਰੁੱਤ 'ਚ ਸੰਦਲੀ ਰੰਗ ਦਾ, 'ਵਾਵੀਂ ਨਗਮਾ ਗਾਏ। ਇਹ ਬੱਦਲ ਕਿਧਰ ਨੂੰ ਚੱਲੇ, ਕਿਹੜੇ ਰਾਹੀਂ ਜਾਣਾ? ਖੇਤੀਂ ਖੁਦਕੁਸ਼ੀਆਂ ਦੀ ਰੁੱਤੇ, ਮੱਲਣ ਆਣ ਟਿਕਾਣਾ। ਇਹ ਬੱਦਲ ਕਿਹੜੇ ਰੰਗ 'ਚ ਰੰਗੇ, ਆਭਾ ਲਈ ਗਵਾ। ਵਿਚ ਖਲਾਈਂ ਫਿਰਦੇ ਭੌਂਦੇ, ਸਾਹੋਂ ਸੁਕਿਆ ਸਾਹ। ਇਹ ਬੱਦਲ ਕਿਹੜੇ ਦੇਸ਼ੋਂ ਚੱਲੇ, ਕਿੱਧਰ ਨੂੰ ਕਰੀ ਤਿਆਰੀ? ਵਿਚ ਪਰਦੇਸੀਂ ਕੂੰਜ ਇਕੱਲੀ, ਹਾਕਾਂ ਮਾਰ ਕੇ ਹਾਰੀ। ਇਨ੍ਹਾਂ ਬੱਦਲਾਂ ਦੇ ਪਰਾਂ 'ਤੇ ਉਕਰੇ, ਕੋਈ ਸੁੱਚਾ ਸਿਰਨਾਵਾਂ। ਅੰਤਰ-ਜੂਹੇ ਧਰ ਕੇ ਇਹਨੂੰ, ਚਾਨਣ-ਗਰਭ ਹੰਢਾਵਾਂ। ਇਹ ਬੱਦਲ, ਬੱਦਲਾਂ ਦੇ ਸੰਗ, ਚਾਅ ਦੀ ਚੋਗ ਚੁਗੀਂਦੇ। ਚਾਅ-ਚੰਗੇਰ 'ਚ ਚਾਅ-ਗੜੁੱਚ ਨੂੰ, ਪੀਂਦੇ, ਥੀਂਦੇ, ਜੀਂਦੇ। ਇਹ ਬੱਦਲ ਜਦ ਮਸਤਕ ਅੰਬਰੀਂ, ਕਾਲੀਆਂ ਬਣਨ ਘਟਾਵਾਂ। ਰਿਮ-ਝਿਮ ਬਰਸੇ ਬਰਕਤ-ਬਾਰਸ਼, ਭਿੱਜਾਂ ਤੇ ਸ਼ੁਕਰ ਮਨਾਵਾਂ। ਇਹ ਬੱਦਲ ਕਦੇ ਤਿੱਤਰ-ਖੰਭੀ, ਪਾਣੀ ਦੇ ਤ੍ਰਿਹਾਏ। ਬਗਲੀ ਪਾ ਖੈਰਾਤ ਮੰਗਣ ਲਈ, ਹਰ ਦਰ ਖੜਕਾਵੇ। ਇਹ ਬੱਦਲ ਕਦੇ ਤਪਦੇ ਪਿੰਡੇ, ਕਣੀਆਂ ਦਾ ਸੰਗੀਤ। ਔੜ-ਤਪਸ਼ ਦੇ ਮਾਰੂਥਲਾਂ 'ਚ, ਸਰਸਰਾਉਂਦੀ ਸੀਤ। ਇਹ ਬੱਦਲ ਬਦਲੋਟੀਆਂ ਬਣ ਕੇ, ਫੱਕਰ ਜੂਨ ਹੰਢਾਉਂਦੇ। ਤਿੱਖੜ-ਦੁਪਹਿਰੀਂ ਬਚਪਨੇ ਉਪਰ, ਛਤਰੀ ਰੂਪ ਵਟਾਉਂਦੇ। ਇਹ ਬੱਦਲ ਆਪਸ ਵਿਚ ਘੁਲ ਕੇ, ਸ਼ਕਲਾਂ ਕਈ ਬਣਾਉਂਦੇ। ਤਨ ਦਾ ਕੱਜਣ, ਕਲਮ-ਦਵਾਤ ਤੇ, ਭੁੱਖ ਨੂੰ ਟੁੱਕਰ ਪਾਉਂਦੇ। ਇਹ ਬੱਦਲ ਸੂਖਮ ਪਾਣੀ, ਅੰਬਰ-ਜੂਹ ਦੇ ਹਾਣੀ। ਤ੍ਰੇਹ ਦੇ ਹੋਠੀਂ ਬੁੱਕ ਲਗਾਉਂਦਿਆਂ, ਆਪਣੀ ਹੋਂਦ ਮਿਟਾਣੀ। ਇਹ ਬੱਦਲ ਇਕ ਸੁਖਨ-ਸੁਨੇਹਾ, ਸੂਖਮ ਸੋਚ 'ਚ ਧਰਦੇ। ਧਰਤ ਤੋਂ ਉਪਰ ਉਠਣ ਵਾਲੇ, ਖੁਦ ਹੀ ਖੁਦ ਤੋਂ ਹਰਦੇ। ਇਹ ਬੱਦਲ ਬਣ ਨੇਕ-ਨਿਆਮਤ, ਬਿਰਖ-ਬਹਾਰ ਨਿਉਂਦਾ। ਬਿਨ ਨਮੀ ਸੁੱਕ ਕਾਂਗੜ ਹੋਇਆ, ਰੂਹ-ਰੰਗ ਹੋ ਜੇ ਜਿਉਂਦਾ। ਇਹ ਬੱਦਲ ਬੱਦਲਵਾਈ ਹੋ ਕੇ, ਦਿੰਦੇ ਸੁਗਮ-ਸੁਨੇਹਾ। ਬੰਦ ਦਰੀਂ ਕਿਣਮਿਣ ਦੀ ਦਸਤਕ, ਹੁੰਦੀ ਅਲਖ-ਅਭੇਵਾ। ਇਹ ਬੱਦਲ ਬੰਜਰ ਲਈ ਬਹਿਸ਼ਤ, ਰੱਕੜ ਬਣਨ ਨਿਆਈਆਂ। ਬੰਦਗੀ ਵਾਂਗ ਜਾਪਣ ਬਰਸਾਤਾਂ, ਸੁਚੀ ਕੁੱਖ ਦੀਆਂ ਕਾਈਆਂ।

ਬੱਦਲ ਨੇ ਤਾਂ ਬਰਕਤਾਂ ਨੇ, ਆਲੇ-ਦੁਆਲੇ 'ਚ ਨਿਆਮਤਾਂ ਹੀ ਨਿਆਮਤਾਂ ਅਤੇ ਇਸ ਨਿਆਮਤ-ਗੀਰੀ ਵਿਚੋਂ ਹੀ ਮਨੁੱਖ ਨੂੰ ਪਰਿਭਾਸ਼ਤ ਅਤੇ ਵਿਕਸਿਤ ਕਰਨਾ ਹੁੰਦਾ।

ਬੱਦਲ ਇਕ ਸੁਪਨ-ਉਡਾਣ ਦਾ ਨਾਮ, ਉਚੀ ਪਰਵਾਜ਼ ਦੀ ਪ੍ਰਦੱਖਣਾ, ਖੁਦ ਨੂੰ ਉਪਰ ਚੁੱਕਣ ਦਾ ਟੀਚਾ। ਇਸ ਲਈ ਅਲਾਮਤਾਂ ਨੂੰ ਖੁਦ ਨਾਲੋਂ ਨਿਖੇੜਨਾ, ਤਪਸ ਦੀ ਭੱਠੀ ਵਿਚ ਰਿੱਝਣ ਅਤੇ ਫਿਰ ਵਾਸ਼ਪ ਹੋ, ਭਾਫ ਬਣ ਬੱਦਲਾਂ ਦਾ ਰੂਪ ਵਟਾਉਣ ਦੀ ਅਦਾ ਅਤੇ ਅੰਦਾਜ਼ ਜੇ ਮਨੁੱਖੀ ਵਰਤਾਰੇ ਦਾ ਹਿੱਸਾ ਬਣ ਜਾਵੇ। ਮਨੁੱਖ ਬੱਦਲ ਦੇ ਅਚੇਤ, ਅਦਭੁੱਤ, ਅਲੋਕਾਰ ਅਤੇ ਅਨੁਭਵੀ ਸੂਖਮ-ਸੰਦੇਸ਼ ਨੂੰ ਅਪਨਾਉਣ ਦੀ ਜੁਰਅਤ ਕਰ ਲਵੇ ਤਾਂ ਜ਼ਿੰਦਗੀ ਦਾ ਮਾਣਮੱਤਾ ਸਰੂਪ ਸਭ ਨੂੰ ਮੁਖਾਤਬ ਹੋਵੇਗਾ।

ਬੱਦਲ, ਬੇਗਾਨਗੀ ਨੂੰ ਦੂਰ ਭਜਾਉਣ ਦੀ ਅੱਲ, ਪੌਣ-ਪਾਣੀ ਵਿਚ ਰਲਾਉਣ ਦਾ ਵੱਲ ਅਤੇ ਇਸ ਦੀ ਭਲਿਆਈ ਵਿਚ ਕਿਸੇ ਦੇ ਕੰਮ ਆਉਣ ਦਾ ਸੁਖੱਲ।

ਕਦੇ ਕਦਾਈਂ ਬੱਦਲ ਬਣ, ਕਿਸੇ ਦੇ ਅੰਬਰ ਵਿਚ ਸਦਭਾਵੀ-ਸਰੋਕਾਰਾਂ ਦਾ ਛਿੜਕਾ ਕਰਨਾ, ਤੁਹਾਡੇ ਅੰਤਰੀਵ ਵਿਚ ਬੈਠਾ ਆਦਮੀ ਆਦਮੀਅਤ ਦਾ ਦੂਤ ਬਣ ਜਾਵੇਗਾ।

ਬੱਦਲ ਕਿੰਨੇ ਵੀ ਕਾਲੇ ਜਾਂ ਸੰਘਣੇ ਹੋਣ, ਆਖਰ ਨੂੰ ਰੌਸ਼ਨੀ ਦੀ ਕਿਰਨ ਨੇ ਆਪਣਾ ਰਾਹ ਬਣਾ, ਜੀਵਨ-ਦਿਸਹੱਦਿਆਂ ਨੂੰ ਰੌਸ਼ਨ ਕਰਨਾ ਹੁੰਦਾ। ਕੋਈ ਰਾਹ ਨਿਰੋਲ ਹਨੇਰਾ ਨਹੀਂ ਹੁੰਦਾ। ਹਨੇਰੇ ਰਾਹਾਂ ਵਿਚੋਂ ਚਾਨਣ ਤਲਾਸ਼ਣ ਵਾਲੇ ਹੀ ਸੂਰਜ-ਸਿਰਨਾਵਾਂ ਹੁੰਦੇ।

ਬੱਦਲਾਂ ਵਰਗੇ ਵੀ ਕੁਝ ਲੋਕ ਹੁੰਦੇ ਜੋ ਤੁਹਾਡੇ ਹਿੱਸੇ ਦੇ ਅੰਬਰ ਨੂੰ ਹਨੇਰ 'ਚ ਤਬਦੀਲ ਕਰਦੇ। ਪਰ ਜਦ ਉਹ ਤੁਹਾਡੀ ਜ਼ਿੰਦਗੀ ਵਿਚੋਂ ਮਨਫੀ ਹੋ ਜਾਂਦੇ ਜਾਂ ਤੁਸੀਂ ਕਰ ਦਿੰਦੇ ਤਾਂ ਸਰਘੀ ਤੁਹਾਡੇ ਦਰਾਂ ਦੀ ਤ੍ਰੇਲ ਬਣਦੀ।

ਬੱਦਲ ਸਦਾ ਸਫਰ ਵਿਚ ਰਹਿੰਦੇ। ਪਿਆਸਿਆਂ ਦੀ ਪਿਆਸ-ਤਲਾਸ਼ ਮਿਟਾਉਂਦੇ, ਸਫਰ ਹਮੇਸ਼ਾ ਜਾਰੀ ਰੱਖਦੇ। ਸਮੁੰਦਰ ਤੋਂ ਅੰਬਰ, ਅੰਬਰ ਤੋਂ ਧਰਤ ਅਤੇ ਫਿਰ ਸਮੁੰਦਰ ਵੰਨੀ ਵਹੀਰਾਂ ਘੱਤਦੇ।

ਬੱਦਲਾਂ ਜਿਹੇ ਦਿਲਾਂ ਵਾਲੇ ਲੋਕ ਕਿਸੇ ਦੀ ਚੀਸ ਨਾਲ ਜਲਦੀ ਹੀ ਫਿਸ ਜਾਂਦੇ, ਅੱਖ ਭਰਦੇ ਅਤੇ ਬੱਦਲਾਂ ਵਾਂਗ ਨੈਣ-ਨੀਰ ਨਾਲ ਭਿਉਂਦੇ, ਮਨ ਵਿਚਲੇ ਗੁਬਾਰ ਤੋਂ ਰਾਹਤ ਪਾ ਸੁੱਖ ਦੀ ਨੀਂਦ ਸੌਂਦੇ।

ਬੱਦਲ ਬਣਨ ਦੀ ਲੋਚਾ ਮਨ ਵਿਚ ਪੈਦਾ ਕਰੋ। ਇਸ ਲੋਚਾ ਲਈ ਸਿਰੜ-ਸਾਧਨਾ, ਸਮਰਪਣ ਅਤੇ ਸੰਜ਼ੀਦਗੀ ਨੂੰ ਅੰਤਰੀਵ ਵਿਚ ਵਸਾਉ। ਖੁਦਗਰਜੀ, ਖੌਫ ਅਤੇ ਖਿਲਾਫਤ ਦੀ ਮੈਲ ਲਾਹੋ। ਬੱਦਲ ਬਣ ਕੇ ਅੰਬਰਾਂ ਦੀ ਜੂਹ ਵਿਚ ਘਰ ਪਾਓ। ਹਰ ਤਲੀ 'ਤੇ ਸੱਚੀਆਂ-ਸੁੱਚੀਆਂ ਸੋਚਾਂ ਅਤੇ ਸੁਪਨਿਆਂ ਦਾ ਸ਼ਗਨ ਪਾਉ ਅਤੇ ਇਨ੍ਹਾਂ ਦੀ ਸੰਪੂਰਨਤਾ ਲਈ ਖੁਦ ਨੂੰ ਦਾਅ 'ਤੇ ਲਾਓ। ਦਿਆਨਦਾਰੀ ਨਾਲ ਖੁਦ ਵਿਚੋਂ ਖੁਦੀ ਨੂੰ ਮਨਫੀ ਕਰ, ਖੁਦ ਦੇ ਬਹੁਤ ਕਰੀਬ ਹੋ ਜਾਵੋਗੇ ਜਿਸ ਤੋਂ ਤੁਸੀਂ ਅਚੇਤ ਰੂਪ ਵਿਚ ਕੋਹਾਂ ਦੂਰ ਸੀ। ਅਜਿਹੀ ਸੋਚ-ਸਰਗਮ ਦੀ ਆਸ ਤਾਂ ਰੱਖੀ ਜਾ ਸਕਦੀ ਏ।

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਭਿ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਯੋ ਗ੍ਰੰਥ ॥

ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 8ਵਾਂ ਮਹਾਨ ਨਗਰ ਕੀਰਤਨ



## ਨਗਰ ਕੀਰਤਨ ਦਾ ਰੂਟ

ਨਗਰ ਕੀਰਤਨ 118 ਸਟਰੀਟ ਤੋਂ 101 ਐਵੀਨਿਊ ਤੋਂ ਹੁੰਦਾ ਹੋਇਆ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਥੋੜੀ ਦੇਰ ਰੁਕਣ ਉਪਰੰਤ, 111 ਸਟਰੀਟ ਤੋਂ ਹੋ ਕੇ ਲਿਬਰਟੀ ਐਵੀਨਿਊ ਤੋਂ ਹੁੰਦਾ ਹੋਇਆ, 123 ਸਟਰੀਟ ਤੋਂ ਅਟਲਾਂਟਿਕ ਐਵੀਨਿਊ ਤੋਂ ਹੋ ਕੇ 3:30 ਵਜੇ ਗੁਰਦੁਆਰਾ ਸਾਹਿਬ ਆ ਕੇ ਅਰਦਾਸ ਨਾਲ ਸੰਪੰਨ ਹੋਵੇਗਾ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਲੋਂ

95-30 118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419



ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ
ਸਾਬਕਾ ਹੈੱਡ ਗ੍ਰੰਥੀ ਸੱਚਖੰਡ
ਸ੍ਰੀ ਦਰਬਾਰ ਸਾਹਿਬ
ਵਿਸ਼ੇਸ਼ ਤੌਰ ਤੇ ਨਗਰ ਕੀਰਤਨ
ਤੇ ਪਹੁੰਚ ਰਹੇ ਹਨ।

**ਮਿਤੀ 9 ਸਤੰਬਰ 2018,** ਦਿਨ ਐਤਵਾਰ ਨੂੰ ਦੁਪਹਿਰ 12:00 ਵਜੇ ਆਰੰਭ ਹੋਵੇਗਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸਤੰਬਰ 10, 2018 ਦਿਨ ਸੋਮਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਵੱਡੇ ਪੱਧਰ ਤੇ ਮਨਾਇਆ ਜਾਵੇਗਾ। ਸ਼ਾਮ 5 ਵਜੇ ਤੋਂ ਰਾਤ 9 ਵਜੇ ਤੱਕ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਰਾਤ 8:30 ਵਜੇ ਗੁਰੂ ਗ੍ਰੰਥ ਸਾਹਿਬ ਤੇ ਫੁੱਲਾਂ ਦੀ ਵਰਖਾ ਕਰਦਿਆਂ ਜੈਕਾਰਿਆਂ ਦੀ ਗੂੰਜ ਵਿੱਚ ਦਿਨ ਭਰ ਦੇ ਦੀਵਾਨਾਂ ਦੀ ਸੰਪੂਰਨਤਾ ਹੋਵੇਗੀ।



## ਬੇਨਤੀ ਕਰਤਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ 917-353-7265
ਸ. ਗੁਰਦੇਵ ਸਿੰਘ ਕੰਗ 718-974-4827

ਪ੍ਰਧਾਨ ਸ. ਕੁਲਦੀਪ ਸਿੰਘ ਢਿੱਲੋਂ 347-324-2405
ਚੇਅਰਮੈਨ ਸ. ਸੁਰਜੀਤ ਸਿੰਘ ਮੁਧਲ 646-639-5839
ਵਾਈਸ ਪ੍ਰਧਾਨ ਸ. ਬਾਵਾ ਰਜਿੰਦਰ ਸਿੰਘ (ਲਾਲੀ) 917-805-0202
ਕੈਸ਼ੀਅਰ ਸ. ਬੂਟਾ ਸਿੰਘ ਚੀਮਾਂ 917-518-1574

ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਅਟਵਾਲ 347-837-5615
ਜਨਰਲ ਸਕੱਤਰ ਸ. ਕੁਲਦੀਪ ਸਿੰਘ ਵੜੈਚ 917-208-2365
ਚੇਅਰਮੈਨ ਬਿਲਡਿੰਗ ਸ. ਮਹਿੰਦਰ ਸਿੰਘ ਉਪਲ 917-723-4031
ਚੇਅਰਮੈਨ ਪਬਲਿਕ ਰਿਲੇਸ਼ਨ ਸ. ਸੁੱਖਜਿੰਦਰ ਸਿੰਘ ਨਿੱਜਰ 917-476-8888

Print & Designed by : Print Linkers.com 347-475-5555 (Dilpreet Singh)

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

## ਸਮੂਹ ਸੰਗਤ ਨੂੰ
## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
## ਪ੍ਰਥਮ ਪ੍ਰਕਾਸ਼ ਪੁਰਬ ਦੀ

# ਕੋਟਾਨਿ ਕੋਟਿ ਵਧਾਈ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਪੁਰਬ 10 ਸਤੰਬਰ 2018 ਨੂੰ ਆ ਰਿਹਾ ਹੈ। ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੇਮੀਆਂ ਵਲੋਂ ਘਰੋ ਘਰੀ ਕੀਤੇ ਗਏ ਸਹਿਜ ਪਾਠਾਂ ਦੇ ਸਮੂਹਿਕ ਭੋਗ ਗੁਰਦੁਆਰਾ ਸੰਤ ਸਾਗਰ ਵਿਖੇ 16 ਸਤੰਬਰ, ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਦਿਨ ਭਰ ਦੀਵਾਨ ਸਜੇਗਾ।

ਦੀਵਾਨ ਵਿਚ ਪੰਥ ਪ੍ਰਸਿਧ ਰਾਗੀ ਭਾਈ ਜਰਨੈਲ ਸਿੰਘ ਮਹਿਕ ਦੇਹਰਾਦੂਨ ਵਾਲੇ ਤੇ ਭਾਈ ਗੁਰਵਿੰਦਰਬੀਰ ਸਿੰਘ ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ ਗੁਰਬਾਣੀ ਕੀਰਤਨ ਅਤੇ ਕਥਾਵਾਚਕ ਗਿਆਨੀ ਪੂਰਨ ਸਿੰਘ ਲੁਧਿਆਣਾ ਵਾਲੇ ਕਥਾ ਵਿਆਖਿਆ ਨਾਲ ਸੰਗਤ ਨੂੰ ਨਿਹਾਲ ਕਰਨਗੇ।

ਇਸ ਸਾਰੇ ਪ੍ਰੋਗਰਾਮ ਦਾ ਯੂ ਟਿਊਬ 'ਤੇ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ।



ਹੋਰ ਜਾਣਕਾਰੀ ਫੋਨ: 718-343-1030 ਰਾਹੀਂ ਲਈ ਜਾ ਸਕਦੀ ਹੈ

ਬੇਨਤੀ ਕਰਤਾ: ਦਾਸ ਭਾਈ ਸੱਜਣ ਸਿੰਘ, ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ।